PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

26th Sep - 3rd Oct 2024 • Issue No. 3049

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# ਡਰਬੀ ਕੌਂਸਲ ਵਲੋਂ ਘੱਲੂਘਾਰਾ ਜੂਨ 1984 ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਬਾਰੇ ਨਿਖੇਧੀ ਮਤਾ ਪਾਸ

## 40 ਸਾਲ ਬਾਅਦ ਪਹਿਲੀ ਵਾਰ ਬਰਤਾਨੀਆਂ ਦੀ ਕੌਂਸਲ ਵਿੱਚ ਮਤਾ ਹੋਇਆ ਪਾਸ



ਮਤੇ ਦੀ ਹਮਾਇਤ ਕਰਦੇ ਹੋਏ ਕੌਂਸਲਰ ਬਲਵੀਰ ਸਿੰਘ ਸੰਧੂ, ਕੌਂਸਲਰ ਗੁਰਕਿਰਨ ਕੌਰ, ਕੌਂਸਲਰ ਹਰਦਿਆਲ ਸਿੰਘ ਢੀਂਡਸਾ ਅਤੇ ਡਰਬੀ ਸਿਟੀ ਕੌਂਸਲਰ ਦੇ ਮੇਅਰ ਜੈਡ ਪੋਰਟਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਡਰਬੀ ਦੇ ਪੰਜਾਬੀ ਮੂਲ ਦੇ ਕੌਂਸਲਰਾਂ ਦੀ ਪਹਿਲ ਕਦਮੀ ਨਾਲ ਸਥਾਨਕ ਕੌਂਸਲ ਵਿੱਚ ਘੱਲੂਘਾਰਾ ਜੂਨ 1984 ਅਤੇ ਨਵੰਬਰ 1984 ਦੇ ਖ਼ੂਨੀ ਵਰਤਾਰੇ ਬਾਰੇ ਨਿਖੇਧੀ ਮਤਾ ਪਾਸ ਕੀਤਾ ਹੈ ਅਤੇ ਘੱਲੂਘਾਰਾ ਜੂਨ 1984 ਵਿੱਚ ਯੂ ਕੇ ਸਰਕਾਰ ਦੀ ਭਾਈਵਾਲੀ ਬਾਰੇ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਗਈ ਹੈ। ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਕੌਂਸਲਰ ਅਜੀਤ ਸਿੰਘ ਅਟਵਾਲ ਨੇ ਇਸ ਮਤਾ ਲਿਆਂਦਾ ਜਿਸ ਦੀ ਕੌਂਸਲਰ ਲੌਂਡੇਸ ਨੇ ਹਮਾਇਤ ਕੀਤੀ। ਜਿਸ ਤੋਂ ਬਾਅਦ ਕੌਂਸਲਰ ਗੁਰਕਿਰਨ ਕੌਰ, ਕੌਂਸਲਰ ਹਰਦਿਆਲ ਸਿੰਘ ਢੀਂਡਸਾ, ਕੌਂਸਲਰ ਬਲਬੀਰ ਸਿੰਘ ਸੰਧੂ, ਐਲਨ ਗਰੇਵ ਰਿਫੋਰਮ ਡਰਬੀ ਆਦਿ ਸਮੇਤ ਵੱਖ ਵੱਖ ਪਾਰਟੀਆਂ ਦੇ ਬੁਲਾਰਿਆਂ ਨੇ ਮਤੇ ਦੀ ਹਮਾਇਤ ਕੀਤੀ ਅਤੇ ਕੁਝ ਸੋਧਾਂ ਕਰਾ ਕੇ ਪੰਜਾਬ ਵਿੱਚ ਹੋਈਆਂ ਜ਼ਿਆਦਾਤੀਆਂ ਬਾਰੇ ਮਤੇ ਵਿੱਚ ਸ਼ਾਮਲ ਕਰਾਇਆ। *(ਵਿਸਥਾਰ ਸਹਿਤ ਖਬਰ ਅੰਦਰ ਪੜ੍ਹੋ)*



ਕੌਂਸਲਰ ਅਤੇ ਡਿਪਟੀ ਮੇਅਰ ਅਜੀਤ ਸਿੰਘ ਅਟਵਾਲ ਮਤਾ ਪੇਸ਼ ਕਰਦੇ ਹੋਏ



ਸ: ਰਾਜਿੰਦਰ ਸਿੰਘ ਪੁਰੇਵਾਲ ਹੋਰਾਂ ਦੀ ਕੈਨੇਡਾ ਫੇਰੀ ਦੌਰਾਨ ਗੁਰਦੁਆਰਾ ਗੁਰੂ ਨਾਨਕ ਡੈਲਟਾ ਸਰੀ ਵਿਖੇ ਗੁਰੂ ਘਰ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ ਹੋਰਾਂ ਨੂੰ ਸਿਰੋਪਾਓ ਦੇਂਦੇ ਹੋਏ । ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਪ੍ਰਚਾਰ ਤੇ ਪਸਾਰ ਦੇ ਉਪਰਾਲੇ ਵਜੋਂ ਜਿਨਾਂ ਬੱਚਿਆਂ ਨੇ ਵੀਡੀਓ ਬਣਾ ਕੇ ਸਤਿਕਾਰ ਕਮੇਟੀ ਨੂੰ ਦਿੱਤੀਆਂ ਉਹਨਾਂ ਬੱਚਿਆਂ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਡੈਲਟਾ ਸਰੀ ਵਿਖੇ ਸਨਮਾਨਿਤ ਕਰਦੇ ਹੋਏ ਗੁਰੂ ਘਰ ਦੇ ਸੇਵਾਦਾਰ ਤੇ ਪਤਵੰਤੇ ਸੱਜਣ



ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਪਿਛਲੇ ਹਫ਼ਤੇ ਮਹਾਨ ਸ਼ਹੀਦੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਅੰਮ੍ਰਿਤਸਰ ਦਰਬਾਰ ਸਾਹਿਬ ਤੋਂ ਆਏ ਭਾਈ ਨਿਰਭੈ ਸਿੰਘ ਦੇ ਹਜ਼ੂਰੀ ਰਾਗੀ ਜਥਾ ਅਤੇ ਭਾਈ ਸੁਖਦੇਵ ਸਿੰਘ ਬੁ (ਸਰਪੰਚ) ਦੇ ਢਾਡੀ ਜਥੇ ਵੱਲੋਂ ਆਪਣੀਆਂ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਦੋਨੋਂ ਜਥਿਆਂ ਦਾ ਸਨਮਾਨ ਕਰਦੇ ਹੋਏ ਡਾ: ਦਲਜੀਤ ਸਿੰਘ ਵਿਰਕ, ਸ: ਮੇਜਰ ਸਿੰਘ ਖੱਖ, ਸ: ਰਾਜਿੰਦਰ ਸਿੰਘ ਪੁਰੇਵਾਲ, ਭਾਈ ਜੋਗਾ ਸਿੰਘ ਅਤੇ ਹੋਰ

# ਭੁਪੇਨ ਖੱਖੜ ਦੀ 'ਡੈਂਟਿਸਟ' ਵਜੋਂ ਸਵੈ-ਚਿੱਤਰ ਯੂ ਕੇ ਵਿੱਚ ਨਿਲਾਮੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਸ਼ਹੂਰ ਭਾਰਤੀ ਕਲਾਕਾਰ ਭੂਪੇਨ ਖੱਖੜ ਦਾ ਦੰਦਾਂ ਦੇ ਡਾਕਟਰ ਵਜੋਂ ਸਵੈ-ਪੋਰਟਰੇਟ ਅਗਲੇ ਹਫਤੇ ਲੰਡਨ ਵਿੱਚ ਹੋਣ ਵਾਲੀ ਨਿਲਾਮੀ ਲਈ ਸੋਥਬੀ ਦੇ ਦੁਰਲੱਭ ਦੱਖਣੀ ਏਸ਼ੀਆਈ ਕਲਾਵਾਂ ਦੇ ਨਵੀਨਤਮ ਪ੍ਰਦਰਸ਼ਨ ਦੇ ਮੁੱਖ ਅੰਸ਼ਾਂ ਵਿੱਚੋਂ ਇੱਕ ਹੈ। ਖੱਖੜ ਦਾ 'ਡੈਂਟਿਸਟ' ਚਿੱਤਰ, ਜਿਸ ਨੂੰ ਨਿਲਾਮੀ ਘਰ ਦੁਆਰਾ "ਵਿਸ਼ੇਸ਼ ਤੌਰ 'ਤੇ ਹਾਸੋਹੀਣਾ" ਦੱਸਿਆ ਗਿਆ ਹੈ, ਵਰਤਮਾਨ ਵਿੱਚ 'ਮਾਡਰਨ ਐਂਡ ਕੰਟੈਂਪਰੇਰੀ ਸਾਊਥ ਏਸ਼ੀਅਨ ਆਰਟ' ਵਿਕਰੀ ਦੇ ਹਿੱਸੇ ਵਜੋਂ ਵੀਰਵਾਰ ਨੂੰ ਨਿਲਾਮੀ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਦਰਸ਼ਿਤ ਕੀਤਾ ਗਿਆ ਹੈ, ਜਿਸਦੀ ਅਨੁਮਾਨਿਤ ਕੀਮਤ 10 ਤੋਂ 40 ਲੱਖ ਪੌਂਡ ਤੱਕ ਹੋਣ ਦੀ ਸੰਭਾਵਨਾ ਹੈ। ਇੱਕ ਹੋਰ ਮਸ਼ਹੂਰ ਭਾਰਤੀ ਚਿੱਤਰਕਾਰ ਸੱਯਦ ਹੈਦਰ ਰਜ਼ਾ ਦੁਆਰਾ 'ਤੇਰਾ ਅਮਾਤਾ' ਸਿਰਲੇਖ ਵਾਲੀ ਇੱਕ ਕਲਾਕ੍ਰਿਤ ਜੋ ਆਖਰੀ ਵਾਰ 20 ਸਾਲ ਪਹਿਲਾਂ ਨਿਲਾਮੀ ਵਿੱਚ ਪ੍ਰਗਟ ਹੋਇਆ ਸੀ, ਵੀ 20 ਤੋਂ 40 ਲੱਖ ਪੌਂਡ ਤੱਕ ਵਿਕਣ ਦੀ ਸੰਭਾਵਨਾ ਹੈ। ਸੋਥਬੀ ਦੇ ਲੰਡਨ ਮਾਡਰਨ ਐਂਡ ਕੰਟੈਂਪਰਰੀ ਸਾਊਥ ਏਸ਼ੀਅਨ ਆਰਟ ਦੇ ਮੁਖੀ ਇਸ਼ਰਤ ਕਾਂਗਾ ਨੇ ਕਿਹਾ, "ਇਸ ਸੀਜ਼ਨ ਵਿੱਚ ਅਸੀਂ ਦੱਖਣੀ ਏਸ਼ੀਆ ਦੇ ਪ੍ਰਮੁੱਖ ਆਧੁਨਿਕ ਮਾਹਿਰਾ ਦੁਆਰਾ ਨਵੀਆਂ ਅਤੇ ਦਿਲਚਸਪ ਰਚਨਾਵਾਂ ਨੂੰ ਬਾਜ਼ਾਰ ਵਿੱਚ ਲਿਆਉਣ ਵਿੱਚ ਬਹੁਤ ਖੁਸ਼ ਹਾਂ।



ਭੁਪੇਨ ਖੱਖੜ ਦਾ 'ਡੈਂਟਿਸਟ' ਵਜੋਂ ਸਵੈ-ਚਿੱਤਰ





[Frames subject to availability]. £110 stated price is based on frames at £70 and Standard varifocal lenses at £40. Cannot be used with any other offers. Second pair from the same frames price range or below. Both pairs include the same varifocal lenses; pay for lenses in first pair only (in addition to cost of first pair of frames). Excludes SuperDigital, SuperDrive varifocals, SuperReaders 1-2-3 occupational lenses and safety eyewear. Additional charge for extra lens options and/or higher priced frames.

# ਜਥੇ ਟੌਹੜਾ ਦੀ ਸ਼ਤਾਬਦੀ ਮੌਕੇ ਅਕਾਲੀ ਦਲ ਦੇ ਬਾਗ਼ੀ ਧੜੇ ਵੱਲੋਂ ਬਾਦਲ ਦਲ ਦੀ ਨਿਖੇਧੀ

**○ ਜਥੇਦਾਰਾਂ ਦੀ ਨਿਯੁਕਤੀ ਨੂੰ ਲੈ ਕੇ ਚੁਕੇ ਵਡੇ ਸੁਆਲ ○ ਖ਼ਾਲਸਾ ਪੰਥ ਦੇ ਬੋਲਬਾਲੇ ਤੇ ਫੈਡਰਲ ਢਾਂਚੇ ਦੀ ਸਥਾਪਤੀ' ਅਕਾਲੀ ਦਲ ਦਾ ਨਿਸ਼ਾਨਾ ਹੋਵੇ**






**ਪਟਿਆਲਾ**-ਬੀਤੇ ਮੰਗਲਵਾਰ 24 ਸਤੰਬਰ 2024 ਨੂੰ ਸਵਰਗੀ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜਨਮ ਸ਼ਤਾਬਦੀ ਮੌਕੇ ਪਿੰਡ ਟੌਹੜਾ ਦੀ ਅਨਾਜ ਮੰਡੀ ਵਿੱਚ ਵੱਡਾ ਇਕੱਠਾ ਹੋਇਆ। ਇਸ ਮੌਕੇ ਅਸਲ ਵਿੱਚ ਦੋ ਇਕੱਠ ਕੀਤੇ ਗਏ, ਇੱਕ ਸ਼੍ਰੋਮਣੀ ਕਮੇਟੀ ਵੱਲੋਂ ਮੰਚ ਸਜਾਇਆ ਗਿਆ ਸੀ ਤੇ ਦੂਜਾ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਪ੍ਰੋਗਰਾਮ ਉਲੀਕਿਆ ਗਿਆ ਸੀ।

ਬਾਗੀ ਧੜੇ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਇਸ ਦੌਰਾਨ ਕਈ ਮਤੇ ਵੀ ਪਾਸ ਕੀਤੇ ਗਏ ਹਨ। ਇਸ ਵਿੱਚ ਫੈਸਲਾ ਲਿਆ ਗਿਆ ਕਿ 'ਸਮਾਜਿਕ ਚੇਤਨਤਾ ਸੁਧਾਰ ਵਿੰਗ' ਦਾ ਗਠਨ ਕੀਤਾ ਜਾਵੇਗਾ। ਇਸਦੇ ਤਹਿਤ ਸਾਰੇ ਅਕਾਲੀਆਂ, ਸਮਾਜਿਕ ਮੁੱਦਿਆਂ ਲਈ ਦਰਦ ਰੱਖਣ ਵਾਲੇ ਜਾਗਰੂਕ ਤੇ ਸਵੈ-ਸੇਵੀ ਲੋਕਾਂ ਨੂੰ ਇਸ ਮਹਾਨ ਕਾਰਜ ਲਈ ਨੇਕ ਅਤੇ ਪਾਰਦਰਸ਼ੀ ਇਰਾਦਿਆਂ ਨਾਲ ਸਾਂਝ ਪਾਉਣ ਦਾ ਸੱਦਾ ਦਿੱਤਾ ਗਿਆ ਹੈ।

ਦੂਜਾ ਅਕਾਲੀ ਦਲ ਦੇ ਬਾਗ਼ੀਆਂ ਨੇ ਸਮੂਹ ਪੰਥਕ ਜਥੇਬੰਦੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਹਾਨ ਪੰਥਕ ਆਗੂ ਜਥੇਦਾਰ ਟੌਹੜਾ ਦੇ ਜੀਵਨ ਤੋਂ ਸੇਧ ਲੈਂਦੇ ਹੋਏ 'ਨਿੱਜਪ੍ਰਸਤੀ' ਦੀ ਥਾਂ 'ਪੰਥਪ੍ਰਸਤੀ' ਦਾ ਮਾਰਗ ਅਪਨਾਉਣ। ਸਾਰੇ ਹੀ ਧੜਿਆਂ ਦੇ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਜਥੇਦਾਰ ਟੌਹੜਾ ਦੇ ਜੀਵਨ ਤੋਂ ਸੇਧ ਲੈ ਕੇ ਤਿਆਗ ਤੇ ਪੰਥਪ੍ਰਸਤੀ ਦੀ ਭਾਵਨਾ ਵਿਖਾਉਂਦੇ ਹੋਏ ਆਪਣੀ ਨਿੱਜੀ ਹਉਮੈਂ ਛੱਡਣ, ਅਤੇ ਇੱਕ ਝੰਡੇ ਹੇਠ ਇਕੱਠੇ ਹੋ ਕੇ ਇਸ ਜਥੇਬੰਦੀ ਨੂੰ ਮੁੜ ਪੰਥ ਦੀ ਨੁਮਾਇੰਦਾ ਜਮਾਤ ਬਣਾਉਣ ਲਈ ਸੁਹਿਰਦ ਯਤਨ ਕਰਨ।

ਇਸ ਅਪੀਲ ਦੇ ਨਾਲ ਹੀ ਆਗੂਆਂ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ, ਪ੍ਰੋਗਰਾਮ ਤੇ ਸਰਗਰਮੀਆਂ ਮੁਲਕ ਵਿੱਚ 'ਖ਼ਾਲਸਾ ਪੰਥ ਦੇ ਬੋਲਬਾਲੇ ਕਰਾਉਣ' ਅਤੇ 'ਹਕੀਕੀ ਫੈਡਰਲ ਢਾਂਚੇ ਦੀ ਸਥਾਪਤੀ' ਦੇ ਰਾਜਸੀ ਨਿਸ਼ਾਨੇ ਦੀ ਪ੍ਰਾਪਤੀ ਵੱਲ ਸੇਧਤ ਹੋਣੀਆਂ ਚਾਹੀਦੀਆਂ ਹਨ ਜਿਸ ਦਾ ਸੰਕਲਪ ਜਥੇਦਾਰ ਟੌਹੜਾ ਨੇ 1978 ਦੀ ਲੁਧਿਆਣਾ ਕਾਨਫਰੰਸ ਵਿੱਚ ਪੇਸ਼ ਕੀਤਾ ਸੀ।

### ਸ਼੍ਰੋਮਣੀ ਕਮੇਟੀ ਦੀ ਮੌਜੂਦਾ ਲੀਡਰਸ਼ਿਪ ਨੂੰ ਅਪੀਲ

ਬਾਗ਼ੀ ਧੜੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੌਜੂਦਾ ਲੀਡਰਸ਼ਿਪ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਪੰਥਕ ਜਥੇਬੰਦੀ ਦੀ ਆਜ਼ਾਦ ਤੇ ਮੁਖ਼ਤਿਆਰ ਰੁਤਬੇ ਨੂੰ ਮੁੜ ਸਥਾਪਤ ਕਰਨ ਲਈ ਢੁਕਵੇਂ ਤੇ ਅਸਰਦਾਰ ਕਦਮ ਚੁੱਕੇ ਤੇ ਨਾਲ ਹੀ ਖ਼ਾਲਸਾ ਪੰਥ ਦੇ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਦੇ ਰੁਤਬੇ ਤੇ ਵੱਕਾਰ ਨੂੰ ਕਾਇਮ ਕਰਨ ਵਾਸਤੇ ਉਨ੍ਹਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਸੇਵਾ ਨਿਯਮ ਬਣਾਉਣ ਲਈ ਤੁਰੰਤ ਢੁਕਵੀਂ ਕਾਰਵਾਈ ਕਰੇ।

### ਬਾਗ਼ੀਆਂ ਨੇ ਦੱਸਿਆ ਪੰਥਕ ਸੰਕਟ ਦਾ ਮੂਲ ਕਾਰਨ

ਅਕਾਲੀ ਦਲ ਦੇ ਬਾਗ਼ੀਆਂ ਨੇ ਅਜੋਕੇ ਪੰਥਕ ਸੰਕਟ ਦਾ ਮੂਲ ਕਾਰਨ ਵੀ ਦੱਸਿਆ ਹੈ। ਉਹ ਇਹ ਹੈ ਕਿ ਸਿੱਖ ਜਗਤ ਦੀ ਪ੍ਰਮੁੱਖ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਆਪਣੀ ਸਥਾਪਨਾ ਦੇ ਮੁੱਢਲੇ ਸਰੋਕਾਰਾਂ ਅਤੇ ਨਿਸ਼ਾਨਿਆਂ ਤੋਂ ਥਿੜਕ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਵੀ ਪ੍ਰਵਾਨ ਕਰ ਚੁੱਕੇ ਹਨ ਕਿ ਪਿਛਲੇ ਪੰਦਰਾਂ ਸਾਲਾਂ ਵਿਚ ਅਕਾਲੀ ਦਲ ਦੇ ਇਸ ਦੀਆਂ ਸਰਕਾਰਾਂ ਦੇ ਫੈਸਲਿਆਂ ਨਾਲ ਸਿੱਖ ਪੰਥ ਨੂੰ ਵੱਡੀ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਆਪਣੀ 'ਆਜ਼ਾਦ ਤੇ ਖ਼ੁਦਮੁਖ਼ਤਿਆਰ' ਹੋਂਦ ਗਵਾ ਕੇ ਕਿਸੇ ਵੇਲੇ ਆਪਣੇ 'ਵਲੰਟੀਅਰ ਵਿੰਗ' ਵਜੋਂ ਸਥਾਪਤ ਕੀਤੇ ਸ਼੍ਰੋਮਣੀ ਅਕਾਲੀ ਦਲ ਦਾ ਖ਼ੁਦ ਹੀ ਇਕ ਵਿੰਗ ਬਣ ਕੇ ਰਹਿ ਗਈ ਹੈ ਜਿਸ ਕਾਰਨ ਇਸ ਦੇ ਰੁਤਬੇ ਨੂੰ ਵੀ ਢਾਹ ਲੱਗ ਚੁਕੀ ਹੈ।

## ਅਮਰੀਕਾ 'ਚ ਸਿੱਖ ਡਰਾਈਵਰ 'ਤੇ ਨਸਲੀ ਹਮਲਾ ! 'ਆਪਣੇ ਦੇਸ਼ ਵਾਪਿਸ ਜਾਓ'



**ਮੈਨਹਟਨ**-ਅਮਰੀਕਾ ਦੇ ਮੈਨਹਟਨ ਵਿੱਚ ਇੱਕ ਸਿੱਖ ਕੈਬ ਡਰਾਈਵਰ ਉੱਤੇ ਨਸਲੀ ਹਮਲਾ ਕੀਤਾ ਗਿਆ ਹੈ। 50 ਸਾਲਾ ਸਿੱਖ ਕੈਬ ਡਰਾਈਵਰ ਨੇ ਦੱਸਿਆ ਹੈ ਕਿ ਉਸ ਨੂੰ ਪਿੱਛਿਓਂ ਕਿਸੇ ਨੇ ਮੂੰਹ 'ਤੇ ਮੁੱਕਾ ਮਾਰਿਆ ਤੇ ਕਿਹਾ ਕਿ 'ਆਪਣੇ ਦੇਸ਼ ਵਾਪਿਸ ਜਾਓ।' ਉਸ ਤੇ ਸਿਰਫ਼ ਇਸ ਲਈ ਇਹ ਹਮਲਾ ਕੀਤਾ ਗਿਆ ਕਿਉਂਕਿ ਉਹ ਇੱਕ ਸਿੱਖ ਹੈ। ਇਸ ਘਟਨਾ 'ਤੇ ਬੀਜੇਪੀ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਗਹਿਰਾ ਦੁੱਖ ਜਤਾਇਆ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕਰਕੇ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਦੀ ਮਰਿਆਦਾ ਤੇ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

## ਡੇਰਾਬੱਸੀ ਵਿਚ ਗੈਂਗਸਟਰਾਂ ਨੇ ਚਲਾਈਆਂ ਗੋਲੀਆਂ ! ਫਿਰੌਤੀ ਮੰਗਣ ਆਏ ਸਨ

**ਡੇਰਾਬੱਸੀ**-ਡੇਰਾਬੱਸੀ ਵਿਚ ਹਮਲਾਵਰਾਂ ਵੱਲੋਂ ਗੋਲੀਬਾਰੀ ਕੀਤੀ ਗਈ ਹੈ। ਪ੍ਰਾਪਤ ਹੋਈ ਜਾਣਕਾਰੀ ਮੁਤਾਬਕ ਡੇਰਾਬੱਸੀ ਵਿਚ ਥਾਣੇ ਦੇ ਪਿਛਲੇ ਪਾਸੇ ਇਕ ਇਮੀਗਰੇਸ਼ਨ ਸੈਂਟਰ ਹੈ, ਜਿਸ ਦੇ ਮਾਲਕ ਨੂੰ ਇਹ ਹਮਲਾਵਰ ਫਿਰੌਤੀ ਦੀ ਚਿੱਠੀ ਦੇਣ ਲਈ ਆਏ ਸਨ। ਹਮਲਾਵਰ ਨੇ ਇੰਮੀਗਰੇਸ਼ਨ ਸੈਂਟਰ ਵਿਚ ਕਾਉਂਟਰ 'ਤੇ ਬੈਠੀ ਲੜਕੀ ਨੂੰ ਫਿਰੌਤੀ ਵਾਲੀ ਚਿੱਠੀ ਦਿੱਤੀ ਅਤੇ ਫਿਰ ਗੋਲੀਆਂ ਚਲਾ ਕੇ ਫਰਾਰ ਹੋ ਗਏ। ਇਹ ਸਾਰੀ ਘਟਨਾ ਸੀ.ਸੀ.ਟੀ.ਵੀ ਵਿਚ ਕੈਦ ਹੋ ਗਈ ਹੈ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਐਸ.ਐਸ.ਪੀ ਮੋਹਾਲੀ ਵੱਲੋਂ ਮੌਕੇ 'ਤੇ ਪਹੁੰਚ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਹੈ।

## ਤਰਨਤਾਰਨ ਵਿੱਚ ਪੁਲਿਸ ਦਾ ਗੈਂਗਸਟਰਾਂ ਨਾਲ ਹੋਇਆ ਮੁਕਾਬਲਾ

**ਤਰਨਤਾਰਨ**-ਪੰਜਾਬ ਦੇ ਤਰਨਤਾਰਨ ਵਿੱਚ ਇੱਕ ਪੁਲਿਸ ਮੁਕਾਬਲਾ ਹੋਇਆ। ਇੱਥੇ ਤਰਨਤਾਰਨ ਪੁਲਿਸ ਦੇ ਪੱਟੀ ਦੇ ਪਿੰਡ ਮੁੱਠਿਆਂ ਵਾਲੇ ਨੇੜੇ ਗੈਂਗਸਟਰਾਂ ਵੱਲੋਂ ਪੁਲਿਸ ਉੱਤੇ ਤਾਬੜਤੋੜ ਗੋਲੀਆਂ ਚਲਾਉਣ ਦੀ ਖਬਰ ਸਾਹਮਣੇ ਆਈ ਹੈ। ਦੱਸ ਦਈਏ ਕਿ ਗੈਂਗਸਟਰਾਂ ਨੇ ਪਹਿਲਾਂ ਪੁਲਿਸ 'ਤੇ ਸਿੱਧੀਆਂ ਗੋਲੀਆਂ ਚਲਾਈਆਂ। ਜਿਸ ਵਿੱਚ ਪੁਲਿਸ ਵੱਲੋਂ ਜਵਾਬੀ ਕਾਰਵਾਈ 'ਚ ਗੋਲੀ ਲੱਗਣ ਕਾਰਨ ਇੱਕ ਗੈਂਗਸਟਰ ਜ਼ਖ਼ਮੀ ਦੱਸਿਆ ਜਾ ਰਿਹਾ ਹੈ ਜਦਕਿ ਦੂਸਰੇ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ। ਇਹਨਾਂ ਵਿੱਚ ਦੋਵਾਂ ਬਦਮਾਸ਼ਾਂ ਦੀ ਪਹਿਚਾਣ ਪਹਿਚਾਨ ਪਵਨਦੀਪ ਅਤੇ ਕੋਮਲਦੀਪ ਦੇ ਰੂਪ ਵਿੱਚ ਹੋਈ ਜੋ ਕਿ ਪਿੰਡ ਭਿੱਖੀਵਿੰਡ ਤੇ ਖਾਲੜਾ ਦੇ ਰਹਿਣ ਵਾਲੇ ਹਨ।

## ਚਰਬੀ ਤੋਂ ਬਾਅਦ ਤਿਰੂਪਤੀ ਮੰਦਰ ਦੇ ਲੱਡੂ ਵਿਚ ਤੰਬਾਕੂ ਮਿਲਿਆ

**○ ਮਹਿਲਾ ਸ਼ਰਧਾਲੂ ਨੇ ਕੀਤਾ ਦਾਅਵਾ, ਤਿਰੂਪਤੀ ਤਿਰੂਮਾਲਾ ਦੇਵਸਥਾਨਮ ਟਰੱਸਟ ਵਲੋਂ ਖੰਡਨ**

**ਤਿਰੂਪਤੀ**-ਆਂਧਰਾ ਪ੍ਰਦੇਸ਼ ਦੇ ਮਸ਼ਹੂਰ ਤਿਰੂਪਤੀ ਮੰਦਰ ਦੇ ਲੱਡੂ ਪ੍ਰਸ਼ਾਦਮ ਵਿਚ ਪਸ਼ੂਆਂ ਦੀ ਚਰਬੀ ਨੂੰ ਲੈ ਕੇ ਵਿਵਾਦ ਅਜੇ ਰੁਕਿਆ ਨਹੀਂ ਹੈ, ਇਸੇ ਦਰਮਿਆਨ ਖੰਮਮ ਜ਼ਿਲ੍ਹੇ ਦੀ ਇਕ ਮਹਿਲਾ ਸ਼ਰਧਾਲੂ ਨੇ ਤਿਰੂਪਤੀ ਮੰਦਰ ਦੇ ਲੱਡੂ ਵਿਚ ਤੰਬਾਕੂ ਮਿਲਣ ਦਾ ਦਾਅਵਾ ਕੀਤਾ ਹੈ। ਔਰਤ ਦਾ ਕਹਿਣਾ ਹੈ ਕਿ ਉਹ 19 ਸਤੰਬਰ ਨੂੰ ਤਿਰੂਪਤੀ ਮੰਦਰ ਜਾਣ ਤੋਂ ਬਾਅਦ ਪ੍ਰਸਾਦ ਲੈ ਕੇ ਘਰ ਆਈ ਸੀ। ਜਦੋਂ ਘਰ ਪਹੁੰਚ ਕੇ ਲੱਡੂ ਤੋੜਿਆ ਤਾਂ ਉਸ ਵਿਚ ਤੰਬਾਕੂ ਦਾ ਪੈਕਟ ਨਜ਼ਰ ਆਇਆ। ਦੇਖਦੇ ਹੀ ਦੇਖਦੇ ਉਸ ਦੀ ਵੀਡੀਓ ਵਾਇਰਲ ਹੋ ਗਈ। ਫਿਰ ਤਿਰੂਪਤੀ ਤਿਰੂਮਾਲਾ ਦੇਵਸਥਾਨਮ ਟਰੱਸਟ ਨੇ ਇਸ ਦਾਅਵੇ ਦਾ ਖੰਡਨ ਕੀਤਾ। ਟਰੱਸਟ ਨੇ ਦੱਸਿਆ ਕਿ ਤਿਰੂਪਤੀ ਮੰਦਰ ਦੇ ਵੈਸ਼ਣਵ ਬ੍ਰਾਹਮਣ ਲੱਡੂਆਂ ਦਾ ਪ੍ਰਸ਼ਾਦ ਬਣਾਉਂਦੇ ਹਨ। ਇਥੇ ਗੁਣਵੱਤਾ ਨੂੰ ਹਰ ਕਦਮ 'ਤੇ ਕੰਟਰੋਲ ਕੀਤਾ ਗਿਆ ਹੈ। ਸੀ. ਸੀ. ਟੀ. ਵੀ. ਦੀ ਵਿਸ਼ੇਸ਼ ਨਿਗਰਾਨੀ ਹੇਠ ਰੋਜ਼ਾਨਾ ਲੱਖਾਂ ਲੱਡੂ ਬਣਾਏ ਜਾਂਦੇ ਹਨ। ਟਰੱਸਟ ਨੇ ਡੋਂਥੂ ਪਦਮਾਵਤੀ ਨੂੰ ਲੱਡੂ ਸੁਰੱਖਿਅਤ ਰੱਖਣ ਦੀ ਅਪੀਲ ਕੀਤੀ ਤਾਂ ਜੋ ਉਸ ਦੀ ਜਾਂਚ ਕੀਤੀ ਜਾ ਸਕੇ।

# ਡਰਬੀ ਕੌਂਸਲ ਵਲੋਂ ਘੱਲੂਘਾਰਾ ਜੂਨ 1984 ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਬਾਰੇ ਨਿਖੇਧੀ ਮਤਾ ਪਾਸ

## 40 ਸਾਲ ਬਾਅਦ ਪਹਿਲੀ ਵਾਰ ਬਰਤਾਨੀਆਂ ਦੀ ਕੌਂਸਲ ਵਿੱਚ ਮਤਾ ਹੋਇਆ ਪਾਸ





ਸਿੱਖ ਮਿਊਜ਼ੀਅਮ ਡਰਬੀ ਵਿਖੇ ਕੌਂਸਲ ਵਿੱਚ ਪੇਸ਼ਕੀਤੇ ਜਾ ਰਹੇ ਮਤੇ ਨੂੰ ਯੂਟਿਊਬ ਰਾਹੀਂ ਲਾਈਵ ਦੇਖਦੇ ਹੋਏ ਯੂ ਕੇ ਦੀਆਂ ਵੱਖ ਵੱਖ ਕਮੇਟੀਆਂ ਅਤੇ ਡਰਬੀ ਦੇ ਸਾਰੇ ਗੁਰੂਘਰਾਂ ਦੇ ਸੇਵਾਦਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਡਰਬੀ ਦੇ ਪੰਜਾਬੀ ਮੂਲ ਦੇ ਕੌਂਸਲਰਾਂ ਦੀ ਪਹਿਲ ਕਦਮੀ ਨਾਲ ਸਥਾਨਕ ਕੌਂਸਲ ਵਿੱਚ ਘੱਲੂਘਾਰਾ ਜੂਨ 1984 ਅਤੇ ਨਵੰਬਰ 1984 ਦੇ ਖ਼ੂਨੀ ਵਰਤਾਰੇ ਬਾਰੇ ਨਿਖੇਧੀ ਮਤਾ ਪਾਸ ਕੀਤਾ ਹੈ ਅਤੇ ਘੱਲੂਘਾਰਾ ਜੂਨ 1984 ਵਿੱਚ ਯੂ ਕੇ ਸਰਕਾਰ ਦੀ ਭਾਈਵਾਲੀ ਬਾਰੇ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਗਈ ਹੈ। ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਕੌਂਸਲਰ ਅਜੀਤ ਸਿੰਘ ਅਟਵਾਲ ਨੇ ਇਸ ਮਤਾ ਲਿਆਂਦਾ ਜਿਸ ਦੀ ਕੌਂਸਲਰ ਲੌਂਡੇਸ ਨੇ ਹਮਾਇਤ ਕੀਤੀ। ਜਿਸ ਤੋਂ ਬਾਅਦ ਕੌਂਸਲਰ ਗੁਰਕਿਰਨ ਕੌਰ, ਕੌਂਸਲਰ ਹਰਦਿਆਲ ਸਿੰਘ ਢੀਂਡਸਾ, ਕੌਂਸਲਰ ਬਲਬੀਰ ਸਿੰਘ ਸੰਧੂ, ਐਲਨ ਗਰੇਵ ਰਿਫੋਰਮ ਡਰਬੀ ਆਦਿ ਸਮੇਤ ਵੱਖ ਵੱਖ ਪਾਰਟੀਆਂ ਦੇ ਬੁਲਾਰਿਆਂ ਨੇ ਮਤੇ ਦੀ ਹਮਾਇਤ ਕੀਤੀ ਅਤੇ ਕੁਝ ਸੋਧਾਂ ਕਰਾ ਕੇ ਪੰਜਾਬ ਵਿੱਚ ਹੋਈਆਂ ਜ਼ਿਆਦਾਤੀਆਂ ਬਾਰੇ ਮਤੇ ਵਿੱਚ ਸ਼ਾਮਲ ਕਰਾਇਆ।**

ਮਤੇ ਵਿੱਚ ਅਤੇ ਬਹਿਸ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਕਰਕੇ ਬੇਦੋਸ਼ੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ, ਨਵੰਬਰ 1984 ਵਿੱਚ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿੱਚ 1 ਨਵੰਬਰ ਤੋਂ 4 ਨਵੰਬਰ 1984 ਤੱਕ ਹਜ਼ਾਰਾਂ ਹੀ ਵੱਧ ਸਿੱਖਾਂ ਦੀ ਹੱਤਿਆ ਕਰਕੇ ਨਸਲਕੁਸ਼ੀ ਕੀਤੀ ਗਈ। ਸਿੱਖਾਂ ਦੇ ਧਾਰਮਿਕ ਅਸਥਾਨ ਅਤੇ ਘਰ ਬਾਰ ਲੁੱਟੇ ਗਏ, ਬੀਬੀਆਂ ਦੀ ਬੇਪਤੀ ਕੀਤੀ ਗਈ। ਜਿਸ ਤੋਂ ਬਾਅਦ ਚੱਲੇ ਦੌਰ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸਿੱਖ ਨੌਜਵਾਨਾਂ ਨੂੰ ਸ਼ਹੀਦ ਕੀਤਾ ਗਿਆ। ਜਿਸ ਦਾ ਅੱਜ ਤੱਕ ਇਨਸਾਫ ਨਹੀਂ ਮਿਲਿਆ। ਇਹ ਵੀ ਕਿਹਾ ਕਿ ਉਕਤ ਵਰਤਾਰੇ ਨੂੰ ਲੈ ਕੇ ਬਰਤਾਨੀਆ ਅਤੇ ਖਾਸ ਤੌਰ ਕੇ ਡਰਬੀ ਰਹਿੰਦਾ ਪੰਜਾਬੀ ਅਤੇ ਸਿੱਖ ਭਾਈਚਾਰਾ ਦੁੱਖੀ ਹੈ। ਇਸ ਮਤੇ ਦੇ ਹੱਕ ਵਿਚ 100 ਪ੍ਰਤੀਸ਼ਤ ਵੋਟਾਂ ਪਈਆਂ। 40 ਸਾਲ ਬਾਅਦ ਵੀ ਭਾਰਤ ਵਿੱਚ ਅਜੇ ਤੱਕ ਇਕ ਦੋ ਕੇਸਾਂ ਨੂੰ ਛੱਡ ਕੇ ਕਿਸੇ ਵੀ ਕਾਤਲ ਨੂੰ ਸਜ਼ਾ ਨਹੀਂ ਦਿੱਤੀ ਗਈ ।

ਇਸ ਦੇ ਨਾਲ ਹੀ ਉਸ ਸਮੇਂ ਬਰਤਾਨੀ- ਆ ਸਰਕਾਰ ਦੀ ਭੂਮਿਕਾ ਤੇ ਉੱਠ ਰਹੇ ਸਵਾਲਾਂ ਅਤੇ ਜਨਤਕ ਹੋਏ ਦਸਤਾਵੇਜ਼ਾਂ ਕਾਰਨ ਪੈਦਾ ਹੋਏ ਸਵਾਲਾਂ ਦੇ ਜਵਾਬ ਲਈ, ਸਰਕਾਰ ਤੋਂ ਜਨਤਕ ਜਾਂਚ ਦੀ ਮੰਗ ਕੀਤੀ ਗਈ।



ਯੂ ਕੇ ਦੀਆਂ ਵੱਖ ਵੱਖ ਕਮੇਟੀਆਂ ਅਤੇ ਡਰਬੀ ਦੇ ਸਾਰੇ ਗੁਰੂਘਰਾਂ ਦੇ ਸੇਵਾਦਾਰ ਮਤਾ ਪਾਸ ਹੋਣ ਤੋਂ ਬਾਅਦ ਵਿਚਾਰ ਵਟਾਂਦਰਾ ਕਰਦੇ ਹੋਏ

ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ, ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿਖ ਹੋਲੋਕਾਸਟ ਮਿਊਜੀਅਮ ਡਰਬੀ, ਗੁਰੂ ਅਰਜਨ ਦੇਵ ਗੁਰਦੁਆਰਾ ਦੇ ਪ੍ਰਧਾਨ ਜਸਬੀਰ ਸਿੰਘ ਢਿਲੋਂ, ਰਣਜੀਤ ਸਿੰਘ ਸ਼ੀਰਾ ਜਨਰਲ ਸਕਤਰ ਰਾਮਗੜ੍ਹੀਆ ਗੁਰਦੁਆਰਾ, ਖਾਲਸਾ ਦਰਬਾਰ ਵਲੋਂ ਹਰਦਿਆਲ ਸਿੰਘ ਧਮਰੋਟ, ਗੁਰੂ ਰਵਿਦਾਸ ਗੁਰਦੁਆਰਾ ਦੇ ਸੁਰਿੰਦਰ ਕੁਮਾਰ ਨੇ ਇਸ ਮਤੇ ਨੂੰ ਇਤਿਹਾਸਕ ਦਸਦਿਆਂ ਕਿਹਾ ਕਿ ਡਰਬੀ ਦੀ ਕੌਂਸਲ ਵੱਲੋਂ ਚੰਗੀ ਸੁਰੂਆਤ ਕੀਤੀ ਗਈ ਹੈ। ਸ: ਰਾਜਿੰਦਰ ਸਿੰਘ ਪੁਰੇ- ਵਾਲ ਨੇ ਕਿਹਾ ਕਿ ਕੌਮਾਂਤਰੀ ਭਾਈਚਾਰੇ ਦਾ ਫ਼ਰਜ਼ ਬਣਦਾ ਹੈ ਕਿ 1984 ਦੇ ਮਹਾਂ- ਦੁਖਾਂਤ ਨੂੰ 'ਸਿੱਖ ਨਸਲਕੁਸ਼ੀ' ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਅਤੇ ਇਸ ਨੂੰ ਯੂ ਐਨ ਓ ਵਿਚ ਭੇਜਣਾ ਚਾਹੀ- ਦਾ ਹੈ। ਇਸ ਨਸਲਕੁਸ਼ੀ ਖ਼ਿਲਾਫ਼ ਇੰਗਲੈਂਡ ਦੀ ਪਾਰਲੀਮੈਂਟ 'ਚ ਮਤਾ ਉਸੇ ਤਰਜ਼ ਤੇ ਪਾਸ ਹੋਵੇ। ਸਾਰੇ ਡਰਬੀ ਦੇ ਗੁਰੂਘਰਾਂ ਵੱਲੋਂ ਮੇਅਰ ਜੈਡ ਪੋਰਟਰ ਦਾ ਵੀ ਧੰਨਵਾਦ ਕੀਤਾ ਗਿਆ ।

ਪੰਥਕ ਆਗੂ ਭਾਈ ਜੋਗਾ ਸਿੰਘ, ਮਨਪ੍ਰ- ਤਿ ਸਿੰਘ ਖਾਲਸਾ, ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਜਥੇਦਾਰ ਜੋਗਾ ਸਿੰਘ ਅਤੇ ਸਿੱਖ ਫੈਡਰੇਸਨ ਯੂ ਕੇ ਵਲੋਂ ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ ਯੂ ਕੇ ਭਰ ਦੇ ਸਮੁੱਚੇ ਕੌਂਸਲਰਾਂ ਨੇ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੀਆਂ ਕੌਂਸਲਾਂ ਵਿੱਚ ਅਜਿਹੇ ਮਤੇ ਪੇਸ਼ ਕਰਕੇ ਉਹਨਾਂ ਨੂੰ ਪਾਸ ਕਰਵਾਉਣ ਦੇ ਯਤਨ ਕਰਨ ।

### 1984 ਦੇ ਦੰਗਿਆਂ ਵਿੱਚ ਮਾਰੇ ਬੇਦੋਸ਼ੇ ਸਿੱਖਾਂ ਬਾਰੇ ਵੱਖ ਵੱਖ ਸੰਸਥਾਵਾਂ ਦਾ ਕੀ ਕਹਿਣਾ ਹੈ

**1. Government Sources: Official Estimates: According to official Indian government reports, around 2,733 Sikhs were killed in Delhi alone, while the total death toll across the country has been estimated to be around 3,350.Commissions of Inquiry: Multiple commissions, such as the Ranganath Misra Commission (1985) and the Nanavati Commission (2000), were set up to investigate the riots. While these inquiries acknowledged significant loss of life, the exact figures provided by them were often lower than what independent groups claimed.**

**2. Independent Reports: Human Rights Watch (HRW) and other human rights organizations have criticized the official numbers, estimating the death toll to be between 5,000 to 8,000 Sikhs, with the majority of deaths occurring in Delhi. People's Union for Democratic Rights (PUDR) and the People's Union for Civil Liberties (PUCL) conducted their own investigations. Their report, titled "Who Are the Guilty?" (1984), suggested that the violence was organized and highlighted that official figures might be underreported. They estimated around 3,000-4,000 deaths in Delhi.**

**3. Witness Testimonies and Survivor Accounts : Survivor and witness testimonies collected over the years have indicated that the real toll could be higher due to many deaths not being officially recorded, bodies being cremated without documentation, and many families not coming forward due to fear of reprisal.Some survivors have stated that entire neighborhoods were decimated, and the violence spread quickly, especially in areas with significant Sikh populations.**

**4. Journalistic Reports:Journalists at the time reported chaotic conditions, and many estimates came from on-the-ground observations. Some foreign and domestic journalists suggested that the violence was larger in scale than official numbers portrayed.**

**5. Community Organizations:Sikh organizations, such as the Shiromani Gurdwara Parbandhak Committee (SGPC), have often cited figures closer to 8,000 deaths based on the information they gathered from Sikh communities across India.**

**6. International Reports:Amnesty International and other international watchdogs have criticized both the underreporting of deaths and the lack of accountability. They have highlighted the fact that many of the perpetrators were not brought to justice, which has led to ongoing demands for justice from the Sikh community. In summary, while the exact number of Sikhs killed in the 1984 riots remains a subject of debate, most estimates range from 3,000 to 8,000, with independent sources often citing higher numbers than the official records. The lack of a definitive figure is attributed to the chaotic nature of the events, government inefficiencies in documenting the violence, and political sensitivities surrounding the issue.**

### ਸ: ਸਿਮਰਨਜੀਤ ਸਿੰਘ ਮਾਨ ਦੇ ਪਾਸ ਹੋਏ ਮਤੇ ਬਾਰੇ ਵਿਚਾਰ


Shiromani Akali Dal Amritsar states that the Sikh world would be very happy to know that the Sikhs have not given up their fight for justice and a humanitarian world order. In UK the Council of Derby has passed an unanimous resolution that the Sikhs faced and bore the heinous crimes of genocide in the Hindu Indian state. Our party congratulates the Council of Derby and their sense of justice which we Sikhs as a persecuted nationality rarely receive.It is time that the present BJP-RSS regime of Premier Narendra Modi ceases hunting down Sikhs, which the National Investigation Agency is doing at present.

Simranjit Singh Mann, President,
Shiromani Akali Dal Amritsar,

ਮਾਮਲਾ ਡੇਰਾ ਮੁਖੀ ਖ਼ਿਲਾਫ਼ ਦਰਜ ਕੇਸ 'ਤੇ ਕਾਰਵਾਈ ਦਾ

# ਸ਼੍ਰੋਮਣੀ ਕਮੇਟੀ ਨੇ ਦਾਇਰ ਕੀਤੀ ਪਟੀਸ਼ਨ

## ✪ ਹਾਈਕੋਰਟ ਨੇ ਸਾਰੀਆਂ ਧਿਰਾਂ ਤੋਂ ਮੰਗਿਆ ਜਵਾਬ




ਚੰਡੀਗੜ੍ਹ-ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਸਿੰਘ ਖ਼ਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਮਾਮਲੇ 'ਚ ਬਠਿੰਡਾ ਵਿਚ ਸਾਲ 2007 ਵਿਚ ਦਰਜ ਐੱਫਆਈਆਰ 'ਤੇ ਕਾਰਵਾਈ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਹਾਈ ਕੋਰਟ ਵਿਚ ਮੁੜ ਵਿਚਾਰ ਪਟੀਸ਼ਨ ਦਾਇਰ ਕੀਤੀ ਹੈ। ਸਲਾਬਤਪੁਰਾ ਵਿਚ ਗੁਰੂ ਮਹਾਰਾਜ ਦਾ ਭੇਸ ਧਾਰਨ ਕਰਨ ਦੇ ਖ਼ਿਲਾਫ਼ ਡੇਰਾ ਮੁਖੀ ਖ਼ਿਲਾਫ਼ 20 ਮਈ 2007 ਨੂੰ ਬਠਿੰਡਾ ਵਿਚ ਐੱਫਆਈਆਰ ਦਰਜ ਕੀਤੀ ਗਈ ਸੀ। 2014 ਵਿਚ ਪੁਲਿਸ ਨੇ ਕੈਂਸਲੇਸ਼ਨ ਰਿਪੋਰਟ ਦਾਖ਼ਲ ਕਰ ਦਿੱਤੀ ਕਿ ਕੋਈ ਜੁਰਮ ਨਹੀਂ ਬਣਦਾ ਪਰ ਸੀਜੇਐੱਮ ਬਠਿੰਡਾ ਨੇ ਇਸ 'ਤੇ ਕਿਹਾ ਕਿ ਜੁਰਮ ਬਣਦਾ ਹੈ ਤੇ ਡੇਰਾ ਮੁਖੀ ਨੂੰ ਸੰਮਨ ਕਰ ਲਿਆ ਗਿਆ ਸੀ।

ਡੇਰਾ ਮੁਖੀ ਨੇ ਸੀਜੇਐੱਮ ਦੇ ਹੁਕਮ ਖ਼ਿਲਾਫ਼ ਸੈਸ਼ਨ ਕੋਰਟ ਵਿਚ ਰਵੀਜ਼ਨ ਪਟੀਸ਼ਨ ਦਾਖ਼ਲ ਕੀਤੀ ਸੀ। ਸੈਸ਼ਨ ਜੱਜ ਨੇ ਸੱਤ ਅਗਸਤ 2014 ਨੂੰ ਡੇਰਾ ਮੁਖੀ ਦੀ ਰਵੀਜ਼ਨ ਪਟੀਸ਼ਨ ਮਨਜ਼ੂਰ ਕਰਦੇ ਹੋਏ ਡੇਰਾ ਮੁਖੀ ਨੂੰ ਸੰਮਨ ਕੀਤੇ ਜਾਣ ਦੇ ਹੁਕਮ ਰੱਦ ਕਰ ਦਿੱਤੇ ਸਨ। ਉਦੋਂ ਜਸਪਾਲ ਸਿੰਘ ਮੰਝਪੁਰ ਨੇ 2015 ਵਿਚ ਹਾਈਕੋਰਟ ਵਿਚ ਪਟੀਸ਼ਨ ਦਾਖ਼ਲ ਕਰਦੇ ਹੋਏ ਸੈਸ਼ਨ ਜੱਜ ਦੇ ਇਨ੍ਹਾਂ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ ਸੈਸ਼ਨ ਜੱਜ ਦੇ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕਰ ਦਿੱਤੀ ਸੀ, ਜਿਸ 'ਤੇ ਹਾਈ ਕੋਰਟ ਨੇ ਡੇਰਾ ਮੁਖੀ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ।

ਹੁਣ ਸ਼੍ਰੋਮਣੀ ਕਮੇਟੀ ਨੇ ਵੀ ਰਵੀਜ਼ਨ ਪਟੀਸ਼ਨ ਦਾਖ਼ਲ ਕਰ ਦਿੱਤੀ ਹੈ ਤੇ ਸੈਸ਼ਨ ਜੱਜ ਦੇ ਹੁਕਮਾਂ ਨੂੰ ਚੁਣੌਤੀ ਦੇ ਦਿੱਤੀ ਹੈ। ਲਖਬੀਰ ਸਿੰਘ ਜੋ ਕਿ ਸ਼੍ਰੋਮਣੀ ਕਮੇਟੀ ਚੰਡੀਗੜ੍ਹ ਉਪ ਦਫ਼ਤਰ ਦੇ ਇੰਚਾਰਜ ਹਨ, ਨੇ ਹੁਣ ਰਵੀਜ਼ਨ ਪਟੀਸ਼ਨ ਦਾਖ਼ਲ ਕਰ ਕੇ ਕਿਹਾ ਹੈ ਕਿ ਡੇਰਾ ਮੁਖੀ ਜਬਰ ਜਨਾਹ ਤੇ ਕਤਲ ਵਰਗੇ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ, ਅਜਿਹੇ ਵਿਚ ਡੇਰਾ ਮੁਖੀ ਨੂੰ ਰਾਹਤ ਨਹੀਂ ਦਿੱਤੀ ਜਾਣੀ ਚਾਹੀਦੀ।

ਸ਼੍ਰੋਮਣੀ ਕਮੇਟੀ ਨੇ ਇਹ ਪਟੀਸ਼ਨ ਤਕਰੀਬਨ ਨੌਂ ਸਾਲਾਂ ਬਾਅਦ ਦਾਇਰ ਕੀਤੀ ਹੈ, ਇਸ ਲਈ ਹਾਈ ਕੋਰਟ ਨੇ ਫ਼ਿਲਹਾਲ ਪਟੀਸ਼ਨ ਦੇਰੀ ਨਾਲ ਦਾਖ਼ਲ ਕੀਤੇ ਜਾਣ 'ਤੇ ਹੀ ਨੋਟਿਸ ਜਾਰੀ ਕੀਤਾ ਹੈ। ਹਾਈ ਕੋਰਟ ਨੇ ਸੁਣਵਾਈ ਸੱਤ ਨਵੰਬਰ ਲਈ ਟਾਲ਼ ਦਿੱਤੀ ਹੈ ਤੇ ਇਸੇ ਮਾਮਲੇ ਨੂੰ ਲੈ ਕੇ ਪਹਿਲਾਂ ਤੋਂ ਦਾਇਰ ਸਾਰੀਆਂ ਪਟੀਸ਼ਨਾਂ ਦੇ ਨਾਲ ਇਸ ਪਟੀਸ਼ਨ 'ਤੇ ਸੁਣਵਾਈ ਦੇ ਹੁਕਮ ਦਿੱਤੇ ਹਨ।

# ਲਾਰੈਂਸ ਦੇ ਜੇਲ੍ਹ ਇੰਟਰਵਿਊ ਨੂੰ ਲੈਕੇ ਹਾਈਕੋਰਟ ਦਾ ਵੱਡਾ ਐਕਸ਼ਨ ! 4 ਅਫਸਰਾਂ 'ਤੇ ਡਿੱਗੇਗੀ ਗਾਜ

## ✪ ਆਖਿਰ ਕਿਉਂ ਕਰਵਾਈ ਤੇ ਕਿਸ ਦੇ ਹੁਕਮ ਉਪਰ ਕਰਵਾਈ ਇੰਟਰਵਿਊ ਕੋਈ ਜੁਆਬ ਨਹੀਂ








ਚੰਡੀਗੜ੍ਹ-ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਇੰਟਰਵਿਊ ਮਾਮਲੇ ਵਿੱਚ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਨੇ ਕਰੜਾ ਰੁੱਖ ਅਖਤਿਆਰ ਕਰ ਲਿਆ ਹੈ। ਹਾਈਕੋਰਟ ਵੱਲੋਂ ਗੈਂਗਸਟਰ ਦੇ ਇੰਟਰਵਿਊ ਨੂੰ ਲੈਕੇ ਪੁੱਛੇ ਗਏ ਸਵਾਲਾਂ ਦਾ ਜਵਾਬ ਪੰਜਾਬ ਸਰਕਾਰ ਨੇ ਜਵਾਬ ਦਾਖ਼ਲ ਕਰ ਦਿੱਤਾ ਹੈ। ਸਰਕਾਰ ਨੇ ਕਿਹਾ ਤਤਕਾਲੀ ਐਸਐਸਪੀ, ਐਸ ਪੀ, ਡੀਐਸਪੀ ਅਤੇ ਸੀਆਈਏ ਇੰਚਾਰਜ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਜਿਸ ਤੋਂ ਬਾਅਦ ਅਦਾਲਤ ਨੇ ਪੁੱਛਿਆ ਹੈ ਕਿ ਇਹ ਅਧਿਕਾਰੀ ਹੁਣ ਕਿੱਥੇ ਤਾਇਨਾਤ ਹਨ, ਕੀ ਇਹ ਕਿਸੇ ਪਬਲਿਕ ਡੀਲਿੰਗ ਨਾਲ ਜੁੜੀ ਥਾਂ 'ਤੇ ਪੋਸਟਿਡ ਤਾਂ ਨਹੀਂ ਹਨ।

ਇਸ ਦੇ ਨਾਲ ਹਾਈਕੋਰਟ ਨੇ ਪੁੱਛਿਆ ਹੈ ਕਿ ਲਾਰੈਂਸ ਨੂੰ ਕਿਸ ਐਫ ਆਈ ਆਰ ਅਧੀਨ ਦਿੱਲੀ ਤੋਂ ਖਰੜ ਲਿਆਉਂਦਾ ਗਿਆ ਸੀ? ਅਦਾਲਤ ਨੇ ਕਿਹਾ ਇਹ ਗੱਲ ਸਪਸ਼ਟ ਹੋ ਚੁੱਕੀ ਹੈ ਕਿ ਲਾਰੈਂਸ ਦਾ ਇੰਟਰਵਿਊ 3 ਅਤੇ 4 ਸਤੰਬਰ ਦੀ ਰਾਤ ਨੂੰ ਖਰੜ ਵਿੱਚ ਹੋਇਆ ਸੀ। ਜਿਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਲਾਰੈਂਸ ਦੇ ਇੰਟਰਵਿਊ ਮਾਮਲੇ ਵਿੱਚ ਨੋਟਿਸ ਜਾਰੀ ਕੀਤਾ ਗਿਆ ਹੈ ਉਸ ਵਿੱਚ ਮੁਹਾਲੀ ਦੇ ਤਤਕਾਲੀ ਐਸ ਐਸ ਪੀ ਵਿਵੇਕਸ਼ੀਲ ਸੋਨੀ, ਤਤਕਾਲੀ ਐਸ ਪੀ ਮੁਹਾਲੀ ਅਮਨਦੀਪ ਸਿੰਘ ਬਰਾੜ, ਤਤਕਾਲੀ ਡੀਐਸਪੀ ਗੁਰਸ਼ੇਰ ਸਿੰਘ, ਤਤਕਾਲੀ ਸੀਆਈਏ ਇੰਚਾਰਜ ਸ਼ਿਵ ਕੁਮਾਰ ਦਾ ਨਾਂ ਸ਼ਾਮਲ ਹੈ।

ਵਿਧਾਨ ਸਭਾ ਦੇ ਮਾਨਸੂਨ ਇਜਲਾਸ ਵਿੱਚ ਵੀ ਵਿਰੋਧੀ ਧਿਰ ਲਗਾਤਾਰ ਸਰਕਾਰ ਨੂੰ ਪੁੱਛ ਰਿਹਾ ਸੀ ਕਿ ਜਿਨ੍ਹਾਂ ਨੇ ਲਾਰੈਂਸ ਦਾ ਇੰਟਰਵਿਊ ਕਰਵਾਇਆ ਸੀ, ਉਨ੍ਹਾਂ ਅਧਿਕਾਰੀਆਂ ਖ਼ਿਲਾਫ਼ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ। ਪਰ ਸਰਕਾਰ ਕੋਰਟ ਦਾ ਹਵਾਲਾ ਦਿੰਦੇ ਹੋਏ ਕੋਈ ਵੀ ਬਿਆਨ ਨਹੀਂ ਦੇ ਰਹੀ ਸੀ।

### ਹਾਈਕੋਰਟ ਨੇ ਬਣਾਈ ਸੀ ਸਿਟ

ਪੰਜਾਬ ਹਰਿਆਣਾ ਹਾਈਕੋਰਟ ਨੇ ਡੀਜੀਪੀ ਪ੍ਰਬੋਧ ਕੁਮਾਰ ਦੇ ਅਧੀਨ ਸਿਟ ਬਣਾਈ ਸੀ ਜਿਸ ਨੇ ਦੱਸਿਆ ਸੀ ਕਿ ਲਾਰੈਂਸ ਦਾ ਪਹਿਲਾ ਇੰਟਰਵਿਊ ਖਰੜ ਵਿੱਚ ਹੋਇਆ ਸੀ ਜਦਕਿ ਦੂਜਾ ਰਾਜਸਥਾਨ ਵਿੱਚ ਹੋਇਆ ਸੀ। ਜਦਕਿ ਪਹਿਲਾਂ ਬਣੀ ਸਿਟ ਨੇ ਪੰਜਾਬ ਵਿੱਚ ਇੰਟਰਵਿਊ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਪੰਜਾਬ ਸਰਕਾਰ ਦੀ ਸਿਟ ਤੋਂ ਨਾਖੁਸ਼ ਹੋ ਕੇ ਹੀ ਹਾਈਕੋਰਟ ਨੇ ਨਵੀਂ ਸਿਟ ਦੇ ਲਈ ਪੰਜਾਬ ਸਰਕਾਰ ਕੋਲੋਂ ਅਧਿਕਾਰੀਆਂ ਦੇ ਨਾਂ ਮੰਗੇ ਸੀ।

-ਮਾਮਲਾ ਦੋਸ਼ੀ ਅਕਾਲੀ ਲੀਡਰਸ਼ਿਪ ਦੇ ਪੰਥਕ ਕੇਸ ਦਾ-

# ਗਿਆਨੀ ਕੇਵਲ ਸਿੰਘ ਵਲੋਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਿੱਖ ਜਥੇਬੰਦੀਆਂ ਨੂੰ ਭਰੋਸੇ ਵਿੱਚ ਲੈਣ ਦੀ ਅਪੀਲ



ਅੰਮ੍ਰਿਤਸਰ-ਸਿੱਖ ਜਥੇਬੰਦੀਆਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਅਕਾਲੀ ਮੰਤਰੀ ਖ਼ਿਲਾਫ਼ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਿੱਖ ਜਥੇਬੰਦੀਆਂ ਨੂੰ ਵੀ ਭਰੋਸੇ ਵਿੱਚ ਲਿਆ ਜਾਵੇ। ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਜੋ ਕਿ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਵੀ ਹਨ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਕਿ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਮਾਮਲੇ ਦੇ ਸਬੰਧ ਵਿੱਚ ਪੰਥਕ ਇਕੱਠ ਸੱਦਿਆ ਜਾਵੇ। ਇਸ ਵਿੱਚ ਸਿੱਖ ਜਥੇਬੰਦੀਆਂ ਦੇ ਸੁਝਾਅ ਲਏ ਜਾਣ ਅਤੇ ਉਸ ਤੋਂ ਬਾਅਦ ਕੋਈ ਫੈਸਲਾ ਦਿੱਤਾ ਜਾਵੇ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਮਾਮਲੇ ਵਿੱਚ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵਿਚਾਰ ਚਰਚਾ ਕਰਨੀ ਚਾਹੀਦੀ ਹੈ। ਇਸ ਮਾਮਲੇ ਵਿੱਚ ਤੱਥ ਆਮ ਸੰਗਤ ਦੇ ਸਾਹਮਣੇ ਰੱਖੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਸਾਰੇ ਹੀ ਜਾਣਦੇ ਹਨ ਕਿ 2015 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦਾ ਮਾਮਲਾ ਕਿਸ ਦੇ ਦਬਾਅ ਹੇਠ ਲਿਆ ਗਿਆ ਸੀ। ਅਜਿਹੇ ਸਾਰੇ ਮਾਮਲਿਆਂ ਦੀ ਬਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ। ਇਸ ਫੈਸਲੇ ਬਾਰੇ ਉਸ ਵੇਲੇ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੇ ਬਿਆਨ ਵੀ ਲਏ ਜਾਣੇ ਚਾਹੀਦੇ ਹਨ।

# ਗਤਕੇ ਫ਼ੈਡਰੇਸ਼ਨ ਯੂ ਕੇ ਵੱਲੋਂ ਸਿੰਘ ਸਭਾ ਡਰਬੀ ਵਿਖੇ ਸਾਲਾਨਾ ਗਤਕਾ ਚੈਂਪੀਅਨਸ਼ਿੱਪ 29 ਸਤੰਬਰ ਨੂੰ ਬੜੇ ਜੋਸ਼ ਖਰੋਸ਼ ਨਾਲ ਕਰਵਾਈ ਜਾ ਰਹੀ ਹੈ - ਰਘਬੀਰ ਸਿੰਘ, ਰਾਜਿੰਦਰ ਸਿੰਘ ਪੁਰੇਵਾਲ

**ਡਰਬੀ (ਹਰਜਿੰਦਰ ਸਿੰਘ ਮੰਡੇਰ) – ਵਿਸ਼ਵ ਗਤਕਾ ਫ਼ੈਡਰੇਸ਼ਨ ਨਾਲ ਸਬੰਧਿਤ ਸੰਸਥਾ (ਗਤਕਾ ਫ਼ੈਡਰੇਸ਼ਨ ਯੂ ਕੇ) ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਸਹਿਯੋਗ ਨਾਲ ਯੂ ਕੇ ਦੀ ਦਸਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿੱਪ ਗੁਰਦੁਆਰਾ ਸਾਹਿਬ ਦੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿੱਚ 29 ਸਤੰਬਰ 2024, ਦਿਨ ਐਤਵਾਰ ਨੂੰ ਸਵੇਰੇ 9:00 ਵਜੇ ਤੋਂ ਸ਼ਾਮ ਦੇ 6:00 ਵਜੇ ਤੱਕ ਕਰਵਾਈ ਜਾ ਰਹੀ ਹੈ।**



ਰਘਬੀਰ ਸਿੰਘ, ਰਾਜਿੰਦਰ ਸਿੰਘ ਪੁਰੇਵਾਲ

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਗੁਰੂ ਘਰ ਦੇ ਜਰਨਲ ਸਕੱਤਰ ਤੇ ਸਿੱਖ ਅਜਾਇਬ ਘਰ ਦੇ ਚੇਅਰਮੈਨ ਭਾਈ ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਸ ਦਿਨ ਗਤਕਾਬਾਜ਼ਾਂ ਅਤੇ ਅਖਾੜਿਆਂ ਦੀਆਂ ਟੀਮਾਂ ਦੀ ਰਜਿਸਟ੍ਰੇਸ਼ਨ 9:00 ਵਜੇ ਸ਼ੁਰੂ ਹੋ ਜਾਵੇਗੀ। ਉਹਨਾਂ ਸਾਰੇ ਗਤਕਾ'ਅਖਾੜਿਆਂ ਅਤੇ ਗਤਕਾ ਬਾਜ਼ਾਂ ਨੂੰ ਕਿਹਾ ਕਿ ਸਮੇਂ ਸਿਰ ਪਹੁੰਚ ਕੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਤਾਂ ਜੋ ਸਮੇਂ ਸਿਰ ਮੁਕਾਬਲੇ ਸ਼ੁਰੂ ਕਰਵਾ ਕੇ ਸਮੇਂ ਸਿਰ ਇਨਾਮਾਂ ਦੀ ਵੰਡ ਹੋ ਸਕੇ।

ਉਹਨਾਂ ਨੇ ਗਤਕਾ ਫ਼ੈਡਰੇਸ਼ਨ ਦੇ ਪ੍ਰਧਾਨ ਸ: ਤਨਮਨਜੀਤ ਸਿੰਘ ਢੇਸੀ ਐਮ ਪੀ ਦਾ ਧੰਨਵਾਦ ਕੀਤਾ, ਜਿਹਨਾਂ ਦੇ ਉਦਮ ਉਪਰਾਲੇ ਨਾਲ ਹਰ ਸਾਲ ਯੂ ਕੇ ਦੇ ਕਿਸੇ ਨਾ ਕਿਸੇ ਸ਼ਹਿਰ ਵਿੱਚ ਪਿਛਲੇ ਦਸ ਸਾਲਾਂ ਤੋਂ ਸਿੱਖ ਨੌਜਵਾਨਾਂ ਨੂੰ ਸਵੈ ਰੱਖਿਆ ਲਈ ਉਤਸਾਹਿਤ ਕਰਨ ਵਾਸਤੇ ਗਤਕਾ ਟੂਰਨਾਮੈਂਟ ਕਰਵਾਏ ਜਾਂਦੇ ਹਨ। ਉਹਨਾਂ ਨੇ ਯੂ ਕੇ ਦੀਆਂ ਹੋਰ ਸਿੱਖ ਸੰਸਥਾਵਾਂ, ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਗਤਕਾ ਅਖਾੜਿਆਂ ਨੂੰ ਬੇਨਤੀ ਕੀਤੀ ਕਿ ਸਾਰੇ ਵੱਧ ਚੜ੍ਹ ਕੇ ਗਤਕਾ ਟੂਰਨਾਮੈਂਟਾਂ ਲਈ ਸਹਿਯੋਗ ਦੇਣ।

ਇਸ ਚੈਂਪੀਅਨਸ਼ਿੱਪ ਵਿਚ ਯੂ ਕੇ ਭਰ ਦੇ ਗਤਕਾ ਅਖਾੜਿਆਂ ਦੀਆਂ ਟੀਮਾਂ ਗਤਕੇ ਦੇ ਜੌਹਰ ਦਿਖਾਉਣਗੀਆਂ। ਇਸ ਪਰਿਵਾਰਕ ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਗਤਕੇ ਦੇ ਜੌਹਰ ਦੇਖੋ ਤੇ ਗਤਕਾ ਖਿਡਾਰੀਆਂ ਦਾ ਉਤਸ਼ਾਹ ਵਧਾਓ। ਆਪ ਵੀ ਆਓ ਅਤੇ ਹੋਰਨਾਂ ਨੂੰ ਵੀ ਆਉਣ ਲਈ ਪ੍ਰੇਰਿਤ ਕਰੋ। ਚਾਹ ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।


## ਡਰਬੀ ਅਤੇ ਕਾਵੈਂਟਰੀ ਵਿੱਚ ਭਾਈ ਡੱਲੇਵਾਲ ਦੀ ਕਿਤਾਬ "ਸੰਘਰਸ਼ ਦਾ ਦੌਰ" ਰਿਲੀਜ਼ ਕੀਤੀ ਗਈ



"ਸੰਘਰਸ਼ ਦਾ ਦੌਰ" ਕਿਤਾਬ ਜਾਰੀ ਕਰਦੇ ਹੋਏ ਸਿੱਖ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 1984 ਅਤੇ ਇਸ ਤੋਂ ਬਾਅਦ ਦੇ ਸਿੱਖ ਸ਼ੰਘਰਸ਼ ਬਾਰੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਲਿਖੀ ਗਈ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੀ ਪ੍ਰਧਾਨ ਬੀਬੀ ਰਸ਼ਪਿੰਦਰ ਕੌਰ ਗਿੱਲ ਵਲੋਂ ਸੰਪਾਦਤ ਕੀਤੀ ਗਈ ਕਿਤਾਬ "ਸੰਘਰਸ਼ ਦਾ ਦੌਰ" ਬੀਤੇ ਦਿਨੀ ਯੂ ਕੇ ਵਿੱਚ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਕਾਵੈਂਟਰੀ ਅਤੇ ਗੁਰਦਵਾਰਾ ਸਿੰਘ ਸਭਾ ਡਰਬੀ ਵਿੱਚ ਲੋਕ ਅਰਪਨ ਕੀਤੀ ਗਈ। ਗੁਰੂ ਨਾਨਕ ਪ੍ਰਕਾਸ਼ ਗੁਰਦਵਾਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ, ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਭਾਈ ਜਗਰੂਪ ਸਿੰਘ, ਸਟੇਜ ਸਕੱਤਰ ਭਾਈ ਗੁਰਜੀਤ ਸਿੰਘ, ਸਾਬਕਾ ਪ੍ਰਧਾਨ ਭਾਈ ਪਵਿੱਤਰ ਸਿੰਘ ਖੈਰਾ, ਕਵੀਸ਼ਰ ਭਾਈ ਹਰਵਿੰਦਰ ਸਿੰਘ ਵਲੋਂ ਅਤੇ ਡਰਬੀ ਵਿੱਚ ਗੁਰਦਵਾਰਾ ਸਿੰਘ ਸਭਾ ਵਿਖੇ ਸ਼ਹੀਦੀ ਸਮਾਗਮ ਦੌਰਾਨ ਭਾਈ ਜੋਗਾ ਸਿੰਘ ਕੋਆਰਡੀਨੇਟਰ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਯੂ ਕੇ, ਭਾਈ ਮਨਪ੍ਰੀਤ ਸਿੰਘ ਵਲਰਡ ਸਿੱਖ ਪਾਰਲੀਮੈਂਟ, ਭਾਈ ਹਰਵਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਜਿੰਦਰ ਸਿੰਘ, ਸਿੱਖ ਫਾਰ ਜਸਟਿਸ ਦੇ ਭਾਈ ਜੀਤਾ ਸਿੰਘ ਸਮੇਤ ਸਿੱਖ ਆਗੂਆਂ ਵਲੋਂ ਜਾਰੀ ਕੀਤਾ ਗਿਆ। ਇਸ ਕਿਤਾਬ ਵਿੱਚ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਸੰਘਰਸ਼ ਦੌਰਾਨ ਵਾਪਰੀਆਂ ਅਨੇਕਾਂ ਹੱਡ ਬੀਤੀਆਂ ਘਟਨਾਵਾਂ ਦਾ ਵਰਨਣ ਕਰਦਿਆਂ ਅਨੇਕਾਂ ਯਾਦਾਂ ਦੀ ਸਾਂਝ ਪਾਈ ਹੈ। ਜਿਕਰਯੋਗ ਹੈ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰ ਅਤੇ ਯੂਨਾਈਟਿਡ ਖਾਲਸਾ ਦਲ ਯੂ ਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੂੰ ਭਾਰਤ ਸਰਕਾਰ ਨੂੰ ਅਤਿ ਲੋੜੀਂਦਾ ਐਲਾਨਿਆ ਹੋਇਆ ਹੈ ਜਿਸ ਖਿਲਾਫ ਪੁਲਿਸ ਨੇ ਪੰਜਾਬ ਵਿੱਚ ਕਈ ਮੁਕੱਦਮੇ ਦਰਜ ਕੀਤੇ ਹੋਏ ਹਨ।

## ਇੰਗਲੈਂਡ ਦੇ ਕਵੀ ਦਰਬਾਰਾਂ ਦੀ ਸ਼ਾਨ ਦਲਬੀਰ ਪੱਤੜ ਨਹੀਂ ਰਹੇ



ਦਲਬੀਰ ਸਿੰਘ ਪੱਤੜ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਕਵੀ ਦਰਬਾਰਾਂ ਵਿੱਚ ਲੰਮੀ ਹੇਕ ਨਾਲ ਕਵਿਸ਼ਰੀ ਰਾਹੀਂ ਸਰੋਤਿਆਂ ਦਾ ਦਿਲ ਮੋਹ ਲੈਣ ਵਾਲਾ ਕਵੀ ਦਲਬੀਰ ਸਿੰਘ ਪੱਤੜ ਦਾ ਬੀਤੇ ਦਿਨੀ ਅਚਾਨਕ ਦੇਹਾਂਤ ਹੋ ਗਿਆ। ਉਹ 66 ਵਰ੍ਹਿਆਂ ਦੇ ਸਨ। ਪੱਤੜ ਕਲਾਂ ਜਿਲ੍ਹਾ ਜਲੰਧਰ ਦੇ ਜੰਮਪਲ ਦਲਬੀਰ ਪੱਤੜ ਲੰਮੇਂ ਸਮੇਂ ਤੋਂ ਇੰਗਲੈਂਡ ਦੇ ਸ਼ਹਿਰ ਗ੍ਰੇਵਜ਼ੈਂਡ ਵਿਖੇ ਰਹਿ ਰਹੇ ਸਨ। ਉਹਨਾਂ ਅੱਖਾਂ ਖੋਲ ਦਏ, ਹਿਰਦੇ ਵਿੱਚ ਝਾਤੀ ਮਾਰੋ, ਮਿਰਤਕ ਜਾਣੋ, ਝੂਲਦੇ ਨਿਸ਼ਾਨ ਕੇਸਰੀ ਸਮੇਤ ਕੁੱਲ 7 ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਜਦ ਕਿ ਇੱਕ ਹੋਰ ਕਿਤਾਬ ਛਪਾਈ ਅਧੀਨ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਦਾ ਐਲਾਨ

ਬੰਦੀ ਸਿੰਘਾਂ ਦੀ ਰਿਹਾਈ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ 20 ਮਹੀਨਿਆਂ ਤੋਂ ਪੰਜਾਬ ਤੇ ਚੰਡੀਗੜ੍ਹ ਦੀ ਹੱਦ ਤੇ ਸੰਘਰਸ਼ ਕਰ ਰਹੇ ਕੌਮੀ ਇਨਸਾਫ਼ ਮੋਰਚਾ ਨੇ ਪਹਿਲੀ ਅਕਤੂਬਰ ਨੂੰ ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਪਾਲ ਸਿੰਘ ਫਰਾਂਸ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਪਾਲ ਸਿੰਘ ਫਰਾਂਸ, ਗੁਰਚਰਨ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ, ਗੁਰਿੰਦਰ ਸਿੰਘ ਬਾਜਵਾ, ਬਲਬੀਰ ਸਿੰਘ ਬੈਰੋਂਪੁਰ, ਐਡੋਵੋਕੇਟ ਗੁਰਸ਼ਰਨ ਸਿੰਘ, ਜਸਵਿੰਦਰ ਸਿੰਘ ਸਣੇ ਹੋਰ ਆਗੂਆਂ ਨੇ ਕਿਹਾ ਕਿ 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਨਾ ਹੀ ਨਿਯਮਾਂ ਅਨੁਸਾਰ ਪੈਰੋਲ ਦਿੱਤੀ ਜਾ ਰਹੀ ਹੈ।

## ਹੁਣ ਕੰਗਨਾ ਰਣੌਤ ਨੇ ਹਿਮਾਚਲ ਸਰਕਾਰ ਨਾਲ ਫਸਾਏ ਸਿੰਗ

**ਸ਼ਿਮਲਾ : ਮਸ਼ਹੂਰ ਬਾਲੀਵੁੱਡ ਅਦਾਕਾਰਾ ਅਤੇ ਮੰਡੀ ਤੋਂ ਬੀਜੇਪੀ ਸੰਸਦ ਕੰਗਨਾ ਰਣੌਤ ਦੇ ਇੱਕ ਨਵੇਂ ਬਿਆਨ ਨੂੰ ਲੈ ਕੇ ਸਿਆਸੀ ਹੰਗਾਮਾ ਮਚ ਗਿਆ ਹੈ। ਦਰਅਸਲ, ਕੰਗਨਾ ਨੇ ਦੋਸ਼ ਲਗਾਇਆ ਹੈ ਕਿ ਹਿਮਾਚਲ ਦੀ ਕਾਂਗਰਸ ਸਰਕਾਰ ਕਰਜ਼ਾ ਲੈ ਕੇ ਕਾਂਗਰਸ ਦੀ ਸਾਬਕਾ ਰਾਸ਼ਟਰੀ ਪ੍ਰਧਾਨ ਸੋਨੀਆ ਗਾਂਧੀ ਨੂੰ ਦਿੰਦੀ ਹੈ। ਇਸ ਤਰ੍ਹਾਂ ਉਹ ਕਾਂਗਰਸ ਦਾ ਝੋਲਾ ਭਰ ਰਹੀ ਹੈ। ਸੋਨੀਆ ਗਾਂਧੀ ਨੇ ਸਰਕਾਰੀ ਖ਼ਜ਼ਾਨੇ ਨੂੰ 'ਖੋਖਲਾ' ਕੀਤਾ ਹੈ ਅਤੇ ਇਹੀ ਹਿਮਾਚਲ ਦੀ ਦੁਰਦਸ਼ਾ ਹੈ। ਹਿਮਾਚਲ ਦੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਹ ਦੇਖ ਕੇ ਉਹ ਬਹੁਤ ਦੁਖੀ ਹਨ।**

# ਹਰਿਆਣਾ ਤੇ ਦਿੱਲੀ ਚੋਣਾਂ 'ਆਪ' ਲਈ ਜਿਤਣੀਆਂ ਸੌਖੀਆਂ ਨਹੀਂ

## ✪ ਚੋਣਾਂ ਵਿਚ 'ਆਪ' ਦੀ ਪ੍ਰਚਾਰ ਮੁਹਿੰਮ 'ਤੇ ਦਿੱਖ ਸਕਦੈ ਪੰਜਾਬ ਦੀ ਸਰਕਾਰ ਵਿਰੋਧੀ ਲਹਿਰ ਦਾ ਅਸਰ



ਵਿਧਾਨ ਸਭਾ ਚੋਣਾਂ ਕਰਕੇ ਹਰਿਆਣਾ ਵਿਚ ਚੋਣ ਮੈਦਾਨ ਪੂਰੀ ਤਰ੍ਹਾਂ ਨਾਲ ਭਖਿਆ ਹੋਇਆ ਹੈ ਤੇ ਸਾਰੀਆਂ ਪਾਰਟੀਆਂ ਚੋਣਾਂ ਵਿਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਦਿਨ ਰਾਤ ਡਟੀਆਂ ਹੋਈਆਂ ਹਨ ਜਦਕਿ ਦਿੱਲੀ ਵਿਚ ਕੁਝ ਮਹੀਨੇ ਬਾਅਦ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਦਿੱਲੀ ਦੇ ਮੁੱਖ ਮੰਤਰੀ ਨੂੰ ਬਦਲਣ ਤੋਂ ਬਾਅਦ ਸਰਗਰਮੀਆਂ ਤੇਜ਼ ਹੋਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ।ਆਮ ਆਦਮੀ ਪਾਰਟੀ ਹਰਿਆਣਾ ਵਿਚ ਜਿੱਤਣ ਲਈ ਕਾਫ਼ੀ ਸਰਗਰਮ ਹੋ ਗਈ ਹੈ ਜਦਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਆਪਣੀ ਸਰਕਾਰ ਬਣਾਉਣ ਲਈ ਦੁਬਾਰਾ ਯਤਨਾਂ ਵਿਚ ਲੱਗ ਗਈ ਹੈ ਪਰ ਦਿੱਲੀ ਅਤੇ ਹਰਿਆਣਾ ਵਿਚ ਪੰਜਾਬ ਦੀ 'ਆਪ' ਸਰਕਾਰ ਵਿਰੋਧੀ ਲਹਿਰ ਦਾ ਅਸਰ ਪੈਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ ਕਿਉਂਕਿ ਹਰਿਆਣਾ ਵਿਚ ਜ਼ਿਆਦਾਤਰ ਲੋਕ ਪੰਜਾਬ ਦੀ ਮੌਜੂਦਾ ਸਥਿਤੀ ਤੋਂ ਕਾਫ਼ੀ ਵਾਕਫ਼ ਹਨ।

ਪੰਜਾਬ ਦੀ ਹੱਦ ਦੇ ਨਾਲ ਲੱਗਦੇ ਹਰਿਆਣਾ ਦੇ ਇਲਾਕਿਆਂ ਵਿਚ ਨਾ ਸਿਰਫ਼ ਪੰਜਾਬ ਦੀ ਕਾਨੂੰਨ ਵਿਵਸਥਾ ਕਰਕੇ ਜ਼ਿਆਦਾ ਅਸਰ ਪੈਂਦਾ ਹੈ ਸਗੋਂ ਹੋਰ ਕਾਰਨਾਂ ਕਰਕੇ ਵੀ ਹਰਿਆਣਾ ਦੇ ਲੋਕ ਪੰਜਾਬ ਦੀ ਮੌਜੂਦਾ ਕਾਨੂੰਨ ਵਿਵਸਥਾ ਤੋਂ ਇਸ ਕਰਕੇ ਵੀ ਕਾਫ਼ੀ ਨਿਰਾਸ਼ ਹਨ ਕਿਉਂਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਦੇ ਰਿਸ਼ਤੇਦਾਰ ਪੰਜਾਬ ਵਿਚ ਰਹਿੰਦੇ ਹਨ ਜਿਨ੍ਹਾਂ ਵਿਚ ਕਈ ਤਾਂ ਸਫਲ ਕਾਰੋਬਾਰੀ ਵਜੋਂ ਕੰਮ ਕਰਦੇ ਹਨ ਜਿਸ ਕਰਕੇ ਉਨ੍ਹਾਂ ਤੋਂ ਆਪਣੇ ਹਰਿਆਣਾ ਵਿਚ ਰਹਿੰਦੇ ਰਿਸ਼ਤੇਦਾਰਾਂ ਨੂੰ ਪੰਜਾਬ ਦੀ ਸਥਿਤੀ ਬਾਰੇ ਸਾਰੀਆਂ ਜਾਣਕਾਰੀਆਂ ਪੁੱਜਦੀਆਂ ਰਹਿੰਦੀਆਂ ਹਨ।

ਹੁਣ ਤੱਕ ਤਾਂ ਆਮ ਆਦਮੀ ਪਾਰਟੀ ਨੇ ਜੇਕਰ ਦਿੱਲੀ ਅਤੇ ਪੰਜਾਬ ਵਿਚ ਸੱਤਾ ਹਾਸਲ ਕੀਤੀ ਹੈ ਤਾਂ ਉਸ ਵਿਚ ਮੁਫ਼ਤ ਸਕੀਮਾਂ ਦਾ ਵੱਡਾ ਯੋਗਦਾਨ ਹੈ ਜਦਕਿ ਕਾਨੂੰਨ ਵਿਵਸਥਾ ਤੇ ਆਮਦਨ ਕਮਾਉਣ ਅਤੇ ਪੰਜਾਬ ਵਿਚ ਨਿਵੇਸ਼ ਵਧਾਉਣ ਦੇ ਮਾਮਲੇ ਵਿਚ ਸਰਕਾਰ ਅਜੇ ਤੱਕ ਸਫਲ ਨਹੀਂ ਹੋ ਸਕੀ ਹੈ।

ਸਿਆਸੀ ਮਾਹਿਰ ਇਹ ਮੰਨਦੇ ਹਨ ਕਿ ਚਾਹੇ ਹਰਿਆਣਾ ਵਿਚ ਵੀ 'ਆਪ' ਸੁਪਰੀਮੋ ਵਲੋਂ ਆਪਣੀ ਗ੍ਰਿਫ਼ਤਾਰੀ ਦੇ ਮੁੱਦੇ ਤੋਂ ਇਲਾਵਾ ਮੁਫ਼ਤ ਸਕੀਮਾਂ ਦਾ ਮੁੱਦਾ ਵੱਡੇ ਪੱਧਰ 'ਤੇ ਉਠਾਇਆ ਜਾਵੇਗਾ ਪਰ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵੀ ਹਰਿਆਣਾ ਦੇ ਜ਼ਿਆਦਾਤਰ ਲੋਕ ਜਾਣੂੰਹੋ ਚੁੱਕੇ ਹਨ ਕਿ ਕਿਸ ਤਰ੍ਹਾਂ ਨਾਲ ਪੰਜਾਬ ਵਿਚ ਫਿਰੌਤੀਆਂ ਦੀ ਗਿਣਤੀ ਸੈਂਕੜਿਆਂ ਵਿਚ ਪੁੱਜ ਚੁੱਕੀ ਹੈ ਤੇ ਅਜੇ ਵੀ ਪੰਜਾਬ ਵਿਚ ਕਾਰੋਬਾਰੀ ਆਪਣੇ ਆਪ ਨੂੰ ਪੰਜਾਬ ਵਿਚ ਕਾਰੋਬਾਰ ਕਰਨ ਲਈ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ।

ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਦੀਆਂ ਖ਼ਾਮੀਆਂ ਭਰਪੂਰ ਵਿੱਤੀ ਨੀਤੀਆਂ ਕਾਰਨ ਸੂਬਾ ਇਕ ਵਾਰ ਫਿਰ ਵੱਡੇ ਗੰਭੀਰ ਵਿੱਤੀ ਸੰਕਟ ਵੱਲ ਵਧਦਾ ਦਿਖਾਈ ਦੇ ਰਿਹਾ ਹੈ। ਇਕ ਤਾਂ ਸੂਬਾ ਸਰਕਾਰ ਵਲੋਂ ਰੋਜ਼ਮਰ੍ਹਾ ਦੇ ਪ੍ਰਸ਼ਾਸਨਿਕ ਕੰਮਾਂ ਲਈ ਕਰਜ਼ਾ ਚੁੱਕਣ ਦੇ ਰੁਝਾਨ ਨੇ ਕਰਜ਼ੇ ਦੀ ਪੰਡ ਨੂੰ ਹੋਰ ਭਾਰੀ ਕੀਤਾ ਹੈ।

ਦੂਜਾ ਮੁਫ਼ਤ ਬਿਜਲੀ, ਮੁਫ਼ਤ ਬੱਸ ਸਫ਼ਰ ਅਤੇ ਹੋਰ ਕਈ ਪ੍ਰਕਾਰ ਦੇ ਚੋਣਾਵੀ ਐਲਾਨਾਂ ਕਾਰਨ ਸੂਬੇ ਦੀਆਂ ਸਬਸਿਡੀਆਂ 'ਚ ਭਾਰੀ ਵਾਧਾ ਹੁੰਦਾ ਜਾ ਰਿਹਾ ਹੈ। ਇਸ ਉੱਤੇ ਕੇਂਦਰ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਹਾਇਤਾ ਰਾਸ਼ੀਆਂ ਵਿਚ ਵੀ, ਮਾਨ ਸਰਕਾਰ ਦੇ ਗਠਨ ਤੋਂ ਲੈ ਕੇ ਹੁਣ ਤੱਕ ਹੁੰਦੀਆਂ ਆ ਰਹੀਆਂ ਕੁਤਾਹੀਆਂ ਅਤੇ ਖ਼ਾਮੀਆਂ ਕਾਰਨ ਅਕਸਰ ਕਟੌਤੀ ਕੀਤੀ ਜਾਂਦੀ ਰਹੀ ਹੈ।

ਅਜਿਹੇ ਹਾਲਾਤ ਨੂੰ ਵੇਖਦਿਆਂ ਕੇਂਦਰੀ ਰਿਜ਼ਰਵ ਬੈਂਕ ਵਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਗਈਆਂ ਰਿਪੋਰਟਾਂ 'ਚ ਦਿੱਤੀਆਂ ਜਾਂਦੀਆਂ ਚਿਤਾਵਨੀਆਂ ਦੇ ਬਾਵਜੂਦ ਸੂਬੇ ਦੀ ਸਰਕਾਰ ਦੇ ਵਿੱਤੀ ਸਲਾਹਕਾਰਾਂ ਨੂੰ ਸਮਝ ਨਹੀਂ ਆਈ ਅਤੇ ਅੱਜ ਪੰਜਾਬ ਇਕ ਵਾਰ ਫਿਰ ਵੱਡੇ ਵਿੱਤੀ ਸੰਕਟ ਦੇ ਕੰਢੇ 'ਤੇ ਪਹੁੰਚ ਗਿਆ ਹੈ। ਪਿਛਲੇ ਦਿਨੀਂ ਕੈਗ ਵਲੋਂ ਜਾਰੀ ਰਿਪੋਰਟ ਸੂਬਾ ਸਰਕਾਰ ਲਈ ਇਕ ਬਹੁਤ ਵੱਡੇ ਝਟਕੇ ਵਾਂਗ ਹੈ, ਜਿਸ 'ਚ ਸੂਬਾ ਸਰਕਾਰ ਦੇ ਵਲੋਂ ਵਿੱਤੀ ਸਾਧਨਾਂ ਦੀ ਗਲਤ ਵਰਤੋਂ ਅਤੇ ਪ੍ਰਬੰਧਕੀ ਖਾਮੀਆਂ ਬਾਰੇ ਕਈ ਸੰਕੇਤ ਦਿੱਤੇ ਗਏ ਹਨ।

ਇਸ ਰਿਪੋਰਟ ਅਨੁਸਾਰ ਮੌਜੂਦਾ ਭਗਵੰਤ ਮਾਨ ਸਰਕਾਰ ਦੀਆਂ ਕੁੱਲ ਉਪਲਬਧੀਆਂ, ਪ੍ਰਾਪਤੀਆਂ ਅਤੇ ਖ਼ਰਚ 'ਚ ਅੰਤਰ ਦਾ ਅਸੰਤੁਲਨ ਏਨਾ ਵਧ ਗਿਆ ਹੈ ਕਿ ਆਉਣ ਵਾਲਾ ਸਮਾਂ ਹੋਰ ਸੰਕਟਪੂਰਨ ਹੋ ਸਕਦਾ ਹੈ।

ਇਸ ਰਿਪੋਰਟ ਨੂੰ ਪਿਛਲੇ ਦਿਨੀਂ ਹੋਏ ਸੀ। ਇਸ ਵਧਦੇ ਅਸੰਤੁਲਨ ਦਾ ਹੀ ਸਿੱਟਾ ਹੈ ਕਿ ਪੰਜਾਬ ਬਿਜਲੀ ਨਿਗਮ ਵਲੋਂ ਸਬਸਿਡੀ ਦਾ ਬਕਾਇਆ 20607 ਕਰੋੜ ਰੁਪਏ ਤੋਂ ਵੀ ਵੱਧ ਹੋ ਗਿਆ ਹੈ। ਇਸ 'ਚ ਆਮ ਆਦਮੀ ਪਾਰਟੀ ਵਲੋਂ ਚੋਣਾਂ ਤੋਂ ਪਹਿਲਾਂ ਆਮ ਲੋਕਾਂ ਨੂੰ ਦਿੱਤੀ ਗਈ 300 ਯੂਨਿਟ ਪ੍ਰਤੀ ਮਹੀਨੇ ਮੁਫ਼ਤ ਬਿਜਲੀ ਤੋਂ ਬਣਨ ਵਾਲੀ 7300 ਕਰੋੜ ਰੁਪਏ ਦੀ ਸਬਸਿਡੀ ਵੀ ਸ਼ਾਮਿਲ ਹੈ। ਹਾਲਾਤ ਦੀ ਤ੍ਰਾਸਦੀ ਇਹ ਵੀ ਹੈ ਕਿ ਇਸ ਸਬਸਿਡੀ ਨੂੰ ਹੋਰ ਵਧਣ ਤੋਂ ਰੋਕਣ ਦੀ ਕੋਈ ਸੰਭਾਵਨਾ ਵੀ ਨੇੜ ਭਵਿੱਖ ਵਿਚ ਬਣਦੀ ਦਿਖਾਈ ਨਹੀਂ ਦੇ ਰਹੀ।

ਇਸ ਰਿਪੋਰਟ 'ਚ ਇਹ ਹੀ ਦਰਸਾਇਆ ਗਿਆ ਹੈ ਕਿ ਸੂਬੇ ਦੀਆਂ ਕੁੱਲ ਮਾਲੀਆ ਪ੍ਰਾਪਤੀਆਂ 'ਚ ਬੇਸ਼ੱਕ 10.76 ਫ਼ੀਸਦੀ ਸਾਲਾਨਾ ਦੀ ਦਰ ਨਾਲ ਵਾਧਾ ਹੋਇਆ ਹੈ, ਪਰ ਸੂਬੇ ਦੇ ਕੁੱਲ ਖਰਚ 'ਚ 13 ਫ਼ੀਸਦੀ ਦੇ ਅਨੁਪਾਤ ਨਾਲ ਵਾਧਾ ਦਰਜ ਕੀਤਾ ਗਿਆ ਹੈ। ਪ੍ਰਾਪਤ ਮਾਲੀਏ ਅਤੇ ਖਰਚ 'ਚ ਉਪਜਿਆ ਇਹ ਅੰਤਰ ਵੀ ਸੂਬੇ ਦੀ ਆਮ ਆਦਮੀ ਪਾਰਟੀ ਦੀ ਇਸ ਸਰਕਾਰ ਵਲੋਂ ਅਪਣਾਈਆਂ ਗਈਆਂ ਖ਼ਾਮੀਆਂ ਭਰਪੂਰ ਨੀਤੀਆਂ ਦਾ ਹੀ ਸਿੱਟਾ ਹੈ।

ਰਿਪੋਰਟ ਦਾ ਇਹ ਇਕ ਖ਼ੁਲਾਸਾ ਵੀ ਆਮ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਕਾਫ਼ੀ ਹੈ ਕਿ ਸੂਬੇ ਦੇ ਮਾਲੀਏ ਅਤੇ ਖਰਚ ਦਾ ਮੌਜੂਦਾ ਘਾਟਾ ਸਾਲ 2023-24 'ਚ 13,135 ਕਰੋੜ ਰੁਪਏ ਤੋਂ ਵਧ ਕੇ 26,045 ਕਰੋੜ ਰੁਪਏ ਹੋ ਗਿਆ ਹੈ। ਇਸ ਅੰਤਰ ਦੇ ਵਧਦੇ ਜਾਣ ਦਾ ਇਕ ਕਾਰਨ ਇਹ ਵੀ ਹੈ ਕਿ ਸਰਕਾਰ ਨੂੰ ਉਪਲਬਧ ਮਾਲੀਏ ਦਾ ਇਕ ਵੱਡਾ ਹਿੱਸਾ ਹੁਣ ਤੱਕ ਲਏ ਗਏ ਕਰਜ਼ੇ ਦੇ ਵਿਆਜ ਦੀ ਅਦਾਇਗੀ ਵਿਚ ਖਰਚ ਹੋ ਜਾਂਦਾ ਹੈ। ਇਸ ਦੇ ਉਲਟ ਮੂਲ ਧਨ ਦੀ ਰਾਸ਼ੀ ਲਗਾਤਾਰ ਵਧਦੀ ਚਲੀ ਜਾਂਦੀ ਹੈ।

ਆਪਣੇ ਹੁਣ ਤੱਕ ਦੇ ਲਗਭਗ ਦੋ ਸਾਲਾਂ ਦੇ ਸ਼ਾਸਨਕਾਲ 'ਚ ਵੀ ਭਗਵੰਤ ਮਾਨ ਸਰਕਾਰ ਨੇ ਦੋ ਲੱਖ ਕਰੋੜ ਰੁਪਏ ਤੋਂ ਵਧੇਰੇ ਦਾ ਕਰਜ਼ਾ ਲੈ ਲਿਆ ਹੈ ਅਤੇ ਪੁਰਾਣੀਆਂ ਸਰਕਾਰਾਂ ਦੇ ਕਰਜ਼ੇ ਨੂੰ ਮਿਲਾ ਕੇ ਛੋਟੇ ਜਿਹੇ ਪੰਜਾਬ ਦੇ ਸਿਰ ਅੱਜ ਸਾਢੇ ਤਿੰਨ ਲੱਖ ਕਰੋੜ ਰੁਪਏ ਤੋਂ ਵਧੇਰੇ ਦਾ ਕਰਜ਼ਾ ਹੋ ਗਿਆ ਹੈ।

ਬਿਨਾਂ ਸ਼ੱਕ ਇਹ ਸਥਿਤੀ ਸੂਬੇ ਦੀ ਤਰੱਕੀ ਤੇ ਵਿਕਾਸ ਲਈ ਕਦੇ ਵੀ ਉੱਚਿਤ ਨਹੀਂ ਹੈ। ਸੂਬੇ 'ਚ ਵਿਕਾਸ ਦੀਆਂ ਜ਼ਿਆਦਾਤਰ ਯੋਜਨਾਵਾਂ ਅਤੇ ਨਵੇਂ ਪ੍ਰਾਜੈਕਟ ਠੱਪ ਹੋ ਕੇ ਰਹਿ ਗਏ ਹਨ ਤੇ ਹਰਿਆਣਾ ਵਿਚ 'ਆਪ' ਨੂੰ ਸੱਤਾ ਸੌਂਪਣ 'ਤੇ ਕਿਧਰੇ ਇੱਥੇ ਵੀ ਪੰਜਾਬ ਵਰਗੇ ਹਾਲਾਤ ਤਾਂ ਬਣ ਜਾਣਗੇ। ਇਹ ਗਲ ਹਰਿਆਣਾ ਵਾਸੀਆਂ ਨੂੰ ਸਮਝ ਆ ਰਹੀ ਹੈ। ਇਹ ਨੁਕਤਾ 'ਆਪ' ਲਈ ਇਨ੍ਹਾਂ ਚੋਣਾਂ ਦੌਰਾਨ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ।

## ਕਾਂਗਰਸ ਤੇ ਬਾਦਲ ਦਲ ਵਲੋਂ ਨਵੀਂ ਕੈਬਨਿਟ ਦੀ ਆਲੋਚਨਾ





ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਵੀਂ ਕੈਬਨਿਟ ਨੂੰ ਲੈ ਕੇ ਕਾਂਗਰਸੀ ਆਗੂ ਤੰਜ ਕੱਸ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਰਾਜਾ ਵੜਿੰਗ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਅਸਥਿਰ ਸਰਕਾਰ ਚੱਲ ਰਹੀ ਹੈ। ਢਾਈ ਸਾਲਾਂ ਵਿੱਚ ਚਾਰ ਵਾਰ ਮੰਤਰੀ ਮੰਡਲ ਵਿੱਚ ਫੇਰਬਦਲ ਹੋਇਆ। ਅਜਿਹੇ ਵਿਚ 4 ਮਹੀਨਿਆਂ ਵਿਚ ਕੋਈ ਕੁਝ ਕਿਵੇਂ ਕਰੇਗਾ ? 'ਆਪ' ਵੱਲੋਂ ਸੀਨੀਅਰ ਆਗੂਆਂ ਨੂੰ ਪਾਸੇ ਕਰ ਦਿੱਤਾ ਗਿਆ।

ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਨੇ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਡੱਬਿਆਂ ਦੀ ਬਜਾਏ ਰੇਲ ਗੱਡੀ ਦੇ ਇੰਜਣ (ਮੁੱਖ ਮੰਤਰੀ ਭਗਵੰਤ ਮਾਨ) ਨੂੰ ਬਦਲਣ ਦੀ ਲੋੜ ਹੈ । ਬਾਜਵਾ ਨੇ ਆਮ ਆਦਮੀ ਪਾਰਟੀ 'ਆਪ' ਦੇ ਸ਼ਾਸਨ ਦੌਰਾਨ ਪੰਜਾਬ ਵਿਚ ਪ੍ਰਸ਼ਾਸਨਿਕ ਸੰਕਟ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਮੰਤਰੀ ਮੰਡਲ ਵਿੱਚ ਫੇਰਬਦਲ ਨੂੰ ਲੈ ਕੇ ਸੂਬਾ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਅੱਜ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੋ ਚੁੱਕੀ ਹੈ।ਇਹ ਮੰਤਰੀ ਮੰਡਲ ਬਦਲ ਕੇ ਡਰਾਮੇ ਕਰ ਰਹੇ ਹਨ।

**ਵਿਚਾਰ :–** ਭਾਵੇਂ ਦੁਨੀਆਂ ਵਿਚ ਸਾਰਿਆਂ ਬੱਚਿਆਂ ਦੀ ਮਾਵਾਂ ਵੱਖ ਵੱਖ ਹਨ, ਪਰ ਉਹਨਾਂ ਦੀ ਮਮਤਾ ਇਕ ਹੈ। – (ਕ੍ਰਿਸ਼ਨ ਚੰਦਰ)



ਰਜਿੰਦਰ ਸਿੰਘ ਪੁਰੇਵਾਲ

# ਗੁਰਪਤਵੰਤ ਸਿੰਘ ਪੰਨੂ ਕੇਸ ਨੇ ਭਾਰਤ ਦਾ ਪਿਛਾ ਨਾ ਛਡਿਆ

ਬੀਤੇ ਦਿਨੀਂਅਮਰੀਕਾ ਦੀ ਇੱਕ ਅਦਾਲਤ ਨੇ ਗੁਰਪਤਵੰਤ ਸਿੰਘ ਪੰਨੂ ਵੱਲੋਂ ਦਾਇਰ ਕੀਤੇ ਇੱਕ ਸਿਵਲ ਕੇਸ ਵਿੱਚ ਭਾਰਤ ਸਰਕਾਰ ਨੂੰ ਸੰਮਨ ਜਾਰੀ ਕੀਤਾ ਸੀ। ਇਹ ਸੰਮਨ ਨਿਊ ਯਾਰਕ ਦੇ ਦੱਖਣੀ ਜ਼ਿਲ੍ਹੇ ਦੀ ਅਦਾਲਤ ਵੱਲੋਂ ਜਾਰੀ ਕੀਤੇ ਗਏ ਹਨ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕੇਸ ਵਿੱਚ ਦਾਇਰ ਇਲਜ਼ਾਮਾਂ ਨੂੰ ਖਾਰਿਜ ਕੀਤਾ ਹੈ। ਪੰਨੂ ਵੱਲੋਂ ਦਾਇਰ ਕੀਤੇ ਮੁਕੱਦਮੇ ਵਿੱਚ ਇਲਜ਼ਾਮ ਲਗਾਏ ਗਏ ਹਨ ਕਿ ਉਸ ਦੀ ਹੱਤਿਆ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। 18 ਸਤੰਬਰ ਨੂੰ ਜਾਰੀ ਕੀਤੇ ਸੰਮਨ ਵਿੱਚ ਅਜੀਤ ਡੋਵਾਲ, ਭਾਰਤੀ ਦੀ ਖੂਫੀਆ ਏਜੰਸੀ ਰਾਅ ਦੇ ਸਾਬਕਾ ਮੁਖੀ ਸਮੰਤ ਗੋਇਲ, ਰਾਅ ਦੇ ਏਜੰਟ ਵਿਕਰਮ ਯਾਦਵ ਅਤੇ ਭਾਰਤੀ ਕਾਰੋਬਾਰੀ ਨਿਖਿਲ ਗੁਪਤਾ ਦਾ ਨਾਂ ਵੀ ਸ਼ਾਮਲ ਹੈ।ਬਚਾਅ ਪੱਖ ਨੂੰ 21 ਦਿਨਾਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਗਿਆ ਹੈ।

ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਵੱਲੋਂ ਅਮਰੀਕਾ ਵਿੱਚ ਭਾਰਤ ਸਰਕਾਰ ਖ਼ਿਲਾਫ਼ ਦਾਇਰ ਕੀਤੇ ਮੁਕੱਦਮੇ ’ਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਸੀ ਕਿ ਜਿਵੇਂ ਕਿ ਅਸੀਂ ਪਹਿਲਾਂ ਵੀ ਕਿਹਾ ਹੈ ਕਿ ਇਹ ਪੂਰੀ ਤਰ੍ਹਾਂ ਨਾਲ ਬੇਬੁਨਿਆਦ ਇਲਜ਼ਾਮ ਹਨ। ਇਸ ਕੇਸ ਨੂੰ ਦਾਇਰ ਕਰਨ ਵਾਲਾ ਵਿਅਕਤੀ ਗੈਰ-ਕਾਨੂੰਨੀ ਸੰਗਠਨ ਦੀ ਨੁਮਾਇੰਦਗੀ ਕਰਦਾ ਹੈ ਜਿਸ ਨੂੰ ਯੂਏਪੀਏ 1967 ਤਹਿਤ ਗੈਰ-ਕਾਨੂੰਨੀ ਐਲਾਨਿਆ ਗਿਆ ਹੈ।


ਪੰਨੂ ਦਾ ਕਹਿਣਾ ਹੈ ਕਿ ਉਨ੍ਹਾਂ ਉੱਪਰ ਪੁਲਿਸ ਨੇ ਝੂਠੇ ਮੁਕੱਦਮੇ ਦਾਇਰ ਕੀਤੇ ਸਨ। ਅਮਰੀਕੀ ਅਦਾਲਤ ’ਚ ਦਾਇਰ ਇਲਜ਼ਾਮਾਂ ’ਚ ਭਾਰਤੀ ਨਾਗਰਿਕ ਨਿਖਿਲ ਗੁਪਤਾ ’ਤੇ ਇੱਕ ਲੱਖ ਡਾਲਰ (ਤਕਰੀਬਨ 83 ਲੱਖ ਰੁਪਏ) ਦੀ ਨਕਦੀ ਬਦਲੇ ਅਮਰੀਕੀ ਨਾਗਰਿਕ ਦੇ ਕਤਲ ਦਾ ਠੇਕਾ ਦੇਣ ਦੇ ਇਲਜ਼ਾਮ ਲਗਾਏ ਗਏ ਹਨ।

ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਨਿਖਿਲ ਗੁਪਤਾ ਨੇ ਭਾਰਤ ਸਰਕਾਰ ਲਈ ਕੰਮ ਕਰਨ ਵਾਲੇ ਇਕ ਅਧਿਕਾਰੀ ਦੇ ਨਿਰਦੇਸ਼ਾਂ ’ਤੇ ਅਮਰੀਕਾ ਵਿੱਚ ਇਕ ਹਿੱਟਮੈਨ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਇਕ ਸਿੱਖ ਵੱਖਵਾਦੀ ਨੇਤਾ ਨੂੰ ਮਾਰਨ ਦਾ ਠੇਕਾ ਦਿੱਤਾ ਸੀ। ਇਲਜ਼ਾਮ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇੱਕ ਭਾਰਤੀ ਅਧਿਕਾਰੀ ਨਾਲ ਗੱਲਬਾਤ ਦੌਰਾਨ ਨਿਖਿਲ ਗੁਪਤਾ ਨੇ ਦੱਸਿਆ ਸੀ ਕਿ ਉਹ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਕੌਮਾਂਤਰੀ ਤਸਕਰੀ ਵਿੱਚ ਸ਼ਾਮਲ ਸੀ। ਇਲਜ਼ਾਮ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਨਿਖਿਲ ਗੁਪਤਾ ਗੁਜਰਾਤ ਵਿੱਚ ਇੱਕ ਅਪਰਾਧਿਕ ਕੇਸ ਚੱਲ ਰਿਹਾ ਹੈ ਜਿਸ ਵਿੱਚ ਮਦਦ ਦੇ ਬਦਲੇ ਉਸ ਨੇ ਇੱਕ ਭਾਰਤੀ ਅਧਿਕਾਰੀ ਲਈ ਨਿਊਯਾਰਕ ਵਿੱਚ ਕਤਲ ਕਰਵਾਉਣ ਲਈ ਤਿਆਰ ਹੋ ਗਿਆ। ਦਸਤਾਵੇਜ਼ ਦੇ ਅਨੁਸਾਰ, ਜਿਸ ਹਿੱਟਮੈਨ ਨਾਲ ਨਿਖਿਲ ਗੁਪਤਾ ਨੇ ਸੰਪਰਕ ਕੀਤਾ, ਉਹ ਅਮਰੀਕੀ ਖ਼ੁਫ਼ੀਆ ਵਿਭਾਗ ਦਾ ਇੱਕ ਅੰਡਰਕਵਰ ਏਜੰਟ ਸੀ।ਇਸ ਏਜੰਟ ਨੇ ਨਿਖਿਲ ਗੁਪਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਗੱਲਬਾਤ ਰਿਕਾਰਡ ਕੀਤੀ। ਇਸ ਆਧਾਰ ’ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ। ਮਈ 2024 ਵਿੱਚ ਨਿਖਿਲ ਗੁਪਤਾ ਦੀ ਅਮਰੀਕਾ ਨੂੰ ਹਵਾਲਗੀ ਦੇਣ ਨੂੰ ਚੈੱਕ ਗਣਰਾਜ ਦੀ ਅਦਾਲਤ ਨੇ ਮਨਜ਼ੂਰੀ ਦੇ ਦਿੱਤੀ ਸੀ। ਭਾਰਤੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਅਮਰੀਕਾ ਦੇ ਨਿਊਯਾਰਕ ਵਿੱਚ ਰਹਿ ਰਹੇ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦਾ ਠੇਕਾ ਦਿੱਤਾ ਗਿਆ ਸੀ। ਪੰਨੂ ਨੇ ਵੀ ਇਕ ਪੱਤਰ ਜਾਰੀ ਕਰਕੇ ਇਸ ਨੂੰ ਆਪਣੇ ਖ਼ਿਲਾਫ਼ ਸਾਜ਼ਿਸ਼ ਦੱਸਿਆ ਸੀ। ਪੰਨੂ ਇੱਕ ਡਿਫੈਂਸ ਵਕੀਲ ਹਨ ਅਤੇ ਉਨ੍ਹਾਂ ਨੇ ਸਾਲ 2007 ਵਿੱਚ ਹੀ ਸਿਖਸ ਫਾਰ ਜਸਟਿਸ ਦੀ ਸਥਾਪਨਾ ਕੀਤੀ ਸੀ।

ਅਮਰੀਕਾ ਪਨੂੰ ਕੇਸ ਕਾਰਣ ਮੋਦੀ ਸਰਕਾਰ ਦਾ ਪਿਛਾ ਨਹੀਂ ਛਡ ਰਿਹਾ। ਡੋਵਾਲ ਸਮੇਤ ਕੁਝ ਅਧਿਕਾਰੀ ਉਸ ਦੀ ਹਿਟ ਲਿਸਟ ਵਿਚ ਹਨ। ਪਰ ਭਾਰਤ ਸਰਕਾਰ ਇਸ ਮਸਲੇ ਉਪਰ ਅਮਰੀਕਾ ਦਾ ਵਿਰੋਧ ਕਰ ਰਹੀ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਮੋਦੀ ਦਾ ਅਮਰੀਕਾ ਵਿਚ ਸੁਆਗਤ ਵੀ ਕੀਤਾ ਜਾ ਰਿਹਾ ਹੈ। ਪਰ ਇਸ ਮਸਲੇ ਉਪਰ ਅਮਰੀਕਾ ਦਾ ਭਾਰਤ ਸਰਕਾਰ ਨੂੰ ਵਡਾ ਚੈਲਿੰਜ ਹੈ। ਇਸ ਦਾ ਨਿਬੇੜਾ ਕੀ ਹੋਵੇਗਾ ਆਉਣ ਵਾਲਾ ਸਮਾਂ ਦਸੇਗਾ।

-ਰਜਿੰਦਰ ਸਿੰਘ ਪੁਰੇਵਾਲ

## Ranjit Singh Exhibition, London




A timely reminder for those in the UK or those with friends and family in the UK. Please do visit this wonderful exhibition which runs until the 20th Oct 2024 at the Wallace Collection, London.

A landmark exhibition, with loans from private collections as well as the British Museum, Louvre, Palace of Versailles, The Royal Collection, British Library and the V&A, to name a few.

Audio guides in both English and Punjabi.

# NEWS & VIEWS



Gurmukh Singh OBE

## PM MODI VISIT TO THE USA AFTER RAHUL GANDHI

The overall impression gained after the recent successive visits to the USA by PM Modi and, earlier, by Rahul Gandhi, is that the Khalistan issue is affecting relations between the Indian government and leading Western countries like the USA, UK, Canada and Australia.

During his visit from 8 to 10 September, Rahul Gandhi repeated concerns, shared by many international observers, about the worrying direction taken by Indian democracy since independence and especially, in the last few decades during BJP rule.

During his three-day visit to the USA from 21 to 23 September, PM Modi attended the *Quad* – a strategic USA, India, Japan and Australia grouping - leaders summit; addressed Indian American community in Long Island; and, he spoke at the UN Summit of the Future.

As a senior Indian observer noted, PM Modi represents the Indian government and not necessarily India. That distinction is important. So, when policies of the Indian government are criticized abroad, that does not mean that the desire to keep good relations with India is not there. In a different context, that argument applies to most Sikhs regardless of their views about the Sikh right to self-determination and how it should be exercised. In fact, geo-politically, India is in a most strategic position and wields much global influence. The problem is that claims of Indian successes by PM Modi lose credibility, when measured against all sort of economic, employment, environmental, human rights and democratic etc indices.

Recently, a colleague sent some bullet points from an article published in *The Economist* of 10 August 2024. For example: *India cannot fix its problems if the government keeps pretending they do not exist. Despite BJP expectations, in the general election, the party limped in with just 240 seats and formed a government only in coalition. The pandemic, according to official Indian government figures, killed half a million Indians. World Health Organisation estimate the toll at 10 times greater. The Global Hunger Index last year ranked India 111th out of 125 countries. India has been ranked 176th of 180 countries on the environment index.* And so on.

PM Modi said that India was a land of opportunities to those who had left India seeking opportunities abroad. He said that every Indian has confidence in India and its achievements. He claimed that in just a decade 250 million people have been lifted out of poverty. He addressed the UN Summit of the Future and stressed that he represents the voice of 1.4 billion Indians, or one-sixth of humanity.

Notably, he also engaged with members of the Sikh community in New York while Khalistan continues to be a headlines topic. This is partly due to the lawsuit filed on 17 September, by Gurpatwant Singh Pannun of Sikhs for Justice (SFJ). The suit demands damages for an alleged attempt to eliminate him in 2022. According to one report, Modi visit adds a significant geopolitical dimension to the timing of the lawsuit, filed in a US district court. *Key Indian officials* are accused of plotting to assassinate him in New York. The claim is based on the indictment of an Indian, Nikhil Gupta, in November 2022 by US federal prosecutors.

Finally, any movement in the name of freedom gets wider support only when rule of law breaks down and justice is delayed or denied. Such a movement will attract the victims of oppression and injustice and grow, especially in the diaspora. Root causes are bound affect international relations.

Gurmukh Singh OBE, Ret'd Principal Civil Servant (UK) sewauk2005@yahoo.co.uk



ਰਜਿੰਦਰ ਸਿੰਘ ਪੁਰੇਵਾਲ

# ਟਰੰਪ ਨੂੰ ਵਡਾ ਚੈਲਿੰਜ, 100 ਤੋਂ ਵੱਧ ਸਾਬਕਾ ਰਿਪਬਲਿਕਨਾਂ ਵਲੋਂ ਕਮਲਾ ਹੈਰਿਸ ਦੀ ਹਮਾਇਤ

ਰਿਪਬਲਿਕਨ ਦੇ 100 ਤੋਂ ਵੱਧ ਅਧਿਕਾਰੀਆਂ ਨੇ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ। ਹਾਲਾਂਕਿ ਵਿਰੋਧੀਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ, ਪਰ ਜਦੋਂ ਤੁਹਾਡੀ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਤੁਹਾਡੀ ਲੀਡਰਸ਼ਿਪ ਵਿੱਚ ਭਰੋਸਾ ਨਹੀਂ ਹੁੰਦਾ। ਇਸ ਤਰ੍ਹਾਂ 100 ਤੋਂ ਵੱਧ ਸਾਬਕਾ ਰਿਪਬਲਿਕਨ ਅਧਿਕਾਰੀਆਂ ਨੇ ਬੀਤੇ ਦਿਨ ਕਮਲਾ ਹੈਰਿਸ ਲਈ ਆਪਣਾ ਸਮਰਥਨ ਦਰਸਾਉਂਦੇ ਹੋਏ ਇੱਕ ਪੱਤਰ ਜਾਰੀ ਕੀਤਾ ਅਤੇ ਟਰੰਪ ਨੂੰ "ਰਾਸ਼ਟਰਪਤੀ ਵਜੋਂ ਦੁਬਾਰਾ ਸੇਵਾ ਕਰਨ ਲਈ ਅਯੋਗ" ਮੰਨਿਆ ਹੈ। ਉਨ੍ਹਾਂ ਨੇ ਸਾਬਕਾ ਰਾਸ਼ਟਰਪਤੀ 'ਤੇ ਆਪਣੇ ਵਿਰੋਧੀਆਂ ਪ੍ਰਤੀ ਹਮਦਰਦੀ ਅਤੇ ਪੁਤਿਨ ਅਤੇ ਸ਼ੀ ਜਿਨਪਿੰਗ ਵਰਗੇ ਤਾਨਾਸ਼ਾਹੀ ਨੇਤਾਵਾਂ ਨਾਲ ਸਬੰਧ ਦਿਖਾਉਣ ਦਾ ਦੋਸ਼ ਲਗਾਇਆ ਹੈ ।ਦਸਤਖ਼ਤ ਕਰਨ ਵਾਲਿਆਂ ਵਿੱਚ ਸਾਬਕਾ ਰਿਪਬਲਿਕਨ ਰਾਸ਼ਟਰਪਤੀਆਂ ਦੇ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਸਨ। ਕਮਲਾ ਹੈਰਿਸ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਮੁੱਖ ਧਾਰਾ ਦੇ ਰਿਪਬਲਿਕਨ ਦਾ ਸਮਰਥਨ ਪ੍ਰਾਪਤ ਕੀਤਾ ਹੈ। ਉਹ ਰਾਸ਼ਟਰਪਤੀ ਦੀ ਬਹਿਸ ਤੋਂ ਬਾਅਦ ਤੋਂ ਉੱਪਰ ਵੱਲ ਵਧ ਰਹੀ ਹੈ ਜਿੱਥੇ ਸਾਰੇ ਮਾਹਿਰਾਂ ਨੇ ਉਸ ਨੂੰ ਉਸ ਦੀ ਆਰਾਮਦਾਇਕ ਜਿੱਤ ਪ੍ਰਾਪਤ ਕਰਨ ਦੀ ਵੀ ਗੱਲ ਕਹੀ।

ਅਮਰੀਕਾ 'ਚ ਕੀਤੇ ਗਏ ਇੱਕ ਨਵੇਂ ਸਰਵੇਖਣ ਅਨੁਸਾਰ ਏਸ਼ੀਆਈ ਅਮਰੀਕੀ, ਹਵਾਈ ਦੀ ਮੂਲ ਨਿਵਾਸੀ ਤੇ ਪ੍ਰਸ਼ਾਂਤ ਟਾਪੂ ਦੀ ਵੋਟਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੁਕਾਬਲੇ ਵਧੇਰੇ ਯੋਗ ਉਮੀਦਵਾਰ ਮੰਨਿਆ ਜਾ ਰਿਹਾ ਹੈ।

ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ ਵੋਟਰ ਵੀ ਮੰਨਦੇ ਹਨ ਕਿ ਹੈਰਿਸ ਇੱਕ ਅਜਿਹੀ ਉਮੀਦਵਾਰ ਹੈ ਜੋ ਉਨ੍ਹਾਂ ਦੇ ਪਿਛੋਕੜ ਅਤੇ ਨੀਤੀਗਤ ਵਿਚਾਰਾਂ ਨੂੰ ਬਿਹਤਰ ਢੰਗ ਨਾਲ ਪੇਸ਼ ਕਰਦੀ ਹੈ। ਏਪੀਆਈ ਡੇਟਾ ਅਤੇ ਏਪੀਆਈਵੋਟ ਦੇ ਇੱਕ ਨਵੇਂ ਪੋਲ 'ਚ ਪਾਇਆ ਗਿਆ ਹੈ ਕਿ ਲਗਭਗ 10 ਵਿੱਚੋਂ 6 ਏਪੀਆਈ ਵੋਟਰਾਂ ਦੀ ਹੈਰਿਸ ਬਾਰੇ ਬਹੁਤ ਜਾਂ ਕੁਝ ਹੱਦ ਤੱਕ ਅਨੁਕੂਲ ਰਾਏ ਹੈ, ਜਦੋਂ ਕਿ ਲਗਭਗ ਇੱਕ ਤਿਹਾਈ ਦੀ ਕੁਝ ਹੱਦ ਤੱਕ ਜਾਂ ਬਹੁਤ ਕੁਝ ਦੀ ਉਲਟ ਰਾਇ ਹੈ।

ਹਰ 10 ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ ਵੋਟਰਾਂ ਵਿੱਚੋਂ ਤਿੰਨ ਦੀ ਟਰੰਪ ਪ੍ਰਤੀ ਸਕਾਰਾਤਮਕ ਰਾਇ ਹੈ ਤੇ ਲਗਭਗ ਦੋ ਤਿਹਾਈ ਦੀ ਨਕਾਰਾਤਮਕ ਰਾਇ ਹੈ। ਇਹ ਅਕਤੂਬਰ 2023 ਤੋਂ ਹੈਰਿਸ ਦੇ ਪੱਖ ਵਿੱਚ ਸੁਧਾਰ ਨੂੰ ਦਰਸਾਉਂਦਾ ਹੈ ।ਸਰਵੇਖਣ ਦਰਸਾਉਂਦਾ ਹੈ ਕਿ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ ਵੋਟਰਾਂ ਤੱਕ ਜ਼ਿਆਦਾ ਪਹੁੰਚ ਕਰ ਰਹੇ ਹਨ। 10 ਵਿੱਚੋਂ 4 ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ ਵੋਟਰਾਂ ਨੇ ਕਿਹਾ ਕਿ ਪਿਛਲੇ ਸਾਲ ਡੈਮੋਕ੍ਰੇਟਿਕ ਪਾਰਟੀ ਨੇ ਉਨ੍ਹਾਂ ਨਾਲ ਸੰਪਰਕ ਕੀਤਾ, ਜਦੋਂ ਕਿ 10 ਵਿੱਚੋਂ ਲਗਭਗ 3 ਨੇ ਰਿਪਬਲਿਕਨ ਪਾਰਟੀ ਬਾਰੇ ਇਹੀ ਕਿਹਾ।

ਇਸ ਤੋਂ ਸਪਸ਼ਟ ਹੈ ਕਿ ਹੈਰਿਸ ਟਰੰਪ ਨੂੰ ਸਖਤ ਮੁਕਾਬਲਾ ਦੇ ਰਹੀ ਹੈ। ਟਰੰਪ ਦਾ ਜਿਤਣਾ ਸੌਖਾ ਨਹੀਂ। ਇਹ ਬਹੁਤ ਸਖਤ ਮੁਕਾਬਲਾ ਹੋਣ ਜਾ ਰਿਹਾ ਹੈ।

## ਇਜ਼ਰਾਈਲ ਲੇਬਨਾਨ ਨੂੰ ਮਿਟਾਉਣ ਉਪਰ ਤੁਲਿਆ

ਲੇਬਨਾਨ ਵਿੱਚ ਪੇਜ਼ਰ ਅਤੇ ਵਾਕੀ-ਟਾਕੀ ਧਮਾਕੇ ਤੋਂ ਬਾਅਦ, ਇਜ਼ਰਾਈਲ ਨੇ ਹੁਣ ਹਿਜ਼ਬੁੱਲਾ ਨਾਲ ਸਿੱਧੀ ਜੰਗ ਸ਼ੁਰੂ ਕਰ ਦਿੱਤੀ ਹੈ। ਇਜ਼ਰਾਈਲ ਨੇ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਵੱਡੇ ਹਮਲੇ ਕੀਤੇ, ਜਿਸ ਨਾਲ 500 ਤੋਂ ਵੱਧ ਲੋਕ ਮਾਰੇ ਗਏ ਅਤੇ 3000 ਤੋਂ ਵੱਧ ਜ਼ਖ਼ਮੀ ਹੋ ਗਏ। ਲੇਬਨਾਨ ਦੇ ਸਿਹਤ ਮੰਤਰਾਲੇ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਸ ਦੇ ਨਾਲ ਹੀ, ਇਸ ਹਮਲੇ ਤੋਂ ਬਾਅਦ, ਇਜ਼ਰਾਈਲੀ ਫੌਜ ਨੇ ਕਿਹਾ ਕਿ ਉਸਨੇ ਹਿਜ਼ਬੁੱਲਾ ਅੱਤਵਾਦੀ ਸਮੂਹ ਦੇ ਖਿਲਾਫ ਦਬਾਅ ਵਧਾਉਂਦੇ ਹੋਏ ਲੇਬਨਾਨ ਵਿੱਚ 300 ਟੀਚਿਆਂ 'ਤੇ ਹਮਲਾ ਕੀਤਾ।

ਫੌਜ ਮੁਖੀ ਲੈਫਟੀਨੈਂਟ ਜਨਰਲ ਹਰਜੀ ਹਲੇਵੀ ਅਨੁਸਾਰ ਇਜ਼ਰਾਈਲ ਹੁਣ ਲੇਬਨਾਨ 'ਤੇ ਹੋਰ ਹਮਲੇ ਕਰਨ ਲਈ ਤਿਆਰ ਹੈ। ਇਹ ਹਿਜ਼ਬੁੱਲਾ ਵਿਰੁੱਧ ਲੜਾਈ ਦੇ ਲਗਭਗ ਇੱਕ ਸਾਲ ਵਿੱਚ ਸਭ ਤੋਂ ਵੱਡੇ ਹਵਾਈ ਹਮਲੇ ਵਿੱਚੋਂ ਇੱਕ ਹੈ। ਹਲੇਵੀ ਅਤੇ ਹੋਰ ਇਜ਼ਰਾਈਲੀ ਨੇਤਾਵਾਂ ਨੇ ਆਉਣ ਵਾਲੇ ਦਿਨਾਂ ਵਿੱਚ ਹਿਜ਼ਬੁੱਲਾ ਦੇ ਖਿਲਾਫ ਸਖਤ ਕਾਰਵਾਈ ਦਾ ਐਲਾਨ ਕੀਤਾ ਹੈ। ਇਜ਼ਰਾਈਲੀ ਸਾਬਕਾ ਉਪ ਸੁਰੱਖਿਆ ਸਲਾਹਕਾਰ ਚੱਕ ਫਰੀਲਿਚ ਦਾ ਕਹਿਣਾ ਹੈ ਕਿ ਇਹ ਤਾਂ ਇਕ ਸ਼ੁਰੂਆਤ ਹੈ, ਉਨ੍ਹਾਂ ਕੋਲ 100 ਕਿਸਮ ਦੇ ਅਜਿਹੇ ਹਮਲਿਆਂ ਦਾ ਪ੍ਰਬੰਧ ਹੈ। ਸਮੁੱਚੇ ਵਿਸ਼ਵ ਭਾਈਚਾਰੇ, ਅਮਰੀਕਾ ਸਮੇਤ ਸਰਮਾਏਦਾਰ ਦੇਸ਼ਾਂ ਅਤੇ ਯੂਐੱਨ ਸੰਸਥਾ ਨੂੰ ਇਜ਼ਰਾਈਲ ਦੀ ਮਾਰੂ ਅਪਰਾਧਕ ਜੰਗ ਤੇ ਵਿਸ਼ਵ ਨੂੰ ਕਿਸੇ ਵੱਡੀ ਭਿਆਨਕ ਜੰਗ ਵਿਚ ਝੋਕਣ ਪ੍ਰਤੀ ਮੂਕਦਰਸ਼ਕ ਨਹੀਂ ਬਣਨਾ ਚਾਹੀਦਾ ਬਲਕਿ ਤਕੜੀ ਕਾਰਵਾਈ ਅੰਜਾਮ ਦਿੰਦੇ ਹੋਏ ਪੱਕੇ ਪੈਰੀਂ ਰੋਕਣਾ ਚਾਹੀਦਾ ਹੈ। ਇਹ ਜੰਗ ਸਮੁਚੇ ਸੰਸਾਰ ਲਈ ਖਤਰਨਾਕ ਸਿਧ ਹੋਵੇਗੀ। ਇਸਲਾਮੀ ਜਿਹਾਦ ਨੂੰ ਉਤਸ਼ਾਹਿਤ ਕਰੇਗੀ।

-ਰਜਿੰਦਰ ਸਿੰਘ ਪੁਰੇਵਾਲ

# ਕੌਮੀ ਘਰ ਦੀ ਪਰਾਪਤੀ ਲਈ ਆਪਾ ਵਾਰ ਗਏ ਬੱਬਰ ਸਿੰਘਾਂ ਦਾ ਸ਼ਹੀਦ ਦਿਹਾੜਾ ਪੰਥਕ ਜਜ਼ਬੇ ਨਾਲ ਡਰਬੀ ਵਿੱਖੇ ਮਨਾਇਆ ਗਿਆ

ਡਰਬੀ-ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਐਲਾਨੇ ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ, ਭਾਈ ਅਨੋਖ ਸਿੰਘ ਬੱਬਰ ਅਤੇ ਪਾਣੀਆ ਦੇ ਰਾਖੇ ਭਾਈ ਬਲਵਿੰਦਰ ਸਿੰਘ ਬੱਬਰ ਜਟਾਨਾ ਦਾ ਸ਼ਹੀਦੀ ਦਿਹਾੜਾ ਖਾਲਸਾਈ ਜਾਹੋ ਜਹਾਲ ਨਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿੱਖੇ ਲੰਘੇ ਐਤਵਾਰ ਨੂੰ ਮਨਾਇਆ ਗਿਆ । ਯੂ ਕੇ ਭਰ ਤੋਂ ਸੰਗਤਾਂ ਸ਼ਹੀਦੀ ਸਮਾਗਮ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਈਆਂ ।

ਸਮਾਗਮ ਦਾ ਅਰੰਭ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਇਆ । ਇਸ ਉਪਰੰਤ ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਜਥੇ ਨੇ ਰਸ ਭਿੰਨਾ ਕੀਰਤਨ ਕੀਤਾ । ਭਾਈ ਸੁਖਦੇਵ ਸਿੰਘ ਬੂਹ ਦੇ ਢਾਡੀ ਜਥੇ ਨੇ ਕੌਮੀ ਸ਼ਹੀਦਾਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ।

ਵੱਖ ਵੱਖ ਜਥੇਬੰਦੀਆਂ ਦੇ ਬੁਲਾਰਿਆ ਨੇ ਸਮਾਗਮ ਦੌਰਾਨ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ । ਬੱਬਰ ਅਕਾਲੀ ਆਰਗੇਨਾਈਜ਼ੇਸ਼ਨ ਅਤੇ ਵਰਲਡ ਸਿੱਖ ਪਾਰਲੀਮੈਂਟ ਦੇ ਸਪੀਕਰ ਭਾਈ ਜੋਗਾ ਸਿੰਘ ਨੇ ਭਾਈ ਅਨੋਖ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨਾਲ ਬਿਤਾਏ ਸਮੇਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ । ਐਫ ਐਸ ਓ ਦੇ ਕੋਆਰਡੀਨੇਟਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਸੰਘਰਸ਼ ਨਾਲ ਆਪਣੀ ਵਚਨਬੱਧਤਾ ਨਿਭਾਉਂਦਿਆ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਕਰਨ ਦਾ ਪ੍ਰਣ ਕੀਤਾ ।

ਇਸ ਮੌਕੇ ਤੇ ਪਹੁੰਚੇ ਭਾਈ ਮਾਨਵ ਸਿੰਘ ਸਿੱਖ ਹਿਊਮਨ, ਰਾਈਟਜ਼ ਯੂਕੇ, ਤਜਿੰਦਰ ਸਿੰਘ, ਸਿਖਸ ਫੌਰ ਜਸਟਿਸ, ਭਾਈ ਸ਼ਮਸ਼ੇਰ ਸਿੰਘ ਅਤੇ ਬਲਜੀਤ ਸਿੰਘ ਨੈਸ਼ਨਲ ਸਿੱਖ ਯੂਥ ਫੈਡਰੇਸ਼ਨ, ਭਾਈ ਹਰਵਿੰਦਰ ਸਿੰਘ ਵਰਲਡ ਸਿੱਖ ਪਾਰਲੀਮੈਂਟ ਆਦਿ ਨੇ ਸੰਗਤਾਂ ਨੂੰ ਸੰਬੋਧਨ ਕੀਤਾ । ਬੁਲਾਰਿਆ ਵੱਲੋਂ ਜਿੱਥੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਉੱਥੇ ਇਹ ਵੀ ਪ੍ਰਣ ਦੁਹਰਾਇਆ ਕਿ ਇਨ੍ਹਾਂ ਸ਼ਹੀਦਾਂ ਦੇ ਪਾਏ ਪੂਰਨਿਆਂ ਤੇ ਚਲਦਿਆ ਅਜ਼ਾਦੀ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ ਤੇ ਸ਼ਹੀਦਾ ਦਾ ਖ਼ੂਨ ਅਜਾਂਈਂ ਨਹੀਂ ਜਾਣ ਦਿੱਤਾ ਜਾਵੇਗਾ ।

ਸਮਾਗਮ ਦੌਰਾਨ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਸਿੱਖ ਜੁਝਾਰੂਆ ਸਬੰਧੀ ਲਿਖਤ ਪੁਸਤਕ 'ਸੰਘਰਸ਼ ਦਾ ਦੌਰ' ਰਿਲੀਜ਼ ਕੀਤੀ ਗਈ । ਭਾਈ ਮਨਪ੍ਰੀਤ ਸਿੰਘ, ਜਰਨਲ ਸਕੱਤਰ, ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸਮਾਗਮ ਦਾ ਸੰਚਾਲਨ ਕੀਤਾ ਗਿਆ ।ਸਮਾਗਮ ਵਿੱਚ ਸਰਬੱਤ ਖਾਲਸਾ ਵੱਲੋਂ ਚੁਣੇ ਗਏ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਪੜ੍ਹਿਆ ਗਿਆ।

# ਕੈਪਟਨ ਸੰਦੀਪ ਸਿੰਘ ਸੰਧੂ ਦਾ ਇੰਗਲੈਂਡ ਦੇ ਸ਼ਹਿਰ ਕਵੈਂਟਰੀ ਵਿਖੇ ਸਨਮਾਨ



ਕੈਪਟਨ ਸੰਦੀਪ ਸਿੰਘ ਸੰਧੂ ਦਾ ਸਵਾਗਤ ਕਰਦੇ ਹੋਏ ਦਾਖਾ ਵਾਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕਵੈਂਟਰੀ ਵਿਖੇ ਲੁਧਿਆਣਾ ਜਿਲ੍ਹੇ ਦੇ ਹਲਕਾ ਦਾਖਾ ਦੇ ਵਾਸੀਆਂ ਵੱਲੋਂ ਕਾਂਗਰਸੀ ਆਗੂ ਕੈਪਟਨ ਸੰਦੀਪ ਸਿੰਘ ਸੰਧੂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਕੈਪਟਨ ਸੰਦੀਪ ਸੰਧੂ ਨੇ ਕਿਹਾ ਕਿ ਉਹਨਾਂ ਨੂੰ ਖੁਸ਼ੀ ਹੈ ਕਿ ਇੰਗਲੈਂਡ ਵੱਸਦੇ ਮੇਰੇ ਹਲਕੇ ਦੇ ਲੋਕਾਂ ਨੇ ਮੈਨੂੰ ਵੱਡਾ ਮਾਣ ਸਨਮਾਨ ਦਿੱਤਾ ਹੈ। ਤੁਹਾਡਾ ਇਹ ਪਿਆਰ ਅਤੇ ਸਤਿਕਾਰ ਹਲਕੇ ਵਿੱਚ ਕੀਤੇ ਕੰਮਾਂ ਤੇ ਇੱਕ ਮੋਹਰ ਹੈ। ਉਹਨਾਂ ਕਿਹਾ ਕਿ ਮੈਂ ਆਪਣੇ ਹਲਕੇ ਦੇ ਲੋਕਾਂ ਲਈ ਹਮੇਸ਼ਾਂ ਉਹਨਾਂ ਦੀ ਅਵਾਜ਼ ਬਣ ਕੇ ਕੰਮ ਕਰਦਾ ਰਿਹਾ ਹਾਂ ਅਤੇ ਅੱਗੋਂ ਵੀ ਕਰਦਾ ਰਹਾਂਗਾ। ਉਹਨਾਂ ਮੌਜੂਦਾ ਹਾਲਾਤਾਂ ਤੇ ਚਿੰਤਾ ਵੀ ਪ੍ਰਗਟ ਕੀਤੀ ਕਿ ਪੰਜਾਬ ਦਾ ਮਾਹੌਲ ਕਿਸ ਤਰ੍ਹਾਂ ਵਿਗੜ ਰਿਹਾ ਹੈ ਅਤੇ ਵਿਕਾਸ ਦੇ ਕੰਮ ਨਹੀਂ ਹੋ ਰਹੇ। ਕਵੈਂਟਰੀ ਵੱਸਦੇ ਪੰਜਾਬੀਆਂ ਨੇ ਕਿਹਾ ਕਿ ਕੈਪਟਨ ਸੰਦੀਪ ਸਿੰਘ ਸੰਧੂ ਵਰਗੇ ਨੇਤਾ ਦੀ ਪੰਜਾਬ ਨੂੰ ਵੱਡੀ ਲੋੜ ਹੈ ਅਤੇ ਹਲਕੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਕੈਪਟਨ ਸੰਧੂ ਦਾ ਸਾਥ ਦੇਣਾ ਚਾਹੀਦਾ ਹੈ।

ਇਸ ਮੌਕੇ ਬਾਬੂ ਗਰੇਵਾਲ, ਤਲਵਿੰਦਰ ਗਰੇਵਾਲ, ਰਵੀ ਢਿੱਲੋਂ, ਦੀਪਾ ਭੁੱਲਰ, ਗੁਰਪ੍ਰੀਤ ਵਾਲੀਆ, ਰਾਜ, ਪੋਲ, ਬਲਵਿੰਦਰ ਸਿੰਘ, ਅਮਰਜੀਤ, ਸੋਨੂੰ ਕਾਲਾ, ਪਿੰਦਾ, ਬਾਵਾ, ਨਵਜੋਤ ਪਨਾਗ, ਪ੍ਰਮਿੰਦਰ ਸਿੰਘ ਬੈਂਸ, ਜਸਵਿੰਦਰ ਸਿੰਘ ਬਾਸੀ, ਬਿੰਦਰ ਸਿੰਘ, ਗੁਰਮਿੰਦਰ ਕੌਰ ਰੰਧਾਵਾ, ਕਮਲਪ੍ਰੀਤ ਸਿੰਘ ਧਾਲੀਵਾਲ, ਪ੍ਰਮਜੀਤ ਸਿੰਘ ਕੰਗ, ਮਨਦੀਪ ਸਿੰਘ, ਜਗਦੀਪ ਰੀਹਲ, ਪੋਲ ਧਾਲੀਵਾਲ, ਸੋਬੀ ਵਾਲੀਆ, ਜੋਗਾ ਸਿੰਘ, ਬਾਵਾ ਸੰਘੇੜਾ, ਕੁਲਵੰਤ ਸਿੰਘ ਆਦਿ ਸਮੇਤ ਹਲਕਾ ਦਾਖਾ ਵਾਸੀ ਹਾਜ਼ਰ ਸਨ।

# ਪੰਜਾਬ ਸਰਕਾਰ ਦੀ ਵੱਡੀ ਗੱਪ ‘ਮੁੱਖ ਮੰਤਰੀ ਮਾਨ ਦੀ ਜਾਨ ਨੂੰ ਅੰਮ੍ਰਿਤਪਾਲ ਦੇ ਸਾਥੀਆਂ ਤੋਂ ਖ਼ਤਰਾ’

## ✪ ਪੰਜਾਬ ਸਰਕਾਰ ਨੇ ਹਾਈਕੋਰਟ ਵਿਚ ਜਵਾਬ ਕੀਤਾ ਦਾਖਲ





ਜਲੰਧਰ-ਪੰਜਾਬ ਸਰਕਾਰ ਨੇ ਕਰੀਬ ਡੇਢ ਸਾਲ ਤੋਂ ਡਿਬਰੂਗੜ੍ਹ ਜੇਲ ‘ਚ ਬੰਦ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ’ਤੇ ਮੁੜ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਲਗਾਉਣ ਸਬੰਧੀ ਅਦਾਲਤ ‘ਚ ਜਵਾਬ ਦਾਇਰ ਕੀਤਾ ਹੈ। ਇਸ ਵਿੱਚ ਸਰਕਾਰ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਮੁਲਜ਼ਮ ਸੂਬੇ ਦੀ ਕਾਨੂੰਨ ਵਿਵਸਥਾ ਲਈ ਗੰਭੀਰ ਖਤਰਾ ਹਨ। ਇਸ ਦੇ ਨਾਲ ਹੀ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਜਾਨ ਨੂੰ ਵੀ ਖਤਰਾ ਹੈ।

ਪੁਲਿਸ ਵੱਲੋਂ ਕੁਝ ਵੀਡੀਓ ਕਲਿੱਪਾਂ ਦਾ ਵੀ ਹਵਾਲਾ ਦਿੱਤਾ ਗਿਆ ਹੈ। ਜਿਸ ਵਿੱਚ ਦੋਸ਼ੀ ਇਹ ਕਹਿੰਦੇ ਨਜ਼ਰ ਆ ਰਹੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਵੀ ਉਹੀ ਹਾਲ ਹੋਵੇਗਾ ਜੋ ਸਾਬਕਾ ਸੀਐਮ ਬੇਅੰਤ ਸਿੰਘ ਹੋਇਆ ਸੀ। ਜਿਸ ਦੀ ਜਾਨ ਖਾੜਕੂਆਂ ਨੇ ਬੰਬ ਧਮਾਕੇ ਵਿਚ ਲੈ ਲਈ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 3 ਅਕਤੂਬਰ ਨੂੰ ਤੈਅ ਕੀਤੀ ਜਾਵੇਗੀ। ਇਸ ਦੌਰਾਨ ਕੇਂਦਰ ਅਤੇ ਪੰਜਾਬ ਸਰਕਾਰਾਂ ਅੰਮ੍ਰਿਤਪਾਲ ਸਿੰਘ ‘ਤੇ ਐਨਐਸਏ ਲਗਾਉਣ ਸਬੰਧੀ ਸਾਰਾ ਰਿਕਾਰਡ ਅਦਾਲਤ ਵਿੱਚ ਪੇਸ਼ ਕਰਨਗੀਆਂ।

**ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਜਵਾਬ ਦਿੱਤਾ**

ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਮੁੜ ਲਾਗੂ ਕੀਤੇ ਗਏ ਐਨਐਸਏ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਇਨ੍ਹਾਂ ਵਿੱਚੋਂ ਅਦਾਕਾਰ ਦਲਜੀਤ ਸਿੰਘ ਕਲਸੀ ਅਤੇ ਗੁਰਮੀਤ ਸਿੰਘ ਭੁੱਕਣਵਾਲਾ ਬਾਰੇ ਜਵਾਬ ਦਾਖ਼ਲ ਕੀਤੇ ਗਏ ਹਨ। ਇਹ ਹਲਫ਼ਨਾਮਾ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਦਾਇਰ ਕੀਤਾ ਗਿਆ ਹੈ। ਹਲਫ਼ਨਾਮੇ ਅਨੁਸਾਰ ਇਹ ਵੀਡੀਓ ਫਰਵਰੀ 2023 ਵਿੱਚ ਅਜਨਾਲਾ ਸਟੇਸ਼ਨ ਦੀ ਘਟਨਾ ਤੋਂ ਬਾਅਦ ਟੇਪ ਕੀਤੀ ਗਈ ਸੀ। ਜਿਸ ਵਿੱਚ ਅੰਮ੍ਰਿਤਪਾਲ ਸਿੰਘ ਕਹਿ ਰਹੇ ਹਨ ਕਿ ਅਸੀਂ ਸੀ.ਐਮ ਮਾਨ ਨੂੰ ਸੀ.ਐਮ ਬੇਅੰਤ ਸਿੰਘ ਦੇ ਰਾਹ ’ਤੇ ਨਾ ਚੱਲਣ ਦੀ ਸਲਾਹ ਦਿੱਤੀ ਹੈ। ਉਹ ਅੱਜ ਵੀ ਬੇਅੰਤ ਸਿੰਘ ਦੇ ਮਾਰਗ ’ਤੇ ਚੱਲ ਰਿਹਾ ਹੈ। ਦਿਲਾਵਰ ਨੇ ਮਨੁੱਖੀ ਬੰਬ ਵਜੋਂ ਕੰਮ ਕੀਤਾ ਅਤੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਉਡਾ ਦਿੱਤਾ। ਸੀਐਮ ਮਾਨ ਨੇ ਯਕੀਨ ਕਰ ਲਿਆ ਹੈ ਕਿ ਅੱਜ ਇਸ ਭੀੜ ਵਿੱਚ ਕਈ ਦਿਲਾਵਰ ਪੈਦਾ ਹੋਣਗੇ।

**ਕਾਨੂੰਨ ਅਤੇ ਵਿਵਸਥਾ ਨੂੰ ਆਪਣੇ ਹੱਥਾਂ ਵਿੱਚ ਲੈ ਸਕਦਾ ਹੈ**

ਸਰਕਾਰ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਕਿਸੇ ਵੀ ਸਮੇਂ ਕਾਨੂੰਨ ਵਿਵਸਥਾ ਨੂੰ ਆਪਣੇ ਹੱਥਾਂ ਵਿੱਚ ਲੈ ਸਕਦੇ ਹਨ। ਉਹ ਉਨ੍ਹਾਂ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਜੋ ਉਨ੍ਹਾਂ ਦੀ ਕੱਟੜਪੰਥੀ ਵਿਚਾਰਧਾਰਾ ਦਾ ਖੰਡਨ ਕਰੇਗਾ।

ਇਸ ਦੇ ਨਾਲ ਹੀ ਇਸ ਕਾਰਨ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ। ਇਸ ਦੇ ਨਾਲ ਹੀ ਉਹ ਜਿਸ ਤਰ੍ਹਾਂ ਨਾਲ ਭੜਕਾਊ ਗੱਲ ਕਰਦਾ ਹੈ। ਉਹ ਨੌਜਵਾਨਾਂ ਨੂੰ ਗੁੰਮਰਾਹ ਕਰ ਸਕਦਾ ਹੈ। ਅਜਿਹੇ ਵਿਚ ਉਨ੍ਹਾਂ ’ਤੇ ਐੱਨ. ਐੱਸ. ਐੱਸ. ਲਗਾਇਆ ਗਿਆ ਹੈ।

# ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚਾ ਦੇ ਆਗੂ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨਗੇ

## ✪ ਵਿਦੇਸ਼ਾਂ ਵਿਚ ਸਿਖ ਮੋਦੀ ਦਾ ਘਿਰਾਓ ਕਰਨਗੇ



ਚੰਡੀਗੜ੍ਹ-ਬੰਦੀ ਸਿੰਘਾਂ ਦੀ ਰਿਹਾਈ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ 20 ਮਹੀਨਿਆਂ ਤੋਂ ਪੰਜਾਬ ਤੇ ਚੰਡੀਗੜ੍ਹ ਦੀ ਹੱਦ ’ਤੇ ਸੰਘਰਸ਼ ਕਰ ਰਹੇ ਕੌਮੀ ਇਨਸਾਫ਼ ਮੋਰਚਾ ਨੇ ਪਹਿਲੀ ਅਕਤੂਬਰ ਨੂੰ ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ।

ਇਹ ਐਲਾਨ ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਪਾਲ ਸਿੰਘ ਫਰਾਂਸ , ਗੁਰਚਰਨ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ, ਗੁਰਿੰਦਰ ਸਿੰਘ ਬਾਜਵਾ, ਬਲਬੀਰ ਸਿੰਘ ਬੈਰੋਂਪੁਰ, ਐਡੋਵੇਕਟ ਗੁਰਸ਼ਰਨ ਸਿੰਘ, ਜਸਵਿੰਦਰ ਸਿੰਘ ਸਣੇ ਹੋਰ ਆਗੂਆਂ ਨੇ ਕੀਤਾ ਉਨ੍ਹਾਂ ਕਿਹਾ ਕਿ 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਨਾ ਹੀ ਨਿਯਮਾਂ ਅਨੁਸਾਰ ਪੈਰੋਲ ਦਿੱਤੀ ਜਾ ਰਹੀ ਹੈ।

ਕੌਮੀ ਇਨਸਾਫ਼ ਮੋਰਚਾ ਦੇ ਆਗੂਆਂ ਨੇ ਕਿਹਾ ਕਿ ਅਮਰੀਕਾ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਿੱਖਾਂ ਵੱਲੋਂ ਵਿਰੋਧ ਕੀਤਾ ਗਿਆ ਹੈ, ਜੇ ਕੇਂਦਰ ਸਰਕਾਰ ਨੇ ਕੌਮੀ ਇਨਸਾਫ਼ ਮੋਰਚਾ ਦੀਆਂ ਜਾਇਜ਼ ਮੰਗਾਂ ਨੂੰ ਮੰਨਦੇ ਹੋਏ ਬੰਦੀ ਸਿੰਘਾਂ ਨੂੰ ਜਲਦ ਰਿਹਾਅ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਦੌਰਾਨ ਦੁਨੀਆ ਭਰ ਵਿੱਚ ਸਿੱਖਾਂ ਵੱਲੋਂ ਪ੍ਰਧਾਨ ਮੰਤਰੀ ਦਾ ਵਿਰੋਧ ਕੀਤਾ ਜਾਵੇਗਾ।

ਇਨਸਾਫ਼ ਮੋਰਚੇ ਦੇ ਕਨਵੀਨਰ ਨੇ ਕਿਹਾ ਕਿ ਮੁੱਖ ਮੰਤਰੀ ਤੇ ਰਾਜਪਾਲ ਦੀ ਰਿਹਾਇਸ਼ ਦਾ ਘਿਰਾਓ ਕਰਨ ਲਈ ਪਹਿਲੀ ਅਕਤੂਬਰ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਵੱਡਾ ਜਥਾ ਚੰਡੀਗੜ੍ਹ ਰਵਾਨਾ ਹੋਵੇਗਾ। ਇਸ ਜਥੇ ਵੱਲੋਂ ਮੁੱਖ ਮੰਤਰੀ ਤੇ ਰਾਜਪਾਲ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

# ਡਾਕਟਰ ਬੀਰਇੰਦਰ ਸਿੰਘ ਨਾਰੰਗ ਦਾ ਕੰਗ ਚਾਰਲਸ ਕੋਰੋਨੇਸ਼ਨ ਮੈਡਲ ਨਾਲ ਸਨਮਾਨਿਤ



ਐਬਟਸਫੋਰਡ-ਬ੍ਰਿਟਿਸ਼ ਕੋਲੰਬੀਆ ਦੀ ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕਾ ਕੈਟਰੀਨਾ ਚੇਨ ਨੇ ਬਰਨਬੀ ਨਿਵਾਸੀ ਫੈਮਿਲੀ ਫਿਜੀਸ਼ੀਅਨ ਉੱਘੇ ਡਾਕਟਰ ਬੀਰਇੰਦਰ ਸਿੰਘ ਨਾਰੰਗ ਦਾ ਵਕਾਰੀ ਸਨਮਾਨ ਕਿੰਗ ਚਾਰਲਸ ਕੋਰੋਨੇਸ਼ਨ ਮੈਡਲ ਨਾਲ ਸਨਮਾਨ ਕੀਤਾ ਹੈ। ਕਿੰਗ ਚਾਰਲਸ ਕੋਰੋਨੇਸ਼ਨ ਮੈਡਲ 6 ਮਈ, 2023 ਨੂੰ ਕਿੰਗ ਚਾਰਲਸ ਤੀਜਾ ਦੀ ਤਾਜਪੋਸ਼ੀ ਮੌਕੇ ਸਿਰਜਿਆ ਗਿਆ ਸੀ।ਕਿੰਗ ਚਾਰਲਸ ਦੀ ਤਾਜਪੋਸ਼ੀ ਨੂੰ ਦਰਸਾਉਣ ਵਾਲਾ ਇਹ ਪਹਿਲਾ ਕੈਨੇਡੀਅਨ ਯਾਦਗਾਰੀ ਮੈਡਲ ਹੈ।

ਡਾ. ਬੀਰਇੰਦਰ ਸਿੰਘ ਨਾਰੰਗ ਨੂੰ ਇਹ ਸਨਮਾਨ ਸਿਹਤ ਸੇਵਾਵਾਂ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਦਿੱਤਾ ਗਿਆ ਹੈ। ਲੁਧਿਆਣਾ ਨਾਲ ਸੰਬੰਧਿਤ ਬਰਨਬੀ ਦੀ 3 ਵਾਰ ਸਕੂਲ ਟਰੱਸਟੀ ਰਹੀ ਬਲਜਿੰਦਰ ਕੌਰ ਨਾਰੰਗ ਦਾ ਹੋਣਹਾਰ ਫਰਜੰਦ ਡਾ. ਬੀਰਇੰਦਰ ਸਿੰਘ ਜਿੱਥੇ ਫੈਮਿਲੀ ਫਿਜੀਸ਼ੀਅਨ ਦੇ ਤੌਰ ’ਤੇ ਸੇਵਾਵਾਂ ਨਿਭਾ ਰਿਹਾ ਹੈ, ਉੱਥੇ ਉਹ ਵੈਨਕੂਵਰ ਸਥਿਤ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਫੈਮਿਲੀ ਪ੍ਰੈਕਟਿਸ ਵਿਭਾਗ ’ਚ ਕਲੀਨਿਕਲ ਅਸਿਸਟੈਂਟ ਪ੍ਰੋਫੈਸਰ ਹੈ। ਡਾ. ਬੀਰਇੰਦਰ ਸਿੰਘ ਪ੍ਰਮੁੱਖ ਟੀ.ਵੀ. ਚੈਨਲ ਗਲੋਬਲ ਬੀ.ਸੀ. ਤੇ ਰੇਡੀਓ ਸੀ.ਕੇ.ਐਨ.ਡਬਲੀਓ. 980 ’ਤੇ ਨਿਰੰਤਰ ਸਿਹਤ ਸੰਬੰਧੀ ਜਾਣਕਾਰੀ ਦਿੰਦੇ ਹਨ। ਉਹ ਡਾਕਟਰਾਂ ਦੀ ਸੰਸਥਾ ਬਰਨਬੀ ਡਵੀਜ਼ਨ ਆਫ਼ ਫੈਮਿਲੀ ਪ੍ਰੈਕਟਿਸ ਬੋਰਡ ਦੇ ਵੀ ਚੇਅਰਮੈਨ ਰਹਿ ਚੁੱਕੇ ਹਨ। ਇਸ ਮੌਕੇ ਬ੍ਰਿਿਸ਼ ਕੋਲੰਬੀਆ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ ਵੀ ਮੌਜੂਦ ਸਨ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਜਾਰੀ ਹਨ ਭਾਰਤ ਵਿਚ ਦਲਿਤਾਂ ਉਪਰ ਜ਼ੁਲਮ

## ✪ ਯੂਪੀ, ਐਮਪੀ, ਰਾਜਸਥਾਨ ਵਿਚ ਦਲਿਤ ਅੱਤਿਆਚਾਰ ਸਿਖਰ 'ਤੇ ✪ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿੱਚ ਕਮੀ ਆਈ




ਇਕ ਸਰਕਾਰੀ ਰਿਪੋਟ ਅਨੁਸਾਰ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ 2022 ਦੌਰਾਨ ਅਨੁਸੂਚਿਤ ਜਾਤੀਆਂ (ਐਸਸੀ) ਵਿਰੁੱਧ ਸਭ ਤੋਂ ਵੱਧ ਅੱਤਿਆਚਾਰਾਂ ਦੀ ਸੂਚਨਾ ਮਿਲੀ। ਇੱਕ ਸਰਕਾਰੀ ਰਿਪੋਰਟ ਵਿੱਚ ਇਸ ਗੱਲ ਉਪਰ ਬਹੁਤ ਜ਼ਿਆਦਾ ਚਿੰਤਾ ਪ੍ਰਗਟਾਈ ਗਈ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿੱਚ ਕਮੀ ਆਈ ਹੈ।2022 ਵਿੱਚ, ਦੋਸ਼ੀਆਂ ਨੂੰ ਸਜ਼ਾ ਦੇਣ ਦੀ ਦਰ ਡਿਗਕੇ 32.4 ਪ੍ਰਤੀਸ਼ਤ ਰਹਿ ਗਈ, ਜੋ ਕਿ 2020 ਵਿੱਚ 39.2 ਪ੍ਰਤੀਸ਼ਤ ਸੀ। ਹਾਲਾਂਕਿ ਪਿਛਲੇ 10 ਸਾਲਾਂ ਵਿੱਚ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਤੇ ਈਸਾਈਆਂ ਤੇ ਹੁਣ ਸਿੱਖਾਂ ਵਿਰੁੱਧ ਅੱਤਿਆਚਾਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ, ਪਰ ਇਨ੍ਹਾਂ ਭਾਈਚਾਰਿਆਂ ਨਾਲ ਸਬੰਧਤ ਕੋਈ ਰਿਪੋਰਟ ਸਰਕਾਰ ਕੋਲ ਉਪਲਬਧ ਨਹੀਂ ਹੈ। ਨਾ ਹੀ ਮੋਦੀ ਸਰਕਾਰ ਦਿਲਚਸਪੀ ਲੈ ਰਹੀ ਹੈ। ਹੁਣ ਦਲਿਤਾਂ ਨਾਲੋਂ ਘੱਟ ਗਿਣਤੀਆਂ 'ਤੇ ਅੱਤਿਆਚਾਰ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ।

ਰਿਪੋਰਟ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਖਿਲਾਫ ਅੱਤਿਆਚਾਰ ਦੇ ਸਾਰੇ ਮਾਮਲਿਆਂ ਵਿੱਚੋਂ 97.7 ਫੀਸਦੀ 13 ਰਾਜਾਂ ਵਿੱਚ ਦਰਜ ਕੀਤੇ ਗਏ ਸਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼ ਵਿੱਚ 12,287 ਕੇਸ ਜਾਂ ਕੁੱਲ ਦਾ 23.78 ਪ੍ਰਤੀਸ਼ਤ, ਰਾਜਸਥਾਨ ਵਿੱਚ 8,651 ਕੇਸ (16.75 ਪ੍ਰਤੀਸ਼ਤ) ਅਤੇ ਮੱਧ ਪ੍ਰਦੇਸ਼ ਵਿੱਚ 7,732 ਕੇਸ (14.97 ਪ੍ਰਤੀਸ਼ਤ) , ਬਿਹਾਰ ਵਿੱਚ 6,796 (13.16 ਪ੍ਰਤੀਸ਼ਤ), ਓਡੀਸ਼ਾ ਵਿੱਚ 3,576 ਕੇਸ (6.93 ਪ੍ਰਤੀਸ਼ਤ), ਅਤੇ ਮਹਾਰਾਸ਼ਟਰ ਵਿੱਚ 2,706 ਕੇਸ(5.24 ਪ੍ਰਤੀਸ਼ਤ) ਸ਼ਾਮਲ ਹਨ। 2022 ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਦੀ ਰੋਕਥਾਮ) ਐਕਟ ਦੇ ਤਹਿਤ ਦਰਜ ਕੀਤੇ ਗਏ ਕੁੱਲ ਕੇਸਾਂ ਵਿੱਚੋਂ ਲਗਭਗ 81 ਪ੍ਰਤੀਸ਼ਤ ਇਕੱਲੇ ਇਨ੍ਹਾਂ ਛੇ ਰਾਜਾਂ ਵਿੱਚ ਸਨ।

ਐਕਟ ਦੇ ਤਹਿਤ 2022 ਵਿੱਚ ਅਨੁਸੂਚਿਤ ਜਾਤੀਆਂ ਵਿਰੁੱਧ ਅੱਤਿਆਚਾਰ ਦੇ ਕੁੱਲ 51,656 ਕੇਸ ਦਰਜ ਕੀਤੇ ਗਏ ਸਨ। ਰਿਪੋਟ ਅਨੁਸਾਰ ਐਸਟੀ ਦੇ ਖਿਲਾਫ ਵੀ ਅੱਤਿਆਚਾਰਾਂ ਦੇ ਬਹੁਤੇ ਮਾਮਲੇ 13 ਰਾਜਾਂ ਨਾਲ ਸਬੰਧਤ ਸਨ। 9,735 ਮਾਮਲਿਆਂ ਵਿੱਚੋਂ, ਮੱਧ ਪ੍ਰਦੇਸ਼ ਵਿੱਚ 2,979 ਮਾਮਲੇ (30. 61 ਪ੍ਰਤੀਸ਼ਤ), ਰਾਜਸਥਾਨ ਵਿੱਚ 2,498 ਮਾਮਲੇ (25.66 ਪ੍ਰਤੀਸ਼ਤ), ਅਤੇ ਓਡੀਸ਼ਾ ਵਿੱਚ 773 ਮਾਮਲੇ (7.94 ਪ੍ਰਤੀਸ਼ਤ) ਦਰਜ ਕੀਤੇ ਗਏ।

ਅਨੁਸੂਚਿਤ ਜਨਜਾਤੀਆਂ (ਐਸਟੀ) ਨਾਲ ਸਬੰਧਤ ਹੋਰ ਰਾਜਾਂ ਵਿੱਚ 691 ਮਾਮਲਿਆਂ ਦੇ ਨਾਲ ਮਹਾਰਾਸ਼ਟਰ (7.10 ਪ੍ਰਤੀਸ਼ਤ) ਅਤੇ 499 ਮਾਮਲਿਆਂ ਦੇ ਨਾਲ ਆਂਧਰਾ ਪ੍ਰਦੇਸ਼ (5.13 ਪ੍ਰਤੀਸ਼ਤ) ਸ਼ਾਮਲ ਹਨ। ਰਿਪੋਰਟ ਵਿਚ ਜਾਂਚ ਅਤੇ ਚਾਰਜਸ਼ੀਟ ਦੇ ਆਧਾਰ 'ਤੇ ਅੰਕੜੇ ਦਿੱਤੇ ਗਏ ਹਨ। ਅਨੁਸੂਚਿਤ ਜਾਤੀ ਨਾਲ ਸਬੰਧਤ ਮਾਮਲਿਆਂ ਵਿੱਚ, 60.38 ਪ੍ਰਤੀਸ਼ਤ ਮਾਮਲਿਆਂ ਵਿੱਚ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ ਸਨ, ਜਦੋਂ ਕਿ 14.78 ਪ੍ਰਤੀਸ਼ਤ ਝੂਠੇ ਦਾਅਵਿਆਂ ਜਾਂ ਸਬੂਤਾਂ ਦੀ ਘਾਟ ਕਾਰਨ ਮਾਮਲੇ ਖਤਮ ਕਰ ਦਿੱਤੇ ਗਏ ਸਨ। 2022 ਦੇ ਅੰਤ ਤੱਕ 17,166 ਮਾਮਲਿਆਂ ਦੀ ਜਾਂਚ ਅਜੇ ਵੀ ਪੈਂਡਿੰਗ ਸੀ।

ਇਸੇ ਤਰ੍ਹਾਂ ਐਸਟੀ ਨਾਲ ਸਬੰਧਤ ਕੇਸਾਂ ਵਿੱਚ 63.32 ਫੀਸਦੀ ਕੇਸਾਂ ਵਿੱਚ ਚਾਰਜਸ਼ੀਟ ਦਾਇਰ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 14.71 ਫੀਸਦੀ ਸਬੂਤਾਂ ਦੀ ਘਾਟ ਕਾਰਣ ਖਤਮ ਕਰ ਦਿਤੇ ਗਏ। 2022 ਦੇ ਅੰਤ ਤੱਕ, 2,702 ਕੇਸ ਅਜੇ ਵੀ ਜਾਂਚ ਅਧੀਨ ਸਨ। ਰਿਪੋਰਟ ਵਿੱਚ ਚਿੰਤਾ ਪ੍ਰਗਟਾਈ ਗਈ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿੱਚ ਕਮੀ ਆਈ ਹੈ। ਦੋਸ਼ੀ ਠਹਿਰਾਏ ਜਾਣ ਦੀ ਦਰ 2020 ਵਿੱਚ 39.2 ਸੀ ਪਰ 2022 ਵਿੱਚ ਘਟ ਕੇ 32.4 ਪ੍ਰਤੀਸ਼ਤ ਰਹਿ ਗਈ। ਰਿਪੋਰਟ ਵਿੱਚ ਇਨ੍ਹਾਂ ਕੇਸਾਂ ਦੀ ਸੁਣਵਾਈ ਲਈ ਸਥਾਪਤ ਵਿਸ਼ੇਸ਼ ਅਦਾਲਤਾਂ ਦੀ ਨਾਕਾਫ਼ੀ ਗਿਣਤੀ ਬਾਰੇ ਵੀ ਚਿੰਤਾ ਪ੍ਰਗਟਾਈ ਗਈ ਹੈ।


14 ਰਾਜਾਂ ਦੇ 498 ਜ਼ਿਲ੍ਹਿਆਂ ਵਿੱਚੋਂ ਸਿਰਫ 194 ਵਿੱਚ ਹੀ ਕਾਨੂੰਨ ਦੇ ਤਹਿਤ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਕੀਤਾ ਗਿਆ ਸੀ। ਰਿਪੋਰਟ ਵਿੱਚ ਅਜਿਹੇ ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ ਜੋ ਵਿਸ਼ੇਸ਼ ਤੌਰ 'ਤੇ ਅੱਤਿਆਚਾਰਾਂ ਦਾ ਸ਼ਿਕਾਰ ਹਨ, ਪਰ ਸਿਰਫ਼ 10 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਅਜਿਹੇ ਜ਼ਿਲ੍ਹੇ ਘੋਸ਼ਿਤ ਕੀਤੇ ਹਨ। ਉੱਤਰ ਪ੍ਰਦੇਸ਼ ਸਮੇਤ ਬਾਕੀ ਉੱਤਰ ਪ੍ਰਦੇਸ਼ ਵਿੱਚ, ਜਿੱਥੇ ਅਨੁਸੂਚਿਤ ਜਾਤੀ ਨਾਲ ਸਬੰਧਤ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਕੋਈ ਜ਼ਿਲ੍ਹਾ ਐਲਾਨਿਆ ਨਹੀਂ ਗਿਆ ਹੈ। ਰਿਪੋਰਟ ਵਿੱਚ ਜਾਤੀ ਅਧਾਰਿਤ ਹਿੰਸਾ ਨੂੰ ਰੋਕਣ ਅਤੇ ਕਮਜ਼ੋਰ ਭਾਈਚਾਰਿਆਂ ਲਈ ਮਜ਼ਬੂਤ ਸੁਰੱਖਿਆ ਯਕੀਨੀ ਬਣਾਉਣ ਲਈ ਅਜਿਹੇ ਜ਼ਿਲ੍ਹਿਆਂ ਨੂੰ ਚੁਣਕੇ ਇਨਸਾਫ ਦੇਣ ਦੀ ਮੰਗ ਕੀਤੀ ਗਈ।

ਭਾਰਤ ਦੇ ਉਦਾਰਵਾਦੀ ਆਗੂਆਂ ਵਾਂਗ ਇੱਥੋਂ ਦੇ ਸਮਾਜਵਾਦੀ ਤੇ ਸਰਕਾਰਾਂ ਵੀ ਇਹੀ ਸੋਚਦੀਆਂ ਸਨ ਕਿ ਆਰਥਿਕ ਤਰੱਕੀ ਦੇ ਨਾਲ ਜਾਤ-ਪਾਤ ਦਾ ਕੋਹੜ ਮਿਟ ਜਾਏਗਾ। ਖੱਬੇਪਖੀਆਂ ਨੂੰ ਇਹ ਆਸ ਹੈ ਕਿ ਇਹ ਸ਼ਾਇਦ ਉਦੋਂ ਹੀ ਮਿਟ ਸਕਦਾ ਹੈ ਜਦੋਂ ਦੇਸ਼ ਵਿਚ ਸਮਾਜਵਾਦੀ ਇਨਕਲਾਬ ਹੋਵੇ। ਇਸ ਸਬੰਧ ਵਿਚ ਬੀ.ਆਰ. ਅੰਬੇਦਕਰ ਦੇ ਇਹ ਸ਼ਬਦ ਯਾਦ ਕਰਨੇ ਬਣਦੇ ਹਨ, "ਹਰ ਸਮਾਜਵਾਦੀ ਨੂੰ ਚਾਹੀਦਾ ਹੈ ਕਿ ਹਿੰਦੋਸਤਾਨ ਦੇ ਸਮਾਜਿਕ ਵਿਧੀ-ਵਿਧਾਨ ਵਰਨ ਆਸ਼ਰਮ ਦਾ ਅਧਿਐਨ ਕਰੇ, ਜਿੰਨਾ ਚਿਰ ਉਹ ਇਸ ਤਰ੍ਹਾਂ ਨਹੀਂ ਕਰਦਾ, ਉਹ ਆਪਣੇ ਇਨਕਲਾਬ ਦੇ ਨਿਸ਼ਾਨੇ ਤਕ ਨਹੀਂ ਪਹੁੰਚ ਸਕਦਾ।" ਸਮਾਜ ਵਿਚ ਵਰਨ ਆਸ਼ਰਮ ਨੂੰ ਹਿੰਦੂ ਧਰਮ ਨਾਲ ਜੋੜਿਆ ਗਿਆ ਹੈ, ਜਿਸ ਦੀ ਪਕੜ ਬਹੁਤ ਡੂੰਘੀ ਹੈ। ਸਿਆਸੀ ਤੇ ਆਰਥਿਕ ਲੜਾਈ ਦੇ ਨਾਲ-ਨਾਲ ਅਜਿਹੀ ਸਮਾਜਿਕ ਸੂਝ-ਸਮਝ ਵਿਰੁੱਧ ਲਗਾਤਾਰ ਸੰਘਰਸ਼ ਹੀ ਲੋਕ-ਚੇਤਨਾ ਵਿਚ ਤਬਦੀਲੀ ਲਿਆ ਸਕਦਾ ਹੈ। ਇਹ ਇਕ ਲੰਬੀ ਲੜਾਈ ਹੋਵੇਗੀ ਪਰ ਇਸ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ।

# ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚੋਂ 'ਅਕਾਲੀ ਦਲ' ਗਾਇਬ

## ✪ ਅਕਾਲੀ ਦਲ ਅੰਦਰੂਨੀ ਕਲੇਸ਼ ਵਿੱਚ ਫਸਿਆ ਹੋਣ ਕਾਰਨ ਪ੍ਰਚਾਰ ਨਾ ਕਰ ਸਕਿਆ

ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਪਹਿਲੀ ਵਾਰ ਉੱਥੇ ਪੰਜਾਬੀ ਬੋਲਦੇ ਇਲਾਕਿਆਂ ਲਈ ਹਮੇਸ਼ਾ ਮੋਹਰੀ ਹੋ ਕੇ ਲੜਾਈ ਲੜਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਚੋਣ ਮੈਦਾਨ ਵਿੱਚ ਉਮੀਦਵਾਰ ਉਤਾਰਨ ਤੇ ਪ੍ਰਚਾਰ ਕਰਨ ਤੋਂ ਕੋਹਾਂ ਦੂਰ ਹੋ ਗਈ ਹੈ। ਕਿਸੇ ਵੇਲੇ ਅਕਾਲੀ ਦਲ ਵੱਲੋਂ ਚੌਟਾਲਿਆਂ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾ ਕੇ ਹਰਿਆਣਾ ਦੀਆਂ 8 ਤੋਂ 10 ਸੀਟਾਂ ਤੱਕ ਮੁਕਾਬਲਾ ਦਿੱਤਾ ਜਾਂਦਾ ਰਿਹਾ ਹੈ। ਅਕਾਲੀ ਦਲ ਦੇ ਟਕਸਾਲੀ ਆਗੂ ਹਰ ਵਾਰ ਨੀਲੀਆਂ ਪੱਗਾਂ ਸਜਾ ਕੇ ਮਾਲਵਾ ਖੇਤਰ ਨਾਲ ਲੱਗਦੇ ਹਰਿਆਣਾ ਦੇ ਇਲਾਕਿਆਂ ਵਿੱਚ ਹਰ-ਰੋਜ਼ ਸਵੇਰ ਸਾਰ ਚੋਣ ਪ੍ਰਚਾਰ ਲਈ ਨਿਕਲ ਜਾਂਦੇ ਸਨ ਅਤੇ ਦੇਰ ਸ਼ਾਮ ਮੁੜਦੇ ਸਨ ਪਰ ਇਸ ਵਾਰ ਅਜਿਹਾ ਨਹੀਂ ਹੋ ਰਿਹਾ। ਵੇਰਵਿਆਂ ਅਨੁਸਾਰ ਅਕਾਲੀ ਦਲ ਫ਼ਤਿਆਬਾਦ, ਰਤੀਆ, ਟੌਹਾਣਾ, ਰੋੜੀ, ਕਾਲਿਆਂਵਾਲੀ, ਡੱਬਵਾਲੀ, ਸਿਰਸਾ, ਏਲਨਾਬਾਦ, ਅੰਬਾਲਾ ਅਤੇ ਕਈ ਹੋਰ ਹਲਕਿਆਂ ਵਿੱਚ ਆਪਣੇ ਭਾਈਵਾਲਾਂ ਲਈ ਪ੍ਰਚਾਰ ਕਰਦੇ ਸਨ ਪਰ ਇਸ ਵਾਰ ਹਰਿਆਣਾ ਦੇ ਪੰਜਾਬੀ ਬੋਲਦੇ ਇਲਾਕਿਆਂ ਵਿੱਚ ਕਿੱਧਰੇ ਅਕਾਲੀ ਦਲ ਦੇ ਵੱਡੇ ਜਥੇਦਾਰ ਪ੍ਰਚਾਰ ਕਰਦੇ ਦਿਖਾਈ ਨਹੀਂ ਦੇ ਰਹੇ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪੁਰਾਣੇ ਸਿਆਸੀ ਸਾਥੀ ਅਤੇ ਦੇਸ਼ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ ਅਤੇ ਉਨ੍ਹਾਂ ਦੇ ਪੱਤਰ ਓਮ ਪ੍ਰਕਾਸ਼ ਚੌਟਾਲਾ ਨਾਲ ਗੂੜ੍ਹੀ ਸਾਂਝ ਹੋਣ ਕਾਰਨ ਦੋਵੇਂ ਇਕੱਠਿਆਂ ਚੋਣਾਂ ਲੜਦੇ ਆ ਰਹੇ ਸਨ ਪਰ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣਾ ਤੋਂ ਬਾਅਦ ਪਹਿਲੀ ਵਾਰ ਆਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਅਜਿਹਾ ਨਹੀਂ ਹੋਇਆ ਪਰ ਹੁਣ ਸ਼੍ਰੋਮਣੀ ਅਕਾਲੀ ਦਲ ਅੰਦਰੂਨੀ ਕਲੇਸ਼ ਵਿੱਚ ਫਸਿਆ ਹੋਣ ਕਾਰਨ ਪ੍ਰਚਾਰ ਨਹੀਂ ਕਰ ਸਕਿਆ।



ਇਸ ਵੇਲੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨੇ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ ਅਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਜੋ ਖੁਦ ਹਰਿਆਣਾ ਦੇ ਇੰਚਾਰਜ ਹਨ, ਕਿਸੇ ਵੱਡੇ ਚੋਣ ਜਲਸੇ ਵਿੱਚ ਸੰਬੋਧਨ ਕਰਦੇ ਅਜੇ ਤੱਕ ਦਿਖਾਈ ਨਹੀਂ ਦਿੱਤੇ ਹਨ। ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਵੱਲੋਂ ਇਸ ਵਾਰ ਹਰਿਆਣਾ ਵਿੱਚ ਕਾਂਗਰਸ ਅਤੇ ਭਾਜਪਾ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਇਨੈਲੋ ਦੀ ਮਦਦ ਕੀਤੀ ਜਾ ਰਹੀ ਹੈ। ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਦਰਜਨ ਤੋਂ ਵੱਧ ਪਹਿਲੀ ਕਤਾਰ ਦੇ ਨੇਤਾਵਾਂ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦੇਣਾ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਬਦਕਿਸਮਤੀ ਹੈ। ਅਕਾਲੀ ਦਲ ਨੂੰ ਖਤਮ ਕਰਨ ਲਈ ਭੂੰਦੜ ਤੇ ਸੁਖਬੀਰ ਜ਼ਿੰਮੇਵਾਰ ਹਨ।

ਬੀਬੀ ਜਗੀਰ ਕੌਰ ਦਾ ਮੰਨਣਾ ਹੈ ਕਿ ਸੁਖਬੀਰ ਦੀ ਪ੍ਰਧਾਨਗੀ ਹੇਠ ਹਰਿਆਣੇ ਵਿਚ ਜੋ ਅਕਾਲੀ ਦਲ ਦਾ ਹਾਲ ਹੈ ,ਉਹੀ ਪੰਜਾਬ ਵਿਚ ਹੈ। ਪਰ ਇਹ ਲੋਕ ਪ੍ਰਧਾਨਗੀ ਛਡਣ ਨੂੰ ਤਿਆਰ ਨਹੀਂ।

# ਪੰਜਾਬ ਬਣਿਆ ਗੈਂਗਲੈਂਡ, ਡਰੇ ਵੱਡੇ ਕਾਰੋਬਾਰੀ, ਪੁਲਿਸ ਦੇ ਹੱਥ ਖਾਲੀ !

**✪ ਲਾਰੈਂਸ-ਗੋਲਡੀ ਗੈਂਗ ਦੀਆਂ ਧਮਕੀਆਂ ਕਾਰਣ ਪੰਜਾਬ ਵਿਚ ਦਹਿਸ਼ਤ ✪ ਤਿਹਾੜ ਜੇਲ ਵਿਚ ਬੰਦ ਲਾਰੈਂਸ ਦਾ ਆਪਣੇ ਗੈਂਗ 'ਤੇ ਪੂਰਾ ਕੰਟਰੋਲ**



ਲਾਰੈਂਸ ਬਿਸ਼ਨੋਈ ਵੱਲੋਂ ਦੁਬਈ ਵਿਚ 'ਬੈਟਿੰਗ ਐਪ' ਸ਼ੁਰੂ ! ਪੰਜਾਬੀ ਗਾਇਕਾਂ ਦਾ ਪੈਸਾ ਲੱਗਿਆ! ਇਨ੍ਹੀਂ ਦਿਨੀਂ ਰਾਜਧਾਨੀ ਦਿੱਲੀ ਵਿਚ ਗੈਂਗਸਟਰਾਂ ਦਾ ਡਰ ਬਣਿਆ ਹੋਇਆ ਹੈ। ਰਾਜਧਾਨੀ ਦੇ ਕਈ ਉਦਯੋਗਪਤੀਆਂ ਨੂੰ ਧਮਕੀਆਂ ਮਿਲ ਰਹੀਆਂ ਹਨ। ਇਹ ਧਮਕੀਆਂ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਨੇ ਦਿੱਤੀਆਂ ਹਨ। ਸਨਅਤਕਾਰਾਂ ਤੋਂ 5 ਕਰੋੜ ਰੁਪਏ ਤੱਕ ਦੀ ਫਿਰੌਤੀ ਮੰਗੀ ਗਈ ਹੈ ਝੱਸਿਆ ਜਾ ਰਿਹਾ ਹੈ ਕਿ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਨੇ ਰਾਜਧਾਨੀ ਦੇ ਕਈ ਵੱਡੇ ਕਾਰੋਬਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। ਗ੍ਰੇਟਰ ਕੈਲਾਸ਼ ਦੇ ਰਹਿਣ ਵਾਲੇ ਗੀਤ ਨਿਰਮਾਤਾ ਅਮਨ ਬੱਤਰਾ ਨੂੰ ਵੀ ਅਜਿਹਾ ਹੀ ਧਮਕੀ ਭਰਿਆ ਕਾਲ ਆਇਆ ਹੈ। ਉਨ੍ਹਾਂ ਤੋਂ 5 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਹੈ। ਕਾਲ ਕਰਨ ਵਾਲੇ ਵਿਅਕਤੀ ਨੇ ਆਪਣੇ ਆਪ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਸਰਗਨਾ ਦੱਸਿਆ। ਉਸ ਨੇ ਅਮਨ ਬੱਤਰਾ ਤੋਂ 5 ਕਰੋੜ ਰੁਪਏ ਦੀ ਮੰਗ ਕੀਤੀ ਹੈ। ਧਮਕੀ ਮਿਲਣ ਤੋਂ ਬਾਅਦ ਅਮਨ ਨੇ ਦਿੱਲੀ ਪੁਲਿਸ ਨੂੰ ਮਾਮਲੇ ਦੀ ਸ਼ਿਕਾਇਤ ਕੀਤੀ ਹੈ। ਦਿੱਲੀ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਦਸਿਆ ਜਾਂਦਾ ਹੈ ਕਿ ਸਰਕਾਰ ਦਾ ਇਸ ਗੈਂਗ ਉਪਰ ਕੋਈ ਕੰਟਰੋਲ ਨਹੀਂ ਰਿਹਾ। ਪੰਜਾਬ ਵਿਚ ਵੀ ਇਨ੍ਹਾਂ ਗੈਂਗਸਟਰਾਂ ਦੀ ਦਹਿਸ਼ਤ ਹੈ। ਇਸ ਕਾਰਨ ਕਈ ਕਾਰੋਬਾਰੀ ਕੰਮ ਬੰਦ ਕਰ ਰਹੇ ਹਨ ਜਾਂ ਦੂਜੇ ਰਾਜਾਂ ਵਿਚ ਤਬਦੀਲ ਹੋ ਰਹੇ ਹਨ। ਪੰਜਾਬ ਇਸ ਸਮੇਂ ਗੈਂਗਲੈਂਡ ਬਣ ਚੁਕਾ ਹੈ।

ਜੇਲ੍ਹ ਵਿੱਚ ਰਹਿੰਦੇ ਹੋਏ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੱਕ ਹੋਰ ਕਰਤੂਤ ਸਾਹਮਣੇ ਆਈ ਹੈ। ਦਿੱਲੀ ਪੁਲਿਸ ਦੇ ਸੂਤਰਾਂ ਦੇ ਮੁਤਾਬਿਕ ਦਿੱਲੀ ਦਾ ਇੱਕ ਵਪਾਰੀ ਦੁਬਈ ਵਿੱਚ ਬੈਠ ਕੇ ਲਾਰੈਂਸ ਦੀ ਗੇਮਿੰਗ ਬੈਟਿੰਗ ਐਪ ਨੂੰ ਆਪਰੇਟ ਕਰ ਰਿਹਾ ਹੈ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਲਾਰੈਂਸ ਆਖਿਰ ਫਿਰੌਤੀ ਦਾ ਪੈਸਾ ਕਿੱਥੇ ਨਿਵੇਸ਼ ਕਰ ਰਿਹਾ ਹੈ ਜਦੋਂ ਜਾਂਚ ਹੋਈ ਤਾਂ ਪਤਾ ਚੱਲਿਆ ਕਿ ਉਹ ਬੈਟਿੰਗ ਐਪ ਵਿੱਚ ਪੈਸਾ ਲੱਗਾ ਰਿਹਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਿੱਚ ਕਈ ਪੰਜਾਬੀ ਗਾਇਕਾਂ ਵੱਲੋਂ ਨਿਵੇਸ਼ ਕੀਤਾ ਜਾ ਰਿਹਾ ਹੈ। ਜਿਸ ਤੋਂ ਬਾਅਦ ਉਹ ਹੁਣ ਪੁਲਿਸ ਦੀ ਰਡਾਰ 'ਤੇ ਆ ਗਏ ਹਨ ਝੱਸਿਆ ਜਾ ਰਿਹਾ ਹੈ ਕਿ ਦਿੱਲੀ ਪੁਲਿਸ ਤੋਂ ਇਲਾਵਾ ਹੋਰ ਜਾਂਚ ਏਜੰਸੀਆਂ ਵੀ ਇਸ ਤਫ਼ਤੀਸ਼ ਕਰ ਰਹੀਆਂ ਹਨ।

ਜੇਲ੍ਹ ਵਿੱਚ ਰਹਿੰਦੇ ਲਾਰੈਂਸ ਨੇ ਆਪਣੇ ਗੈਂਗਸਟਰਾਂ ਦੀ ਮਦਦ ਨਾਲ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਫਿਰ ਹੁਣ ਏਪੀ ਢਿੱਲੋਂ ਅਤੇ ਗਿੱਪੀ ਗਰੇਵਾਲ ਦੇ ਕੈਨੇਡਾ ਵਾਲੇ ਘਰ ਤੇ ਗੋਲੀਆਂ ਚਲਾਈਆਂ,ਸਲਮਾਨ ਖਾਨ ਅਤੇ ਹੁਣ ਉਨ੍ਹਾਂ ਦੇ ਪਿਤਾ ਸਲੀਮ ਖਾਨ ਨੂੰ ਮਾਰਨ ਦੀ ਧਮਕੀ ਦਿੱਤੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇਲ੍ਹ ਵਿੱਚ ਰਹਿੰਦੇ ਹੋਏ ਲਾਰੈਂਸ ਹੁਣ ਦੇਸ਼ ਦੀ ਕਿੰਨਾਂ ਵੱਡਾ ਤਾਕਤਵਰ ਗੈਂਗਸਟਰ ਬਣ ਚੁੱਕਾ ਹੈ ਕਿ ਉਸ ਦੇ ਵੱਲੋਂ ਜੇਲ੍ਹ ਦੇ ਅੰਦਰ ਅਤੇ ਬਾਹਰ ਰਹਿਣਾ ਕੋਈ ਮਾਇਨੇ ਨਹੀਂ ਰੱਖਦਾ ਹੈ।

ਭਾਵੇਂ ਗੈਂਗਸਟਰਾਂ ਬਾਰੇ ਅਦਾਲਤਾਂ ਦਾ ਸਖਤ ਵਰਤਾਰਾ ਹੈ। ਪਰ ਪੁਲਿਸ ਤੇ ਸਰਕਾਰ ਨਰਮ ਵਰਤਾਰਾ ਅਪਨਾ ਰਹੀ ਹੈ। ਬੀਤੇ ਦਿਨੀਂ ਹਾਈਕੋਰਟ ਨੇ ਕਤਲ ਦੇ ਮੁਲਜ਼ਮ ਬਿਸ਼ਨੋਈ ਨਾਲ ਸਬੰਧਤ ਗੈਂਗਸਟਰ ਦੀ ਜ਼ਮਾਨਤ ਅਰਜ਼ੀ ਖਾਰਿਜ ਕਰ ਦਿਤੀ, ਜਿਸ ਉੱਤੇ 9 ਮਾਮਲੇ ਦਰਜ ਸਨ। ਇਨ੍ਹਾਂ ਵਿੱਚ 2 ਮਾਮਲਿਆਂ ਵਿੱਚ ਮੁਲਜ਼ਮ ਨੂੰ ਸਜ਼ਾ ਹੋ ਚੁੱਕੀ ਹੈ। ਜੱਜ ਨੇ ਕਿਹਾ ਕਿ ਗੈਂਗਸਟਰ ਕਲਚਰ ਦੀ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੈ। ਇਹ ਲੋਕ ਦਹਿਸ਼ਤ ਦੇ ਦਮ 'ਤੇ ਵੱਖੀ ਇਕਾਨਮੀ ਚਲਾ ਰਹੇ ਹਨ। ਇਨ੍ਹਾਂ ਅਪਰਾਧੀਆਂ ਨਾਲ ਸਖ਼ਤੀ ਨਾਲ ਨਜਿੱਠਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਹੀ ਹਾਈਕੋਰਟ ਸਮੇਂ-ਸਮੇਂ ਅਜਿਹੀਆਂ ਟਿੱਪਣੀਆਂ ਦੇ ਨਾਲ ਸਖ਼ਤ ਐਕਸ਼ਨ ਵੀ ਲੈ ਚੁੱਕਾ ਹੈ। ਲਾਰੈਂਸ ਦਾ ਜੇਲ੍ਹ ਇੰਟਰਵਿਊ ਇਸ ਦਾ ਸਭ ਤੋਂ ਵੱਡਾ ਉਦਾਹਰਣ ਹੈ। ਜੇਲ੍ਹ ਤੋਂ ਫੋਨ ਕਾਲ ਅਤੇ ਨਸ਼ੇ ਦੇ ਮਾਮਲਿਆਂ ਦੀ ਸੁਣਵਾਈ ਦੌਰਾਨ ਅਦਾਲਤ ਨੇ ਆਪ ਲਾਰੈਂਸ ਦੇ ਇੰਟਰਵਿਊ ਦਾ ਨੋਟਿਸ ਲੈਂਦੇ ਹੋਏ ਨਵੀਂ ਸਿਟ ਤੋਂ ਜਾਂਚ ਕਰਵਾਈ, ਜਿਸ ਤੋਂ ਬਾਅਦ ਹੈਰਾਨ ਕਰਨ ਵਾਲੇ ਖ਼ੁਲਾਸੇ ਹੋਏ, ਕਿਵੇਂ ਪੰਜਾਬ ਅਤੇ ਰਾਜਸਥਾਨ ਵਿੱਚ ਪੁਲਿਸ ਦੀਆਂ ਨਜ਼ਰਾਂ ਹੇਠ ਇੰਟਰਵਿਊ ਹੋਏ ਹਨ। ਇਸ ਤੋਂ ਸਾਫ ਜਾਹਿਰ ਹੈ ਕਿ ਪੁਲਿਸ ਦੇ ਕਈ ਅਫਸਰ ਗੈਂਗਸਟਰਾਂ ਨੂੰ ਪਾਲ ਰਹੇ ਹਨ।

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪੰਜਾਬ ਪੁਲਿਸ ਦੀਆਂ ਨਕਾਮੀਆਂ ਖ਼ਿਲਾਫ਼ ਇਕੱਤਰ ਹੋਏ ਕਸਬਾ ਅਟਾਰੀ ਦੇ ਲੋਕਾਂ ਨੇ ਕਿਸਾਨ ਸੰਘਰਸ਼ ਕਮੇਟੀ ਅਤੇ ਬਾਰਡਰ ਵਿਕਾਸ ਅੰਮਿਬਸਰ ਦੇ ਸਹਿਯੋਗ ਨਾਲ ਅਟਾਰੀ ਨੈਸ਼ਨਲ ਹਾਈਵੇ 'ਤੇ ਬੀਤੇ ਦਿਨੀਂ ਗੈਂਗਸਟਰਾਂ ਦੀ ਦਹਿਸ਼ਤ ਤੇ ਲੁੱਟ ਕਾਰਣ ਧਰਨਾ ਦਿੱਤਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਚਲਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਹੋ ਗਈ ਹੈ ਜਿੱਥੇ ਭੋਲੇ ਭਾਲੇ ਪੰਜਾਬ ਦੇ ਲੋਕ ਜੋ ਆਪਣਾ ਕੰਮ ਧੰਦਾ ਕਰਦੇ ਹੋਏ ਪਰਿਵਾਰਾਂ ਦੀ ਰੋਜ਼ੀ ਰੋਟੀ ਕਮਾ ਰਹੇ ਹਨ ਉਨ੍ਹਾਂ ਨੂੰ ਬਿਸ਼ਨੋਈ ਤੇ ਹੋਰ ਗੈਂਗਸਟਰਾਂ ਵਲੋਂ ਨਿੱਜੀ ਤੌਰ 'ਤੇ ਟਾਰਗੇਟ ਬਣਾ ਕੇ ਲਗਾਤਾਰ ਪੈਸੇ ਮੰਗੇ ਜਾ ਰਹੇ ਹਨ ਕਿ ਪੈਸੇ ਨਾ ਦਿੱਤੇ ਜਾਣ ਦੀ ਸੂਰਤ ਵਿਚ ਉਨ੍ਹਾਂ ਦੇ ਛੋਟੇ-ਛੋਟੇ ਬੱਚਿਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕਿਸਾਨ ਆਗੂ ਜਸਵਿੰਦਰ ਸਿੰਘ ਜੱਸ ਅਟਾਰੀ ਨੇ ਇਹ ਵੀ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਕੇਜਰੀਵਾਲ ਦੀ ਤਰ੍ਹਾਂ ਆਪੇ ਹੀ ਅਸਤੀਫਾ ਦੇ ਦੇਵੇ ਕਿਉਂਕਿ ਉਹ ਪਿਛਲੇ ਢਾਈ ਸਾਲ ਤੋਂ ਸਰਕਾਰ ਚਲਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਮੁੱਖ ਮੰਤਰੀ ਸਾਬਤ ਹੋਇਆ ਹੈ।

ਯਾਦ ਰਹੇ ਕਿ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਦੇ ਨਾਂਅ ਅਪਰਾਧ ਦੀ ਦੁਨੀਆ ਵਿੱਚ ਬਹੁਤ ਵਰਤੇ ਜਾਂਦੇ ਹਨ। ਫ਼ਿਰੋਜ਼ਪੁਰ ਵਿਚ ਪੈਦਾ ਹੋਏ ਲਾਰੈਂਸ ਬਿਸ਼ਨੋਈ 'ਤੇ ਦੋ ਦਰਜਨ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ 'ਚੋਂ ਵਸੂਲੀ ਤੇ ਕਤਲ ਸਭ ਤੋਂ ਵੱਧ ਹਨ। ਉਸ ਦੇ ਗਰੋਹ ਵਿੱਚ ਸੈਂਕੜੇ ਲੋਕ ਸ਼ਾਮਲ ਹਨ। ਹਾਲਾਂਕਿ ਲਾਰੈਂਸ ਬਿਸ਼ਨੋਈ ਇਨ੍ਹੀਂ ਦਿਨੀਂ ਤਿਹਾੜ ਜੇਲ ਵਿਚ ਬੰਦ ਹੈ ਪਰ ਜੇਲ ਵਿਚ ਬੈਠ ਕੇ ਵੀ ਉਸ ਦਾ ਆਪਣੇ ਗੈਂਗ 'ਤੇ ਪੂਰਾ ਕੰਟਰੋਲ ਹੈ ਤੇ ਅਪਰਾਧਾਂ ਨੂੰ ਅੰਜਾਮ ਦੇਣਾ ਜਾਰੀ ਹੈ।

ਗੋਲਡੀ ਬਰਾੜ ਤੇ ਲਾਰੈਂਸ ਬਿਸ਼ਨੋਈ ਦਾ ਇਕਠਾ ਗੈਂਗ ਹੈ ਤੇ ਬਰਾੜ ਸ੍ਰੀ ਮੁਕਤਸਰ ਸਾਹਿਬ ਦਾ ਰਹਿਣ ਵਾਲਾ ਹੈ। ਪਰ 2021 ਤੋਂ ਕੈਨੇਡਾ ਵਿੱਚ ਰਹਿ ਕੇ ਉਥੋਂ ਪੰਜਾਬ ਵਿੱਚ ਇੱਕ ਮਾਡਿਊਲ ਤਹਿਤ ਕੰਮ ਕਰਦਾ ਹੈ। ਉਸ ਨੇ ਆਪਣੇ ਚਾਚੇ ਦੇ ਭਰਾ ਗੁਰਲਾਲ ਬਰਾੜ ਦੇ ਕਤਲ ਤੋਂ ਬਾਅਦ ਅਪਰਾਧ ਦੀ ਦੁਨੀਆ ਵਿੱਚ ਪ੍ਰਵੇਸ਼ ਕੀਤਾ ਸੀ। ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਸਟਰਮਾਈਂਡ ਵੀ ਸਨ।

## ਪੰਜਾਬ 'ਚ ਤਿੰਨ ਬੱਚਿਆਂ ਦਾ ਪਿਤਾ ਆਪਣੀ ਸਹੇਲੀ ਨਾਲ ਹੋਇਆ ਫਰਾਰ

**✪ ਪਤਨੀ ਨੇ ਮੌਕੇ 'ਤੇ ਦਬੋਚਿਆ**

ਜਲੰਧਰ-ਜਲੰਧਰ 'ਚ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਬਸਤੀ ਨੌ ਦਾ ਰਹਿਣ ਵਾਲਾ ਇੱਕ ਵਿਆਹੁਤਾ ਆਪਣੀ ਪ੍ਰੇਮਿਕਾ ਨਾਲ ਫਰਾਰ ਹੋ ਗਿਆ ਸੀ। ਜਿਸ ਤੋਂ ਬਾਅਦ ਦੇਰ ਰਾਤ ਉਕਤ ਵਿਅਕਤੀ ਨੂੰ ਉਸ ਦੀ ਪਤਨੀ ਨੇ ਬਸਤੀ ਗੁਜਾਂ ਨੇੜਿਓਂ ਰੰਗੇ ਹੱਥੀਂ ਕਾਬੂ ਕਰ ਲਿਆ। ਹੰਗਾਮੇ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ 5 ਦੀ ਪੁਲੀਸ ਮੌਕੇ 'ਤੇ ਪੁੱਜ ਗਈ। ਪੁਲਿਸ ਨੇ ਕਿਸੇ ਤਰ੍ਹਾਂ ਮਾਮਲਾ ਸ਼ਾਂਤ ਕੀਤਾ ਅਤੇ ਕਾਰਵਾਈ ਦਾ ਭਰੋਸਾ ਦਿੱਤਾ।



ਪੀੜਤ ਔਰਤ ਨੇ ਦੱਸਿਆ ਕਿ ਉਸ ਦੇ ਤਿੰਨ ਬੱਚੇ ਹਨ। ਉਹ ਬਸਤੀ ਗੁਜਾਂ ਸਥਿਤ ਆਈਸ ਫੈਕਟਰੀ ਦੇ ਪਿੱਛੇ ਰਹਿੰਦੀ ਹੈ। ਕਰੀਬ 8 ਸਾਲ ਪਹਿਲਾਂ ਉਸ ਦਾ ਉਕਤ ਵਿਅਕਤੀ ਨਾਲ ਪ੍ਰੇਮ ਵਿਆਹ ਹੋਇਆ ਸੀ। ਕੁਝ ਸਮਾਂ ਤਾਂ ਸਭ ਕੁਝ ਠੀਕ ਚੱਲਿਆ ਪਰ ਫਿਰ ਉਸ ਦੇ ਪਤੀ ਦੇ ਕਿਸੇ ਹੋਰ ਔਰਤ ਨਾਲ ਸਬੰਧ ਬਣ ਗਏ ਅਤੇ ਉਹ ਅਕਸਰ ਉਸ ਨਾਲ ਘੁੰਮਦਾ ਰਹਿੰਦਾ ਸੀ ਇਸ ਬਾਰੇ ਲੋਕਾਂ ਨੂੰ ਕਈ ਵਾਰ ਪਤਾ ਲੱਗਾ। ਉਸ ਨੇ ਦੱਸਿਆ ਕਿ ਬੀਤੇ ਸੋਮਵਾਰ ਉਸ ਦਾ ਪਤੀ ਆਪਣੀ ਸਹੇਲੀ ਨਾਲ ਕਿਤੇ ਗਿਆ ਹੋਇਆ ਸੀ। ਇੱਕ ਹਫ਼ਤੇ ਤੱਕ ਉਸ ਦੀ ਭਾਲ ਜਾਰੀ ਰਹੀ, ਪਰ ਉਸ ਅਤਾ ਪਤਾ ਨਹੀਂ ਮਿਲਿਆ।

ਬੀਤੇ ਐਤਵਾਰ ਰਾਤ ਜਦੋਂ ਪੀੜਤਾ ਦੇ ਭਰਾ ਦੇ ਦੋਸਤ ਨੇ ਉਸ ਨੂੰ ਦੇਖਿਆ ਤਾਂ ਸਾਰੀ ਘਟਨਾ ਦੀ ਜਾਣਕਾਰੀ ਪੀੜਤਾ ਨੂੰ ਦਿੱਤੀ। ਪੀੜਤ ਔਰਤ ਬਸਤੀ ਗੁਜਾਂ ਪਹੁੰਚੀ ਅਤੇ ਉਸ ਸਥਾਨ 'ਤੇ ਹੰਗਾਮਾ ਕਰ ਦਿੱਤਾ। ਪੀੜਤਾ ਨੇ ਦੱਸਿਆ ਕਿ ਜਦੋਂ ਉਸ ਦਾ ਪਤੀ ਆਪਣੀ ਪ੍ਰੇਮਿਕਾ ਨਾਲ ਘਰੋਂ ਭੱਜ ਗਿਆ ਤਾਂ ਉਸ ਨੇ ਇਸ ਸਬੰਧੀ ਥਾਣਾ ਡਿਵੀਜ਼ਨ ਨੰਬਰ-5 ਦੀ ਪੁਲੀਸ ਨੂੰ ਸ਼ਿਕਾਇਤ ਦਿੱਤੀ ਸੀ। ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਸੀ। ਇਸ ਤੋਂ ਪਹਿਲਾਂ ਕਿ ਪੁਲਿਸ ਵਿਅਕਤੀ ਨੂੰ ਲੱਭ ਪਾਉਂਦੀ, ਔਰਤ ਨੇ ਖੁਦ ਹੀ ਉਸ ਨੂੰ ਫੜ ਲਿਆ।

# ਬਰਤਾਨੀਆਂ ਵਿੱਚ ਗੁਰਬਾਣੀ ਕੀਰਤਨ ਨੂੰ ਬਤੌਰ ਸੰਗੀਤਕ ਸਿੱਖਿਆ ਦੀ ਮਿਲੀ ਮਾਨਤਾ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿਚ ਪਹਿਲੀ ਵਾਰ ਗੁਰਬਾਣੀ ਕੀਰਤਨ ਨੂੰ ਸੰਗੀਤ ਸਿੱਖਿਆ ਦੀ ਗ੍ਰੇਡ ਪ੍ਰਣਾਲੀ ਵਿਚ ਸ਼ਾਮਲ ਕੀਤਾ ਗਿਆ ਹੈ, ਭਾਵ ਵਿਦਿਆਰਥੀ ਸ਼ੁੱਕਰਵਾਰ ਤੋਂ ਰਸਮੀ ਤੌਰ 'ਤੇ 'ਸਿੱਖ ਪਵਿੱਤਰ ਸੰਗੀਤ' ਨਾਲ ਸਬੰਧਤ ਪਾਠਕ੍ਰਮ ਪੜ੍ਹ ਸਕਣਗੇ। ਬ੍ਰਮਿੰਘਮ ਵਿੱਚ ਸੰਗੀਤਕਾਰ ਅਤੇ ਸਿੱਖਿਆ ਸ਼ਾਸਤਰੀ ਹਰਜਿੰਦਰ ਸਿੰਘ ਲਾਲੀ ਵੱਲੋਂ ਕੀਰਤਨ ਨੂੰ ਪੱਛਮੀ ਸ਼ਾਸਤਰੀ ਸੰਗੀਤ ਦੇ ਬਰਾਬਰ ਸਥਾਨ ਦੇਣ ਅਤੇ ਇਹ ਯਕੀਨੀ ਬਣਾਉਣ ਲਈ ਪਿਛਲੇ ਕਈ ਸਾਲ ਤੋਂ ਕੰਮ ਕੀਤਾ ਜਾ ਰਿਹਾ ਸੀ ਤਾਂ ਕਿ ਇਸ ਰਵਾਇਤੀ ਸੰਗੀਤਕ ਰੂਪ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਿਆ ਜਾਵੇ।*

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਮੌਜੂਦ 'ਸ਼ਬਦਾਂ' ਨੂੰ ਗਾਉਣ ਨੂੰ ਸਿੱਖ ਧਰਮ ਅਨੁਸਾਰ ਕੀਰਤਨ ਕਿਹਾ ਜਾਂਦਾ ਹੈ ਅਤੇ ਸਿੱਖ ਧਰਮ ਵਿੱਚ ਇਹ ਸ਼ਰਧਾ ਪ੍ਰਗਟ ਕਰਨ ਦਾ ਇੱਕ ਢੰਗ ਹੈ। ਲੰਡਨ ਸਥਿਤ ਮਿਊਜ਼ਿਕ ਟੀਚਰਜ਼ ਬੋਰਡ (ਐੱਮ. ਟੀ. ਬੀ.) ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਅੱਠ-ਗਰੇਡ ਸੰਗੀਤ ਪ੍ਰੀਖਿਆਵਾਂ ਦੇ ਹਿੱਸੇ ਵਜੋਂ 'ਸਿੱਖ ਸੈਕਰਡ ਮਿਊਜ਼ਿਕ' ਪਾਠਕ੍ਰਮ ਉਪਲਬਧ ਕਰਾਏਗਾ। ਬਰਤਾਨੀਆਂ ਵਿਚ ਗੁਰਮਿਤ ਸੰਗੀਤ ਅਕਾਦਮੀ ਦੇ ਅਧਿਆਪਕ ਡਾਕਟਰ ਲਾਲੀ ਨੇ ਕਿਹਾ,"ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀ ਵਿਰਾਸਤ ਨੂੰ ਸੁਰੱਖਿਅਤ ਰੱਖੀਏ।"




ਡਾ: ਹਰਜਿੰਦਰ ਸਿੰਘ ਲਾਲੀ

ਉਹਨਾਂ ਕਿਹਾ ਕਿ ਇਸ ਨੂੰ ਪਾਠਕ੍ਰਮ ਨੂੰ ਮਨਜ਼ੂਰੀ ਮਿਲਣ ਅਤੇ ਸ਼ੁਰੂ ਕਰਨ ਲਈ 10 ਸਾਲ ਦਾ ਸਮਾਂ ਲੱਗਾ ਹੈ। ਮੈਨੂੰ ਖੁਸ਼ੀ ਹੈ ਕਿ ਇਸ ਮਿਹਨਤ ਨੂੰ ਹੁਣ ਜਾ ਕੇ ਮਾਨਤਾ ਮਿਲੀ ਹੈ। ਉਨ੍ਹਾਂ ਕਿਹਾ ਕਿ ਪੱਛਮੀ ਸਰੋਤਿਆਂ ਨੂੰ ਹੁਣ ਇਹ ਅਹਿਸਾਸ ਹੋ ਰਿਹਾ ਹੈ ਕਿ ਸਿੱਖ ਕੀਰਤਨ ਵਾਇਲਨ, ਪਿਆਨੋ ਜਾਂ ਕਿਸੇ ਹੋਰ ਪੱਛਮੀ ਸਮਕਾਲੀ ਸੰਗੀਤ ਸ਼ੈਲੀ ਤੋਂ ਘੱਟ ਨਹੀਂ ਹੈ। ਸਿੱਖ ਪਵਿੱਤਰ ਸੰਗੀਤ ਪਾਠਕ੍ਰਮ ਵਿੱਚ ਪੰਜ ਭਾਰਤੀ ਸਾਜ਼ - ਦਿਲਰੁਬਾ, ਤਾਊਸ, ਇਸਰਾਜ, ਸਾਰੰਗੀ ਅਤੇ ਸਾਰੰਦਾ ਨੂੰ ਮਾਨਤਾ ਦਿੱਤੀ ਗਈ ਹੈ। ਜੋ ਸਾਡੇ ਪੁਰਾਤਣ ਸੰਗੀਤਕ ਵਿਧੀ ਦੇ ਸਾਜ਼ ਰਹੇ ਹਨ। ਡਾ: ਲਾਲੀ ਬੀਤੇ 40 ਵਰ੍ਹਿਆਂ ਤੋਂ ਸੰਗੀਤ ਨਾਲ ਜੁੜੇ ਹੋਏ ਹਨ ਅਤੇ ਹੁਣ ਤੱਕ ਯੂ ਕੇ ਭਰ ਵਿੱਚ 130 ਤੋਂ ਵੱਧ ਵਿਦਿਆਰਥੀਆਂ ਨੂੰ ਸੰਗੀਤ ਦੀ ਵਿਦਿਆ ਦੇ ਚੁੱਕੇ ਹਨ।

# ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ

## ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬਰਤਾਨੀਆ ਦੇ ਦੱਖਣੀ ਏਸ਼ੀਆਈ ਭਾਈਚਾਰਿਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ

ਲੰਡਨ- (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਦੱਖਣੀ ਏਸ਼ੀਆਈ ਭਾਈਚਾਰਿਆਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਉਹਨਾ ਨੂੰ ਦੇਸ਼ ਭਰ ਵਿੱਚ ਬਹੁਤ ਸਾਰੀਆਂ ਨਵੀਨਤਾਵਾਂ ਦੀ "ਚਾਲਕ ਸ਼ਕਤੀ" ਦੱਸਿਆ ਹੈ। ਲੰਡਨ ਵਿੱਚ ਆਯੋਜਿਤ ਸਾਲਾਨਾ ਏਸ਼ੀਅਨ ਅਚੀਵਰਸ ਪੁਰਸਕਾਰ ਸਮਾਰੋਹ ਲਈ ਜਾਰੀ ਇੱਕ ਸੰਦੇਸ਼ ਵਿੱਚ ਇਹ ਬਿਆਨ ਕੀਤਾ ਹੈ। ਜਿਸ ਵਿੱਚ ਉਹਨਾਂ ਦੀ ਲੇਬਰ ਪਾਰਟੀ ਦੇ ਅਨੁਭਵੀ ਬਰਤਾਨਵੀ ਪੰਜਾਬੀ ਮੂਲ ਦੇ ਸਾਬਕਾ ਭਾਰਤੀ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੂੰ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਸਟਾਰਮਰ ਨੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਉਹਨਾਂ ਦੀਆਂ ਪ੍ਰਾਪਤੀਆਂ ਲਈ ਮਨਾਏ ਜਾ ਰਹੇ ਜਸ਼ਨਾਂ ਦੀ ਸ਼ਲਾਘਾ ਕੀਤੀ ਹੈ।ਵਿਰੋਧੀ ਧਿਰ ਦੇ ਨੇਤਾ ਅਤੇ ਬਰਤਾਨੀਆ ਦੇ ਪਹਿਲੇ ਭਾਰਤੀ ਮੂਲ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਵੀ ਜੇਤੂਆਂ ਨੂੰ ਵਧਾਈ ਦਿੱਤੀ। ਭਾਰਤੀ ਵਿਰਾਸਤ ਦੇ ਹੋਰ ਜੇਤੂਆਂ ਵਿੱਚ ਬਿਜ਼ਨਸ ਪਰਸਨ ਆਫ ਦਿ ਈਅਰ ਸੁਖਪਾਲ ਸਿੰਘ ਆਹਲੂਵਾਲੀਆ, ਲੰਡਨ ਸਥਿਤ ਰੀਅਲ ਅਸਟੇਟ, ਪ੍ਰਾਹੁਣਚਾਰੀ ਅਤੇ ਸੰਪੱਤੀ ਪ੍ਰਬੰਧਨ ਕੰਪਨੀ ਡੋਮਿਨਵਸ ਗਰੁੱਪ ਅਤੇ ਵਿਤਰਕ ਫਰਮ ਯੂਰੋ ਕਾਰ ਪਾਰਟਸ ਦੇ ਸੰਸਥਾਪਕ ਤੋਂ ਇਲਾਵਾ ਉੱਘੇ ਬਾਕਸਰ ਅਮਿਰ ਖਾਨ ਆਦਿ ਸ਼ਾਮਲ ਹਨ।ਕ੍ਰਿਸ਼ਣ ਅਤੇ ਸ਼ਿਆਮ ਸੇਦਾਨੀ ਨੇ ਕੁਆਲਿਟੀ ਫੂਡਜ਼ ਔਨਲਾਈਨ ਲਿਮਟਿਡ ਲਈ ਯੰਗ ਬਿਜ਼ਨਸ ਪਰਸਨ ਆਫ ਦਿ ਈਅਰ ਲਈ ਵਿਸ਼ੇਸ਼ ਪੁਰਸਕਾਰ ਜਿੱਤਿਆ ਅਤੇ ਵਿੱਤੀ ਹੱਲ ਫਰਮ ਐਪੈਕਸ ਗਰੁੱਪ ਦੀ ਨਵਿਤਾ ਯਾਦਵ ਨੇ ਪੇਸ਼ੇਵਰ ਪ੍ਰਭਾਵ ਸ਼੍ਰੇਣੀ ਵਿੱਚ ਪੁਰਸਕਾਰ ਜਿੱਤਿਆ ਹੈ।




GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਗੁਰੂ ਤੇਗ ਬਹਾਦਰ ਕਾਲਜ ਵਿਚ ਭਗਵੇਂ ਗੁੰਡਿਆਂ ਨੇ ਸਿੱਖ ਨੌਜਵਾਨ ਕੀਤੀ ਕੁੱਟਮਾਰ, ਉਤਾਰੀ ਪੱਗ

## ✪ ਮਾਮਲੇ ਵਿਚ ਪੁਲਿਸ ਨੇ ਕੀਤਾ ਕੇਸ ਦਰਜ, ਸਰਨਾ ਨੇ ਚੁਕਿਆ ਮੁੱਦਾ





ਦਿੱਲੀ-ਬੀਤੇ ਐਤਵਾਰ ਨੂੰ ਦਿੱਲੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿੱਚ ਪ੍ਰਿੰਸੀਪਲ ਦੇ ਦਫ਼ਤਰ ਦੇ ਬਾਹਰ ਏਬੀਪੀ ਦੇ ਭਗਵੇਂ ਗੁੰਡਿਆਂ ਨੇ ਵਿਦਿਆਰਥੀ ਚੋਣਾਂ ਦੌਰਾਨ ਜਬਰੀ ਵੋਟਾਂ ਪੁਆਉਣ ਲਈ ਇੱਕ ਸਿਖ ਵਿਦਿਆਰਥੀ ਦੀ ਕੁੱਟਮਾਰ ਕੀਤੀ ਗਈ ਤੇ ਉਸਦੀ ਪੱਗ ਤੱਕ ਲਾਹ ਦਿੱਤੀ ਗਈ।

### ਜਾਣੋ ਕੀ ਸੀ ਪੂਰਾ ਮਾਮਲਾ

ਮਿਲੀ ਜਾਣਕਾਰੀ ਮੁਤਾਬਿਕ ਇਹ ਹਿੰਸਾ 27 ਸਤੰਬਰ ਨੂੰ ਹੋਣ ਵਾਲੀਆਂ ਦਿੱਲੀ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਡੀਯੂਐਸਯੂ) ਦੀਆਂ ਆਗਾਮੀ ਚੋਣਾਂ ਵਿੱਚ ਹਿੱਸਾ ਨਾ ਲੈਣ ਦੇ ਕਾਲਜ ਪ੍ਰਸ਼ਾਸਨ ਦੇ ਫੈਸਲੇ ਨਾਲ ਸਬੰਧਤ ਵਿਰੋਧ ਪ੍ਰਦਰਸ਼ਨਾਂ ਤੋਂ ਪੈਦਾ ਹੋਈ। ਇਹ ਫੈਸਲਾ ਕਾਲਜ ਦੀ ਗਵਰਨਿੰਗ ਬਾਡੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਦੀਆਂ ਹਦਾਇਤਾਂ ਤੋਂ ਬਾਅਦ ਲਿਆ ਗਿਆ ਹੈ।

ਘਟਨਾ ਦੇ ਦੌਰਾਨ ਰਿਕਾਰਡ ਕੀਤੇ ਗਏ ਇੱਕ ਵਾਇਰਲ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਵਿਦਿਆਰਥੀ ਤਣਾਅ ਵਧਦੇ ਹੋਏ ਪ੍ਰਿੰਸੀਪਲ ਦੇ ਦਫਤਰ ਦੇ ਬਾਹਰ ਇਕੱਠੇ ਹੁੰਦੇ ਦਿਖਾਈ ਦੇ ਰਹੇ ਹਨ। ਲਾਲ ਪੱਗ ਵਾਲੇ ਵਿਦਿਆਰਥੀ 'ਤੇ ਕਈ ਲੋਕਾਂ ਨੇ ਅਚਾਨਕ ਹਮਲਾ ਕੀਤਾ। ਇਸ ਦੌਰਾਨ ਹਫੜਾ-ਦਫੜੀ ਵਿਚ ਉਸ ਦੀ ਪੱਗ ਜ਼ਮੀਨ 'ਤੇ ਡਿੱਗ ਗਈ। ਦੂਜੇ ਵਿਦਿਆਰਥੀਆਂ ਨੇ ਤੁਰੰਤ ਦਖਲ ਦਿੱਤਾ; ਇੱਕ ਨੇ ਪੱਗ ਚੁੱਕੀ ਅਤੇ ਨੌਜਵਾਨ ਨੂੰ ਦੇ ਦਿੱਤੀ।

### ਐਫਆਈਆਰ ਕੀਤੀ ਦਰਜ

ਮਿਲੀ ਜਾਣਕਾਰੀ ਮੁਤਾਬਿਕ ਇਸ ਝੜਪ ਦੌਰਾਨ ਜਿਸ ਵਿਦਿਆਰਥੀ ਦੀ ਪੱਗ ਲੱਥ ਗਈ ਸੀ, ਨੇ ਕੁੱਟਮਾਰ ਦੇ ਸਬੰਧ ਵਿੱਚ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਿਸ ਨੂੰ ਐਫਆਈਆਰ ਦਰਜ ਕਰਨ ਲਈ ਕਿਹਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਨੇ ਉਕਤ ਮੁਲਜ਼ਮਾਂ ਖਿਲਾਫ ਐਫਆਈਆਰ ਦਰਜ ਕਰ ਲਈ।

### ਪ੍ਰਿੰਸੀਪਲ ਤੋਂ ਮੁਆਫੀ ਦੀ ਕੀਤੀ ਜਾ ਰਹੀ ਮੰਗ

ਫਿਲਹਾਲ ਹੁਣ ਇਹ ਮਾਮਲਾ ਗੰਭੀਰ ਦਿਖਾਈ ਦੇ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਬਹੁਤ ਹੀ ਦੁੱਖ ਅਤੇ ਅਫਸੋਸ ਦੇ ਨਾਲ ਦੱਸ ਰਹੇ ਹਾਂ ਕਿ ਸਾਡੇ ਬਜ਼ੁਰਗ ਨੇ ਇਸ ਕਾਲਜ ਦੀ ਸ਼ੁਰੂਆਤ ਕੀਤੀ ਸੀ ਅਤੇ ਇਹ ਭਾਰਤ ਦੇ ਬਿਹਤਰੀਨ ਕਾਲਜ ਵਿੱਚੋਂ ਇੱਕ ਹੈ। ਚੋਣਾਂ ਵਿਚ ਇੱਕ ਸਿੱਖ ਬੱਚੇ ਦੀ ਦਸਤਾਰ ਉਤਾਰੀ ਗਈ ਅਤੇ ਕੁੱਟਮਾਰ ਹੋਈ। ਪ੍ਰਿੰਸੀਪਲ ਨੇ ਬਾਹਰ ਦੇ ਬੱਚੇ ਅੰਦਰ ਕਿਵੇ ਆਉਣ ਦਿੱਤੇ। ਪ੍ਰਿੰਸੀਪਲ ਨੂੰ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਪ੍ਰਿੰਸੀਪਲ ਉਪਰ ਕੇਸ ਦਰਜ ਹੋਣਾ ਚਾਹੀਦਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਉਨ੍ਹਾਂ ਨੇ ਪ੍ਰਿੰਸੀਪਲ ਦੇ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਕਿਹਾ ਉਹ ਚੰਡੀਗੜ੍ਹ ਗਏ ਹਨ ਅਤੇ ਜਦੋਂ ਉਨ੍ਹਾਂ ਤੋਂ ਲੋਕੇਸ਼ਨ ਮੰਗੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਨਿੱਜੀ ਕੰਮ ਚੱਲਦੇ ਇੱਥੇ ਆਏ ਹਨ। ਉਹ ਲੋਕੇਸ਼ਨ ਸਾਂਝਾ ਨਹੀਂ ਕਰ ਸਕਦੇ ਹਨ।

## ਖਾਲਿਸਤਾਨ ਬਾਰੇ ਪੋਸਟਾਂ ਪਾਉਣ ਵਾਲੇ ਐਨਆਈਏ ਦੇ ਨਿਸ਼ਾਨੇ ਉਪਰ, ਮੋਗਾ ਵਿਚ ਰੇਡ

ਮੋਗਾ-ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਪੰਜਾਬ ਅੰਦਰ ਪੂਰੀ ਤਰ੍ਹਾਂ ਅਲਰਟ 'ਤੇ ਹੈ। ਐਨਆਈਏ ਦੇ ਨਿਸ਼ਾਨੇ ਉਪਰ ਖਾਲਿਸਤਾਨ ਪੱਖੀ ਵਿਚਾਰਧਾਰਾ ਦੇ ਲੋਕਾਂ ਉਪਰ ਹੈ।

ਕੇਂਦਰੀ ਏਜੰਸੀ ਸੋਸ਼ਲ ਮੀਡੀਆ ਉਪਰ ਵੀ ਨਜ਼ਰ ਅੱਖ ਰੱਖ ਰਹੀ ਹੈ। ਇਸ ਲਈ ਖਾਲਿਸਤਾਨ ਪੱਖੀ ਪੋਸਟਾਂ ਪਾਉਣ ਵਾਲਿਆਂ ਦੀ ਖੈਰ ਨਹੀਂ।

ਦਰਅਸਲ ਐਨਆਈਏ ਦੀ ਟੀਮ ਨੇ ਬੀਤੇ ਦਿਨੀਂ ਮੋਗਾ ਵਿੱਚ ਰੇਡ ਕੀਤੀ। ਇਹ ਟੀਮ ਪਿੰਡ ਬਿਲਾਸਪੁਰ ਸਥਿਤ ਕੁਲਵੰਤ ਸਿੰਘ (42) ਦੇ ਘਰ ਪਹੁੰਚੀ। ਚਰਚਾ ਹੈ ਕਿ ਐਨਆਈਏ ਨੇ ਇਸ ਲਈ ਰੇਡ ਕੀਤੀ ਕਿਉਂਕਿ ਕੁਲਵੰਤ ਸਿੰਘ ਸੋਸ਼ਲ ਮੀਡੀਆ 'ਤੇ ਖਾਲਿਸਤਾਨ ਦੀ ਵਿਚਾਰਧਾਰਾ ਨਾਲ ਜੁੜੀਆਂ ਪੋਸਟਾਂ ਪਾਉਂਦਾ ਸੀ।

ਸੂਤਰਾਂ ਮੁਤਾਬਕ ਐਨਆਈਏ ਦੀ ਟੀਮ ਨੇ ਕੁਲਵੰਤ ਤੇ ਉਸ ਦੇ ਪਰਿਵਾਰ ਤੋਂ ਪੁੱਛਗਿੱਛ ਕੀਤੀ। ਇਸ ਦੌਰਾਨ ਕਿਸੇ ਨੂੰ ਵੀ ਘਰ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਐਨਆਈਏ ਦੀ ਟੀਮ ਕੁਲਵੰਤ ਸਿੰਘ ਨਾਲ ਜੁੜੀ ਹਰ ਗੱਲ ਦੀ ਜਾਂਚ ਕਰ ਰਹੀ ਹੈ। ਇਸ ਦੇ ਨਾਲ ਹੀ ਸਥਾਨਕ ਥਾਣੇ ਦੀ ਪੁਲਿਸ ਵੀ ਮੌਜੂਦ ਰਹੀ।

## ਕੰਗਨਾ ਦਾ ਕਿਸਾਨਾਂ 'ਤੇ ਮੁੜ ਤੋਂ ਵਿਵਾਦਿਤ ਬਿਆਨ !

# 3 ਖੇਤੀ ਕਾਨੂੰਨ ਮੁੜ ਤੋਂ ਵਾਪਸ ਲਿਆਵੇ ਮੋਦੀ ਸਰਕਾਰ

## ✪ ਕਿਸਾਨ ਭੜਕੇ 'ਕੰਗਨਾ ਹੁਣ ਪ੍ਰਧਾਨ ਮੰਤਰੀ ਤੋਂ ਵੱਡੀ ਹੋ ਗਈ



ਦਿੱਲੀ-ਅਦਾਕਾਰਾ ਅਤੇ ਮੰਡੀ ਤੋਂ ਬੀਜੇਪੀ ਦੀ ਐੱਮਪੀ ਕੰਗਨਾ ਰਣੌਤ ਦਾ ਮੁੜ ਤੋਂ ਕਿਸਾਨਾਂ 'ਤੇ ਦਿੱਤੇ ਗਏ ਬਿਆਨ 'ਤੇ ਵਿਵਾਦ ਹੋ ਗਿਆ ਹੈ। ਕੰਗਨਾ ਨੇ ਮੰਗ ਕੀਤੀ ਹੈ ਕਿ 3 ਖੇਤੀ ਕਾਨੂੰਨ ਮੁੜ ਤੋਂ ਵਾਪਸ ਲਿਆਉਣੇ ਚਾਹੀਦੇ ਹਨ। ਸਿਰਫ਼ 2 ਸੂਬਿਆਂ ਦੇ ਕਿਸਾਨਾਂ ਨੇ ਹੀ ਇਤਰਾਜ਼ ਕੀਤਾ ਸੀ। ਕਿਸਾਨਾਂ ਦੀ ਤਰੱਕੀ 'ਤੇ ਬ੍ਰੇਕ ਨਹੀਂ ਲੱਗਣੀ ਚਾਹੀਦੀ ਹੈ, ਕਿਸਾਨਾਂ ਦੀ ਭਲਾਈ ਲਈ ਬਣਾਏ ਗਏ ਤਿੰਨੋਂ ਕਾਨੂੰਨਾਂ ਨੂੰ ਵਾਪਸ ਲਿਆਉਣ ਦੀ ਮੰਗ ਆਪ ਕਿਸਾਨਾਂ ਨੂੰ ਕਰਨੀ ਚਾਹੀਦੀ ਹੈ।

ਕੰਗਨਾ ਨੇ ਕਿਹਾ ਜਿਵੇਂ ਵਨ-ਨੇਸ਼ਨ-ਵਨ ਇਲੈਕਸ਼ਨ ਲਿਆਇਆ ਗਿਆ ਹੈ ਇਸੇ ਤਰ੍ਹਾਂ ਕਿਸਾਨਾਂ ਦੀ ਤਰੱਕੀ ਲਈ 3 ਕਾਨੂੰਨ ਵੀ ਮੁੜ ਤੋਂ ਲਿਆਉਣੇ ਚਾਹੀਦੇ ਹਨ।

ਕਿਸਾਨ ਆਗੂ ਰਾਕੇਸ਼ ਟਿਕੈਟ ਨੇ ਕਿਹਾ ਕੰਗਨਾ ਨੂੰ 3 ਖੇਤੀ ਕਾਨੂੰਨ ਦੇ ਬਾਰੇ ਕੁਝ ਵੀ ਨਹੀਂ ਪਤਾ ਹੈ। ਉਹ ਸਿਰਫ ਖ਼ਬਰਾਂ ਵਿੱਚ ਰਹਿਣ ਦੇ ਲਈ ਅਜਿਹੇ ਬਿਆਨ ਦਿੰਦੀ ਹੈ। ਬੀਜੇਪੀ ਨੂੰ ਚਾਹੀਦਾ ਹੈ ਕਿ ਕੰਗਨਾ ਨੂੰ ਅਜਿਹੇ ਬਿਆਨ ਤੋਂ ਦੂਰ ਰਹਿਣ ਦੀ ਨਸੀਹਤ ਦੇਵੇ।

ਉਧਰ ਪੰਜਾਬ ਦੇ ਕਿਸਾਨ ਆਗੂ ਹਰਜਿੰਦਰ ਸਿੰਘ ਲੱਖੋਵਾਲ ਨੇ ਕਿਹਾ ਕੰਗਨ ਕੀ ਪ੍ਰਧਾਨ ਮੰਤਰੀ ਤੋਂ ਵੀ ਸਿਆਣੀ ਹੋ ਗਈ ਹੈ? ਸਰਕਾਰ ਨੇ ਸੋਚ ਸਮਝ ਕੇ ਕਾਨੂੰਨ ਵਾਪਸ ਲਏ ਸਨ, ਲੱਖੋਵਾਲ ਨੇ ਕਿਹਾ ਮੈਂ ਬੀਜੇਪੀ ਨੂੰ ਬੇਨਤੀ ਕਰਦਾ ਹਾਂ ਕੰਗਨਾ ਦਾ ਇਲਾਜ ਕਰਵਾਇਆ ਜਾਵੇ। ਦੇਸ਼ ਵਿੱਚ ਮਾਹੌਲ ਖ਼ਰਾਬ ਨਾ ਕਰੇ ਕੰਗਨਾ।

ਬੀਜੇਪੀ ਦੇ ਆਗੂ ਹਰਜੀਤ ਸਿੰਘ ਗਰੇਵਾਲ ਨੇ ਵੀ ਕੰਗਨਾ ਨੂੰ ਨਸੀਹਤ ਦਿੰਦੇ ਹੋਏ ਕਿਹਾ ਕਿ ਉਸ ਨੂੰ ਆਪਣੀ ਹੱਦ 'ਚ ਰਹਿਣਾ ਚਾਹੀਦਾ ਹੈ, ਅਸੀਂ ਮੁਆਫ਼ੀ ਮੰਗ ਕੇ ਕਾਨੂੰਨ ਵਾਪਸ ਲਏ ਹਨ, ਕੰਗਨਾ ਵੱਡੀ ਹੈ ਜਾਂ ਪ੍ਰਧਾਨ ਮੰਤਰੀ? ਗਰੇਵਾਲ ਨੇ ਕਿਹਾ ਕੰਗਨਾ ਨੂੰ ਚਾਹੀਦਾ ਹੈ ਕਿ ਪੰਜਾਬ ਅਤੇ ਸਿੱਖਾਂ ਦੇ ਬਾਰੇ ਅਜਿਹੇ ਕੋਈ ਬਿਆਨ ਨਾ ਦੇਵੇ ਜਿਸ ਨਾਲ ਮਾਹੌਲ ਖ਼ਰਾਬ ਹੁੰਦਾ ਹੋਏ। ਬੀਜੇਪੀ ਆਗੂ ਨੇ ਕੰਗਨਾ ਨੂੰ 'ਮਿਸਗਾਇਡਿਡ ਮਿਸਾਇਲ' ਦੱਸਿਆ। ਸਿਰਫ਼ ਇੰਨਾਂ ਹੀ ਨਹੀਂ, ਗਰੇਵਾਲ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਕੰਗਨਾ ਨੇ ਪੰਜਾਬ ਵਿੱਚ ਅਸ਼ਾਂਤੀ ਫੈਲਾਉਣ ਦੀ ਸੁਪਾਰੀ ਲਈ ਹੋਈ ਹੈ, ਕੰਗਨਾ ਨੂੰ ਸਿੱਖਾਂ ਦਾ ਇਤਿਹਾਸ ਪੜ੍ਹ ਲੈਣਾ ਚਾਹੀਦਾ ਹੈ।

ਪੰਜਾਬ ਵਿੱਚ ਆਗੂ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਬੀਜੇਪੀ ਕਿਸਾਨ ਵਿਰੋਧੀ ਹੈ। ਇਸ ਸਾਜਿਸ਼ ਦੇ ਤਹਿਤ ਹੀ ਕੰਗਨਾ ਕੋਲੋਂ ਬਿਆਨ ਦਿਵਾਇਆ ਜਾ ਰਿਹਾ ਹੈ। ਹਰਿਆਣਾ ਚੋਣਾਂ ਵਿੱਚ ਕਿਸਾਨ ਬੀਜੇਪੀ ਦਾ ਵਿਰੋਧ ਕਰ ਰਹੇ ਹਨ, ਇਸੇ ਲਈ ਕੰਗਨਾ ਕੋਲੋ ਅਜਿਹੇ ਬਿਆਨ ਦਿਵਾ ਕੇ ਕਿਸਾਨਾਂ ਦੇ ਵਿਰੋਧ ਵਿੱਚ ਵੋਟਰਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇ ਬੀਜੇਪੀ ਨੇ ਕੰਗਨਾ ਖ਼ਿਲਾਫ਼ ਕਾਰਵਾਈ ਕਰਨੀ ਹੁੰਦੀ ਤਾਂ ਹੁਣ ਤੱਕ ਸਸਪੈਂਡ ਕਿਉਂ ਨਹੀਂ ਕੀਤਾ ਗਿਆ ਹੈ?

ਅਕਾਲੀ ਦਲ ਦੇ ਆਗੂ ਅਰਸ਼ਦੀਪ ਕਲੇਰ ਨੇ ਪੁੱਛਿਆ ਕੰਗਨਾ ਵਾਰ-ਵਾਰ ਅਜਿਹੇ ਬਿਆਨ ਦਿੰਦੀ ਹੈ, ਪਰ ਬੀਜੇਪੀ ਕੋਈ ਐਕਸ਼ਨ ਨਹੀਂ ਲੈਂਦੀ ਹੈ ਯਾਨੀ ਪਾਰਟੀ ਉਨ੍ਹਾਂ ਦੇ ਨਾਲ ਸਹਿਮਤ ਹੈ। ਜੇ ਸਹਿਮਤ ਨਹੀਂ ਹੈ ਤਾਂ ਪਾਰਟੀ ਤੋਂ ਬਾਹਰ ਕਰਨ। ਕੰਗਨਾ ਦੀਆਂ ਹਰਕਤਾਂ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਹਨ।

# ਲੈਸਟਰ ਵਿੱਚ ਤੀਰ ਗਰੁੱਪ ਵੱਲੋਂ ਚੋਣਾਂ ਨੂੰ ਲੈ ਕੇ ਭਰਵੀਂ ਇਕੱਤਰਤਾ ਕੀਤੀ ਗਈ



ਸ: ਰਾਜਮਨਵਿੰਦਰ ਸਿੰਘ ਕੰਗ ਅਤੇ ਸ: ਗੁਰਨਾਮ ਸਿੰਘ ਨਵਾਂ ਸ਼ਹਿਰ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ

**ਲੈਸਟਰ – ਲੈਸਟਰ ਵਿੱਚ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਦੇ ਹਰ ਦੋ ਸਾਲ ਬਾਅਦ ਪ੍ਰਬੰਧ ਨੂੰ ਲੈ ਕੇ ਚੋਣ ਕਰਵਾਈ ਜਾਂਦੀ ਹੈ। ਜਿਸ 'ਤੇ ਚੱਲਦਿਆਂ ਅੱਜ ਤੀਰ ਗਰੁੱਪ ਵੱਲੋਂ ਇਕ ਭਰਵੀਂ ਇਕੱਤਰਤਾ ਕੀਤੀ ਗਈ, ਪਿਛਲੇ 6 ਸਾਲ ਤੋਂ ਇਸੇ ਗਰੁੱਪ ਦੀ ਕਮੇਟੀ ਸੇਵਾ ਕਰ ਰਹੀ ਹੈ। ਜਿਸ ਦੇ ਪ੍ਰਧਾਨ ਸ. ਰਾਜ ਮਨਵਿੰਦਰ ਸਿੰਘ ਕੰਗ ਚੱਲੇ ਆ ਰਹੇ ਹਨ।**

ਮੀਟਿੰਗ ਦੇ ਸ਼ੁਰੂਆਤ ਵਿੱਚ ਰਾਜਾ ਸਿੰਘ ਹੁਣਾ ਨੇ ਪਿਛਲੇ ਸਮੇਂ ਦਰਮਿਆਨ ਕੀਤੇ ਕਾਰਜਾਂ ਦਾ ਮੁਲਾਂਕਣ ਕੀਤਾ। ਗੁਰੂ ਘਰ ਦੀ ਸਮੁੱਚੀ ਇਮਾਰਤ 'ਤੇ 2 ਮਿਲੀਅਨ ਪੌਂਡ ਤੋਂ ਉੱਤੇ ਦਾ ਖਰਚਾ ਕੀਤਾ ਗਿਆ, ਜਿਸ ਵਿੱਚ ਨਵੀਂ ਲਿਫਟ, ਪੰਜਾਬੀ ਸਕੂਲ, ਸੰਥਿਆ ਵਾਸਤੇ ਵੱਡਾ ਹਾਲ, ਸੱਚਖੰਡ ਸਾਹਿਬ, ਮੈਗਾ ਫਲੋਅ ਪਲਾਟ ਰੂਮ, ਵੈਡਿੰਗ ਹਾਲ, ਬਜ਼ੁਰਗਾਂ ਵਾਸਤੇ ਡੇਅ ਸੈਂਟਰ, ਜਿੰਮ, ਵੱਡੀ ਕਿਚਨ, ਡਿਸ਼ ਵਾਸ਼ਰ, ਰੋਟੀਆਂ ਪਕਾਉਣ ਵਾਸਤੇ ਮਸ਼ੀਨ, ਬੀਬੀਆਂ ਵਾਸਤੇ ਬ੍ਰਿਟਿਸ਼ ਸਟੈਂਰਡ ਦੀਆਂ ਟੁਇਲਟਾਂ, ਸਾਊਂਡ ਸਿਸਟਮ ਕਹਿਣ ਤੋਂ ਭਾਵ ਸਾਰੇ ਕਾਰਜ ਨੇਪਰੇ ਚਾੜ੍ਹੇ ਗਏ, ਇਸ ਦੇ ਨਾਲ ਪੰਜਾਬੀ ਬੋਲੀ ਵਾਸਤੇ ਇੰਟਰਨੈਸ਼ਨਲ ਕਾਨਫਰੰਸਾਂ ਦਾ ਹਰ ਸਾਲ ਆਯੋਜਨ ਕੀਤਾ ਜਾਂਦਾ ਹੈ। ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਪੰਜਾਬ ਤੋਂ ਜਥੇ ਬੁਲਾਉਣੇ ਜਿਸ ਵਿੱਚ ਕੀਰਤਨੀਏ, ਕਥਾ ਵਾਚਕ ਅਤੇ ਢਾਡੀ ਸ਼ਾਮਿਲ ਹਨ। ਹਰ ਮਹਾਂਪੁਰਸ਼ ਜਾਂ ਪੰਥਕ ਬੁਲਾਰੇ ਨੂੰ ਸਟੇਜ ਤੋਂ ਸਮਾਂ ਅਤੇ ਸਤਿਕਾਰ ਦੇਣਾ। ਆਪਣੀ ਕੌਮ ਦੇ ਹੱਕਾਂ ਪ੍ਰਤੀ ਸਟੇਜ ਤੋਂ ਸੰਗਤ ਨੂੰ ਜਾਣਕਾਰੀ ਦੇਣੀ, ਸਭ ਨਿਰੰਤਰ ਜਾਰੀ ਹਨ। ਤੀਰ ਗਰੁੱਪ ਦੇ ਚੇਅਰਮੈਨ ਸ. ਬਰਿੰਦਰ ਸਿੰਘ ਬਿੱਟੂ ਨੇ ਬੋਲਦਿਆਂ ਕਿਹਾ ਕਿ ਅਸੀਂ ਲੈਸਟਰ ਦੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦਿਆਂ ਵਿਰੋਧੀ ਧਿਰ ਦੀ ਲੀਡਰਸ਼ਿੱਪ ਨਾਲ ਬੈਠ ਕੇ ਸਮਝੌਤਾ ਕੀਤਾ, ਜਿਸ ਨਾਲ ਗੁਰ–ਦੁਆਰਾ ਸਾਹਿਬ ਦੀ ਬਿਹਤਰੀ ਲਈ ਹੋਰ ਚੰਗੇ ਕਦਮ ਚੁੱਕੇ ਜਾ ਸਕਣ। ਸਾਡਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ। ਇਸ ਵਾਰ ਪ੍ਰਧਾਨਗੀ ਦੇ ਉਮੀਦਵਾਰ ਸ. ਗੁਰਨਾਮ ਸਿੰਘ ਨਵਾਂ ਸ਼ਹਿਰ ਵਾਲਿਆਂ ਨੇ ਸਾਰੀ ਸੰਗਤ ਨੂੰ ਅਪੀਲ ਕੀਤੀ ਕਿ ਤੀਰ ਗਰੁੱਪ ਦਾ ਸਾਥ ਦਿਉ ਤਾਂ ਜੋ ਰਹਿੰਦੇ ਕਾਰਜ ਸੰਪੂਰਣ ਹੋਣ, ਸ਼ੇਰ ਸੰਗਤ ਗਰੁੱਪ ਵੱਲੋਂ ਸ. ਗੁਰਨਾਮ ਸਿੰਘ ਰੂਪੋਵਾਲ ਨੇ ਆਖਿਆ ਕਿ ਇਸ ਸਮਝੌਤੇ ਨਾਲ ਸਾਡੀ ਅਗਲੀ ਪੀੜ੍ਹੀ ਨੂੰ ਸਿੱਖਿਆ ਮਿਲੇਗੀ ਕਿ ਅਸੀਂ ਆਪਸ ਵਿੱਚ ਇਕੱਠੇ ਬੈਠ ਕੇ ਮਸਲਿਆਂ ਨੂੰ ਹੱਲ ਕਰ ਸਕਦੇ ਹਾਂ। ਗੁਰਦੁਆਰਾ ਸਾਹਿਬ ਦੀ ਆਨ ਸ਼ਾਨ ਨੂੰ ਬਰਕਰਾਰ ਰੱਖਣ ਵਾਸਤੇ ਸਹੀ ਅਤੇ ਇਮਾਨਦਾਰ ਉਮੀਦਵਾਰਾਂ ਨੂੰ ਹੀ ਸਮਰਥਨ ਕਰਨਾ ਚਾਹੀਦਾ। ਅਸੀਂ ਤੀਰ ਗਰੁੱਪ ਨੂੰ ਆਪਣਾ ਪੂਰਾ ਯੋਗਦਾਨ ਦੇਵਾਂਗੇ। ਅੰਤ ਵਿੱਚ ਸ. ਕੁਲਦੀਪ ਸਿੰਘ ਚਹੇੜੂ ਨੇ ਬੋਲਦਿਆਂ ਆਖਿਆ ਕਿ ਅਸੀਂ ਕਿਸੇ ਵੀ ਅਹੁਦੇ ਦੇ ਲਾਲਚ ਤੋਂ ਬਿਨਾਂ ਤੀਰ ਗਰੁੱਪ ਦੇ ਸਮਰਥਨ ਵਿੱਚ ਖੜੇ ਹਾਂ। ਮੈਂ ਕਦੇ ਵੀ ਗੁਰੂ ਘਰ ਵਿੱਚ ਅਹੁਦਾ ਨਹੀਂ ਲਵਾਂਗਾ। ਗੁਰੂ ਘਰ ਅਤੇ ਪੰਥ ਦੀ ਚੜ੍ਹਦੀਕਲਾ ਵਾਸਤੇ ਸੇਵਾ ਵਿੱਚ ਹਾਜ਼ਰ ਹਾਂ। ਸਾਨੂੰ ਆਪਸੀ ਲੜਾਈ ਬੰਦ ਕਰਨੀ ਚਾਹੀਦੀ ਹੈ। ਗੁਰਮਤਿ ਦੇ ਉਪਦੇਸ਼ ਧਾਰਨੀ ਬਣੋ ਤਾਂ ਜੋ ਇਨ੍ਹਾਂ ਸੰਸਥਾਵਾਂ ਵਿੱਚ ਸੱਚ ਦੀ ਅਵਾਜ਼ ਬਾਹਰ ਜਾਵੇ। ਇਨ੍ਹਾਂ ਤੋਂ ਬਾਅਦ ਰਾਜਾ ਸਿੰਘ ਕੰਗ ਨੇ ਆਖਿਆ ਕਿ ਸੰਗਤ ਵਿੱਚੋਂ ਕਿਸੇ ਕੋਈ ਹਿਸਾਬ ਕਿਤਾਬ ਜਾਂ ਪਿਛਲੀ ਟਰਮ ਵਿੱਚ ਕੀਤੇ ਕੰਮਾਂ ਦੇ ਬਾਰੇ ਪੁੱਛਣਾ ਤਾਂ ਪੁੱਛ ਸਕਦੇ ਹੋ, ਅਸੀਂ ਹਰ ਸਮੇਂ ਗੁਰੂ ਘਰ ਵਿੱਚ ਆਪ ਜੀ ਨੂੰ ਦੱਸਣ ਵਾਸਤੇ ਤਿਆਰ ਹਾਂ। ਸੋਸ਼ਲ ਮੀਡੀਏ 'ਤੇ ਪਰਿਵਾਰਾਂ ਦੀ ਬਦਖੋਹੀ ਕਰਨੀ ਜਾਂ ਇਲਜ਼ਾਮ ਬਾਜੀ ਦੇ ਖਿਲਾਫ ਵੀ ਕਿਹਾ ਕਿ ਇਸ ਤਰ੍ਹਾਂ ਦੀਆਂ ਕਮੀਨੀਆਂ ਹਰਕਤਾਂ ਨਹੀਂ ਕਰਨੀਆਂ ਚਾਹੀਦੀਆਂ। ਇਲੈਕਸ਼ਨ ਸਾਫ ਸੁਥਰੇ ਤਰੀਕੇ ਨਾਲ ਲੜਨੀ ਚਾਹੀਦੀ ਹੈ। ਜਿਸ ਨਾਲ ਸੰਗਤ ਵਿੱਚ ਦੁਫਾੜ ਨਾ ਪੈਦਾ ਹੋਵੇ। ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਦਿਆਂ ਉਨ੍ਹਾਂ ਆਖਿਆ ਕਿ ਸਾਡੇ ਕੋਲੋਂ ਅਨੇਕਾਂ ਗਲਤੀਆਂ ਵੀ ਹੋਈਆਂ ਹੋਣਗੀਆਂ, ਸੰਗਤ ਅਤੇ ਗੁਰੂ ਸਾਹਿਬ ਜੀ ਬਖ਼ਸ਼ਣਯੋਗ ਹਨ, ਅੱਗੋਂ ਸਮੁੱਤ ਬਖ਼ਸ਼ਣ।

ਇਸ ਵਾਰ ਤੀਰ ਗਰੁੱਪ ਵੱਲੋਂ ਸ. ਗੁਰ–ਨਾਮ ਸਿੰਘ ਨਵਾਂ ਸ਼ਹਿਰ ਨੂੰ ਪ੍ਰਧਾਨ ਅਤੇ ਸੁਖਜਿੰਦਰ ਸਿੰਘ ਲੁਬਾਣਾ ਨੂੰ ਵਾਈਸ ਪ੍ਰਧਾਨ ਦਾ ਉਮੀਦਵਾਰ ਖੜ੍ਹਾ ਕੀਤਾ। ਸਤਵਿੰਦਰ ਸਿੰਘ ਦਿਉਲ ਜਰਨਲ ਸੈਕਟਰੀ, ਤਰਸੇਮ ਸਿੰਘ ਢਡਵਾੜ ਅਸਿਟੈਂਟ ਜਰਨਲ ਸੈਕਟਰੀ, ਪਰਮਜੀਤ ਸਿੰਘ ਜੀ ਰਾਏ ਮੋਰਾਂਵਾਲੀ ਖਜ਼ਾਨਚੀ ਅਤੇ ਦੀਪ ਸਿੰਘ ਕੈਲਾ ਅਸਿਟੈਂਟ ਖਜ਼ਾਨਚੀ, ਸ. ਮੁਖਤਿਆਰ ਸਿੰਘ ਸਟੇਜ ਸਕੱਤਰ, ਸ. ਹਰਮਿੰਦਰ ਸਿੰਘ ਅਸਿਟੈਂਟ ਸਟੇਜ ਸਕੱਤਰ, ਅੰਮ੍ਰਿਤਪਾਲ ਸਿੰਘ ਲਾਇਬ੍ਰੇਰੀਅਨ, ਜਤਿੰਦਰ ਸਿੰਘ ਚਾਹਲ ਸਪੋਰਟਸ ਸੈਕਟਰੀ, ਜਗਦੀਪ ਸਿੰਘ ਮਾਹਲ ਮੇਨਟੇਨੈਂਸ ਸੈਕਟਰੀ, ਜਤਿੰਦਰ ਕੌਰ ਸੰਘਾ ਐਜੂਕੇਸ਼ਨ ਸੈਕਟਰੀ, ਹਰਬੰਸ ਕੌਰ ਗਿੱਲ ਕਿਚਨ ਸੈਕਟਰੀ, ਜਸਪਾਲ ਸਿੰਘ, ਅਮਰੀਕ ਸਿੰਘ, ਕਰਤਾਰ ਸਿੰਘ ਬੜਿੰਗ, ਮਨਦੀਪ ਸਿੰਘ ਮੈਂਬਰ ਦੇ ਉਮੀਦਵਾਰ ਹਨ।


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**



## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਕੀ ਕੇਜਰੀਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਦਲਣ ਦਾ ਮਨ ਬਣਾ ਲਿਆ ਹੈ ?

## ✪ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੰਜਾਬ ਦੀ ਜ਼ਿੰਮੇਵਾਰੀ ਦੇਣ ਦੀ ਚਰਚਾ ਚਲੀ
## ✪ ਭਗਵੰਤ ਮਾਨ ਨੇ ਮੰਤਰੀ ਮੰਡਲ ਵਿਚ ਕੀਤੀਆਂ ਤਬਦੀਲੀਆਂ, ਕੇਜਰੀਵਾਲ ਨਾ ਪਹੁੰਚੇ

ਬੀਤੇ ਦਿਨੀਂ ਚੰਡੀਗੜ੍ਹ ਏਅਰਪੋਰਟ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਬੀਤੇ ਦਿਨੀਂ ਸਿਹਤ ਅਚਾਨਕ ਕਿਵੇਂ ਵਿਗੜ ਗਈ ? ਕੀ ਉਹ ਸ਼ਰਾਬ ਦੇ ਪ੍ਰਭਾਵ ਕਾਰਣ ਡਿਗਿਆ ਸੀ, ਜਾਂ ਪਾਰਟੀ ਲੀਡਰਸ਼ਿਪ ਵੱਲੋਂ ਦਿੱਤੇ ਕਿਸੇ ਨਿਰਦੇਸ਼ ਤੋਂ ਭਾਰੀ ਮਾਨਸਿਕ ਦਬਾਅ ਸੀ ? ਉਸ ਦਾ ਚੰਡੀਗੜ੍ਹ ਵਿੱਚ ਦਾਖ਼ਲ ਨਾ ਹੋਣਾ ਅਤੇ ਦਿੱਲੀ ਦੇ ਅਪੋਲੋ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਅਤੇ ਇਸ ਬਾਰੇ ‘ਆਪ’ ਆਗੂਆਂ ਦੀ ਚੁੱਪੀ ਬਹੁਤ ਕੁਝ ਬਿਆਨ ਕਰਦੀ ਹੈ।

ਜਾਣਕਾਰੀ ਅਨੁਸਾਰ ਇਕ ਵੇਲੇ ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਹਟਾਉਣ ਲਈ ਬਜ਼ਿੱਦ ਹੋ ਗਏ ਸਨ ਪਰ ਰਾਘਵ ਚੱਢਾ ਤੇ ਹੋਰ ਕੇਂਦਰੀ ਨੇਤਾਵਾਂ ਨੇ ਇਸ ਮਾਮਲੇ ’ਤੇ ਸੰਧਵਾਂ ਦੀ ਮਦਦ ਕੀਤੀ ਦੱਸੀ ਜਾਂਦੀ ਹੈ, ਜਦੋਂਕਿ ਪਾਰਟੀ ਦੇ ਪ੍ਰਮੁੱਖ ਨੇਤਾ ਸੰਦੀਪ ਪਾਠਕ ਨਿਰਪੱਖ ਰਹੇ। ਹਾਲਾਂਕਿ ਕਿ ਦਸਿਆ ਜਾਂਦਾ ਹੈ ਕਿ ਸੰਧਵਾ ਦੀ ਕੇਜਰੀਵਾਲ ਨਾਲ ਬਹੁਤ ਜ਼ਿਆਦਾ ਨੇੜਤਾ ਹੈ।

ਦੂਜੇ ਪਾਸੇ ਮੰਤਰੀ ਮੰਡਲ ਵਿਚ ਸ਼ਾਮਿਲ ਕੁਝ ਮੰਤਰੀ ਤੇ ਵਿਧਾਇਕ ਵੀ ਪਾਰਟੀ ਹਾਈਕਮਾਂਡ ਕੋਲ ਮੁੱਖ ਮੰਤਰੀ ਦਾ ਵਿਰੋਧ ਕਰ ਰਹੇ ਦੱਸੇ ਜਾਂਦੇ ਹਨ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਤੇ ਭ੍ਰਿਸ਼ਟਾਚਾਰ ਵਿਚ ਹੋਏ ਵਾਧੇ ਬਾਰੇ ਸੁਆਲ ਉਠਾ ਰਹੇ ਹਨ। ਇਹ ਵੀ ਚਰਚਾ ਹੈ ਕਿ ਇਸੇ ਕਰਕੇ ਮੁੱਖ ਮੰਤਰੀ ਵੀ ਆਪਣਾ ਵਿਰੋਧ ਕਰਨ ਵਾਲੇ ਮੰਤਰੀਆਂ ਬਲਕਾਰ ਸਿੰਘ, ਚੇਤਨ ਸਿੰਘ ਜੌੜਾਮਾਜਰਾ, ਬ੍ਰਹਮ ਸ਼ੰਕਰ ਜਿੰਪਾ ਅਤੇ ਅਨਮੋਲ ਗਗਨ ਮਾਨ ਦੀ ਛੁੱਟੀ ਕਰਕੇ ਮੰਤਰੀ ਮੰਡਲ ਵਿਚ ਰੱਦੋਬਦਲ ਕਰ ਦਿਤਾ ਹੈ।

ਹਰਦੀਪ ਸਿੰਘ ਮੁੰਡੀਆ: ਹਰਦੀਪ ਸਿੰਘ ਮੁੰਡੀਆ ਲੁਧਿਆਣਾ ਦੇ ਸਾਹਨੇਵਾਲ ਤੋਂ ਵਿਧਾਇਕ ਹਨ। ਉਨ੍ਹਾਂ ਨੂੰ ਮਾਲੀਆ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ, ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਦਿੱਤੇ ਗਏ ਹਨ। ਲੁਧਿਆਣਾ ਪੰਜਾਬ ਦਾ ਸਭ ਤੋਂ ਵੱਡਾ ਜ਼ਿਲ੍ਹਾ ਹੈ। ਮੌਜੂਦਾ ਸਰਕਾਰ ਵਿੱਚ ਇੱਥੋਂ ਕੋਈ ਮੰਤਰੀ ਨਹੀਂ ਸੀ। ਇਸ ਕਾਰਨ ਹਰਦੀਪ ਸਿੰਘ ਨੂੰ ਤਰਜੀਹ ਦਿੱਤੀ ਗਈ ਹੈ।

ਮਹਿੰਦਰਪਾਲ ਜਲੰਧਰ ਪੱਛਮੀ ਤੋਂ ਵਿਧਾਇਕ ਹਨ, ਨੂੰ ਰੱਖਿਆ ਸੇਵਾਵਾਂ ਦੀ ਭਲਾਈ, ਆਜ਼ਾਦੀ ਘੁਲਾਟੀਏ ਅਤੇ ਬਾਗਬਾਨੀ ਵਿਭਾਗ ਦਿੱਤੇ ਹਨ।

ਬਰਿੰਦਰ ਕੁਮਾਰ ਗੋਇਲ ਸੰਗਰੂਰ ਦੇ ਲਹਿਰਾ ਤੋਂ ਵਿਧਾਇਕ ਹਨ, ਨੂੰ ਖਾਣਾਂ ਅਤੇ ਭੂ-ਵਿਗਿਆਨ, ਪਾਣੀ ਦੇ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ ਵਿਭਾਗ ਦਿੱਤੇ ਹਨ। ਤਰੁਨਪ੍ਰੀਤ ਸੋਂਦ ਖੰਨਾ, ਲੁਧਿਆਣਾ ਤੋਂ ਵਿਧਾਇਕ ਹੈ, ਨੂੰ ਸੈਰ ਸਪਾਟਾ ਅਤੇ



ਸੱਭਿਆਚਾਰ ਮਾਮਲੇ, ਨਿਵੇਸ਼ ਪ੍ਰੋਤਸਾਹਨ, ਲੇਬਰ, ਪਰਾਹੁਣਚਾਰੀ, ਉਦਯੋਗ ਅਤੇ ਵਣਜ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦਿੱਤੇ ਹਨ।

ਡਾ: ਰਵਜੋਤ ਸਿੰਘ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਤੋਂ ਵਿਧਾਇਕ ਹਨ ਅਤੇ ਅਨੁਸੂਚਿਤ ਜਾਤੀ ਤੋਂ ਆਉਂਦੇ ਹਨ, ਪੇਸ਼ੇ ਤੋਂ ਡਾਕਟਰ ਹਨ, ਨੂੰ ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਭੂਮੀ ਅਤੇ ਜਲ ਸੰਭਾਲ ਵਿਭਾਗ ਦਿੱਤੇ ਗਏ ਹਨ।

ਹੈਰਾਨੀ ਦੀ ਗੱਲ ਹੈ ਕਿ ਇਸ ਸਮਾਗਮ ਵਿਚ ਨਾ ਕੇਜਰੀਵਾਲ ਪਹੁੰਚੇ ਨਾ ਹਾਈਕਮਾਂਡ ਦਾ ਲੀਡਰ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਭਗਵੰਤ ਮਾਨ ਤੋਂ ਹਾਈਕਮਾਂਡ ਨਰਾਜ਼ ਹੈ। ਇਥੋਂ ਤੱਕ ਹਲਫਦਾਰੀ ਸਮਾਗਮਾਂ ਵਿਚੋਂ ‘ਆਪ’ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਪਾਰਟੀ ਦੀ ਚੀਫ਼ ਵ੍ਹਿਪ ਬਲਜਿੰਦਰ ਕੌਰ ਤੇ ਸਰਵਜੀਤ ਕੌਰ ਮਾਣੂਕੇ ਵੀ ਗ਼ੈਰਹਾਜ਼ਰ ਰਹੇ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਵੀ ਨਜ਼ਰ ਨਹੀਂ ਆਏ।

ਵਿਭਾਗੀ ਫੇਰਬਦਲ ਨੇ ਵੀ ਕਈ ਪੁਰਾਣੇ ਵਜ਼ੀਰਾਂ ਨੂੰ ਨਿਰਾਸ਼ ਕੀਤਾ ਹੈ। ਕੁਲਦੀਪ ਸਿੰਘ ਧਾਲੀਵਾਲ ਨੂੰ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ ਵੀ ਉਤਾਰਿਆ ਅਤੇ ਉਹ ਖ਼ਾਸ ਕਰਕੇ ਸੰਘਰਸ਼ੀ ਲੋਕਾਂ ਨਾਲ ਗੱਲਬਾਤ ਮੌਕੇ ਸੰਕਟ ਮੋਚਨ ਵੀ ਬਣਦੇ ਰਹੇ ਹਨ। ਉਨ੍ਹਾਂ ਨੂੰ ਪਾਰਟੀ ਤੋਂ ਆਪਣੇ ਕੀਤੇ ਕੰਮਾਂ ਕਰਕੇ ਨਵੇਂ ਵਿਭਾਗ ਮਿਲਣ ਦੀ ਉਮੀਦ ਸੀ। ਪਰ ਉਨ੍ਹਾਂ ਨੂੰ ਨਿਰਾਸ਼ਤਾ ਮਿਲੀ।

ਇਹ ਵੀ ਚਰਚਾ ਹੈ ਕਿ ਕੇਜਰੀਵਾਲ ਦੀ ਰਿਹਾਈ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਹਿਲਾਂ ਵਰਗੀ ਅਹਿਮੀਅਤ ਹੁਣ ਨਹੀਂ ਦਿੱਤੀ ਜਾ ਰਹੀ। ਇਸ ਸੰਦਰਭ ਵਿਚ ਹਰਿਆਣਾ ਚੋਣ ਵਿਚ ਪੰਜਾਬ ਦੇ ‘ਆਪ’ ਵਿਧਾਇਕਾਂ ਦੀ ਡਿਊਟੀ ਵੀ ਸਿੱਧੀ ਡਾ. ਸੰਦੀਪ ਪਾਠਕ ਵਲੋਂ ਲਾਏ ਜਾਣ ਦੀ ਗੱਲ ਚਰਚਾ ਵਿਚ ਹੈ ਪਰ ਇਸ ਦੇ ਨਾਲ ਹੀ ਇਹ ਵੀ ਚਰਚਾ ਹੈ ਕਿ ਭਾਵੇਂ ਪਾਰਟੀ ਅੰਦਰ ਧੜੇਬੰਦੀ ਕਾਫੀ ਤਿੱਖੀ ਹੈ ਪਰ ਅਰਵਿੰਦ ਕੇਜਰੀਵਾਲ ਅਜੇ ਇਸ ਬਾਰੇ ਕੁਝ ਵੀ ਨਹੀਂ ਕਹਿ ਰਹੇ ਤੇ ਜਾਪਦਾ ਹੈ ਕਿ ਉਹ ਹਰਿਆਣਾ ਚੋਣਾਂ ਤੋਂ ਬਾਅਦ ਹੀ ਇਸ ਮਾਮਲੇ ਨੂੰ ਸੁਲਝਾਉਣ ਲਈ ਕੁਝ ਕਰਨਗੇ।

ਸਿਆਸੀ ਮਾਹਿਰਾਂ ਵਲੋਂ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਖ਼ਬਰ ਹੈ ਕਿ ਆਪ ਦੇ ਸੁਪਰੀਮੋ ਕੇਜਰੀਵਾਲ ਭਗਵੰਤ ਮਾਨ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਹਨ ਅਤੇ ਹਰਿਆਣਾ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਬਦਲਿਆ ਜਾ ਸਕਦਾ ਹੈ।

### ਪੰਜਾਬ ਵਿੱਚ ਮਾਨ ਅਤੇ ‘ਆਪ’ ਦਾ ਉਭਾਰ

2022 ਵਿੱਚ ਜਦੋਂ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਕਮਾਨ ਭਗਵੰਤ ਮਾਨ ਨੂੰ ਸੌਂਪੀ ਤਾਂ ਇਹ ਇੱਕ ਉਮੀਦਾਂ ਨਾਲ ਭਰਿਆ ਕਦਮ ਸੀ। 117 ਵਿੱਚੋਂ 92 ਸੀਟਾਂ ਅਤੇ 42.1% ਦੇ ਵੋਟ ਸ਼ੇਅਰ ਨਾਲ, ਆਮ ਆਦਮੀ ਪਾਰਟੀ ਦੀ ਇਹ ਇਤਿਹਾਸਕ ਜਿੱਤ ਇੱਕ ਮਹੱਤਵਪੂਰਨ ਸਿਆਸੀ ਸਫਲਤਾ ਸੀ। ਇਹ ਦਿੱਲੀ ਤੋਂ ਬਾਹਰ ਪਾਰਟੀ ਦੀ ਪਹਿਲੀ ਪੂਰਨ ਰਾਜ ਸਰਕਾਰ ਸੀ, ਅਤੇ ਮਾਨ, ਜੋ ਕਿ ਆਪਣੇ ਕ੍ਰਿਸ਼ਮੇ ਅਤੇ ਲੋਕਾਂ ਵਿੱਚ ਪ੍ਰਸਿੱਧੀ ਲਈ ਜਾਣੇ ਜਾਂਦੇ ਹਨ, ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਸਭ ਤੋਂ ਅਨੁਕੂਲ ਮੰਨਿਆ ਜਾਂਦਾ ਸੀ।

ਕਾਮੇਡੀਅਨ ਤੋਂ ਸਿਆਸਤਦਾਨ ਬਣੇ ਮਾਨ ਹਮੇਸ਼ਾ ਹੀ ਆਪਣੀ ਲੋਕ ਪੱਖੀ ਸ਼ਖਸੀਅਤ ਲਈ ਜਾਣੇ ਜਾਂਦੇ ਰਹੇ ਹਨ। ਉਨ੍ਹਾਂ ਨੇ ਸੂਬੇ ਦੇ ਸਿਹਤ ਅਤੇ ਸਿੱਖਿਆ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਤੇ ਨਸ਼ਿਆਂ ਦੇ ਸੰਕਟਨੂੰ ਖਤਮ ਕਰਨ ਦਾ ਵਾਅਦਾ ਕੀਤਾ ਸੀ।ਪਰ ਉਹ ਸਰਕਾਰ ਚਲਾਉਣ ਵਿਚ ਬੁਰੀ ਤਰ੍ਹਾਂ ਫੇਲ ਹੋਏ ਹਨ। ਪੰਜਾਬ ਦੀ ਗੁੰਝਲਦਾਰ ਸਮਾਜਿਕ-ਸਿਆਸੀ ਸਥਿਤੀ, ਜਿਸ ਵਿੱਚ ਸਰਹੱਦੀ ਸੁਰੱਖਿਆ, ਨਸ਼ਿਆਂ ਦੀ ਤਸਕਰੀ ਅਤੇ ਖੇਤੀ ਸੰਕਟ ਵਰਗੇ ਮੁੱਦੇ ਸ਼ਾਮਲ ਹਨ, ਨੂੰ ਸੰਭਾਲਣਾ ਔਖਾ ਸਾਬਤ ਹੋਇਆ ਹੈ। ਭਾਵੇਂ ਸਰਕਾਰ ਨੇ 2022 ਵਿੱਚ ਨਸ਼ਾ ਤਸਕਰੀ ਵਿੱਚ ਸ਼ਾਮਲ 40,000 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ 1,000 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕੀਤੀ, ਫਿਰ ਵੀ ਰਾਜ ਵਿੱਚ ਨਸ਼ਾ ਫੈਲਿਆ ਹੋਇਆ ਹੈ। ਕੋਈ ਵਡਾ ਅਪਰਾਧੀ ਹਾਲੇ ਤਕ ਗ੍ਰਿਫਤਾਰ ਨਹੀਂ ਹੋਇਆ। ਪੁਲਿਸ ਅਤੇ ਰਾਜਨੀਤੀ ਵਿੱਚ ਡੂੰਘੀਆਂ ਜੜ੍ਹਾਂ ਫੈਲੇ ਭ੍ਰਿਸ਼ਟਾਚਾਰ ਨੇ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਵਿੱਚ ਰੁਕਾਵਟ ਪਾਈ ਹੈ ਅਤੇ ਮੁੜ ਵਸੇਬੇ ਦੀਆਂ ਪ੍ਰਭਾਵਸ਼ਾਲੀ ਯੋਜਨਾਵਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਿਆ।ਨਤੀਜੇ ਵਜੋਂ ਵੋਟਰਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ ਅਤੇ ਪਾਰਟੀ ਦੀ ਉੱਚ ਲੀਡਰਸ਼ਿਪ ਵਿੱਚ ਚਿੰਤਾ ਵਧ ਰਹੀ ਹੈ।

ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਦੇ ਹੈੱਡਕੁਆਰਟਰ ’ਤੇ ਆਰਪੀਜੀ ਹਮਲੇ ਅਤੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਨੇ ਮਾਨ ਦੀ ਲੀਡਰਸ਼ਿਪ ਸਮਰੱਥਾ ਨੂੰ ਹੋਰ ਕਮਜ਼ੋਰ ਕਰ ਦਿੱਤਾ ਹੈ। ਖਾਸ ਤੌਰ ’ਤੇ, ਮੂਸੇਵਾਲਾ ਦੀ ਹੱਤਿਆ ਤੋਂ ਕੁਝ ਦਿਨ ਪਹਿਲਾਂ ਉਸ ਦੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ ਨੂੰ ਇਕ ਵੱਡੀ ਗਲਤੀ ਮੰਨਿਆ ਗਿਆ ਸੀ, ਜਿਸ ਨੇ ਮਾਨ ਦੀ ਸੁਰੱਖਿਆ ਪ੍ਰਬੰਧਨ ਯੋਗਤਾਵਾਂ ’ਤੇ ਸਵਾਲ ਖੜ੍ਹੇ ਕੀਤੇ ਸਨ।

### ਕੇਜਰੀਵਾਲ ਦੀ ਦਖਲਅੰਦਾਜ਼ੀ ਕਾਰਣ ਪੰਜਾਬੀਆਂ ਉਪਰ ਗਲਤ ਪ੍ਰਭਾਵ

ਭਗਵੰਤ ਮਾਨ ਦੀ ਲੀਡਰਸ਼ਿਪ ’ਤੇ ਸਭ ਤੋਂ ਵੱਡੀ ਆਲੋਚਨਾ ਇਹ ਰਹੀ ਹੈ ਕਿ ਉਹ ਅਰਵਿੰਦ ਕੇਜਰੀਵਾਲ ’ਤੇ ਬਹੁਤ ਜ਼ਿਆਦਾ ਨਿਰਭਰ ਹੈ। ਕਈ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਦਾ ਅਸਲ ਕੰਟਰੋਲ ਦਿੱਲੀ ਵਿਚ ‘ਆਪ’ ਲੀਡਰਸ਼ਿਪ ਕੋਲ ਹੈ। ਰਾਘਵ ਚਢਾ ਨੂੰ ਮਾਨ ਸਰਕਾਰ ਦਾ ਸਲਾਹਕਾਰ ਬਣਾਏ ਜਾਣ ਤੋਂ ਬਾਅਦ ਇਹ ਪ੍ਰਭਾਵ ਪੱਕਾ ਹੋ ਗਿਆ ਕਿ ਮਾਨ ਦਾ ਆਪਣੀ ਸਰਕਾਰ ਉਪਰ ਕੰਟਰੋਲ ਨਹੀਂ। ਇਥੋਂ ਤਕ ਮਾਨ ਦੀ ਗੈਰ-ਹਾਜ਼ਰੀ ਵਿੱਚ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਸਕੱਤਰ ਨਾਲ ਮੁਲਾਕਾਤ ਕੀਤੀ। ਪੰਜਾਬ ਵਰਗੇ ਸਵੈ-ਮਾਣ ਵਾਲੇ ਸੂਬੇ, ਜੋ ਆਪਣੀ ਸਿਆਸੀ ਖੁਦਮੁਖਤਿਆਰੀ ਅਤੇ ਸਿੱਖ ਸਵੈਮਾਣ ’ਤੇ ਮਾਣ ਕਰਦਾ ਹੈ, ਲਈ ਇਹ ਵਿਚਾਰ ਪ੍ਰਵਾਨ ਨਹੀਂ ਸੀ।

### ਅੰਦਰੂਨੀ ਅਸਹਿਮਤੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼

‘ਆਪ’ ਅੰਦਰ ਵੀ ਭਗਵੰਤ ਮਾਨ ਦੀ ਲੀਡਰਸ਼ਿਪ ‘ਤੇ ਸਵਾਲ ਉੱਠ ਰਹੇ ਹਨ। ਗੁਰਪ੍ਰੀਤ ਸਿੰਘ ਖੁਸਲ, ਸੰਦੀਪ ਸਿੰਘ ਅਤੇ ਰਣਜੀਤ ਸਿੰਘ ਵਰਗੇ ਕਈ ਪ੍ਰਮੁੱਖ ਪਾਰਟੀ ਆਗੂਆਂ ਨੇ ਹਾਲ ਹੀ ਦੇ ਸਾਲਾਂ ਵਿੱਚ ਅਸਤੀਫਾ ਦੇ ਦਿੱਤਾ ਸੀ। ਇਨ੍ਹਾਂ ਆਗੂਆਂ ਨੇ ਪਾਰਟੀ ਦੇ ਦਿਸ਼ਾ-ਨਿਰਦੇਸ਼ਾਂ ਨਾਲ ਅਸਹਿਮਤ ਹੋ ਕੇ ਮਾਨ ਦੀ ਲੀਡਰਸ਼ਿਪ ਨੂੰ ਚੁਣੌਤੀ ਦਿੱਤੀ।

ਮਈ 2022 ਵਿੱਚ, ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਮੰਤਰੀ ਮੰਡਲ ਵਿੱਚੋਂ ਬਾਹਰ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਫੌਜਾ ਸਿੰਘ ਸਰਾਰੀ ਅਤੇ ਇੰਦਰਬੀਰ ਸਿੰਘ ਨਿੱਝਰ ਨੇ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਰਮਿਆਨ ਆਪਣੇ ਮੰਤਰੀ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ। ਇਨ੍ਹਾਂ ਘਟਨਾਵਾਂ ਨੇ ਸਰਕਾਰ ਦੇ ਅਕਸ ਨੂੰ ਢਾਹ ਲਾਈ ਹੈ।

### ਵਿਵਾਦਪੂਰਨ ਬਿਆਨ ਅਤੇ ਜਨਤਕ ਗਲਤੀਆਂ

ਮਾਨ ਦੇ ਜਨਤਕ ਬਿਆਨਾਂ ਨੇ ਵੀ ਉਨ੍ਹਾਂ ਦੀ ਸਿਆਸੀ ਸਥਿਤੀ ਕਮਜ਼ੋਰ ਕਰ ਦਿੱਤੀ ਹੈ। ਕਿਸਾਨਾਂ ਦੇ ਧਰਨੇ ਦੌਰਾਨ, ਉਨ੍ਹਾਂ ਨੇ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਾਲੇ ਅੰਦੋਲਨ ਨੂੰ ‘‘ਅਣਉਚਿਤ ਅਤੇ ਅਣਇੱਛਤ’’ ਕਰਾਰ ਦਿੱਤਾ ਅਤੇ ਕਿਹਾ ਕਿ ‘‘ਹਰ ਵਿਰੋਧ ਜਾਇਜ਼ ਨਹੀਂ ਹੁੰਦਾ, ਕੁਝ ਸਿਆਸੀ ਤੌਰ ’ਤੇ ਪ੍ਰੇਰਿਤ ਹੁੰਦੇ ਹਨ,’’ ਜਿਸ ਨਾਲ ਪੰਜਾਬ ਦੇ ਕਿਸਾਨਾਂ ਵਿੱਚ ਗੁੱਸਾ ਵਧਿਆ ‘ਆਪ’ ਦੀ ਸਫਲਤਾ

ਮਾਰਚ 2023 ਵਿੱਚ, ਪੰਜਾਬ ਵਿਧਾਨ ਸਭਾ ਵਿੱਚ, ਮਾਨ ਨੇ ਵਿਰੋਧੀ ਧਿਰ ਨੂੰ ਰੋਕਣ ਲਈ ਸਪੀਕਰ ਨੂੰ ’ਤਾਲਾ ਅਤੇ ਚਾਬੀ’ ਸੌਂਪ ਦਿੱਤੀ, ਜਿਸ ਨਾਲ ਵਿਧਾਨ ਸਭਾ ਵਿੱਚ ਹੰਗਾਮਾ ਹੋ ਗਿਆ। ਇਸ ਤੋਂ ਇਲਾਵਾ ਮਾਨ ਨੂੰ ਕਈ ਚੋਣ ਨੋਟੀਫਿਕੇਸ਼ਨਾਂ ਨੂੰ ਵਾਪਸ ਲੈਣ ਲਈ ਵੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ।

# ਹਾਈਕੋਰਟ ਜੱਗੀ ਬਾਰੇ ਸਖਤ, 7 ਕੇਸਾਂ ਵਿਚ ਜਮਾਨਤਾਂ ਕਰ ਦਿੱਤੀਆਂ ਖਾਰਜ

## ✪ ਇੰਗਲੈਂਡ ਸਰਕਾਰ ਦੀ ਜੱਗੀ ਕੇਸ ਵਿਚ ਕੋਈ ਦਿਲਚਸਪੀ ਨਹੀਂ ✪ ਹਾਲ ਦੀ ਘੜੀ ਜੱਗੀ ਦੀ ਰਿਹਾਈ ਅਸੰਭਵ

### ਪੰਥਕ ਹੱਲਚਲ

ਦਿੱਲੀ ਹਾਈ ਕੋਰਟ ਨੇ ਬੀਤੇ ਦਿਨੀਂ ਬ੍ਰਿਟਿਸ਼ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਅੱਤਵਾਦ ਵਿਰੋਧੀ ਕਾਨੂੰਨ ਯੂ. ਏ. ਪੀ. ਏ. ਤਹਿਤ ਦਰਜ ਕਈ ਮਾਮਲਿਆਂ ਵਿੱਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।

ਜਸਟਿਸ ਪ੍ਰਤਿਭਾ ਐਮ ਸਿੰਘ ਦੀ ਅਗਵਾਈ ਵਾਲੇ ਬੈਂਚ ਨੇ 2016-2017 ਵਿੱਚ ਪੰਜਾਬ ਦੇ ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ ਵਿੱਚ ਕਥਿਤ ਟਾਰਗੇਟ ਕਿਲਿੰਗ ਅਤੇ ਕਤਲ ਦੀਆਂ ਕੋਸ਼ਿਸ਼ਾਂ ਦੇ ਸਬੰਧ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਦੁਆਰਾ ਜਾਂਚ ਕੀਤੇ ਜਾ ਰਹੇ ਸੱਤ ਮਾਮਲਿਆਂ ਵਿੱਚ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਜੌਹਲ ਵੱਲੋਂ ਹੇਠਲੀ ਅਦਾਲਤ ਦੇ ਹੁਕਮਾਂ ਵਿਰੁੱਧ ਦਾਇਰ ਦਾਇਰ ਖਾਰਜ ਕਰ ਦਿੱਤਾ ਗਿਆ।

ਅਦਾਲਤ ਨੇ ਕਿਹਾ ਕਿ ਇਹ ਜਾਂਚ ਪੰਜਾਬ ਪੁਲਿਸ ਤੋਂ ਐਨ. ਆਈ. ਏ. ਨੂੰ ਸੌਂਪ ਦਿਤੀ ਗਈ ਸੀ ਕਿਉਂਕਿ ਉਸ ਨੇ ਇਹ ਪਛਾਣ ਕੀਤੀ ਸੀ ਕਿ ਇਹ ਅਪਰਾਧ ਸੂਬੇ 'ਚ 'ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਅਸਥਿਰ ਕਰਨ' ਦੇ ਉਦੇਸ਼ ਨਾਲ ਇਕ ਕੌਮਾਂਤਰੀ ਸਾਜਿਸ਼ ਦਾ ਹਿੱਸਾ ਸਨ। ਕੋਰਟ ਨੇ ਐਨ ਆਈ ਏ ਦੇ ਬਿਆਨ ਨੂੰ ਸੱਚ ਵਜੋਂ ਪ੍ਰਵਾਨ ਕਰ ਲਿਆ ਹੈ, ਜਿਸ ਕਰਕੇ ਜਗੀ ਨੂੰ ਇਨਸਾਫ ਮਿਲਣਾ ਔਖਾ ਹੋ ਗਿਆ ਹੈ।

ਪਟੀਸ਼ਨਾਂ ਦਾ ਵਿਰੋਧ ਕਰਦਿਆਂ ਐਨ. ਆਈ. ਏ. ਨੇ ਦਾਅਵਾ ਕੀਤਾ ਕਿ ਜੌਹਲ, ਜਿਸ ਨੂੰ ਨਵੰਬਰ 2017 'ਚ ਗ੍ਰਿਫਤਾਰ ਕੀਤਾ ਗਿਆ ਸੀ, ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ. ਐਲ. ਐਫ.) ਦਾ 'ਬਹੁਤ ਕੱਟੜਪੰਥੀ' ਅਤੇ 'ਸਰਗਰਮ ਮੈਂਬਰ' ਸੀ।

ਇਹ ਦੋਸ਼ ਲਾਇਆ ਗਿਆ ਸੀ ਕਿ ਮੁੱਖ ਸਾਜ਼ਸ਼ਕਰਤਾਵਾਂ ਵਿਚੋਂ ਇਕ ਹੋਣ ਦੇ ਨਾਤੇ, ਮੁਲਜ਼ਮ ਨੇ ਫੰਡ ਮੁਹੱਈਆ ਕਰਵਾਏ ਜਿਨ੍ਹਾਂ ਦੀ ਵਰਤੋਂ ਦੋਵੇਂ ਨਿਸ਼ਾਨੇਬਾਜ਼ ਖਾੜਕੂਆਂ ਨੇ ਹਥਿਆਰ ਖਰੀਦਣ ਲਈ ਕੀਤੀ। ਬੈਂਚ ਵਿਚ ਜਸਟਿਸ ਅਮਿਤ ਸ਼ਰਮਾ ਵੀ ਸ਼ਾਮਲ ਸਨ। ਬੈਂਚ ਨੇ ਕਾਨੂੰਨ ਦੇ ਤਹਿਤ ਮਨਜ਼ੂਰ ਮਿਆਦ ਤੋਂ ਵੱਧ ਦਾਇਰ ਕੀਤੀਆਂ ਪੰਜ ਅਪੀਲਾਂ ਨੂੰ ਖਾਰਜ ਕਰ ਦਿਤਾ। ਬਾਕੀ ਦੋ ਮਾਮਲਿਆਂ 'ਚ ਬੈਂਚ ਨੇ ਮੈਰਿਟ ਦੇ ਆਧਾਰ 'ਤੇ ਅਪੀਲਾਂ ਖਾਰਜ ਕਰ ਦਿਤੀਆਂ ਸਨ।

ਇਹ ਦੋਵੇਂ ਮਾਮਲੇ ਜਨਵਰੀ 2017 ਵਿੱਚ ਲੁਧਿਆਣਾ ਵਿੱਚ ਸ਼੍ਰੀ ਹਿੰਦੂ ਤਖ਼ਤ ਦੇ ਪ੍ਰਧਾਨ ਅਮਿਤ ਸ਼ਰਮਾ ਦੇ ਕਥਿਤ ਕਤਲ ਅਤੇ ਅਗਸਤ 2016 ਵਿੱਚ ਜਲੰਧਰ ਵਿੱਚ ਆਰਐਸਐਸ ਪੰਜਾਬ ਦੇ ਮੀਤ ਪ੍ਰਧਾਨ ਜਗਦੀਸ਼ ਕੁਮਾਰ ਗਗਨੇਜਾ ਦੇ ਕਤਲ ਦੀ ਕਥਿਤ ਕੋਸ਼ਿਸ਼ ਨਾਲ ਸਬੰਧਤ ਹਨ।

ਯਾਦ ਰਹੇ ਪਿਛਲੇ ਸਾਲ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਚੁੱਕਿਆ ਸੀ। ਪਰ ਭਾਰਤ ਸਰਕਾਰ ਨੇ ਇਸ ਬਾਰੇ ਕੋਈ ਰੁਚੀ ਨਹੀਂ ਦਿਖਾਈ। ਨਾ ਹੀ ਇੰਗਲੈਂਡ ਸਰਕਾਰ ਨੇ ਇਸ ਕੇਸ ਵਿਚ ਦਿਲਚਸਪੀ ਲਈ ਹੈ।

### ਕੌਣ ਹਨ ਜੱਗੀ ?



ਸਕਾਟਲੈਂਡ ਦੇ ਰਹਿਣ ਵਾਲੇ ਜਗਤਾਰ ਸਿੰਘ ਨੂੰ 2017 ਵਿੱਚ ਭਾਰਤੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਲੈ ਕੇ ਉਹ ਹੁਣ ਤੱਕ ਭਾਰਤੀ ਜੇਲ੍ਹ ਵਿੱਚ ਬੰਦ ਹਨ। 36 ਸਾਲਾ ਜਗਤਾਰ ਸਿੰਘ ਜੌਹਲ ਸਿੱਖਾਂ ਦੇ ਮਨੁੱਖੀ ਹੱਕਾਂ ਦੇ ਕਾਰਕੁਨ ਸਨ, ਉਹ ਅਕਤੂਬਰ 2017 ਨੂੰ ਭਾਰਤ ਵਿੱਚ ਵਿਆਹ ਕਰਵਾਉਣ ਲਈ ਆਏ ਸਨ।

ਉਹ ਆਪਣੀ ਪਤਨੀ ਨਾਲ ਬਾਜ਼ਾਰ ਵਿੱਚ ਖ਼ਰੀਦਦਾਰੀ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਆਮ ਕੱਪੜਿਆਂ ਵਿੱਚ ਆਈ ਪੰਜਾਬ ਪੁਲਿਸ ਵੱਲੋਂ ਆਪਣੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ।

ਦਰਅਸਲ, ਰਿਸ਼ੀ ਸੁਨਕ ਉੱਤੇ ਇੰਗਲੈਂਡ ਦੇ ਸਿੱਖਾਂ ਵਲੋਂ ਦਬਾਅ ਪਾਇਆ ਗਿਆ ਸੀ ਕਿ ਉਹ ਡੰਬਰਟਨ ਦੇ ਰਹਿਣ ਵਾਲੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਸਾਹਮਣੇ ਚੁੱਕਣ। ਜਗਤਾਰ ਸਿੰਘ ਦੇ ਪਰਿਵਾਰ ਵੱਲੋਂ ਇਹ ਇਲਜ਼ਾਮ ਲਗਾਏ ਜਾ ਰਹੇ ਹਨ ਉਨ੍ਹਾਂ ਉੱਤੇ ਹਿਰਾਸਤ ਵਿੱਚ ਤਸ਼ਦੱਦ ਕੀਤਾ ਗਿਆ ਹੈ। ਇਸ ਸਿਲਸਿਲੇ ਵਿਚ ਕੁੱਲ 70 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸੁਨਕ ਨੂੰ ਇੱਕ ਪੱਤਰ ਲਿਖ ਕੇ ਵੀ ਇਸ ਮਾਮਲੇ ਵਿੱਚ ਦਖ਼ਲ ਦੇਣ ਲਈ ਕਿਹਾ ਸੀ। ਪਰ ਬ੍ਰਿਟੇਨ ਦੇ ਪ੍ਰਵਾਸੀ ਮਾਮਲਿਆਂ ਬਾਰੇ ਅਧਿਕਾਰੀਆਂ ਨੇ ਇਸ ਮਾਮਲੇ ਵਿੱਚ ਦਖ਼ਲ ਦੇਣ ਬਾਰੇ ਇਨਕਾਰ ਕਰ ਦਿੱਤਾ ਸੀ।

ਹਾਲਾਂਕਿ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਤੋਂ ਬਾਅਦ ਸੁਨਕ ਨੇ ਕਿਹਾ ਕਿ ਉਨ੍ਹਾਂ ਨੇ ਹੋਰ 'ਕੌਂਸੂਲਰ' ਮਸਲਿਆਂ ਦੇ ਨਾਲ ਇਸ ਕੇਸ ਬਾਰੇ ਵੀ ਗੱਲ ਕੀਤੀ ਹੈ। ਵਿਦੇਸ਼ੀ ਮੰਤਰਾਲੇ ਵੱਲੋਂ ਜੌਹਲ ਦੇ ਪਰਿਵਾਰ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਇਹ ਜਾਰੀ ਰਹੇਗੀ।

ਇਸ ਤੋਂ ਜ਼ਾਹਿਰ ਹੈ ਕਿ ਸੁਨਕ ਸਰਕਾਰ ਨੇ ਇਸ ਕੇਸ ਬਾਰੇ ਕੋਈ ਦਿਲਚਸਪੀ ਨਹੀਂ ਦਿਖਾਈ। ਜਗਤਾਰ ਸਿੰਘ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੋ ਕਿ ਇੱਕ ਵਕੀਲ ਹਨ ਅਤੇ ਲੇਬਰ ਪਾਰਟੀ ਵੱਲੋਂ ਕਾਊਂਸਲਰ ਹਨ, ਨੇ ਸੁਨਕ ਉੱਤੇ ਇਹ ਇਲਜ਼ਾਮ ਲਾਏ ਕਿ ਉਹ ਜੌਹਲ ਨੂੰ 'ਜੇਲ੍ਹ ਵਿੱਚ ਸੜਨ' ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਗਤਾਰ ਸਿੰਘ ਜੌਹਲ ਇੱਕ ਸਰਗਰਮ ਬਲੌਗਰ ਅਤੇ ਸਿੱਖ ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕ (ਕੈਂਪੇਨੇਰ) ਸਨ। ਇਸ ਨੇ ਜੌਹਲ ਨੂੰ ਭਾਰਤੀ ਅਧਿਕਾਰੀਆਂ ਦੀ ਨਜ਼ਰ ਵਿੱਚ ਲਿਆਂਦਾ ਸੀ।

# ਪੰਜਾਬੀ ਮੁਟਿਆਰ ਦੀ ਬ੍ਰੇਨ ਹੈਮਰੇਜ ਕਾਰਨ ਹੋਈ ਮੌਤ

## ✪ ਲੱਖਾਂ ਦਾ ਕਰਜ਼ਾ ਲੈ ਕੇ ਭੇਜਿਆ ਸੀ ਕੈਨੇਡਾ


ਬਰੈਂਪਟਨ-ਪੰਜਾਬ ਦੀ ਨੌਜਵਾਨ ਪੀੜੀ ਆਪਣੇ ਉਜਵਲ ਭਵਿੱਖ ਨੂੰ ਬਣਾਉਣ ਲਈ ਵਿਦੇਸ਼ਾਂ ਵੱਲ ਰੁਖ਼ ਕਰ ਰਹੀ ਹੈ। ਪਰ ਦਿਨੋ ਦਿਨ ਵਿਦੇਸ਼ੀ ਧਰਤੀ 'ਤੇ ਹੋ ਰਹੀਆਂ ਮੌਤਾਂ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ। ਅਜਿਹਾ ਹੀ ਇੱਕ ਮਾਮਲਾ ਨਾਭਾ ਬਲਾਕ ਦੇ ਪਿੰਡ ਪਾਲੀਆ ਖੁਰਦ ਤੋਂ ਸਾਹਮਣੇ ਆਇਆ ਹੈ ਜਿੱਥੇ 23 ਸਾਲਾ ਨਵਦੀਪ ਕੌਰ ਦੀਪੂ ਦੀ ਕੈਨੇਡਾ ਵਿੱਚ ਮੌਤ ਹੋ ਗਈ। ਜਾਣਕਾਰੀ ਮੁਤਾਬਕ ਕਰੀਬ ਦੋ ਸਾਲ ਪਹਿਲਾਂ ਮਾਤਾ ਪਿਤਾ ਨੇ ਆਪਣੀ ਲੜਕੀ ਨੂੰ ਬਾਹਰ ਭੇਜਿਆ ਸੀ ਕਿ ਉਹ ਆਪਣੇ ਪਰਿਵਾਰ ਦਾ ਸਹਾਰਾ ਬਣੇਗੀ। ਪਰ ਉਸ ਦੀ ਵਿਦੇਸ਼ੀ ਧਰਤੀ ਕੈਨੇਡਾ ਵਿਖੇ ਬਰੈਂਪਟਨ ਦੇ ਮੀਸਾਸਾਗਾ ਵਿੱਚ ਬ੍ਰੇਨਹੈਮਰਜ ਦੇ ਨਾਲ ਮੌਤ ਹੋ ਗਈ ਹੈ। 5 ਸਤੰਬਰ ਨੂੰ ਨਵਦੀਪ ਕੌਰ ਦਾ ਜਨਮਦਿਨ ਵੀ ਸੀ ਅਤੇ ਜਨਮ ਦਿਨ ਨੂੰ ਹੀ ਪਰਿਵਾਰ ਦੀ ਗੱਲ ਹੋਈ ਉਸ ਤੋਂ ਬਾਅਦ ਹੁਣ ਮੰਦਭਾਗੀ ਖਬਰ ਸੁਣਨ ਨੂੰ ਮਿਲੀ ਹੈ। ਪਰਿਵਾਰ ਹੁਣ ਆਪਣੀ ਧੀ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਦੀ ਮੰਗ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਕਰ ਰਿਹਾ ਹੈ ਤਾਂ ਜੋ ਉਹ ਆਪਣੀ ਧੀ ਦਾ ਅੰਤਿਮ ਸਸਕਾਰ ਕਰ ਸਕਣ। ਪਰਿਵਾਰ ਨੂੰ ਬਹੁਤ ਉਮੀਦਾਂ ਸਨ ਜਿਨ੍ਹਾਂ ਨੇ ਜ਼ਮੀਨ ਵੇਚ ਕੇ ਸਾਰੀ ਪੂੰਜੀ ਆਪਣੀ ਲੜਕੀ 'ਤੇ ਲਗਾ ਦਿੱਤੀ। ਪਰ ਇਸ ਮੰਦਭਾਗੀ ਘਟਨਾ ਨੇ ਸਾਰੇ ਹੀ ਪਰਿਵਾਰ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ, ਅਸੀਂ ਤਾਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪਰਿਵਾਰ ਦੀ ਮਦਦ ਕੀਤੀ ਜਾਵੇ ਅਤੇ ਲੜਕੀ ਦੀ ਡੈਡ ਬਾਡੀ ਭਾਰਤ ਲਿਆਂਦੀ ਜਾਵੇ ਤਾਂ ਜੋ ਅੰਤਿਮ ਰਸਮਾਂ ਦੇ ਨਾਲ ਉਸ ਦਾ ਸਸਕਾਰ ਕੀਤਾ ਜਾਵੇ।



# ਪ੍ਰੇਮ ਸਬੰਧਾਂ ਵਿਚ ਅੜਿੱਕਾ ਬਣੀ ਪਤਨੀ ਦਾ ਗਲਾ ਘੁੱਟ ਕੇ ਕਤਲ

## ✪ ਪਤੀ, ਸੱਸ ਤੇ ਸਹੁਰੇ ਖਿਲਾਫ ਮਾਮਲਾ ਦਰਜ

ਬਠਿੰਡਾ-ਬੀਤੇ ਦਿਨੀਂ ਭੁੱਚੋ ਮੰਡੀ ਵਿਚ ਇਕ ਵਿਅਕਤੀ ਨੇ ਆਪਣੀ ਮਾਂ ਅਤੇ ਉਸ ਦੀ ਕਥਿਤ ਪ੍ਰੇਮਿਕਾ ਨਾਲ ਮਿਲ ਕੇ ਆਪਣੀ 33 ਸਾਲਾ ਪਤਨੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਕਤਲ ਕਰਨ ਤੋਂ ਬਾਅਦ ਉਨ੍ਹਾਂ ਨੇ ਇਸ ਨੂੰ ਖੁਦਕੁਸ਼ੀ ਵਰਗਾ ਬਣਾਉਣ ਦੀ ਕੋਸ਼ਿਸ਼ ਕੀਤੀ। ਕਤਲ ਪਿੱਛੇ ਕਾਰਨ ਇਹ ਸੀ ਕਿ ਮ੍ਰਿਤਕ ਦੀ ਪਤਨੀ ਉਸ ਦੇ ਪ੍ਰੇਮ ਸਬੰਧਾਂ ਵਿੱਚ ਅੜਿੱਕਾ ਬਣ ਰਹੀ ਸੀ ਅਤੇ ਉਸ ਦੇ ਪਤੀ ਨੂੰ ਉਕਤ ਔਰਤ ਨਾਲ ਆਪਣੇ ਪ੍ਰੇਮ ਸਬੰਧਾਂ ਨੂੰ ਜਾਰੀ ਰੱਖਣ ਤੋਂ ਰੋਕਿਆ, ਜਦਕਿ ਦੋਸ਼ੀ ਪਤੀ ਆਪਣੀ ਪਤਨੀ ਨੂੰ ਘਰੋਂ ਕੱਢਣ ਅਤੇ ਆਪਣੀ ਕਥਿਤ ਪ੍ਰੇਮਿਕਾ ਨਾਲ ਦੁਬਾਰਾ ਵਿਆਹ ਕਰਵਾਉਣ ਦੇ ਸੁਪਨੇ ਦੇਖ ਰਿਹਾ ਸੀ। ਇਸ ਕਾਰਨ ਉਸ ਨੇ ਆਪਣੀ ਮਾਂ ਅਤੇ ਪ੍ਰੇਮਿਕਾ ਨਾਲ ਮਿਲ ਕੇ ਹਾਲ ਹੀ ਵਿਚ ਉਸ ਦਾ ਕਤਲ ਕਰ ਦਿੱਤਾ।



ਜ਼ਿਕਰਯੋਗ ਹੈ ਕਿ ਦੋਸ਼ੀ ਨੌਜਵਾਨ ਨੇ ਕਰੀਬ 10 ਸਾਲ ਪਹਿਲਾਂ ਸਾਲ 2014 ਵਿਚ ਮ੍ਰਿਤਕ ਲੜਕੀ ਨਾਲ ਇੰਟਰਕਾਸਟ ਲਵ ਮੈਰਿਜ ਕਰਵਾਈ ਸੀ ਪਰ ਵਿਆਹ ਵਿਚ ਦਾਜ ਦਾ ਸਮਾਨ ਨਾ ਮਿਲਣ ਕਾਰਨ ਉਸ ਦੇ ਸਹੁਰੇ ਵਾਲੇ ਉਸ ਨੂੰ ਦਾਜ ਲਈ ਤੰਗ-ਪ੍ਰੇਸ਼ਾਨ ਕਰਦੇ ਸਨ । ਇਸ ਸਬੰਧੀ ਉਨ੍ਹਾਂ ਵਿਚਕਾਰ ਕਈ ਵਾਰ ਪੰਚਾਇਤੀ ਸਮਝੌਤਾ ਵੀ ਹੋ ਚੁੱਕਾ ਸੀ ਪਰ ਮੁਲਜ਼ਮ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ ਸਨ। ਫਿਲਹਾਲ ਥਾਣਾ ਨਥਾਣਾ ਦੀ ਪੁਲਿਸ ਨੇ ਮ੍ਰਿਤਕ ਵਿਆਹੁਤਾ ਦੇ ਪਿਤਾ ਦੀ ਸ਼ਿਕਾਇਤ 'ਤੇ ਦੋਸ਼ੀ ਪਤੀ, ਸੱਸ ਅਤੇ ਕਥਿਤ ਪ੍ਰੇਮਿਕਾ ਦੇ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ ਪਰ ਦੋਸ਼ੀਆਂ ਦੀ ਗ੍ਰਿਫਤਾਰੀ ਬਾਕੀ ਹੈ।

## ਮਸਲਾ ਭਾਰਤ ਵਿਚ ਘੱਟ ਗਿਣਤੀ ਕੌਮਾਂ ਤੇ ਸਿੱਖ ਨਸਲਵਾਦੀ ਵਰਤਾਰੇ ਦਾ

# ਭਾਜਪਾ ਰਾਹੁਲ ਦੇ ਬਿਆਨਾਂ ਤੋਂ ਕਿਉਂ ਤੜਫੀ ? ਕਿਉਂ ਕਰਾ ਰਹੀ ਹੈ ਆਪਣੇ ਸਮਰਥਕ ਸਿੱਖਾਂ ਰਾਹੀਂ ਝੂਠੇ ਕੇਸ ?

**✪ ਦਿੱਲੀ ਗੁਰਦੁਆਰਾ ਕਮੇਟੀ ਤੇ ਹਰਿਆਣਾ ਗੁਰਦੁਆਰਾ ਕਮੇਟੀ ਉਪਰ ਭਾਜਪਾ ਪੱਖੀ ਸਿੱਖਾਂ ਦੇ ਕਬਜ਼ੇ ਕਿਉਂ ? ✪ ਰਾਹੁਲ ਗਾਂਧੀ ਅਮਰੀਕਾ ਵਿਚ ਸਿੱਖਾਂ ਬਾਰੇ ਦਿੱਤੇ ਬਿਆਨ 'ਤੇ ਕਾਇਮ ✪ ਸ਼੍ਰੋਮਣੀ ਕਮੇਟੀ ਨੇ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਤੇ ਜ਼ੁਲਮ ਬਾਰੇ ਉਠਾਏ ਮਸਲੇ**


## ਵਿਸ਼ੇਸ਼ ਰਿਪੋਟ

ਪਿਛਲੇ ਦਿਨੀਂ ਰਾਹੁਲ ਗਾਂਧੀ ਨੇ ਵਾਸ਼ਿੰਗਟਨ ਡੀ.ਸੀ. ਦੇ ਸ਼ਹਿਰ ਡੀਲਾਸ, ਟੈਕਸਿਸ ਆਦਿ ਦੇ ਦੌਰੇ ਦੌਰਾਨ ਉਨ੍ਹਾਂ ਨੇ ਜਾਰਜਟਾਊਨ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਅਤੇ ਵਾਸ਼ਿੰਗਟਨ ਡੀ. ਸੀ. ਵਿਚ ਪ੍ਰੈੱਸ ਤੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਸਿਖਾਂ ਤੇ ਘੱਟਗਿਣਤੀ ਕੌਮਾਂ ਨਾਲ ਵਿਤਕਰੇ ਬਾਰੇ ਕੁਝ ਸਖਤ ਟਿੱਪਣੀਆਂ ਕੀਤੀਆਂ ਸਨ ਕਿ ਸੁਆਲ ਰਾਜਨੀਤੀ ਦਾ ਨਹੀਂ ਹੈ, ਸਗੋਂ ਇਹ ਹੈ ਕਿ ਸਿੱਖ ਭਾਈਚਾਰੇ ਦੇ ਲੋਕ ਗੁਰਦੁਆਰਾ ਸਾਹਿਬ ਜਾ ਸਕਦੇ ਹਨ ਜਾਂ ਦਸਤਾਰ ਪਹਿਨ ਸਕਦੇ ਹਨ, ਕੜਾ ਪਾ ਸਕਦੇ ਹਨ ? ਉਨ੍ਹਾਂ ਕਿਹਾ ਕਿ ਦੂਸਰੀਆਂ ਘੱਟ ਗਿਣਤੀਆਂ ਪ੍ਰਤੀ ਵੀ ਉਹ ਇਸੇ ਤਰ੍ਹਾਂ ਦੀ ਧਾਰਮਿਕ ਆਜ਼ਾਦੀ ਦੇ ਸਮਰਥਕ ਹਨ।

ਪਰ ਭਾਰਤ ਵਿਚ ਹੁਣ ਭਾਜਪਾ ਅਤੇ ਉਸ ਦੇ ਹੋਰ ਸਮਰਥਕ ਸੰਗਠਨਾਂ ਵਲੋਂ ਰਾਹੁਲ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਆਪਣੇ ਢੰਗ ਝੂਠ ਫੈਲਾਕੇ ਰਾਹੁਲ ਖਿਲਾਫ ਵਾ-ਵੇਲਾ ਖੜ੍ਹਾ ਕਰ ਦਿੱਤਾ ਤੇ ਆਪਣੇ ਸਮਰਥਕ ਸਿਖਾਂ ਨੂੰ ਰਾਹੁਲ ਦੇ ਖਿਲਾਫ ਹਥਿਆਰ ਵਜੋਂ ਵਰਤਿਆ ਹੈ।

ਭਾਜਪਾ ਦੇ ਸੀਨੀਅਰ ਆਗੂ ਰਾਜਨਾਥ ਨੇ ਸਭ ਤੋਂ ਪਹਿਲਾਂ ਇਹ ਮੁੱਦਾ ਉਠਾਇਆ ਸੀ ਕਿ ਰਾਹੁਲ ਗਾਂਧੀ ਨੇ ਅਮਰੀਕਾ ਵਿਚ ਸਿਖਾਂ ਬਾਰੇ ਝੂਠ ਬੋਲਿਆ ਹੈ। ਭਾਰਤ ਵਿਚ ਅਜਿਹੀ ਕੋਈ ਗੱਲ ਨਹੀਂ ਹੈ। ਰਵਨੀਤ ਸਿੰਘ ਬਿੱਟੂ ਤਾਂ ਰਾਹੁਲ ਨੂੰ ਅੱਤਵਾਦੀ ਕਹਿਣ ਤੱਕ ਚਲੇ ਗਏ। ਮਹਾਰਾਸ਼ਟਰ ਵਿਚ ਸ਼ਿਵ ਸੈਨਾ (ਸ਼ਿੰਦੇ) ਗੁੱਟ ਦੇ ਇਕ ਵਿਧਾਇਕ ਨੇ ਤਾਂ ਰਾਹੁਲ ਗਾਂਧੀ ਦੀ ਜੀਭ ਕੱਟਣ ਲਈ ਇਨਾਮ ਵੀ ਰੱਖ ਦਿੱਤਾ। ਰਾਹੁਲ ਵਿਰੁੱਧ ਵੱਖ-ਵੱਖ ਰਾਜਾਂ ਵਿਚ ਭਾਜਪਾ ਨੇਤਾਵਾਂ ਵਲੋਂ ਕੇਸ ਵੀ ਦਰਜ ਕਰਵਾਏ ਗਏ ਹਨ। ਕਾਂਗਰਸ ਨੇ ਵੀ ਕਰਨਾਟਕ ਵਿਚ ਬਿੱਟੂ ਵਿਰੁੱਧ ਕੇਸ ਦਰਜ ਕਰਵਾਇਆ ਹੈ। ਹਾਲਾਂਕਿ ਸਿਖਾਂ ਦੀ ਬਹੁਗਿਣਤੀ ਬਾਦਲ ਅਕਾਲੀ ਦਲ ,ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਕਮੇਟੀ ਸਮੇਤ ਰਾਹੁਲ ਗਾਂਧੀ ਦੇ ਬਿਆਨਾਂ ਦਾ ਸਮਰਥਨ ਕਰ ਰਹੇ ਹਨ।

ਪਰ ਭਾਜਪਾ ਸਮਰਥਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੁਲ ਗਾਂਧੀ ਦੇ ਵਿਰੋਧ ਵਿਚ ਸਰਗਰਮ ਹੋ ਗਈ ਹੈ। ਬੀਤੇ ਦਿਨੀਂ ਉਸਨੇ ਰਾਹੁਲ ਗਾਂਧੀ ਦੀ ਵਿਵਾਦਿਤ ਟਿੱਪਣੀ ਦੇ ਮਾਮਲੇ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਨਾਲ ਮੁਲਾਕਾਤ ਕੀਤੀ ਅਤੇ ਸਿੱਖਾਂ ਦੇ ਭਾਰਤ ਵਿਚ ਸੁਰੱਖਿਅਤ ਨਾ ਹੋਣ ਦੇ ਰਾਹੁਲ ਗਾਂਧੀ ਦੇ ਬਿਆਨ ਬਾਰੇ ਮੰਗ ਕੀਤੀ ਕਿ ਰਾਹੁਲ ਦੀ ਇਸ ਟਿਪਣੀ ਬਾਰੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ।



ਵਫ਼ਦ ਨੇ ਮੰਤਰੀ ਦੇ ਇਹ ਵੀ ਧਿਆਨ ਵਿਚ ਲਿਆਂਦਾ ਕਿ ਦੇਸ਼ ਵਿਚ ਵੱਖ-ਵੱਖ ਥਾਵਾਂ 'ਤੇ ਸਿੱਖਿਆ ਕੇਂਦਰਾਂ ਦੇ ਬਾਹਰ, ਹਵਾਈ ਅੱਡਿਆਂ 'ਤੇ, ਮੈਟਰੋ ਰੇਲ ਗੱਡੀਆਂ ਵਿਚ ਤੇ ਹੋਰ ਜਨਤਕ ਥਾਵਾਂ 'ਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਸਿੱਖ ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਕੀਤੇ ਪੰਜ ਕਕਾਰਾਂ ਨੂੰ ਲੈ ਕੇ ਮੰਦਭਾਗੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਇਸ ਲਈ ਗ੍ਰਹਿ ਮੰਤਰਾਲਾ ਸਮੁੱਚੇ ਦੇਸ਼ ਨੂੰ ਕਕਾਰਾਂ ਨੂੰ ਧਾਰਨ ਕਰਨ ਦੇ ਸੰਵਿਧਾਨਕ ਹੱਕ ਬਾਰੇ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰੇ ਤਾਂ ਜੋ ਅਜਿਹੀਆਂ ਮੁਸ਼ਕਿਲਾਂ ਨਾ ਆਉਣ । ਵਫ਼ਦ ਵਿਚ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ, ਹਰਿਆਣਾ ਕਮੇਟੀ ਪ੍ਰਧਾਨ ਭੁਪਿੰਦਰ ਸਿੰਘ, ਮੋਹਿੰਦਰਪਾਲ ਸਿੰਘ ਢਿੱਲੋਂ (ਪਟਨਾ ਕਮੇਟੀ, ਹਜ਼ੂਰ ਸਾਹਿਬ ਤੋਂ ਵਿਜੈ ਸਤਬੀਰ ਸਿੰਘ ਤੇ ਹੋਰ ਭਾਜਪਾ ਪਖੀ ਸਿੱਖ ਸ਼ਖ਼ਸੀਅਤਾਂ ਸ਼ਾਮਿਲ ਸਨ। ਇਕ ਪਾਸੇ ਇਹ ਭਾਜਪਾ ਪਖੀ ਸਿੱਖ ਆਗੂ ਭਾਰਤ ਵਿਚ ਸਿਖ ਵਿਤਕਰੇ ਦੀਆਂ ਘਟਨਾਵਾਂ ਨੂੰ ਮੰਨ ਰਹੇ ਹਨ ਜੋ ਰਾਹੁਲ ਗਾਂਧੀ ਕਹਿ ਰਿਹਾ ਹੈ। ਦੂਜੇ ਪਾਸੇ ਰਾਹੁਲ ਨੂੰ ਝੂਠਾ ਦਸਕੇ ਦੋਹਰਾ ਕਿਰਦਾਰ ਨਿਭਾ ਰਹੇ ਹਨ।

### ਰਾਹੁਲ ਸਿੱਖਾਂ ਬਾਰੇ ਬਿਆਨ ਉਪਰ ਕਾਇਮ

ਕਾਂਗਰਸ ਦੇ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ ਸਿੱਖਾਂ ਬਾਰੇ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਉਪਰ ਹਮਲਾਵਰ ਹਨ। ਉਨ੍ਹਾਂ ਨੇ ਕਿਹਾ ਕਿ ਭਾਜਪਾ ਝੂਠ ਦਾ ਸਹਾਰਾ ਲੈ ਰਹੀ ਹੈ। ਉਹ ਮੈਨੂੰ ਚੁੱਪ ਕਰਾਉਣ ਲਈ ਬੇਤਾਬ ਹਨ, ਕਿਉਂਕਿ ਉਹ ਸੱਚਾਈ ਨੂੰ ਬਰਦਾਸ਼ਤ ਨਹੀਂ ਕਰ ਸਕਦੇ... ਪਰ ਮੈਂ ਹਮੇਸ਼ਾ ਉਨ੍ਹਾਂ ਕਦਰਾਂ-ਕੀਮਤਾਂ ਲਈ ਬੋਲਾਂਗਾ ਜੋ ਸਾਡੇ ਭਾਰਤ ਨੂੰ ਪਰਿਭਾਸ਼ਿਤ ਕਰਦੇ ਹਨ, ਵਿਭਿੰਨਤਾ ਵਿੱਚ ਸਾਡੀ ਏਕਤਾ, ਸਮਾਨਤਾ ਅਤੇ ਪਿਆਰ।

ਰਾਹੁਲ ਗਾਂਧੀ ਨੇ ਐਕਸ ਪੋਸਟ ਵਿੱਚ ਇਹ ਵੀ ਪੁੱਛਿਆ ਕਿ "ਮੈਂ ਭਾਰਤ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਹਰ ਸਿੱਖ ਭੈਣ-ਭਰਾ ਨੂੰ ਪੁੱਛਣਾ ਚਾਹੁੰਦਾ ਹਾਂ - ਕੀ ਜੋ ਮੈਂ ਕਿਹਾ, ਉਸ ਵਿੱਚ ਕੁਝ ਗਲਤ ਹੈ ? ਕੀ ਭਾਰਤ ਇੱਕ ਅਜਿਹਾ ਦੇਸ਼ ਨਹੀਂ ਹੋਣਾ ਚਾਹੀਦਾ ਜਿੱਥੇ ਹਰ ਸਿੱਖ ਅਤੇ ਹਰ ਭਾਰਤੀ ਬਿਨਾਂ ਕਿਸੇ ਡਰ ਤੋਂ ਆਪਣੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰ ਸਕੇ ?"

### ਮੁਸਲਮਾਨਾਂ ਨਾਲ ਵੀ ਵਿਤਕਰਾ

ਇਸ ਸਮੇਂ ਸਵਾਲਾਂ ਦਾ ਸਵਾਲ ਇਹ ਹੈ ਕਿ ਰਾਹੁਲ ਗਾਂਧੀ ਵਿਰੁੱਧ ਭਾਜਪਾ ਦਾ ਪ੍ਰਤੀਕਰਮ ਕਿੰਨਾ ਕੁ ਸਹੀ ਹੈ ? ਕੀ ਭਾਰਤ ਵਿਚ ਘੱਟ ਗਿਣਤੀਆਂ ਲਈ ਕਿਸੇ ਵੀ ਤਰ੍ਹਾਂ ਦੀਆਂ ਚੁਣੌਤੀਆਂ ਨਹੀਂ ਹਨ ?

ਇਸ ਸਵਾਲ ਦਾ ਸਿੱਧਾ ਤੇ ਸਪੱਸ਼ਟ ਜਵਾਬ ਇਹ ਹੈ ਕਿ 2014 ਵਿਚ ਜਦੋਂ ਤੋਂ ਭਾਜਪਾ ਆਪਣੇ ਬਲਬੂਤੇ ਸੱਤਾ ਵਿਚ ਆਈ ਹੈ, ਉਸ ਵਲੋਂ ਲਗਾਤਾਰ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਭਾਜਪਾ ਨੇ ਪਹਿਲਾ ਕੰਮ ਤਾਂ ਇਹ ਕੀਤਾ ਹੈ ਕਿ ਲੋਕ ਸਭਾ ਅਤੇ ਵੱਖ-ਵੱਖ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਉਮੀਦਵਾਰ ਚੁਣਨ ਲਈ 17 ਕਰੋੜ ਤੋਂ ਵੱਧ ਮੁਸਲਮਾਨਾਂ ਨੂੰ ਟਿਕਟਾਂ ਦੇਣ ਸਮੇਂ ਵੱਡੀ ਹੱਦ ਤੱਕ ਨਜ਼ਰ-ਅੰਦਾਜ਼ ਕੀਤਾ ਹੈ। ਜਿਉਂ-ਜਿਉਂ ਲੋਕ ਸਭਾ ਤੋਂ ਲੈ ਕੇ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਭਾਜਪਾ ਦਾ ਵਿਸਥਾਰ ਹੋਇਆ, ਲੋਕ ਸਭਾਰਾਜ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਮੁਸਲਮਾਨ ਭਾਈਚਾਰੇ ਦੀ ਨੁਮਾਇੰਦਗੀ ਘਟਦੀ ਚਲਦੀ ਗਈ। ਸੰਘ ਨਾਲ ਸੰਬੰਧਿਤ ਵੱਖ-ਵੱਖ ਸੰਗਠਨਾਂ ਵਲੋਂ ਖਾਣ-ਪੀਣ ਅਤੇ ਸਕੂਲਾਂ ਕਾਲਜਾਂ ਵਿਚ ਮੁਸਲਿਮ ਵਿਦਿਆਰਥੀਆਂ ਦੇ ਪਹਿਰਾਵੇ ਨੂੰ ਲੈ ਕੇ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ। ਖੁੰਬਾਂ ਵਾਂਗ ਅਨੇਕਾਂ ਗਊ ਰਕਸ਼ਾ ਸੰਗਠਨ ਹੋਂਦ ਵਿਚ ਆ ਗਏ, ਜਿਨ੍ਹਾਂ ਨੇ ਪਸ਼ੂ ਪਾਲਣ ਵਾਲੇ ਮੁਸਲਮਾਨ ਜੋ ਗਾਵਾਂ ਪਾਲਣ ਦਾ ਕੰਮ ਕਰਦੇ ਸਨ, ਉਨ੍ਹਾਂ 'ਤੇ ਵੀ ਰਾਜਸਥਾਨ, ਉੱਤਰ ਪ੍ਰਦੇਸ਼ ਤੇ ਹਰਿਆਣਾ ਆਦਿ ਰਾਜਾਂ ਵਿਚ ਇਹ ਕਹਿ ਕੇ ਹਮਲੇ ਕੀਤੇ ਕਿ ਉਹ ਗਾਵਾਂ ਨੂੰ ਮਾਰਨ ਲਈ ਖ਼ਰੀਦ ਕੇ ਲਿਜਾ ਰਹੇ ਸਨ। ਕੁੱਝ ਦਿਨ ਪਹਿਲਾਂ ਹੀ ਹਰਿਆਣਾ ਦੇ ਗਊ ਰਕਸ਼ਾ ਸੰਗਠਨ ਨਾਲ ਸੰਬੰਧਿਤ ਲੋਕਾਂ ਨੇ ਇਕ ਹਿੰਦੂ ਨੌਜਵਾਨ ਦਾ 40 ਕਿਲੋਮੀਟਰ ਤੱਕ ਪਿੱਛਾ ਕਰਕੇ ਕਾਰ ਵਿਚ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ, ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਮੁਸਲਮਾਨ ਨੌਜਵਾਨ ਹੈ ਤੇ ਗਊ ਮਾਸ ਲਿਜਾ ਰਿਹਾ ਹੈ।

ਇਸ ਤੋਂ ਪਹਿਲਾਂ ਹਰਿਆਣਾ ਵਿਚ ਹੀ ਚਰਖੀ ਦਾਦਰੀ ਵਿਚ ਵੀ ਇਕ ਬਜ਼ੁਰਗ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਮੁਸਲਿਮ ਭਾਈਚਾਰੇ ਦੇ ਨੌਜਵਾਨਾਂ 'ਤੇ ਇਹ ਵੀ ਦੋਸ਼ ਲਗਾਏ ਜਾ ਰਹੇ ਹਨ ਕਿ ਉਹ ਜਾਣ-ਬੁੱਝ ਕੇ ਹਿੰਦੂ ਜਾਂ ਗ਼ੈਰ-ਮੁਸਲਿਮ ਲੜਕੀਆਂ ਨੂੰ ਆਪਣੇ ਜਾਲ ਵਿਚ ਫਸਾ ਕੇ ਉਨ੍ਹਾਂ ਨਾਲ ਵਿਆਹ ਕਰਵਾਉਂਦੇ ਹਨ। ਇਸ ਨੂੰ ਅਧਾਰ ਬਣਾ ਕੇ ਹੀ ਭਾਜਪਾ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ 'ਲਵ ਜਹਾਦ' ਵਿਰੁੱਧ ਕਾਨੂੰਨ ਬਣਾਏ ਗਏ ਹਨ।

ਬੀਤੇ ਦਿਨ ਹੀ ਕਰਨਾਟਕ ਦੇ ਹਾਈਕੋਰਟ ਦੇ ਇਕ ਜੱਜ ਨੇ ਮੁਸਲਮਾਨਾਂ ਵਿਰੁੱਧ ਬੜੀਆਂ ਘਟੀਆ ਕਿਸਮ ਦੀਆਂ ਟਿੱਪਣੀਆਂ ਕੀਤੀਆਂ ਹਨ, ਜਿਸ ਦਾ ਸੁਪਰੀਮ ਕੋਰਟ ਨੇ ਵੀ ਨੋਟਿਸ ਲਿਆ ਹੈ।

### ਈਸਾਈਆਂ ਨਾਲ ਵਿਤਕਰਾ

ਇਸੇ ਤਰ੍ਹਾਂ ਇਸਾਈ ਭਾਈਚਾਰੇ ਨੂੰ ਵੀ ਦੇਸ਼ ਵਿਚ ਕੱਟੜ ਹਿੰਦੂਤਵੀ ਸੰਗਠਨਾਂ ਵਲੋਂ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਇਕੱਲੇ ਇਸ ਸਾਲ ਦੀ ਗੱਲ ਕਰੀਏ ਤਾਂ 2024 ਦੇ ਪਹਿਲੇ ਤਿੰਨ ਮਹੀਨਿਆਂ ਵਿਚ ਇਸਾਈਆਂ 'ਤੇ 200 ਤੋਂ ਵੱਧ ਹਮਲੇ ਹੋਣ ਦੀਆਂ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਇਹ ਅੰਕੜੇ ਇਸਾਈ ਭਾਈਚਾਰੇ ਦੇ ਸੰਗਠਨ ਇੰਟਰਡੀਨੋਮੀਨੇਸ਼ਨਲ ਆਰਗੇਨਾਈਜ਼ੇਸ਼ਨ ਵਲੋਂ ਜਾਰੀ ਕੀਤੇ ਗਏ ਹਨ। ਦੇਸ਼ ਵਿਚ ਅਨੇਕਾਂ ਥਾਵਾਂ 'ਤੇ ਉਨ੍ਹਾਂ ਦੇ ਚਰਚਾਂ ਤੇ ਹੋਰ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ।

### ਭਾਜਪਾ ਦਾ ਸਿੱਖਾਂ ਨਾਲ ਵਿਤਕਰਾ ਜਾਰੀ

ਜਿਥੋਂ ਤੱਕ ਸਿੱਖ ਭਾਈਚਾਰੇ ਦੀ ਗੱਲ ਹੈ ਭਾਜਪਾ ਦਾ ਵਰਤਾਰਾ ਠੀਕ ਨਹੀਂ ਹੈ। ਸਿੱਖ ਭਾਈਚਾਰੇ ਦੇ ਲੋਕਾਂ ਨੂੰ ਅੱਜਕਲ੍ਹ ਇਹ ਸ਼ਿਕਾਇਤ ਹੈ ਕਿ ਪੰਜਾਬ ਦੇ ਮਾੜੇ ਹਾਲਾਤ ਸਮੇਂ ਵੱਖ-ਵੱਖ ਕੇਸਾਂ ਵਿਚ ਨਜ਼ਰਬੰਦ ਸਿੱਖ ਬੰਦੀਆਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਸਿੱਖ ਭਾਈਚਾਰੇ ਨੂੰ ਇਹ ਵੀ ਸ਼ਿਕਾਇਤ ਹੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਭਾਜਪਾ ਦਖਲ ਦੇ ਰਹੀ ਹੈ। ਖ਼ਾਸ ਕਰਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਭਾਜਪਾ ਪ੍ਰਸਤ ਸਿਖ ਆਗੂਆਂ ਦਾ ਕਬਜਾ ਹੈ ਅਤੇ ਹਰਿਆਣਾ ਵਿਚ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਬਣਾਉਣ ਨੂੰ ਵੀ ਸਿੱਖ ਭਾਈਚਾਰੇ ਦਾ ਇਕ ਵੱਡਾ ਹਿੱਸਾ ਆਪਣੇ ਧਰਮ ਵਿਚ ਦਖਲ ਵਜੋਂ ਦੇਖਦਾ ਹੈ।

ਬਾਕੀ ਹਿਸਾ ਸਫਾ 19 ਤੇ ਪੜ੍ਹੋ →

18 ਸਫ਼ੇ ਦੀ ਬਾਕੀ

ਪੰਜਾਬ ਨਾਲ ਵੱਖ-ਵੱਖ ਖੇਤਰਾਂ ਵਿਚ ਹੋ ਰਹੇ ਵਿਤਕਰਿਆਂ ਨੂੰ ਵੀ ਸਿੱਖ ਭਾਈਚਾਰਾ ਆਪਣੇ ਨਾਲ ਜੋੜ ਕੇ ਦੇਖਦਾ ਹੈ। ਸਿੱਖ ਭਾਈਚਾਰਾ ਇਸ ਗੱਲ ਤੋਂ ਵੀ ਚਿੰਤਤ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਮੁਸਲਮਾਨਾਂ ਅਤੇ ਇਸਾਈਆਂ ਦੀ ਤਰ੍ਹਾਂ ਹੀ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਣ ਲਗ ਪਿਆ ਹੈ। ਰਾਜਸਥਾਨ, ਪੰਜਾਬ ਅਤੇ ਕਈ ਹੋਰ ਸੂਬਿਆਂ ਵਿਚ ਕੜਾ ਪਹਿਨ ਕੇ ਸਿੱਖ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਇਮਤਿਹਾਨ ਦੇਣ ਤੋਂ ਰੋਕਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਵੱਖ-ਵੱਖ ਰਾਜਾਂ ਵਿਚ ਬਿਨਾਂ ਠੋਸ ਆਧਾਰ ਦੇ ਸਿੱਖਾਂ 'ਤੇ ਦੇਸ਼ ਧ੍ਰੋਹ ਦੇ ਕੇਸ ਵੀ ਦਰਜ ਕੀਤੇ ਗਏ ਹਨ। ਇਨ੍ਹਾਂ ਦਿਨਾਂ ਵਿਚ ਖ਼ਾਸ ਕਰਕੇ ਰਾਜਸਥਾਨ ਵਿਚ ਇਕ ਸਿੱਖ ਆਗੂ 'ਤੇਜਿੰਦਰਪਾਲ ਸਿੰਘ ਟਿੰਮਾ ਤੇ ਦਰਜ ਕੀਤੇ ਗਏ ਦੇਸ਼ਧ੍ਰੋਹ ਦੇ ਕੇਸ ਦੀ ਚਰਚਾ ਹੋ ਰਹੀ ਹੈ।

ਹੁਣੇ ਜਿਹੇ ਉੜੀਸਾ ਵਿੱਚ ਇੱਕ ਫੌਜੀ ਸਿੱਖ ਅਧਿਕਾਰੀ ਦੀ ਮੰਗੇਤਰ ਦੀ ਬੇਰਹਿਮੀ ਨਾਲ ਕੁੱਟਮਾਰ ਅਤੇ ਜਿਨਸੀ ਹਿੰਸਾ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਉਸਦੇ ਅੰਡਰਗਾਰਮੈਂਟਸ ਉਤਾਰ ਦਿੱਤੇ ਤੇ ਜ਼ੁਲਮ ਕੀਤਾ ਗਿਆ। ਬਲਾਤਕਾਰ ਦੀ ਧਮਕੀ ਦਿੱਤੀ ਗਈ। ਜਿਨਸੀ ਹਿੰਸਾ ਕੀਤੀ ਗਈ। ਏਮਜ਼ ਦੀ ਮੈਡੀਕਲ ਰਿਪੋਰਟ ਮੁਤਾਬਕ ਪੀੜਤ ਔਰਤ ਦੇ ਪੂਰੇ ਸਰੀਰ 'ਤੇ ਕੁੱਟਮਾਰ ਦੇ ਨਿਸ਼ਾਨ ਹਨ, ਉਸ ਦਾ ਇਕ ਦੰਦ ਟੁੱਟ ਗਿਆ ਹੈ ਅਤੇ ਉਸ ਦਾ ਜਬਾੜਾ ਵੀ ਜ਼ਖ਼ਮੀ ਹੈ। ਉਸ ਦੇ ਇੱਕ ਹੱਥ ਦੀ ਹੱਡੀ ਵੀ ਟੁੱਟ ਗਈ ਹੈ। ਪੱਛਮੀ ਬੰਗਾਲ 'ਚ ਤਾਇਨਾਤ ਇਕ ਸਿੱਖ ਫੌਜੀ ਅਧਿਕਾਰੀ ਅਤੇ ਉਸ ਦੀ ਮੰਗੇਤਰ ਨੇ 15 ਸਤੰਬਰ ਨੂੰ ਭਰਤਪੁਰ ਪੁਲਿਸ ਸਟੇਸ਼ਨ ਵਿੱਚ ਰੋਡ ਰੇਜ ਦੀ ਸ਼ਿਕਾਇਤ ਦਰਜ ਕਰਵਾਈ ਸੀ। ਇਸ ਤੋਂ ਬਾਅਦ 20 ਸਤੰਬਰ ਨੂੰ ਭੁਵਨੇਸ਼ਵਰ ਦੇ ਇਕ ਥਾਣੇ ਵਿੱਚ ਭਾਰਤੀ ਫੌਜ ਦੇ ਇੱਕ ਅਧਿਕਾਰੀ ਅਤੇ ਉਸ ਦੀ ਮੰਗੇਤਰ ਖ਼ਿਲਾਫ਼ ਪੁਲਿਸ ਵੱਲੋਂ ਕਥਿਤ ਤੌਰ 'ਤੇ ਕੁੱਟਮਾਰ ਅਤੇ ਜ਼ਿਆਦਤੀ ਕਰਨ ਦਾ ਮਾਮਲਾ ਪੰਜ ਪੁਲਿਸ ਕਰਮਚਾਰੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਹਾਲਾਂਕਿ, ਪੁਲਿਸ ਨੇ ਇਲਜ਼ਾਮਾਂ ਨੂੰ ਰੱਦ ਕਰ ਦਿੱਤਾ ਹੈ ਅਤੇ ਉਨ੍ਹਾਂ ਉਪਰ ਥਾਣੇ ਵਿੱਚ ਹੰਗਾਮਾ ਕਰਨ, ਮੌਜੂਦ ਅਧਿਕਾਰੀਆਂ ਨਾਲ ਦੁਰਵਿਵਹਾਰ ਕਰਨ ਦੇ ਦੋਸ਼ ਲਗਾਏ ਹਨ। ਇਸ ਲਈ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਬਕਾ ਸਿੱਖ ਫ਼ੌਜੀ ਅਫ਼ਸਰ ਦੀ ਲੜਕੀ ਅਤੇ ਮੌਜੂਦਾ ਸਿੱਖ ਫੌਜੀ ਅਫ਼ਸਰ ਦੀ ਮੰਗੇਤਰ 'ਤੇ ਓਡੀਸ਼ਾ 'ਚ ਭੁਵਨੇਸ਼ਵਰ ਦੇ ਇੱਕ ਪੁਲਿਸ ਥਾਣੇ ਵਿੱਚ ਕੀਤੇ ਗਏ ਸ਼ਰਮਨਾਕ ਕੁਰਕਰਮ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸਰਕਾਰ ਪਾਸੋਂ ਮੁਲਜ਼ਮ ਪੁਲਿਸ ਮੁਲਾਜ਼ਮਾਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਫ਼ੌਜੀ ਦੇਸ਼ ਦੀ ਰੱਖਿਆ ਲਈ ਬਾਰਡਰਾਂ 'ਤੇ ਡਿਊਟੀ ਨਿਭਾਅ ਰਹੇ ਹਨ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਅਜਿਹੀ ਘਟਨਾ ਵਾਪਰਨੀ ਸਰਕਾਰ ਲਈ ਹੋਰ ਵੀ ਨਮੋਸ਼ੀ ਵਾਲੀ ਗੱਲ ਹੈ। ਉਨ੍ਹਾਂ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਵੀ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਅਜਿਹੇ ਮੰਦਭਾਗੇ ਵਰਤਾਰੇ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ, ਕਿਉਂਕਿ ਅਕਸਰ ਹੀ ਦੇਖਣ ਵਿੱਚ ਆਉਂਦਾ ਹੈ ਕਿ ਦੇਸ਼ ਅੰਦਰ ਸਿੱਖਾਂ ਨਾਲ ਨਾ-ਇਨਸਾਫ਼ੀ ਵੱਧ ਰਹੀ ਹੈ।

ਉਥੇ ਹੀ ਕਾਂਗਰਸ ਨੇ ਵੀ ਇਸ ਮਾਮਲੇ ਵਿਚ ਮੋਹਨ ਮਾਝੀ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਇਸ ਮਾਮਲੇ 'ਤੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਭਰੋਸਾ ਦਿੱਤਾ ਹੈ ਕਿ ਜੋ ਵੀ ਦੋਸ਼ੀ ਪਾਇਆ ਗਿਆ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰਾਖੰਡ ਦੇ ਊਧਮ ਸਿੰਘ ਨਗਰ ਦੀ ਆਦਰਸ਼ ਕਲੋਨੀ ਪੁਲਿਸ ਚੌਕੀ ਦੇ ਇੰਚਾਰਜ ਵੱਲੋਂ ਜਾਂਚ ਦੇ ਨਾਮ 'ਤੇ ਸਿੱਖ ਨੌਜਵਾਨ ਜਸਦੀਪ ਸਿੰਘ ਦੇ ਨਾਲ ਬਦਸਲੂਕੀ ਕਰਨ ਅਤੇ ਉਸ ਦੇ ਕਕਾਰਾਂ ਦੀ ਬੇਅਦਬੀ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਪੁਲਿਸ ਅਧਿਕਾਰੀ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ

ਕੁਛ ਸਮਾਂ ਪਹਿਲਾਂ ਪੱਛਮੀ ਬੰਗਾਲ ਦੀ ਪੁਲਿਸ ਵਿਚ ਕੰਮ ਕਰ ਰਹੇ ਇਕ ਸੀਨੀਅਰ ਸਿੱਖ ਪੁਲਿਸ ਅਫ਼ਸਰ ਨੂੰ ਵੀ ਭਾਜਪਾ ਸਮਰਥਕਾਂ ਵਲੋਂ ਖ਼ਾਲਿਸਤਾਨੀ ਅਤੇ ਦੇਸ਼ਧ੍ਰੋਹੀ ਕਿਹਾ ਗਿਆ ਸੀ। ਉੱਤਰਾਖੰਡ ਅਤੇ ਕਈ ਹੋਰ ਥਾਵਾਂ 'ਤੇ ਸਿੱਖ ਕਕਾਰਾਂ ਦੀਆਂ ਤੌਹੀਨ ਕਰਨ ਦੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ। ਸਿੱਖ ਭਾਈਚਾਰੇ ਨੂੰ ਇਹ ਵੀ ਸ਼ਿਕਾਇਤ ਹੈ ਕਿ ਜਿਸ ਤਰ੍ਹਾਂ ਪਹਿਲਾਂ ਸਿੱਖ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਨੂੰ ਵੱਖ-ਵੱਖ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਤੇ ਗਵਰਨਰ ਬਣਾਉਣ ਅਤੇ ਹੋਰ ਵੱਡੇ ਅਹੁਦਿਆਂ 'ਤੇ ਨਿਯੁਕਤ ਕਰਨ ਦੇ ਅਵਸਰ ਮਿਲਦੇ ਸਨ, ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਉਹ ਕਾਫ਼ੀ ਹੱਦ ਤੱਕ ਘਟ ਗਏ ਹਨ, ਭਾਵੇਂ ਕਿ ਦੇਸ਼ ਦੀ ਆਜ਼ਾਦੀ ਅਤੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਹਰ ਮੋਰਚੇ 'ਤੇ ਰੱਖਿਆ ਕਰਨ ਦੇ ਮਾਮਲੇ ਵਿਚ ਸਿੱਖ ਭਾਈਚਾਰਾ ਹਮੇਸ਼ਾ ਅੱਗੇ ਰਹਿੰਦਾ ਰਿਹਾ ਹੈ।

ਸਿੱਖ ਭਾਈਚਾਰੇ ਵਿਚ ਇਸ ਗੱਲ ਨੂੰ ਲੈ ਕੇ ਗਹਿਰੀ ਚਿੰਤਾ ਹੈ ਕਿ ਜਿਸ ਤਰ੍ਹਾਂ ਭਾਜਪਾ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਨੇ ਆਪਣਾ ਨਿਸ਼ਾਨਾ ਧਰਮ ਨਿਰਪੱਖ ਦੇਸ਼ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਦਾ ਰੱਖਿਆ ਹੋਇਆ ਹੈ, ਉਸ ਨਾਲ ਆਉਣ ਵਾਲੇ ਸਮੇਂ ਵਿਚ ਦੂਜਿਆਂ ਘੱਟ ਗਿਣਤੀਆਂ ਦੀ ਤਰ੍ਹਾਂ ਹੀ ਸਿੱਖ ਭਾਈਚਾਰੇ ਲਈ ਵੀ ਵੱਡੀਆਂ ਮੁਸ਼ਕਿਲਾਂ ਪੈਦਾ ਹੋ ਸਕਦੀਆਂ ਹਨ। ਇਸ ਕਾਰਨ ਉਹ ਆਪਣੇ ਭਵਿੱਖ ਨੂੰ ਲੈ ਕੇ ਵੀ ਚਿੰਤਤ ਹੈ। ਜਿਸ ਤਰ੍ਹਾਂ 2020 ਵਿਚ ਚਲੇ ਕਿਸਾਨ ਅੰਦੋਲਨ ਦੌਰਾਨ ਸਿੱਖ ਕਿਸਾਨ ਆਗੂਆਂ ਨੂੰ ਖ਼ਾਲਿਸਤਾਨੀ ਅਤੇ ਦੇਸ਼ਧ੍ਰੋਹੀ ਕਹਿ ਕੇ ਭੰਡਿਆ ਗਿਆ ਸੀ, ਉਹ ਕੌੜੀਆਂ ਯਾਦਾਂ ਵੀ ਸਿੱਖ ਭਾਈਚਾਰੇ ਦੇ ਮਨ ਵਿਚ ਹਨ।

* * * * * * * *

# ਅਮਰੀਕਾ ਵਿਚ ਪ੍ਰਵਾਸੀ ਭਾਰਤੀਆਂ ਦਾ ਪੜ੍ਹਾਈ ਖੇਤਰ ਵਿਚ ਬੋਲਬਾਲਾ

## ✪ ਪੜ੍ਹੇ-ਲਿਖੇ ਪ੍ਰਵਾਸੀਆਂ ਵਿਚੋਂ 20 ਲੱਖ ਗਿਣਤੀ ਨਾਲ ਸਭ ਤੋਂ ਅੱਗੇ

ਵਾਸ਼ਿੰਗਟਨ-ਅਮਰੀਕਾ ਵਿਚ ਵੱਡੀ ਗਿਣਤੀ ਵਿਚ ਪ੍ਰਵਾਸੀ ਭਾਰਤੀ ਹਨ। ਅਮਰੀਕਾ ਰਹਿੰਦੇ ਭਾਰਤੀਆਂ ਨੇ ਪੜ੍ਹਾਈ ਦੇ ਖੇਤਰ ਵਿਚ ਆਪਣਾ ਦਬਦਬਾ ਕਾਇਮ ਕੀਤਾ ਹੈ। ਅਮਰੀਕਾ ਸਥਿਤ ਥਿੰਕਟੈਂਕ ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ (ਐਮ. ਪੀ. ਆਈ.) ਦੁਆਰਾ ਕੀਤੇ ਗਏ ਇੱਕ ਤਾਜ਼ਾ ਵਿਸ਼ਲੇਸ਼ਣ ਨੇ ਖੁਲਾਸਾ ਕੀਤਾ ਹੈ ਕਿ ਲਗਭਗ 48% 'ਹਾਲੀਆ' ਪ੍ਰਵਾਸੀ, ਜੋ ਕਿ 2018 ਅਤੇ 2022 ਵਿਚਕਾਰ ਅਮਰੀਕਾ ਆਏ ਹਨ - ਕੋਲ ਕਾਲਜ ਦੀ ਡਿਗਰੀ ਹੈ।

ਇੱਕ ਸੀਨੀਅਰ ਨੀਤੀ ਵਿਸ਼ਲੇਸ਼ਕ ਜੀਨ ਬਟਾਲੋਵਾ ਦੁਆਰਾ ਕੀਤੇ ਗਏ ਇਸ ਅਧਿਐਨ ਦਾ ਹਵਾਲਾ ਦਿੰਦੇ ਹੋਏ ਦੱਸਿਆ ਗਿਆ ਹੈ ਕਿ 2022 ਤੱਕ ਸਾਰੇ ਪ੍ਰਵਾਸੀ ਬਾਲਗਾਂ (14.1 ਮਿਲੀਅਨ ਲੋਕਾਂ) ਵਿੱਚੋਂ 35 ਪ੍ਰਤੀਸ਼ਤ ਕੋਲ ਬੈਚਲਰ ਡਿਗਰੀ ਜਾਂ ਇਸ ਤੋਂ ਵੱਧ ਸੀ, ਜੋ ਕਿ ਅਮਰੀਕਾ ਵਿੱਚ ਜਨਮੇ ਸਾਰੇ ਬਾਲਗਾਂ (67.8 ਮਿਲੀਅਨ) ਦੇ 36% ਦੇ ਬਰਾਬਰ ਹੈ, ਜੋ ਕਾਲਜ ਗ੍ਰੈਜੂਏਟ ਹੋਏ ਹਨ। ਭਾਰਤ ਪੜ੍ਹੇ-ਲਿਖੇ ਪ੍ਰਵਾਸੀਆਂ ਦੇ ਗਲੋਬਲ ਪੂਲ ਦੀ ਅਗਵਾਈ ਕਰ ਰਿਹਾ ਹੈ, ਜਿਸ ਵਿਚ 20 ਲੱਖ ਡਿਗਰੀ ਧਾਰਕ, ਜਾਂ ਕੁੱਲ ਪੜ੍ਹੀ-ਲਿਖੀ ਪ੍ਰਵਾਸੀ ਆਬਾਦੀ ਦਾ 14% ਹਿੱਸਾ ਸ਼ਾਮਲ ਹੈ।

ਚੀਨ (ਹਾਂਗਕਾਂਗ ਸਮੇਤ) ਦੇ 1.1 ਮਿਲੀਅਨ ਪੜ੍ਹੇ-ਲਿਖੇ ਪ੍ਰਵਾਸੀ ਹਨ, ਜੋ ਕਿ



2022 ਤੱਕ ਕੁੱਲ ਕਾਲਜ-ਪੜ੍ਹੇ-ਲਿਖੇ ਪ੍ਰਵਾਸੀ ਆਬਾਦੀ ਦਾ 7.9% ਬਣਾਉਂਦੇ ਹਨ। ਫਿਲੀਪੀਨਜ਼ ਅਤੇ ਮੈਕਸੀਕੋ ਕ੍ਰਮਵਾਰ 7% ਅਤੇ 6% ਦੇ ਨਾਲ ਦੂਜੇ ਸਥਾਨ 'ਤੇ ਹਨ। ਇਹ ਵਿਸ਼ਲੇਸ਼ਣ ਅਮਰੀਕੀ ਜਨਗਣਨਾ ਬਿਊਰੋ (2022 ਅਛਸ਼) ਦੇ ਅੰਕੜਿਆਂ 'ਤੇ ਨਿਰਭਰ ਹੈ।

ਕੁਝ ਕਾਲਜ-ਪੜ੍ਹੇ-ਲਿਖੇ ਪ੍ਰਵਾਸੀ ਉੱਚ-ਹੁਨਰਮੰਦ ਕਾਮਿਆਂ ਅਤੇ ਖੋਜੀਆਂ ਲਈ ਅਸਥਾਈ ਵੀਜ਼ਿਆਂ 'ਤੇ, ਜਾਂ ਅਮਰੀਕੀ ਨਿਵਾਸੀਆਂ ਦੇ ਪਰਿਵਾਰਕ ਮੈਂਬਰਾਂ ਵਜੋਂ, ਜਾਂ ਮਾਨਵਤਾਵਾਦੀ ਪ੍ਰਵਾਸੀਆਂ ਵਜੋਂ, ਜਾਂ ਹੋਰ ਮਾਰਗਾਂ ਰਾਹੀਂ ਅਮਰੀਕਾ ਆਉਂਦੇ ਹਨ। ਦੂਸਰੇ ਅਮਰੀਕਾ ਵਿੱਚ ਜਨਮ ਲੈਣ ਤੋਂ ਬਾਅਦ ਆਪਣੀ ਸਿੱਖਿਆ ਪ੍ਰਾਪਤ ਕਰਦੇ ਹਨ। ਇਹ ਵਿਸ਼ਲੇਸ਼ਣ 2022 ਤੱਕ ਕਾਲਜ-ਪੜ੍ਹੇ-ਲਿਖੇ ਪ੍ਰਵਾਸੀਆਂ ਦੀ ਸੰਖਿਆ ਨੂੰ ਨਹੀਂ ਦਰਸਾਉਂਦਾ। ਹਾਲਾਂਕਿ ਇਹ 2018-2022 ਵਿਚਕਾਰ ਆਉਣ ਵਾਲੇ ਕਾਲਜ-ਪੜ੍ਹੇ-ਲਿਖੇ ਪ੍ਰਵਾਸੀਆਂ ਦੀ ਗਿਣਤੀ ਦਾ ਵਿਸ਼ਲੇਸ਼ਣ ਕਰਦਾ ਹੈ, ਇਹ ਪ੍ਰਵਾਹ 1.7 ਮਿਲੀਅਨ ਸੀ। ਇਸ ਪ੍ਰਵਾਹ ਦਾ ਲਗਭਗ 20% ਭਾਰਤ ਤੋਂ ਸੀ।

ਕਾਲਜ-ਪੜ੍ਹੇ-ਲਿਖੇ ਪ੍ਰਵਾਸੀਆਂ ਦੇ ਅੰਗਰੇਜ਼ੀ ਵਿੱਚ ਨਿਪੁੰਨ ਹੋਣ ਦੀ ਸੰਭਾਵਨਾ ਹੈ, 2022 ਵਿੱਚ 74% ਨੇ ਸਿਰਫ਼ ਅੰਗਰੇਜ਼ੀ ਬੋਲਣ ਜਾਂ ਚੰਗੀ ਤਰ੍ਹਾਂ ਬੋਲਣ ਦੀ ਰਿਪੋਰਟ ਦਿੱਤੀ'। 2022 ਵਿੱਚ 15% ਪ੍ਰਵਾਸੀ ਕਾਲਜ ਗ੍ਰੈਜੂਏਟਾਂ ਨੇ ਪ੍ਰੋਫੈਸ਼ਨਲ ਜਾਂ ਡਾਕਟੋਰਲ ਡਿਗਰੀਆਂ ਸਨ, ਜਦੋਂ ਕਿ ਅਮਰੀਕਾ ਵਿੱਚ ਜਨਮੇ ਉਨ੍ਹਾਂ ਦੇ ਹਮਰੁਤਬਿਆਂ ਕੋਲ ਸਿਰਫ਼ 11% ਸੀ। ਦੋਨਾਂ ਸਮੂਹਾਂ ਕੋਲ ਮਾਸਟਰ ਦੀ ਡਿਗਰੀ (ਵਿਦੇਸ਼ੀ ਪੈਦਾ ਹੋਏ ਲੋਕਾਂ ਲਈ 30% ਅਤੇ ਅਮਰੀਕਾ ਵਿੱਚ ਪੈਦਾ ਹੋਏ ਲੋਕਾਂ ਲਈ 28%) ਹੋਣ ਦੀ ਲਗਭਗ ਬਰਾਬਰ ਸੰਭਾਵਨਾ ਸੀ।

ਪ੍ਰਵਾਸੀ ਕਾਲਜ ਗ੍ਰੈਜੂਏਟਾਂ ਲਈ ਚੋਟੀ ਦੇ ਪੰਜ ਕਿੱਤਾਮੁਖੀ ਸਮੂਹ ਪ੍ਰਬੰਧਨ (16%), ਕੰਪਿਊਟਰ ਅਤੇ ਗਣਿਤ ਦੇ ਕਿੱਤੇ (13%), ਸਿਹਤ ਪ੍ਰੈਕਟੀਸ਼ਨਰ ਅਤੇ ਟੈਕਨੀਸ਼ੀਅਨ (11%), ਵਪਾਰ ਅਤੇ ਵਿੱਤੀ ਸੰਚਾਲਨ (10%), ਅਤੇ ਸਿੱਖਿਆ ਅਤੇ ਸੰਬੰਧਿਤ ਕਿੱਤੇ (9%)) ਸਨ।


# ਪੰਜਾਬ ਵਿਚ ਵਿਕ ਰਿਹਾ ਏ ਮਿਲਾਵਟੀ ਤੇ ਜ਼ਹਿਰੀਲਾ ਨਕਲੀ ਦੁੱਧ

## ✪ ਨਕਲੀ ਦੁੱਧ ਦੇ ਉਤਪਾਦਾਂ ਦੀ ਵਿਕਰੀ ਜ਼ੋਰਾਂ 'ਤੇ ਸਰਕਾਰ ਗੰਭੀਰ ਨਹੀਂ ✪ ਹਾਈਕੋਰਟ ਸਖ਼ਤ, ਸਰਕਾਰ ਨੂੰ ਜਾਰੀ ਕੀਤਾ ਨੋਟਿਸ

• ਖਾਸ ਖ਼ਬਰ •

ਹੁਣੇ ਜਿਹੇ ਕੀਤੇ ਗਏ ਕੁਝ ਸਰੇਵਖਣਾਂ ਮੁਤਾਬਕ, ਪੰਜਾਬ ਵਿਚ ਦੇਸੀ ਘਿਓ ਦੇ 21 ਤੇ ਖੋਏ ਦੇ 26 ਫ਼ੀਸਦੀ ਨਮੂਨੇ ਘੱਟ-ਘੱਟ ਪੈਮਾਨੇ ਪੂਰਾ ਕਰਨ ਵਿਚ ਨਾਕਾਮ ਰਹੇ ਹਨ। ਸਬੰਧਤ ਅਧਿਕਾਰੀ ਇਸ ਮਾਮਲੇ ਵਿਚ ਅੱਖਾਂ ਬੰਦ ਕਰੀ ਬੈਠੇ ਹਨ ਤੇ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਰਹੇ ਹਨ। ਇਸ ਵਿਸ਼ੇ 'ਤੇ ਦਾਖ਼ਲ ਇਕ ਜਨਹਿੱਤ ਪਟੀਸ਼ਨ 'ਤੇ ਹਾਈ ਕੋਰਟ ਨੇ ਸਖ਼ਤ ਰੁਖ਼ ਅਪਣਾਉਂਦੇ ਹੋਏ ਪੰਜਾਬ ਵਿਚ ਮਿਲਾਵਟੀ ਦੁੱਧ ਤੇ ਦੁੱਧ ਆਧਾਰਿਤ ਉਤਪਾਦਾਂ ਦੀ ਵਿਕਰੀ ਦੀਆਂ ਵਧਦੀਆਂ ਸਮੱਸਿਆਵਾਂ ਨੂੰ ਕੰਟਰੋਲ ਕਰਨ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਨ ਤੇ ਮਾਮਲੇ ਵਿਚ ਜਵਾਬ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਅਨਿਲ ਖੇਤਰਪਾਲ ਦੇ ਬੈਂਚ ਨੇ ਇਹ ਆਦੇਸ਼ ਹਾਈ ਕੋਰਟ ਦੀ ਵਕੀਲ ਸੁਨੈਨਾ ਵੱਲੋਂ ਦਾਖ਼ਲ ਪਟੀਸ਼ਨ 'ਤੇ ਜਾਰੀ ਕੀਤਾ।

ਸੁਨੈਨਾ ਨੇ ਕੁਝ ਰਿਪੋਰਟਾਂ ਦਾ ਹਵਾਲਾ ਦੇ ਕੇ ਹਾਈ ਕੋਰਟ ਨੂੰ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਮੁਤਾਬਕ ਭਾਰਤ ਵਿਚ ਰੋਜ਼ਾਨਾ ਵਿਕਣ ਵਾਲੇ 64 ਕਰੋੜ ਲੀਟਰ ਦੁੱਧ ਵਿਚੋਂ 50 ਕਰੋੜ ਲੀਟਰ ਦੁੱਧ ਨਕਲੀ ਜਾਂ ਮਿਲਾਵਟੀ



ਹੁੰਦਾ ਹੈ। ਭਾਰਤ ਦੇ 70 ਫ਼ੀਸਦੀ ਤੋਂ ਵੱਧ ਦੁੱਧ ਉਤਪਾਦ ਰਾਸ਼ਟਰੀ ਖ਼ੁਰਾਕੀ ਪੈਮਾਨਿਆਂ 'ਤੇ ਖਰੇ ਨਹੀਂ ਉਤਰੇ। ਜੇਕਰ ਦੁੱਧ ਉਤਪਾਦਾਂ ਦੀ ਜਾਂਚ ਨਾ ਕੀਤੀ ਗਈ ਤਾਂ 2025 ਤੱਕ 97 ਫ਼ੀਸਦੀ ਭਾਰਤੀ ਮਾਰੂ ਬਿਮਾਰੀਆਂ ਕੈਂਸਰ ਕਾਲਾ ਪੀਲੀਆ, ਕਿਡਨੀ ਬਿਮਾਰੀਆਂ ਹਾਰਟ ਅਟੈਕ ਆਦਿ ਦਾ ਸ਼ਿਕਾਰ ਹੋ ਸਕਦੇ ਹਨ।

ਵਿਗਿਆਨ ਤੇ ਤਕਨੀਕੀ ਮੰਤਰਾਲੇ ਦੀ ਰਿਪੋਰਟ ਮੁਤਾਬਕ, 89.2 ਫ਼ੀਸਦੀ ਦੁੱਧ ਉਤਪਾਦਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੀ ਮਿਲਾਵਟ ਪਾਈ ਗਈ ਹੈ। ਹਾਈ ਕੋਰਟ ਨੇ ਦੱਸਿਆ ਕਿ ਭਾਰਤ ਦੁੱਧ ਉਤਪਾਦਨ ਦੇ ਮਾਮਲੇ ਵਿਚ ਦੁਨੀਆ ਦੇ ਮੋਹਰੀ ਦੇਸ਼ਾਂ ਵਿਚ ਸ਼ਾਮਿਲ ਹੈ, ਪਰ ਇੱਥੇ ਮਿਲਾਵਟੀ ਦੁੱਧ ਉਤਪਾਦਨ ਕਿਤੇ ਜ਼ਿਆਦਾ ਹੈ। ਜੇਕਰ ਅੰਕੜੇ ਦੇਖੀਏ ਤਾਂ ਦੇਸ਼ ਵਿਚ 14 ਕਰੋੜ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ, ਜਦਕਿ ਖਪਤ 65 ਕਰੋੜ ਲੀਟਰ ਹੈ। ਉਤਪਾਦਨ ਤੇ ਖਪਤ ਵਿਚਕਾਰ ਫ਼ਰਕ ਤੋਂ ਸਾਫ਼ ਹੈ ਕਿ ਮੰਗ ਮਿਲਾਵਟੀ ਦੁੱਧ ਤੇ ਦੁੱਧ ਉਤਪਾਦਾਂ ਤੋਂ ਪੂਰੀ ਕੀਤੀ ਜਾ ਰਹੀ ਹੈ।

ਪਟੀਸ਼ਨਰ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਸੂਬਾ ਸਰਕਾਰ ਨੂੰ ਨਿਰਦੇਸ਼ ਜਾਰੀ ਕਰਕੇ ਦੁੱਧ ਤੇ ਦੁੱਧ ਉਤਪਾਦਾਂ ਦੀ ਰੈਗੂਲਰ ਜਾਂਚ ਯਕੀਨੀ ਬਣਾਈ ਜਾਵੇ। ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਉਹ ਕਿਵੇਂ ਮਿਲਾਵਟੀ ਦੁੱਧ ਉਤਪਾਦਾਂ ਦੀ ਜਾਂਚ ਕਰ ਸਕਦੇ ਹਨ। ਪਟੀਸ਼ਨ 'ਚ ਇਸ ਮਾਮਲੇ ਵਿਚ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ।

### ਨਕਲੀ ਦੁੱਧ ਬਣਾਉਣ 'ਚ ਖ਼ਤਰਨਾਕ ਪਦਾਰਥਾਂ ਦਾ ਹੁੰਦਾ ਹੈ ਇਸਤੇਮਾਲ

ਹਾਈ ਕੋਰਟ ਨੂੰ ਦੱਸਿਆ ਗਿਆ ਕਿ ਨਕਲੀ ਦੁੱਧ ਬਣਾਉਣ ਵਿਚ ਖ਼ਤਰਨਾਕ ਡਿਟਰਜੈਂਟ, ਕਾਸਟਿਕ ਸੋਢਾ, ਸਫੇਦ ਪੇਂਟ, ਹਾਈਡ੍ਰੋਪੈਰਾਕਸਾਈਡ, ਵਨਸਪਤੀ ਤੇਲ, ਫਰਟੀਲਾਈਜ਼ਰ ਵਰਗੇ ਖ਼ਤਰਨਾਕ ਪਦਾਰਥਾਂ ਦਾ ਇਸਤੇਮਾਲ ਹੁੰਦਾ ਹੈ। ਇਹ ਸਾਰੇ ਪਦਾਰਥ ਮਨੁੱਖੀ ਸਿਹਤ ਲਈ ਮਾਰੂ ਹਨ ਤੇ ਕੈਂਸਰ ਵਰਗੇ ਕਈ ਮਾਰੂ ਰੋਗਾਂ ਦਾ ਕਾਰਕ ਹਨ।

## ਕਿਸ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ ਜ਼ਹਿਰ ਵਰਗਾ ਨਕਲੀ ਦੁੱਧ

ਨਕਲੀ ਦੁੱਧ ਨੂੰ ਤਿਆਰ ਕਰਨ ਲਈ ਪਹਿਲਾਂ ਮਾਲਟੋਡੈੱਕਸ ਪਾਉਡਰ ਨੂੰ ਇਕ ਬਰਤਨ ਵਿਚ ਪਾ ਉਸ ਵਿਚ ਪਾਣੀ ਦੀ ਮਦਦ ਨਾਲ ਘੋਲ ਤਿਆਰ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਇਸ ਵਿਚ ਰਿਫਾਈਂਡ ਆਇਲ ਮਿਲਾਇਆ ਜਾਂਦਾ ਹੈ। ਇਸ ਤੋਂ ਬਾਅਦ ਇਸ ਘੋਲ ਨੂੰ ਇਕ ਛੋਟੀ ਮਸ਼ੀਨ ਦੀ ਮਦਦ ਨਾਲ ਚੰਗੀ ਤਰ੍ਹਾਂ ਮਿਕਸ ਕੀਤਾ ਜਾਂਦਾ ਹੈ। ਇਸ ਤਿਆਰ ਕੀਤੇ ਘੋਲ ਦੀ ਗਰੈਵਟੀ ਨੂੰ ਵਧਾਉਣ ਲਈ ਬੀ.ਆਰ (ਗੂੰਦ ਵਰਗੇ ਪਦਾਰਥ) ਦਾ ਇਸਤੇਮਾਲ ਵੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਹ ਨਕਲੀ ਦੁੱਧ ਅਸਲੀ ਵਾਂਗ ਤਿਆਰ ਹੋ ਕੇ ਲੋਕਾਂ ਤੱਕ 50 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਜ਼ਹਿਰ ਬਣ ਕੇ ਪੁੱਜ ਰਿਹਾ ਹੈ। ਇਸ ਨੂੰ ਤਿਆਰ ਕਰਨ ਲਈ ਕਈ ਵਾਰ ਯੂਰੀਆ, ਤੇਲ, ਕਾਸਟਿਕ ਸੋਡਾ ਅਤੇ ਸੈਂਟ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

# ਠੱਗ ਬਾਬਾ ਹੋਣ ਦਾ ਦਿਖਾਵਾ ਕਰਕੇ ਔਰਤ ਤੋਂ ਢਾਈ ਤੋਲੇ ਸੋਨੇ ਦੀਆਂ ਚੂੜੀਆਂ ਲੈ ਕੇ ਫਰਾਰ

## ✪ ਪੁਲਿਸ ਨੇ ਕੀਤੀ ਮੁਲਜ਼ਮਾਂ ਦੀ ਪਛਾਣ, ਕਿਹਾ ਕਿ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ

ਮੁਕਤਸਰ ਸਾਹਿਬ-ਬਾਬੇ ਦੇ ਭੇਸ ਵਿਚ ਆਇਆ ਇਕ ਵਿਅਕਤੀ ਤੇ ਉਸ ਦੇ ਦੋ ਹੋਰ ਸਾਥੀ ਬੈਂਕ ਰੋਡ 'ਤੇ ਮੰਦਰ ਤੋਂ ਵਾਪਸ ਆ ਰਹੀ ਬਜ਼ੁਰਗ ਔਰਤ ਕ੍ਰਿਸ਼ਨਾ ਕੁਮਾਰੀ ਦਾ ਸਾਰਾ ਦੁੱਖ ਦੂਰ ਕਰਨ ਦੇ ਬਹਾਨੇ ਉਸ ਦੀਆਂ ਢਾਈ ਤੋਲੇ ਸੋਨੇ ਦੀਆਂ ਚੂੜੀਆਂ ਲੈ ਕੇ ਫ਼ਰਾਰ ਹੋ ਗਏ।

ਥਾਣਾ ਸਿਟੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਸਾਰੀ ਘਟਨਾ ਮੰਦਰ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ 'ਚ ਕੈਦ ਹੋ ਗਈ ਹੈ। ਸੀਸੀਟੀਵੀ ਵਿਚ ਬਾਬੇ ਦੇ ਭੇਸ 'ਚ ਵਿਅਕਤੀ ਮੋਟਰਸਾਈਕਲ ਦੇ ਪਿੱਛੇ ਭੱਜ ਕੇ ਬੈਠਦਾ ਦਿਖਾਈ ਦੇ ਰਿਹਾ ਹੈ।

ਪੀੜਤ ਬੀਬੀ ਅਨੁਸਾਰ ਬਾਬੇ ਦੇ ਭੇਸ ਵਿਚ ਉਸ ਵਿਅਕਤੀ ਨੇ ਉਸ ਵੱਲ ਦੇਖਿਆ ਅਤੇ ਕਿਹਾ ਕਿ ਮਾਤਾ ਜੀ ਤੁਹਾਡੇ ਘਰ ਬਹੁਤ ਦੁੱਖ ਹੈ। ਤੁਸੀਂ ਬਹੁਤ ਉਦਾਸ ਰਹਿੰਦੇ ਹੋ। ਮੈਂ ਤੇਰੇ ਸਾਰੇ ਦੁੱਖ ਦੂਰ ਕਰ ਦਿਆਂਗਾ। ਇਸ ਤੋਂ ਬਾਅਦ ਬਾਬੇ ਨੇ ਇੱਕ ਕੱਪੜਾ ਕੱਢ ਕੇ ਉਸ ਵਿਚ ਸੌ ਰੁਪਏ ਅਤੇ ਇੱਕ ਛੋਟਾ ਪੱਥਰ ਰੱਖ ਦਿੱਤਾ। ਬਾਬਾ ਬੋਲਿਆ ਤੂੰ ਜੋ ਸੋਨੇ ਦੇ ਗਹਿਣੇ ਪਹਿਨੇ ਹਨ, ਉਹ ਉਤਾਰ ਕੇ ਇਸ ਕੱਪੜੇ ਵਿਚ ਪਾ ਦੇ।

ਇਹ ਸੋਨਾ ਤੁਹਾਨੂੰ ਕੱਪੜੇ ਵਿਚ ਬੰਨ੍ਹ ਕੇ



ਵਾਪਸ ਦਿੱਤਾ ਜਾਵੇਗਾ। ਔਰਤ ਨੇ ਦੱਸਿਆ ਕਿ ਉਸਨੇ ਆਪਣੀਆਂ ਪਹਿਨੀਆਂ ਢਾਈ ਤੋਲੇ ਸੋਨੇ ਦੀਆਂ ਚੂੜੀਆਂ ਲਾਹ ਕੇ ਕੱਪੜੇ ਵਿਚ ਰੱਖ ਦਿੱਤੀਆਂ। ਬਾਬੇ ਨੇ ਕੱਪੜਾ ਬੰਦ ਕਰ ਕੇ ਉਸ ਨੂੰ ਫੜਾ ਦਿੱਤਾ ਅਤੇ ਕਿਹਾ ਕਿ ਘਰ ਜਾ ਕੇ ਕੱਪੜਾ ਖੋਲ੍ਹਣਾ ਹੈ। ਉਹ ਕੱਪੜਾ ਲੈ ਕੇ ਘਰ ਚਲੀ ਗਈ। ਘਰ ਜਾ ਕੇ ਜਦ ਕੱਪੜਾ ਖੋਲ੍ਹ ਕੇ ਦੇਖਿਆ ਤਾਂ ਕੱਪੜੇ ਵਿਚ ਸੋਨੇ ਦੀਆਂ ਚੂੜੀਆਂ ਨਹੀਂ ਸਨ। ਇੱਥੋਂ ਤੱਕ ਕਿ ਬਾਬੇ ਵੱਲੋਂ ਰੱਖਿਆ ਸੌ ਰੁਪਿਆ ਵੀ ਨਹੀਂ ਸੀ।

ਕੱਪੜੇ ਵਿਚ ਸਿਰਫ਼ ਪੰਜ ਟੁੱਕੜੇ ਪੱਥਰ ਦੇ ਸਨ। ਜਦੋਂ ਕਿ ਬਾਬੇ ਨੇ ਪੱਥਰ ਦਾ ਇਕ ਟੁਕੜਾ ਕੱਪੜੇ ਵਿਚ ਰੱਖਿਆ ਹੋਇਆ ਸੀ। ਉਹ ਹੈਰਾਨ ਸੀ। ਉਹ ਤੁਰੰਤ ਘਰੋਂ ਬਾਹਰ ਭੱਜ ਗਈ ਪਰ ਉਦੋਂ ਤੱਕ ਬਾਬਾ ਤੇ ਉਸ ਦੇ ਸਾਥੀ ਭੱਜ ਚੁੱਕੇ ਸਨ।

ਦੂਜੇ ਪਾਸੇ ਘਟਨਾ ਵਾਲੀ ਥਾਂ 'ਤੇ ਪਹੁੰਚੇ ਥਾਣਾ ਸਿਟੀ ਦੇ ਇੰਚਾਰਜ ਜਸਕਰਨਦੀਪ ਸਿੰਘ ਨੇ ਦੱਸਿਆ ਕਿ ਔਰਤ ਦੇ ਬਿਆਨ ਦਰਜ ਕਰ ਲਏ ਗਏ ਹਨ। ਮੰਦਰ ਦੇ ਅੰਦਰ ਅਤੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਦੇਖਿਆ ਜਾ ਰਿਹਾ ਹੈ। ਉਨ੍ਹਾਂ ਨੂੰ ਬਾਬੇ ਦੇ ਭੇਸ 'ਚ ਅਤੇ ਦੋ ਹੋਰ, ਜਿਨ੍ਹਾਂ 'ਚੋਂ ਇਕ ਔਰਤ ਹੈ ਦੀ ਸੀਸੀਟੀਵੀ ਫੁਟੇਜ ਮਿਲੀ ਹੈ। ਜਿਸ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਲਦੀ ਹੀ ਮੁਲਜ਼ਮਾਂ ਦੀ ਪਛਾਣ ਕਰ ਕੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਭਾਰਤ ਵਿਚ ਮੰਕੀਪੌਕਸ ਦੇ 30 ਮਾਮਲੇ ਸਾਹਮਣੇ ਆਏ

### ✪ ਵਿਸ਼ਵ ਸਿਹਤ ਸੰਗਠਨ ਨੇ ਐਮਪੌਕਸ ਨੂੰ ਜਨਤਕ ਸਿਹਤ ਐਮਰਜੈਂਸੀ ਕੀਤਾ ਘੋਸ਼ਿਤ

ਨਵੀਂ ਦਿੱਲੀ-ਭਾਰਤ ਵਿੱਚ ਮੰਕੀਪੌਕਸ ਸਟ੍ਰੇਨ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨਾਲ ਵਿਸ਼ਵ ਸਿਹਤ ਸੰਗਠਨ ਨੇ ਪਿਛਲੇ ਮਹੀਨੇ ਇਸਨੂੰ ਜਨਤਕ ਸਿਹਤ ਐਮਰਜੈਂਸੀ ਘੋਸ਼ਿਤ ਕਰਨ ਲਈ ਕਿਹਾ। ਕੇਰਲ ਦੇ ਇੱਕ ਮਰੀਜ਼ ਵਿੱਚ ਪਿਛਲੇ ਹਫ਼ਤੇ ਵਾਇਰਸ ਦੇ ਲੱਛਣ ਪਾਏ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਮਲੱਪੁਰਮ ਜ਼ਿਲ੍ਹੇ ਦੇ ਇੱਕ 38 ਸਾਲਾ ਵਿਅਕਤੀ ਵਿੱਚ ਕਲੇਡ 1ਬੀ ਸਟ੍ਰੇਨ ਪਾਇਆ ਗਿਆ ਹੈ, ਜੋ ਹਾਲ ਹੀ ਵਿੱਚ ਸੰਯੁਕਤ ਅਰਬ ਅਮੀਰਾਤ ਤੋਂ ਵਾਪਸ ਆਇਆ ਸੀ। ਸੂਤਰਾਂ ਨੇ ਦੱਸਿਆ ਕਿ ਮਰੀਜ਼ ਦੀ ਹਾਲਤ ਸਥਿਰ ਹੈ। ਉਨ੍ਹਾਂ ਕਿਹਾ ਕਿ 'ਮੌਜੂਦਾ ਸਟ੍ਰੇਨ ਦਾ ਇਹ ਪਹਿਲਾ ਮਾਮਲਾ ਹੈ, ਜਿਸ ਕਾਰਨ ਵਿਸ਼ਵ ਸਿਹਤ ਸੰਗਠਨ ਨੇ ਪਿਛਲੇ ਮਹੀਨੇ ਐਮਪੌਕਸ ਨੂੰ ਦੂਜੀ ਵਾਰ ਜਨਤਕ ਸਿਹਤ ਐਮਰਜੈਂਸੀ ਘੋਸ਼ਿਤ ਕੀਤਾ ਸੀ।'

ਹਰਿਆਣਾ ਦੇ ਹਿਸਾਰ ਦਾ ਇੱਕ 26 ਸਾਲਾ ਨਿਵਾਸੀ ਸੀ, ਜੋ ਇਸ ਮਹੀਨੇ ਦੇ ਸ਼ੁਰੂ ਵਿੱਚ ਪਿਛਲੇ ਪੱਛਮੀ ਅਫ਼ਰੀਕੀ ਕਲੇਡ 2 ਸਟ੍ਰੇਨ ਲਈ ਸਕਾਰਾਤਮਕ ਪਾਇਆ ਗਿਆ ਸੀ। ਵਿਸ਼ਵ ਸਿਹਤ ਸੰਗਠਨ ਦੁਆਰਾ 2022 ਵਿੱਚ ਐਮਪੀਓਐਕਸ ਨੂੰ ਅੰਤਰਰਾਸ਼ਟਰੀ ਚਿੰਤਾ ਦੀ ਜਨਤਕ ਸਿਹਤ ਐਮਰਜੈਂਸੀ ਘੋਸ਼ਿਤ ਕੀਤੇ ਜਾਣ ਤੋਂ ਬਾਅਦ ਭਾਰਤ ਵਿੱਚ 30 ਮਾਮਲੇ ਸਾਹਮਣੇ ਆਏ ਹਨ।

# ਕੈਨੇਡਾ ਭੇਜਣ ਦੇ ਨਾਂ 'ਤੇ 25.73 ਲੱਖ ਠੱਗੇ, ਦੋ ਇਮੀਗ੍ਰੇਸ਼ਨ ਸੈਂਟਰਾਂ ਦੇ ਅੱਠ ਜਣਿਆਂ ਖ਼ਿਲਾਫ਼ ਕੇਸ ਦਰਜ

ਬਠਿੰਡਾ-ਚੰਗੇ ਸਥਾਨਕ ਸ਼ਹਿਰ ਦੇ ਦੋ ਇਮੀਗ੍ਰੇਸ਼ਨ ਸੈਂਟਰ ਸੰਚਾਲਕਾਂ ਨੇ ਕੈਨੇਡਾ ਭੇਜਣ ਦੇ ਬਹਾਨੇ ਇਕ ਨੌਜਵਾਨ ਤੇ ਲੜਕੀ ਨਾਲ ਕਰੀਬ 25 ਲੱਖ 73 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ ਠੱਗੀ ਦਾ ਸ਼ਿਕਾਰ ਹੋਏ ਵਿਅਕਤੀਆਂ ਵੱਲੋਂ ਇਸ ਮਾਮਲੇ ਦੀ ਸ਼ਿਕਾਇਤ ਐੱਸਐੱਸਪੀ ਬਠਿੰਡਾ ਕੋਲ ਕੀਤੀ ਗਈ ਸੀ। ਪੁਲਿਸ ਕਪਤਾਨ ਦੇ ਹੁਕਮਾਂ 'ਤੇ ਈਓ ਵਿੰਗ ਨੇ ਮਾਮਲੇ ਦੀ ਜਾਂਚ ਕਰ ਕੇ ਦੋਵਾਂ ਇਮੀਗ੍ਰੇਸ਼ਨ ਸੈਂਟਰਾਂ ਦੇ ਮਾਲਕਾਂ ਸਮੇਤ ਕੁੱਲ 8 ਵਿਅਕਤੀਆਂ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




ਪਹਿਲੇ ਮਾਮਲੇ 'ਚ ਥਾਣਾ ਸਿਵਲ ਲਾਈਨ ਵਿਖੇ ਦਰਜ ਕਰਵਾਈ ਸ਼ਿਕਾਇਤ ਵਿਚ ਰਾਮ ਸਿੰਘ ਵਾਸੀ ਪਿੰਡ ਜੈ ਸਿੰਘ ਨੇ ਦੱਸਿਆ ਕਿ ਉਸ ਨੇ ਕੈਨੇਡਾ ਦਾ ਵਰਕ ਪਰਮਿਟ ਲੈਣ ਲਈ ਮਹੇਸ਼ਵਰੀ ਚੌਕ 'ਚ ਸਥਿਤ ਵੀਜ਼ਾ ਐਕਸਪਰਟ ਦੇ ਮਾਲਕ ਨਵਪ੍ਰੀਤ ਸਿੰਘ ਤੇ ਗੁਰਮੇਲ ਸਿੰਘ ਵਾਸੀ ਪਿੰਡ ਸਿਵੀਆਂ ਨਾਲ ਸੰਪਰਕ ਕੀਤਾ।

ਉਕਤ ਵਿਅਕਤੀਆਂ ਨੇ ਉਸ ਨੂੰ ਦੱਸਿਆ ਸੀ ਕਿ ਕੈਨੇਡਾ ਦਾ ਵਰਕ ਪਰਮਿਟ ਲੈਣ ਲਈ 24 ਲੱਖ ਰੁਪਏ ਦਾ ਖ਼ਰਚਾ ਆਵੇਗਾ। ਪੀੜਤ ਨੌਜਵਾਨ ਅਨੁਸਾਰ ਉਕਤ ਵਿਅਕਤੀਆਂ ਦੀਆਂ ਗੱਲਾਂ ਦੇ ਝਾਂਸੇ ਵਿਚ ਆ ਕੇ ਉਹ 24 ਲੱਖ ਰੁਪਏ ਦੇਣਾ ਮੰਨ ਗਿਆ ਤੇ ਆਪਣੇ ਦਸਤਾਵੇਜ਼ਾਂ ਸਮੇਤ 4 ਲੱਖ ਰੁਪਏ ਪੇਸ਼ਗੀ ਦੇ ਤੌਰ 'ਤੇ ਦੇ ਦਿੱਤੇ।

ਪੀੜਤ ਨੇ ਦੱਸਿਆ ਕਿ ਉਕਤ ਵਿਅਕਤੀਆਂ ਨੇ ਪਹਿਲਾਂ ਉਸ ਨੂੰ ਐੱਲਐੱਮਆਈਏ ਲੈ ਕੇ ਦਿੱਤਾ ਅਤੇ 10 ਲੱਖ ਰੁਪਏ ਹੋਰ ਲੈ ਲਏ। ਜਿਸ ਤੋਂ ਬਾਅਦ ਉਸਦੇ ਪਾਸਪੋਰਟ 'ਤੇ ਜਾਅਲੀ ਮੋਹਰ ਲਗਾ ਦਿੱਤੀ ਤੇ ਕਿਹਾ ਕਿ ਉਸਦਾ ਵੀਜ਼ਾ ਆ ਜਾਵੇਗਾ ਤੇ ਉਹ ਬਾਕੀ 12 ਲੱਖ ਰੁਪਏ ਜਮ੍ਹਾ ਕਰਵਾ ਦੇਵੇ। ਵੀਜ਼ਾ ਆਉਣ ਦੀ ਗੱਲ ਸੁਣ ਕੇ ਉਸ ਨੇ ਬਕਾਇਆ ਰਕਮ ਅਦਾ ਕਰ ਦਿੱਤੀ। ਪੀੜਤ ਨੇ ਦੱਸਿਆ ਕਿ ਜਦ ਉਸ ਨੇ ਵੀਜ਼ਾ ਚੈੱਕ ਕਰਵਾਇਆ ਤਾਂ ਉਹ ਜਾਅਲੀ ਨਿਕਲਿਆ।

ਜਿਸ ਤੋਂ ਬਾਅਦ ਉਸ ਨੇ ਸੈਂਟਰ ਵਾਲਿਆਂ ਤੋਂ ਆਪਣੇ ਪੈਸੇ ਵਾਪਸ ਮੰਗੇ ਤਾਂ ਮੁਲਜ਼ਮਾਂ ਨੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ 8 ਲੱਖ 56 ਹਜ਼ਾਰ ਰੁਪਏ ਵਾਪਸ ਕਰ ਦਿੱਤੇ ਪਰ 15 ਲੱਖ 28 ਹਜ਼ਾਰ ਰੁਪਏ ਵਾਪਸ ਨਾ ਕਰ ਕੇ ਉਸ ਨਾਲ ਠੱਗੀ ਮਾਰ ਲਈ। ਪੁਲਿਸ ਨੇ ਪੀੜਤ ਦੀ ਸ਼ਿਕਾਇਤ 'ਤੇ ਮੁਲਜ਼ਮ ਨਵਪ੍ਰੀਤ ਸਿੰਘ ਤੇ ਉਸ ਦੇ ਸਾਥੀ ਗੁਰਮੇਲ ਸਿੰਘ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਇਸੇ ਤਰ੍ਹਾਂ ਇਕ ਹੋਰ ਮਾਮਲੇ ਸਬੰਧੀ ਨਿਰਭੈਰ ਸਿੰਘ ਵਾਸੀ ਪਿੰਡ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਨੇ ਥਾਣਾ ਸਿਵਲ ਲਾਈਨ ਵਿਖੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੇ ਆਪਣੀ ਲੜਕੀ ਪ੍ਰਦੀਪ ਕੌਰ ਨੂੰ ਕੈਨੇਡਾ ਭੇਜਣ ਲਈ ਇਮੀਗ੍ਰੇਸ਼ਨ ਕੰਪਨੀ ਮੂਵ ਟੂ ਅਬਰੌਡ ਨਾਲ ਸੰਪਰਕ ਕੀਤਾ ਸੀ।

ਪੀੜਤ ਵਿਅਕਤੀ ਅਨੁਸਾਰ ਉਕਤ ਕੰਪਨੀ ਦੇ ਐੱਮਡੀ ਸਮੇਤ ਛੇ ਕਰਮਚਾਰੀਆਂ ਨੇ ਵੀਜ਼ਾ ਦਿਵਾਉਣ ਦਾ ਝਾਂਸਾ ਦੇ ਕੇ ਵੱਖ-ਵੱਖ ਤਰੀਕਾਂ 'ਤੇ ਉਸ ਕੋਲੋਂ 10 ਲੱਖ 45 ਹਜ਼ਾਰ ਰੁਪਏ ਲਏ। ਕੁਝ ਸਮੇਂ ਬਾਅਦ ਉਸ ਦੀ ਲੜਕੀ ਦਾ ਵੀਜ਼ਾ ਰਿਫਿਊਜ਼ਲ ਆ ਗਿਆ।

ਪੀੜਤ ਨੇ ਦੱਸਿਆ ਕਿ ਇਮੀਗ੍ਰੇਸ਼ਨ ਸੈਂਟਰ ਵਾਲਿਆਂ ਨੇ ਪਹਿਲਾਂ ਹੀ ਦਾਅਵਾ ਕੀਤਾ ਸੀ ਕਿ ਜੇਕਰ ਕਿਸੇ ਕਾਰਨ ਵੀਜ਼ਾ ਨਹੀਂ ਲੱਗਦਾ ਤਾਂ ਉਹ ਪੂਰੀ ਰਕਮ ਵਾਪਸ ਕਰਨਗੇ, ਇਸ ਲਈ ਜਦੋਂ ਉਹ ਆਪਣੇ ਪੈਸੇ ਵਾਪਸ ਲੈਣ ਲਈ ਕੰਪਨੀ ਦੇ ਬਠਿੰਡਾ ਤੇ ਮੁਹਾਲੀ ਦਫ਼ਤਰ ਗਿਆ ਤਾਂ ਦੋਵੇਂ ਦਫ਼ਤਰਾਂ ਨੂੰ ਜਿੰਦਾ ਲੱਗਾ ਹੋਇਆ ਸੀ ਤੇ ਕੰਪਨੀ ਦੇ ਐੱਮਡੀ ਸਮੇਤ ਕਰਮਚਾਰੀਆਂ ਦੇ ਫੋਨ ਬੰਦ ਆ ਰਹੇ ਸਨ।

ਪੁਲਿਸ ਨੇ ਪੀੜਤ ਦੀ ਸ਼ਿਕਾਇਤ ਦੇ ਆਧਾਰ 'ਤੇ ਇਮੀਗ੍ਰੇਸ਼ਨ ਕੰਪਨੀ ਮੂਵ ਟੂ ਅਬਰੌਡ ਦੇ ਮਾਲਕਾਂ ਰੀਤ ਕੌੜਾ, ਕੁਲਵੀਰ ਕੌੜਾ, ਸਿਮਰਨਜੀਤ ਕੌਰ, ਕਿਰਨ ਬਾਜਵਾ, ਰੀਤਿਕਾ ਤੇ ਗੁਰਦੀਪ ਸਿੰਘ ਵਾਸੀ ਮੁਹਾਲੀ ਦੇ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਮਾਮਲਾ ਰਾਜਸਥਾਨ ਦੇ ਸਿੱਖ ਆਗੂ ਟਿੰਮਾ ਦੀ ਗ੍ਰਿਫਤਾਰੀ ਦਾ

## ਜਥੇਦਾਰ ਅਕਾਲ ਤਖਤ ਨੇ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰਨ ਤੇ ਵਾਰੰਟ ਜਾਰੀ ਕਰਨ ਦੀ ਕੀਤੀ ਨਿਖੇਧੀ



ਅੰਮ੍ਰਿਤਸਰ-ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਸਿੱਖ ਆਗੂ ਭਾਈ ਤੇਜਿੰਦਰ ਪਾਲ ਸਿੰਘ ਟਿੰਮਾ ਖ਼ਿਲਾਫ ਪੁਲਿਸ ਵਲੋਂ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰ ਕੇ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਦੀ ਸਖ਼ਤ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਭਾਈ ਟਿੰਮਾ ਨੇ ਦੇਸ਼ਧ੍ਰੋਹ ਵਾਲਾ ਕੋਈ ਕੰਮ ਨਹੀਂ ਸੀ ਕੀਤਾ, ਪਰ ਰਾਜਸਥਾਨ ਸਰਕਾਰ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੰਵਿਧਾਨਿਕ ਆਜ਼ਾਦੀ ਦਾ ਗਲਾ ਘੁੱਟਦਿਆਂ ਭਾਈ ਟਿੰਮਾ ਖ਼ਿਲਾਫ਼ ਪਹਿਲਾਂ ਤਾਂ ਝੂਠਾ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰ ਕੇ ਘੱਟ-ਗਿਣਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਅਤੇ ਭਾਈ ਟਿੰਮਾ ਨੂੰ ਉੱਚ ਅਦਾਲਤ ਵਲੋਂ ਅਗਾਊਂ ਜ਼ਮਾਨਤ ਮਿਲੀ ਹੋਣ ਦੇ ਬਾਵਜੂਦ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਕੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਦੇਸ਼ ਵਿਚ ਕਿਤੇ ਵੀ ਕਿਸੇ ਸਿੱਖ ਨਾਲ ਧੱਕੇਸ਼ਾਹੀ ਦੇ ਵਿਰੁੱਧ ਸਾਰੀ ਸਿੱਖ ਕੌਮ ਇਕਜੁਟ ਹੋ ਕੇ ਹਮੇਸ਼ਾ ਵਿਰੋਧ ਕਰਦੀ ਰਹੇਗੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਆਦੇਸ਼ ਕੀਤਾ ਹੈ ਕਿ ਉਹ ਭਾਈ ਟਿੰਮਾ ਦੇ ਨਾਲ ਰਾਜਸਥਾਨ ਸਰਕਾਰ ਵਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖ਼ਿਲਾਫ ਬਣਦੀ ਕਾਨੂੰਨੀ ਚਾਰਾਜੋਈ ਕਰੇ।

## ਕਿਰਾਏ ਦੀ ਕੋਠੀ ਵਿਚ ਚੱਲ ਰਹੇ ਜਿਸਮ ਫਰੋਸ਼ੀ ਦੇ ਅੱਡੇ ਉਪਰ ਪੁਲਿਸ ਦਾ ਛਾਪਾ, ਪੰਜ ਗ੍ਰਿਫਤਾਰ



ਬਠਿੰਡਾ-ਥਾਣਾ ਨੇਹੀਆਂਵਾਲਾ ਦੀ ਪੁਲਿਸ ਨੇ ਗੋਨਿਆਣਾ ਰੋਡ 'ਤੇ ਸਥਿਤ ਇਕ ਕੋਠੀ ਵਿਚ ਚੱਲ ਰਹੇ ਜਿਸਮ ਫਰੋਸ਼ੀ ਦੇ ਅੱਡੇ ਦਾ ਪਰਦਾਫਾਸ਼ ਕਰਦਿਆਂ ਹੋਇਆ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਕ ਜਣੇ ਦੀ ਗ੍ਰਿਫਤਾਰੀ ਹੋਣੀ ਅਜੇ ਬਾਕੀ ਹੈ। ਜਦ ਕਿ ਚਾਰ ਔਰਤਾਂ ਨੂੰ ਮੁੱਢਲੀ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ ਹੈ। ਪੁਲਿਸ ਵੱਲੋਂ ਇਹ ਕਾਰਵਾਈ ਇਕ ਗੁਪਤ ਸੂਚਨਾ ਦੇ ਅਧਾਰ 'ਤੇ ਕੀਤੀ ਗਈ ਹੈ।

ਛਾਪੇਮਾਰੀ ਦੌਰਾਨ ਕੋਠੀ ਵਿਚ ਚਾਰ ਜੋੜਿਆਂ ਤੋਂ ਇਲਾਵਾ ਧੰਦੇ ਦਾ ਸੰਚਾਲਨ ਕਰਨ ਵਾਲਾ ਮੈਨੇਜਰ ਮੌਜੂਦ ਸੀ। ਇਸ ਸਬੰਧੀ ਥਾਣਾ ਨੇਹੀਆਂਵਾਲਾ ਦੇ ਐਸਐਚਓ ਇੰਸਪੈਕਟਰ ਜਗਦੇਵ ਸਿੰਘ ਨੇ ਦੱਸਿਆ ਕਿ ਗੁਪਤ ਸੂਚਨਾ ਮਿਲੀ ਸੀ ਕਿ ਬਠਿੰਡਾ-ਗੋਨਿਆਣਾ ਰੋਡ 'ਤੇ ਹਨੂੰਮਾਨ ਮੰਦਰ ਨੇੜੇ ਇਕ ਕੋਠੀ ਵਿਚ ਦੇਹ ਵਪਾਰ ਦਾ ਧੰਦਾ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਮੈਨੇਜਰ ਚਰਨਜੀਤ ਸਿੰਘ ਤੋਂ ਇਲਾਵਾ ਬਲਜਿੰਦਰ ਸਿੰਘ, ਬਚਨ ਸਿੰਘ, ਸੋਹਣ ਸਿੰਘ ਅਤੇ ਰੇਸ਼ਮ ਸਿੰਘ, ਕੋਠੀ ਨੂੰ ਕਿਰਾਏ 'ਤੇ ਲੈਣ ਵਾਲੇ ਬਲਰਾਜ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪੁਲਿਸ ਦੇ ਤਸ਼ੱਦਦ ਕਾਰਣ ਨੌਜਵਾਨ ਨੇ ਕੀਤੀ ਆਤਮ ਹਤਿਆ

ਜਲੰਧਰ-ਸ਼ਾਹਕੋਟ ਵਿਚ ਇਕ ਨੌਜਵਾਨ ਗੁਰਵਿੰਦਰ ਸਿੰਘ ਪੁੱਤਰ ਕੇਵਲ ਕ੍ਰਿਸ਼ਨ ਵਾਸੀ ਬੁਰਹਾਨਵਾਲ, ਸ਼ਾਹਕੋਟਦੀ ਥਾਣੇ ਵਿਚ ਕੁੱਟਮਾਰ ਹੋਈ ਸੀ, ਜਿਸ ਤੋਂ ਬਾਅਦ ਨੌਜਵਾਨ ਨੇ ਪਰੇਸ਼ਾਨ ਹੋ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ।

ਨੌਜਵਾਨ ਵੱਲੋਂ ਇਹ ਖੌਫਨਾਕ ਕਦਮ ਚੁੱਕਣ ਤੋਂ ਪਹਿਲਾਂ ਇਕ ਵੀਡੀਓ ਵੀ ਬਣਾਈ ਸੀ ਅਤੇ ਉਸ ਤੋਂ ਬਾਅਦ ਉਸ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਮਾਮਲੇ 'ਤੇ ਪੁਲਿਸ ਨੇ ਮ੍ਰਿਤਕ ਨੌਜਵਾਨ ਦੇ ਪਿਤਾ ਦੇ ਬਿਆਨਾਂ ਦੇ ਆਧਾਰ ਤੇ ਬੁੱਢਣਵਾਲ ਦੇ ਰਹਿਣ ਵਾਲੇ ਉਸ ਦੇ ਦੋਸਤ ਪੁਲਿਸ ਮੁਲਾਜ਼ਮ ਰਮਨ, ਉਸ ਦੀ ਪਤਨੀ ਜੋਤੀ ਅਤੇ ਸੱਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਦੱਸ ਦੇਈਏ ਕਿ ਹੁਣ ਤੱਕ ਕੋਈ ਵੀ ਮੁਲਜ਼ਮ ਪੁਲਿਸ ਦੇ ਅੜਿੱਕੇ ਨਹੀਂ ਆਇਆ ਹੈ। ਸਾਰੇ ਹੀ ਫਿਲਹਾਲ ਪੁਲਿਸ ਦੀ ਗ੍ਰਿਫ਼ਤ ਵਿਚੋਂ ਬਾਹਰ ਹਨ।

ਇਸ ਸਬੰਧੀ ਥਾਣਾ ਸ਼ਾਹਕੋਟ ਦੇ ਐਸਐਚਓ ਨੇ ਦੱਸਿਆ ਕਿ ਇਸ ਮਾਮਲੇ ਵਿਚ ਮਾਮਲਾ ਦਰਜ ਕਰ ਲਿਆ ਹੈ ਅਤੇ ਸਾਰੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਜਾਵੇਗੀ। ਜਾਣਕਾਰੀ ਮੁਤਾਬਕ ਗੁਰਵਿੰਦਰ ਤੇ ਰਮਨ ਕਾਫੀ ਨਜ਼ਦੀਕੀ ਦੋਸਤ ਸਨ। ਦੋਵਾਂ ਦਾ ਇਕ ਦੂਜੇ ਵੱਲ ਕਾਫੀ ਆਉਣ ਜਾਣ ਸੀ। ਕੁਝ ਦਿਨ ਪਹਿਲਾਂ ਗੁਰਵਿੰਦਰ ਰਮਨ ਦੇ ਘਰ ਗਿਆ ਸੀ ਅਤੇ ਇਸੇ ਦੌਰਾਨ ਹੀ ਰਮਨ ਦੀ ਘਰ ਵਾਲੀ ਜੋਤੀ ਨਾਲ ਕਿਸੇ ਗੱਲ ਨੂੰ ਲੈ ਕੇ ਉਸ ਦਾ ਝਗੜਾ ਹੋ ਗਿਆ। ਜਿਸ ਤੋਂ ਬਾਅਦ ਰਮਨ ਅਤੇ ਉਸ ਦੀ ਪਤਨੀ ਜੋਤੀ ਤੇ ਉਸ ਦੀ ਸੱਸ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਦੇ ਸਿਲਸਿਲੇ ਵਿਚ ਪੁਲਿਸ ਨੇ ਗੁਰਵਿੰਦਰ ਨੂੰ ਥਾਣੇ ਬੁਲਾਇਆ ਸੀ।

# ਪੁਲਿਸ ਨੇ ਬਲਾਤਕਾਰ ਦੇ ਦੋਸ਼ਾਂ ਵਿਚੋਂ ਜਗਰਾਓਂ ਡੇਰਾ ਮੁਖੀ ਬਚਾਇਆ

## ✪ ਫੁੱਟ-ਫੁੱਟ ਕੇ ਰੋਇਆ ਪੀੜਤਾ ਦੀ ਮਦਦ ਕਰਨ ਵਾਲਾ ਨਿਹੰਗ ✪ ਪੁਲਿਸ ਨਿਹੰਗ ਨੂੰ ਧਮਕੀਆਂ ਦੇਣ ਲੱਗੀ

ਜਗਰਾਉਂ-ਜਗਰਾਓਂ ਦੇ ਡੇਰੇ ਗੁਰਦੁਆਰਾ ਚਰਨ ਘਾਟ ਦੇ ਮੁਖੀ ਬਲਜਿੰਦਰ ਸਿੰਘ ’ਤੇ ਲੱਗੇ ਜ਼ਬਰਜਨਾਹ ਮਾਮਲੇ ਵਿੱਚ ਨਵਾਂ ਮੋੜ ਆ ਗਿਆ ਹੈ। ਇਸ ਪੂਰੇ ਕਾਂਡ ਨੂੰ ਉਜਾਗਰ ਕਰਨ ਵਾਲੇ ਨਿਹੰਗ ਸਮਾਜ ਸੇਵੀ ਨੌਜਵਾਨ ਅੰਮ੍ਰਿਤਪਾਲ ਸਿੰਘ ਮੇਹਿਰੋਂ ਪ੍ਰੈਸ ਕਾਨਫਰੰਸ ਕਰਕੇ ਫੁੱਟ-ਫੁੱਟ ਕੇ ਰੋਏ ਅਤੇ ਮੁਲਜ਼ਮ ਬਲਜਿੰਦਰ ਸਿੰਘ ਦੇ ਹਮਾਇਤੀਆਂ ਵੱਲੋਂ ਵਿਦੇਸ਼ੀ ਨੰਬਰ ’ਤੇ ਧਮਕੀਆਂ ਮਿਲਣ ਦੇ ਗੰਭੀਰ ਇਲਜ਼ਾਮ ਲਗਾਏ ਹਨ।

ਨਿਹੰਗ ਮੇਹਿਰੋਂ ਦਾਅਵਾ ਕੀਤਾ ਕਿ ਪੁਲਿਸ ਦੀ ਮਿਲੀ ਭੁਗਤ ਦੇ ਨਾਲ ਪੀੜਤ ਕੁੜੀ ’ਤੇ ਦਬਾਅ ਪਾਇਆ ਗਿਆ ਅਤੇ ਉਸ ਕੋਲੋਂ ਬਿਆਨ ਵਾਪਸ ਲਏ ਗਏ। ਸਿਰਫ ਏਨਾ ਹੀ ਨਹੀਂ, ਅੰਮ੍ਰਿਤਪਾਲ ਸਿੰਘ ਨੇ ਇਹ ਵੀ



ਇਲਜ਼ਾਮ ਲਾਇਆ ਹੈ ਕਿ ਪੀੜਤ ਕੁੜੀ 15 ਦਿਨ ਤੋਂ ਗਾਇਬ ਹੈ ਅਤੇ ਉਸ ਦੀ ਕਿਡਨੈਪਿੰਗ ਦੇ ਇਲਜ਼ਾਮ ਵਿੱਚ ਉਸ ਨੂੰ ਫਸਾਉਣ ਦੀ ਧਮਕੀ ਦਿੱਤੀ ਜਾ ਰਹੀ ਹੈ।




ਅੰਮ੍ਰਿਤਪਾਲ ਸਿੰਘ ਨੇ ਇਲਜ਼ਾਮ ਲਗਾਇਆ ਕਿ ਡੀਐਸਪੀ ਜਸਜੋਤ ਸਿੰਘ ਉਨ੍ਹਾਂ ਨੂੰ ਧਮਕੀ ਦੇ ਰਿਹਾ ਹੈ ਕਿ ਮੁਲਜ਼ਮ ਬਲਜਿੰਦਰ ਸਿੰਘ ਅਤੇ ਪੀੜਤ ਨੇ ਮੇਰੇ ਖ਼ਿਲਾਫ਼ ਕਿਡਨੈਪਿੰਗ ਅਤੇ ਜ਼ਬਰਨ ਬਿਆਨ ਦਿਵਾਏ ਦਾ ਇਲਜ਼ਾਮ ਲਗਾਇਆ ਹੈ। ਅੰਮ੍ਰਿਤਪਾਲ ਸਿੰਘ ਮੇਹਿਰੋਂ ਨੇ ਕਿਹਾ ਡੀਐਸਪੀ ਦੱਸੇ ਕਿ ਪੀੜਤ ਕੁੜੀ ਆਖਿਰ ਕਿੱਥੇ ਗਾਇਬ ਕਰ ਦਿੱਤੀ ਗਈ ਹੈ ? ਉਨ੍ਹਾਂ ਕਿਹਾ ਕਿ ਅਸੀਂ ਪੀੜਤ ਦੇ ਹੱਕ ਵਿੱਚ ਧਰਨਾ ਲਗਾਇਆ ਅਤੇ ਪੂਰੇ ਸਬੂਤ ਵੀ ਪੁਲਿਸ ਨੂੰ ਦਿੱਤੇ ਇਸ ਦੇ ਬਾਵਜੂਦ ਮੈਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਅੰਮ੍ਰਿਤਪਾਲ ਸਿੰਘ ਨੇ ਕਿਹਾ ਮੈਨੂੰ ਯੂਰੋਪ ਤੋਂ ਫੋਨ ਆ ਰਹੇ ਹਨ ਕਿ ਜੇ ਤੂੰ ਬਾਬੇ ਦੇ ਖਿਲਾਫ ਕੁਝ ਵੀ ਬੋਲਿਆ ਦਾ ਮੇਰੇ ਪਰਿਵਾਰ ਨੂੰ ਨੁਕਸਾਨ ਪਹੁੰਚਾਇਆ ਜਾਵੇਗਾ। ਨਿਹੰਗ ਸਿੰਘ ਨੇ ਕਿਹਾ ਪੁਲਿਸ ਪੀੜਤ ਕੁੜੀ ਨੂੰ ਸਾਹਮਣੇ ਪੇਸ਼ ਕਰੇ ਅਸੀਂ ਬਾਬੇ ਦੇ ਖਿਲਾਫ ਪੂਰੇ ਸਬੂਤ ਪੁਲਿਸ ਨੂੰ ਸੌਂਪੇ ਹਨ।

# ਪ੍ਰੇਮ ਸੰਬੰਧਾਂ ਦੇ ਕਾਰਣ ਗਭਰੂ ਦਾ ਕਤਲ

## ✪ ਰਾਤ ਦੌਰਾਨ ਵਿਆਹੀ ਪ੍ਰੇਮਿਕਾ ਨੂੰ ਮਿਲਣ ਆਇਆ ਸੀ



ਲੌਂਗੋਵਾਲ-ਕਸਬੇ ਅੰਦਰ ਨਾਜਾਇਜ਼ ਸੰਬੰਧਾਂ ਦੇ ਚਲਦਿਆਂ ਇਕ ਨੌਜਵਾਨ ਦੇ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ।

ਇਹ ਘਟਨਾ ਕਸਬਾ ਲੌਂਗੋਵਾਲ ਦੀ ਮੰਡੇਰ ਕਲਾਂ ਰੋਡ ’ਤੇ ਰਹਿ ਰਹੇ ਮਲਕੀਤ ਸਿੰਘ ਦੇ ਘਰ ਦੀ ਹੈ ਜਦੋਂ ਬੀਤੀ ਰਾਤ ਬਲਵਿੰਦਰ ਸਿੰਘ ਜੋ ਕਿ ਵਾਸੀ ਅਕਲੀਆ ਜ਼ਿਲ੍ਹਾ ਮਾਨਸਾ ਦਾ ਰਹਿਣ ਵਾਲਾ ਹੈ। ਜਿਸ ਦਾ ਰੁਪਿੰਦਰ ਕੌਰ ਪਤਨੀ ਮਲਕੀਤ ਸਿੰਘ ਅਤੇ ਭਾਣਜੇ ਗੁਰਜੀਤ ਸਿੰਘ ਵਲੋਂ ਕਤਲ ਕੀਤਾ ਗਿਆ ਹੈ। ਥਾਣਾ ਮੁਖੀ ਇੰਸਪੈਕਟਰ ਜਤਿੰਦਰਪਾਲ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਬਲਵਿੰਦਰ ਸਿੰਘ ਵਾਸੀ ਦੇ ਰੁਪਿੰਦਰ ਕੌਰ ਪਤਨੀ ਮਲਕੀਤ ਸਿੰਘ ਵਾਸੀ ਲੌਂਗੋਵਾਲ ਦੇ ਨਾਲ ਨਾਜਾਇਜ਼ ਸਬੰਧ ਸਨ।

ਜਦੋਂ ਬਲਵਿੰਦਰ ਸਿੰਘ ਆਪਣੇ ਪਿੰਡ ਤੋਂ ਰੁਪਿੰਦਰ ਕੌਰ ਕੋਲ ਆਇਆ ਤਾਂ ਇਨ੍ਹਾਂ ਵਲੋਂ ਬਲਵਿੰਦਰ ਸਿੰਘ ਦੀ ਕੁੱਟਮਾਰ ਕੀਤੀ ਗਈ ਤਾਂ ਉੱਥੋਂ ਦੀ ਲੰਘ ਰਹੇ ਰਾਹਗੀਰਾਂ ਵੱਲੋਂ ਬਲਵਿੰਦਰ ਸਿੰਘ ਨੂੰ ਸੰਗਰੂਰ ਹਸਪਤਾਲ ਵਿਖੇ ਲਿਜਾਇਆ ਗਿਆ ਜਿਸ ਦੀ ਰਸਤੇ ਵਿਚ ਹੀ ਮੌਤ ਹੋ ਗਈ। ਥਾਣਾ ਮੁਖੀ ਨੇ ਦੱਸਿਆ ਇਸ ਵਿਚ ਮਲਕੀਤ ਸਿੰਘ ਰੁਪਿੰਦਰ ਕੌਰ ਪਤਨੀ ਮਲਕੀਤ ਸਿੰਘ ਅਤੇ ਭਾਣਜੇ ਗੁਰਜੀਤ ਸਿੰਘ ਤੇ ਕਤਲ ਦਾ ਪਰਚਾ ਦਰਜ ਕੀਤਾ ਗਿਆ ਹੈ।

# ਸਿਟ ਨੇ ਜਲੰਧਰ ਤੇ ਅੰਮ੍ਰਿਤਸਰ ਦੇ 10 ਡਰਗ ਸਮਗਲਰ ਫੜੇ

## ✪ ਹੈਰੋਇਨ ਤੇ ਇਕ ਸੋਨੇ ਦੇ ਬਿਸਕੁਟ ਸਮੇਤ 48.72 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ

ਜਲੰਧਰ-ਐੱਸਟੀਐੱਫ ਜਲੰਧਰ ਰੇਂਜ ਨੇ ਨਗਰ ਨਿਗਮ ਵਿਚ ਤਾਇਨਾਤ ਕਲਰਕ ਰਿੰਕੂ ਥਾਪਰ ਤੇ ਉਸ ਦੇ ਨੈੱਟਵਰਕ ਨਾਲ ਜੁੜੇ 10 ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨਾਂ ਦੇ ਕਬਜ਼ੇ ਵਿਚੋਂ 1 ਕਿਲੋ ਹੈਰੋਇਨ, 381 ਗ੍ਰਾਮ ਚਰਸ, ਇਕ ਸੋਨੇ ਦੇ ਬਿਸਕੁਟ, ਸੋਨੇ ਦੇ ਗਹਿਣੇ, ਤਿੰਨ ਨਜਾਇਜ਼ ਪਿਸਤੌਲ ਤੇ 62 ਕਾਰਤੂਸ, 3 ਲੈਪਟਾਪ, 15 ਮੋਬਾਇਲ, ਇਕ ਐਪਲ ਦੀ ਘੜੀ, ਇਲੈਕਟਰੋਨਿਕ ਕੰਢੇ, ਦੋ ਨੋਟ ਗਿਣਨ ਵਾਲੀਆਂ ਮਸ਼ੀਨਾਂ ਤੇ 48.72 ਲੱਖ ਰੁਪਏ ਬਰਾਮਦ ਹੋਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸਟੀਐੱਫ ਦੇ ਏਆਈਜੀ ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਡੀਐੱਸਪੀ ਯੋਗੇਸ਼ ਕੁਮਾਰ ਦੀ ਅਗਵਾਈ ਹੇਠ ਸਬ-ਇੰਸਪੈਕਟਰ ਸੰਜੀਵ ਕੁਮਾਰ ਨੇ ਗੁਰੂ ਅਮਰਦਾਸ ਨਗਰ ਮਾਡਲ ਟਾਊਨ ਵਿਖੇ ਨਾਕਾਬੰਦੀ ਦੌਰਾਨ ਇਕ ਤਸਕਰ ਨੂੰ ਕਾਬੂ ਕਰਕੇ ਉਸ ਕੋਲੋਂ ਹੈਰੋਇਨ ਬਰਾਮਦ ਕੀਤੀ ਸੀ।

ਜਿਸ ਕੋਲੋਂ ਕੀਤੀ ਗਈ ਪੁੱਛਗਿੱਛ ਤੋਂ ਬਾਅਦ ਹੈਰੋਇਨ ਤਸਕਰੀ ਦੇ ਮਾਮਲੇ ਵਿਚ ਜਲੰਧਰ ਨਗਰ ਨਿਗਮ ਵਿਚ ਤਾਇਨਾਤ ਕਲਰਕ ਰਿੰਕੂ ਥਾਪਰ ਦਾ ਨਾਂ ਸਾਹਮਣੇ ਆਇਆ ਹੈ। ਇਸ ਤੋਂ ਬਾਅਦ ਐੱਸਟੀਐੱਫ ਜਲੰਧਰ ਰੇਂਜ ਪੁਲਿਸ ਜਲੰਧਰ ਨਗਰ ਨਿਗਮ



ਵਿਚ ਤਾਇਨਾਤ ਰਿੰਕੂ ਥਾਪਰ ਦੇ ਮਾਡਲ ਟਾਊਨ ਸਥਿਤ ਘਰ ’ਤੇ ਛਾਪਾ ਮਾਰ ਕੇ ਉਸ ਨੂੰ ਗ੍ਰਿ.ਫਤਾਰ ਕਰ ਲਿਆ। ਇਸ ਤੋਂ ਬਾਅਦ ਪੁਲਿਸ ਪਾਰਟੀ ਨੇ ਇਨ੍ਹਾਂ ਦੇ ਨੈਟਵਰਕ ਨੂੰ ਤੋੜਦੇ ਹੋਏ ਪ੍ਰਥਮ ਵਾਸੀ ਅਬਾਦਪਰਾ, ਦਿਵਅਮ ਵਾਸੀ ਆਬਾਦਪੁਰਾ, ਭਾਰਤ ਵਾਸੀ ਰਾਮ ਤੀਰਥ ਅੰਮ੍ਰਿਤਸਰ, ਅੰਕੁਸ਼ ਭੱਟੀ ਵਾਸੀ ਰਾਮ ਤੀਰਥ ਰੋਡ ਅੰਮ੍ਰਿਤਸਰ, ਲਵਪ੍ਰੀਤ ਸਿੰਘ ਉਰਫ ਲਵੀ ਵਾਸੀ ਕੋਟ ਮਿਤ ਸਿੰਘ ਨਗਰ ਅੰਮ੍ਰਿਤਸਰ, ਵਿਸ਼ਾਲ ਸਿੰਘ ਉਰਫ ਰਾਜਾ ਵਾਸੀ ਭਿੱਖੀਵਿੰਡ ਤਰਨ ਤਾਰਨ, ਚੰਦਨ ਸ਼ਰਮਾ ਵਾਸੀ ਨਿਊ ਦਸ਼ਮੇਸ਼ ਨਗਰ ਅੰਮ੍ਰਿਤਸਰ, ਅਰਵਿੰਦ ਵਾਸੀ ਵਿਕਾਸ ਨਗਰ ਅੰਮ੍ਰਿਤਸਰ ਤੇ ਆਕਾਸ਼ ਸ਼ਰਮਾ ਵਾਸੀ ਨਿਊ ਦਸ਼ਮੇਸ਼ ਨਗਰ ਅੰਮ੍ਰਿਤਸਰ ਨੂੰ ਵੀ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ ’ਚੋਂ 1 ਕਿਲੋਗ੍ਰਾਮ ਹੈਰੋਇਨ, 381 ਗ੍ਰਾਮ ਚਰਸ, ਇਕ ਸੋਨੇ ਦਾ ਬਿਸਕੁਟ, ਸੋਨੇ ਦੇ ਗਹਿਣੇ, ਤਿੰਨ ਨਾਜਾਇਜ਼ ਪਿਸਤੌਲ, 62 ਕਾਰਤੂਸ, 3 ਲੈਪਟਾਪ, ਦੋ ਨੋਟ ਗਿਣਨ ਵਾਲੀਆਂ ਮਸ਼ੀਨਾਂ ਤੇ 48.72 ਲੱਖ ਰੁਪਏ ਬਰਾਮਦ ਕੀਤੇ ਗਏ ਹਨ। ਏਆਈਜੀ ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਕੋਲੋਂ ਡੂੰਘਾਈ ਨਾਲ ਪੁੱਛਗਿਛ ਕੀਤੀ ਜਾ ਰਹੀ ਹੈ ਤੇ ਆਉਣ ਵਾਲੇ ਦਿਨਾਂ ’ਚ ਇਨ੍ਹਾਂ ਦੇ ਨੈਟਵਰਕ ਦੇ ਹੋਰ ਵੀ ਤਸਕਰ ਪੁਲਿਸ ਦੇ ਹੱਥੇ ਚੜਣ ਦੀ ਉਮੀਦ ਹੈ।

# ਜਲੰਧਰ ਵਿਚ ਗੁੰਡਾਗਰਦੀ, ਲੜਕੀ ਨਾਲ ਬਦਮਾਸ਼ਾਂ ਵਲੋਂ ਛੇੜਛਾੜ

## ✪ ਘਰਦਿਆਂ ਵਲੋਂ ਵਿਰੋਧ ਕਰਨ ਕਾਰਣ ਬਦਮਾਸ਼ਾਂ ਨੇ ਚਲਾਈਆਂ ਗੋਲ਼ੀਆਂ

ਜਲੰਧਰ-ਜਲੰਧਰ ਵਿਚ ਕੁਝ ਦਿਨ ਪਹਿਲਾਂ ਲੜਕੀ ਸੋਨਾ ਰਾਣੀ ਨਾਲ ਛੇੜਛਾੜ ਦੇ ਵਿਰੋਧ ਵਿਚ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਵਾਰਦਾਤ ਵਾਲੀ ਥਾਂ ਤੋਂ ਇੱਕ ਦੇਸੀ ਪਿਸਤੌਲ ਅਤੇ ਕਰੀਬ 3 ਰੌਂਦ ਬਰਾਮਦ ਕੀਤੇ ਹਨ। ਜਾਣਕਾਰੀ ਅਨੁਸਾਰ ਸੋਨਾ ਰਾਣੀ ਘਰੋਂ ਕੁਝ ਸਾਮਾਨ ਲੈਣ ਆਈ ਸੀ, ਜਿਸ ਦੌਰਾਨ ਕੁਝ ਬਦਮਾਸ਼ਾਂ ਨੇ ਉਸ ਨਾਲ ਛੇੜਛਾੜ ਕੀਤੀ। ਜਦੋਂ ਲੜਕੀ ਦੇ ਪੱਖ ਨੇ ਮਾਮਲਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੁੰਡਿਆਂ ਨੇ ਘਰ ਵਿਚ ਆ ਕੇ ਘਰ ’ਚ ਭੰਨਤੋੜ ਕੀਤੀ ਅਤੇ ਫਿਰ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿੱਚ ਇੱਕ ਨੌਜਵਾਨ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਘਟਨਾ ਦੀ ਜਾਂਚ ਲਈ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲੀਸ ਮੌਕੇ ’ਤੇ ਪੁੱਜ ਗਈ ਸੀ। ਪੁਲਿਸ ਨੇ ਇਸ ਮਾਮਲੇ ਵਿਚ ਐੱਫ. ਆਈ. ਆਰ. ਦਰਜ ਕਰ ਲਈ ਗਈ ਹੈ। ਇਹ ਘਟਨਾ ਪੁਲਿਸ ਦੇ ਸੁਰੱਖਿਆ ਪ੍ਰਬੰਧਾਂ ’ਤੇ ਸਵਾਲੀਆ ਨਿਸ਼ਾਨ ਲਾਉਂਦੀ ਹੈ।

ਜਾਣਕਾਰੀ ਅਨੁਸਾਰ ਪੁਲਿਸ ਨੇ ਦੇਰ ਰਾਤ ਪੰਜ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਜਿਨ੍ਹਾਂ ਕੋਲੋਂ ਪੁਲਿਸ ਨੇ ਇੱਕ ਦੇਸੀ ਪਿਸਤੌਲ ਅਤੇ 3 ਪਿਸਤੌਲ ਬਰਾਮਦ ਕੀਤੇ ਹਨ।

## ਕਰਾਈਮ ਨਿਊਜ਼

### ਅੰਮ੍ਰਿਤਸਰ ਵਿਖੇ ਦੋ ਘਟਨਾਵਾਂ ਵਿਚ 10 ਕਿਲੋ ਹੈਰੋਇਨ ਸਮੇਤ ਡਰੋਨ ਫੜਿਆ



ਅੰਮ੍ਰਿਤਸਰ-ਪੰਜਾਬ ਪੁਲੀਸ ਨੇ ਦੋ ਵੱਖ-ਵੱਖ ਘਟਨਾਵਾਂ ਵਿੱਚ 10 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਅਤੇ ਇਸ ਸਬੰਧੀ ਲੋਪੋਕੇ ਸਬ ਡਵੀਜ਼ਨ ਤੋਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਤੇ ਇੱਕ ਡਰੋਨ ਕਬਜ਼ੇ ਵਿਚ ਲਿਆ ਹੈ।

ਜਾਣਕਾਰੀ ਅਨੁਸਾਰ ਲੋਪੋਕੇ ਪੁਲੀਸ ਨੇ ਪਿੰਡ ਡੱਲਾ ਦੇ ਜਗਰੂਪ ਸਿੰਘ ਨੂੰ 5 ਕਿਲੋ ਹੈਰੋਇਨ ਸਮੇਤ ਕਾਬੂ ਕੀਤਾ ਹੈ, ਪੁਲੀਸ ਨੇ ਦੋ ਮੋਬਾਈਲ ਫ਼ੋਨ ਅਤੇ ਉਸ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ। ਉਸ ਨੂੰ ਗੁਪਤ ਸੂਚਨਾ ਦੇ ਆਧਾਰ ’ਤੇ ਪਿੰਡ ਵਣੀਏਕੇ ਤੋਂ ਗ੍ਰਿਫਤਾਰ ਕੀਤਾ ਗਿਆ।

ਇਸੇ ਤਰ੍ਹਾਂ ਇੱਕ ਹੋਰ ਘਟਨਾ ਵਿੱਚ ਪੁਲੀਸ ਨੂੰ ਮੰਝ ਪਿੰਡ ਵਿੱਚ ਝੋਨੇ ਦੇ ਖੇਤਾਂ ਵਿੱਚ ਇੱਕ ਵੱਡਾ ਡਰੋਨ ਡਿੱਗਣ ਦੀ ਸੂਚਨਾ ਮਿਲੀ ਹੈ। ਪੁਲੀਸ ਟੀਮਾਂ ਨੇ ਇਲਾਕੇ ਦੀ ਤਲਾਸ਼ੀ ਲਈ ਤਾਂ 5 ਕਿਲੋ ਨਸ਼ੀਲੇ ਪਦਾਰਥਾਂ ਦੇ ਨਾਲ ਹੈਕਸਾਕਾਪਟਰ ਬਰਾਮਦ ਹੋਇਆ।

# ਡੇਰਾ ਚਰਨ ਘਾਟ ਠਾਠ ਦੇ ਬਲਾਤਕਾਰੀ ਬਾਬੇ ਖ਼ਿਲਾਫ਼ ਇਕ ਹੋਰ ਕੇਸ ਦਰਜ

## ✪ ਬਾਬਾ ਦਿੰਦਾ ਰਿਹਾ ਪੀੜਤਾ ਦੀ ਵੀਡੀਓ ਵਾਇਰਲ ਕਰਨ ਦੀ ਧਮਕੀ

ਮੋਗਾ-ਜਗਰਾਉਂ ਦੇ ਅਖਾੜਾ ਨਹਿਰ ਕਿਨਾਰੇ ਡੇਰਾ ਚਰਨ ਘਾਟ ਠਾਠ ਮੁਖੀ ਬਾਬਾ ਬਲਜਿੰਦਰ ਸਿੰਘ ਖ਼ਿਲਾਫ਼ ਮੁਟਿਆਰ ਦੀ ਸ਼ਿਕਾਇਤ ’ਤੇ ਜਗਰਾਉਂ ਪੁਲੀਸ ਮਗਰੋਂ ਮੋਗਾ ਪੁਲੀਸ ਨੇ ਵੀ ਬਲਾਤਕਾਰ ਦੇ ਦੋਸ਼ ਹੇਠ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਗਰਾਉਂ ਪੁਲੀਸ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਹੁਣ ਨਿਆਂਇਕ ਹਿਰਾਸਤ ਵਿਚ ਹੈ।

ਡੀਐੱਸਪੀ ਧਰਮਕੋਟ ਅਮਰਜੀਤ ਸਿੰਘ ਤੇ ਥਾਣਾ ਮਹਿਣਾ ਮੁਖੀ ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ ਨੇ ਕੇਸ ਦਰਜ ਕਰਨ ਦੀ ਪੁਸ਼ਟੀ ਕੀਤੀ ਹੈ। ਪੀੜਤ ਮੁਟਿਆਰ ਦਾ ਪਰਿਵਾਰ ਇਸ ਡੇਰੇ ਦਾ ਸ਼ਰਧਾਲੂ ਹੈ।

ਮੁਟਿਆਰ ਦਾ ਭਰਾ ਡੇਰੇ ਵਿੱਚ ਸੇਵਾ ਕਰਦਾ ਸੀ ਅਤੇ ਉਹ ਘਰ ਵਿੱਚ ਕਲੇਸ਼ ਕਰਨ ਲੱਗ ਪਿਆ। ਡੇਰੇ ਪ੍ਰਤੀ ਪਰਿਵਾਰ ਦੀ ਸ਼ਰਧਾ ਤੇ ਭਰੋਸਾ ਹੋਣ ਕਾਰਨ ਉਨ੍ਹਾਂ ਇਹ ਮਾਮਲਾ ਮੁਲਜ਼ਮ ਬਾਬਾ ਬਲਜਿੰਦਰ ਸਿੰਘ ਦੇ ਧਿਆਨ ਵਿੱਚ ਲਿਆਂਦਾ। ਇਸ ਸਬੰਧੀ ਮੁਲਜ਼ਮ ਨੇ 6 ਮਈ ਨੂੰ ਡਰੋਲੀ ਭਾਈ ਗੁਰਦੁਆਰੇ ਵਿਚ ਅਰਦਾਸ ਕਰਨ ਲਈ ਕਿਹਾ। ਇਸ ਦੌਰਾਨ ਫਾਰਚੂਨਰ ਵਿੱਚ ਮੁਲਜ਼ਮ ਬਾਬਾ ਉਨ੍ਹਾਂ ਨੂੰ ਸਥਾਨਕ ਬੁੱਘੀਪੁਰਾ ਚੌਕ ਸਥਿਤ ਹੋਟਲ ਵਿਚ ਲੈ ਗਿਆ ਅਤੇ ਚਰਨਜੀਤ ਨਾਮ ਦੇ ਸੇਵਾਦਾਰ



ਨੂੰ ਉਥੋਂ ਭੇਜ ਦਿੱਤਾ। ਇਸ ਦੌਰਾਨ ਮਲਜ਼ਮ ਨੇ ਪੀੜਤ ਮੁਟਿਆਰ ਨਾਲ ਕਥਿਤ ਜਬਰ ਜਨਾਹ ਕੀਤਾ। ਪੁਲੀਸ ਦੀ ਤਫ਼ਤੀਸ਼ ਦੌਰਾਨ ਮੁਲਜ਼ਮ ਦਾ ਹੋਟਲ ’ਚ ਪੀੜਤ ਮੁਟਿਆਰ ਨਾਲ ਠਹਿਰਨ ਦਾ ਰਿਕਾਰਡ ਵੀ ਮਿਲ ਗਿਆ। ਇਸ ਮਗਰੋਂ ਉਸ ਨੂੰ ਧਮਕੀ ਦਿੱਤੀ ਗਈ ਕਿ ਜੇ ਕਿਸੇ ਕੋਲ ਮੂੰਹ ਖੋਲ੍ਹਿਆ ਤਾਂ ਅਸ਼ਲੀਲ ਸਮੱਗਰੀ ਵਾਇਰਲ ਕਰ ਦਿੱਤੀ ਜਾਵੇਗੀ।

ਪੀੜਤਾ ਨੇ ਦੱਸਿਆ ਕਿ ਇਸ ਮਗਰੋਂ ਮੁਲਜ਼ਮ ਵੱਲੋਂ ਉਸ ਨਾਲ ਡੇਰੇ ਦੇ ਭੋਰਾ ਸਾਹਿਬ ਵਿੱਚ ਵੀ ਕਥਿਤ ਜਬਰ ਜਨਾਹ ਕੀਤਾ ਜਾਂਦਾ ਰਿਹਾ। ਪੁਲੀਸ ਨੇ ਮੁਢਲੀ ਤਫ਼ਤੀਸ਼ ਮਗਰੋਂ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਵਿਆਹ ਤੋਂ 24 ਦਿਨਾਂ ਬਾਅਦ ਪਤਨੀ ਦਾ ਕੀਤਾ ਕਤਲ

### ✪ ਪਤੀ ਹਰਮਨਪ੍ਰੀਤ ਸਿੰਘ ਤੇ ਤਿੰਨ ਹੋਰਨਾਂ ਖਿਲਾਫ਼ ਕੇਸ ਦਰਜ



ਟੱਲੇਵਾਲ-ਬਰਨਾਲਾ ਦੇ ਪਿੰਡ ਨਰੈਣਗੜ੍ਹ ਸੋਹੀਆਂ ਵਿਚ ਵਿਆਹ ਤੋਂ 24 ਦਿਨਾਂ ਬਾਅਦ ਹੀ ਪਤੀ ਨੇ ਪਤਨੀ ਦਾ ਕਤਲ ਕਰ ਦਿੱਤਾ। ਮ੍ਰਿਤਕਾ ਦੇ ਪਿਤਾ ਅਜਮੇਰ ਸਿੰਘ ਤੇ ਭਰਾ ਅੰਮ੍ਰਿਤਪਾਲ ਸਿੰਘ ਵਾਸੀ ਲੱਖਾ (ਲੁਧਿਆਣਾ) ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਜਸਪ੍ਰੀਤ ਕੌਰ (19) ਦਾ ਵਿਆਹ ਹਰਮਨਪ੍ਰੀਤ ਸਿੰਘ ਨਾਲ ਪਿਛਲੇ ਮਹੀਨੇ 25 ਅਗਸਤ ਨੂੰ ਹੋਇਆ ਸੀ। ਵਿਆਹ ਉਪਰੰਤ ਹੀ ਉਸ ਦਾ ਪਤੀ ਲੜਕੀ ਨੂੰ ਤੰਗ ਪ੍ਰੇਸ਼ਾਨ ਕਰਦਾ ਆ ਰਿਹਾ ਸੀ। ਉਨ੍ਹਾਂ ਕਿਹਾ ਕਿ ਲੜਕੀ ਦਾ ਆਈਲੈਟਸ ਤੋਂ ਬਾਅਦ ਕੈਨੇਡਾ ਦਾ ਵੀਜ਼ਾ ਲੱਗਿਆ ਹੋਇਆ ਸੀ ਅਤੇ ਜਨਵਰੀ ਮਹੀਨੇ ਪੜ੍ਹਾਈ ਕਰਨ ਲਈ ਉਸ ਨੇ ਜਾਣਾ ਸੀ। ਪੁਲੀਸ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਬਰਨਾਲਾ ਦੇ ਸਰਕਾਰੀ ਹਸਪਤਾਲ ਭੇਜ ਦਿੱਤੀ ਹੈ। ਪੁਲੀਸ ਨੇ ਲੜਕੀ ਦੇ ਪਤੀ ਹਰਮਨਪ੍ਰੀਤ ਸਿੰਘ ਤੇ ਤਿੰਨ ਹੋਰਨਾਂ ਖਿਲਾਫ਼ ਕੇਸ ਦਰਜ ਕੀਤਾ ਹੈ।

# ਲੜਕੀ ਨੇ ਵਿਦੇਸ਼ ਜਾ ਕੇ ਆਪਣੇ ਪਤੀ ਨੂੰ ਛਡਿਆ

## ✪ ਲੱਖਾਂ ਰੁਪਏ ਖਰਚ ਕੇ ਭੇਜਿਆ ਸੀ ਕੈਨੇਡਾ ✪ ਪਤਨੀ ਸਮੇਤ ਉਸ ਦੇ ਸਹੁਰੇ ਅਤੇ ਸਹੁਰੇ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ

ਫਾਜ਼ਿਲਕਾ-ਫਾਜ਼ਿਲਕਾ ਦੇ ਜਲਾਲਾਬਾਦ ਥਾਣੇ ਦੀ ਪੁਲਿਸ ਨੇ ਇਕ ਨੌਜਵਾਨ ਦੀ ਪਤਨੀ ਸਮੇਤ ਉਸ ਦੇ ਸਹੁਰੇ ਅਤੇ ਸਹੁਰੇ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ, ਜਿਸ ਵਿਚ ਲੜਕੀ ਨੇ ਨੌਜਵਾਨ ਨਾਲ 10 ਲੱਖ ਰੁਪਏ ਅਤੇ 10 ਤੋਲੇ ਸੋਨਾ ਲੈਣ ਦਾ ਦੋਸ਼ ਲਗਾਇਆ ਹੈ ਉਸ ਨਾਲ ਵਿਆਹ ਕਰਾਉਣ ਦੇ ਬਹਾਨੇ ਨਾਲ ਧੋਖਾ ਹੋਇਆ ਹੈ। ਥਾਣਾ ਸਿਟੀ ਜਲਾਲਾਬਾਦ ਦੇ ਐਸਐਚਓ ਅੰਗਰੇਜ਼ ਕੁਮਾਰ ਨੇ ਦੱਸਿਆ ਕਿ ਜਸ਼ਨਪ੍ਰੀਤ ਸਿੰਘ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਲੜਕੀ ਦੇ ਰਿਸ਼ਤੇਦਾਰ ਨੇ ਆਈਲੈਟਸ ਕੀਤਾ ਹੋਇਆ ਹੈ ਅਤੇ ਉਸ ਦਾ ਵਿਦਿਆਰਥੀ ਵੀਜ਼ਾ ਹੈ। ਪਰ ਉਸ ਕੋਲ ਇੰਨੇ ਪੈਸੇ ਨਹੀਂ ਸਨ ਕਿ ਉਹ ਉਸ ਨੂੰ ਕੈਨੇਡਾ ਭੇਜ ਸਕੇ, ਇਸ ਦੌਰਾਨ ਦੋਵਾਂ ਪਰਿਵਾਰਾਂ ਦੀ ਗੱਲਬਾਤ ਤੋਂ ਬਾਅਦ ਉਸ ਦਾ ਵਿਆਹ 10 ਅਕਤੂਬਰ 2020 ਨੂੰ ਹੋ ਗਿਆ ਕੁੜੀ ਨੇ ਪੈਸੇ ਖਰਚ ਕਰਕੇ ਉਸਨੂੰ ਕੈਨੇਡਾ ਭੇਜ ਦਿੱਤਾ ਤਾਂ ਜੋ ਬਾਅਦ ਵਿੱਚ ਉਸਨੂੰ ਵੀ ਵਿਦੇਸ਼ ਬੁਲਾ ਸਕੇ।

### ਲੱਖਾਂ ਰੁਪਏ ਖਰਚ ਕਰਕੇ ਕੈਨੇਡਾ ਭੇਜੇ

ਇਸ ਕਾਰਨ ਉਸ ਨੇ ਲੱਖਾਂ ਰੁਪਏ ਖਰਚ ਕੇ ਆਪਣੀ ਪਤਨੀ ਨੂੰ ਕੈਨੇਡਾ ਭੇਜਿਆ, ਜਿਸ ਵਿਚ ਉਸ ਨੇ 2.5 ਲੱਖ ਰੁਪਏ ਨਕਦ, ਇਕ ਲੈਪਟਾਪ ਅਤੇ ਹੋਰ ਸਾਮਾਨ ਖਰੀਦਿਆ ਇਸ




ਦੇ ਲਈ ਉਸ ਦੀ ਪਤਨੀ ਦੇ ਬੈਂਕ ਖਾਤੇ ਵਿਚ 2 ਲੱਖ ਰੁਪਏ ਤੋਂ ਵੱਧ ਦੀ ਰਕਮ ਜਮ੍ਹਾ ਕਰਵਾਈ ਗਈ ਪਰ ਕਾਫੀ ਦੇਰ ਬਾਅਦ ਉਸ ਤੋਂ ਕਰੀਬ 15 ਲੱਖ ਰੁਪਏ ਦੀ ਮੰਗ ਕੀਤੀ ਗਈ ਅਤੇ ਕਿਹਾ ਗਿਆ ਕਿ ਇਹ ਪੈਸੇ ਭਰਨ ਤੋਂ ਬਾਅਦ ਹੀ ਉਹ ਕੈਨੇਡਾ ਆ ਸਕੇਗਾ।

ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪੱਧਰ ‘ਤੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਨ੍ਹਾਂ ਨਾਲ ਠੱਗੀ ਹੋਈ ਹੈ ਤਾਂ ਸੱਚਾਈ ਦਾ ਪਤਾ ਲੱਗਣ ’ਤੇ ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਦੇ ਮੋਬਾਈਲ ਨੰਬਰ ਬਲਾਕ ਕਰ ਦਿੱਤੇ। ਇਸ ਮਾਮਲੇ ‘ਚ ਕਾਰਵਾਈ ਕਰਦੇ ਹੋਏ ਪੁਲਿਸ ਨੇ ਜਸ਼ਨਪ੍ਰੀਤ ਸਿੰਘ ਦੀ ਪਤਨੀ ਨਵਲੀਨ ਕੌਰ, ਸਹੁਰਾ ਮੁਖਤਿਆਰ ਸਿੰਘ ਅਤੇ ਸੱਸ ਜਗਜੀਤ ਕੌਰ ਦੇ ਖਿਲਾਫ ਵਿਆਹ ਕਰਵਾ ਕੇ ਅਤੇ ਵਿਦੇਸ਼ ਲੈ ਜਾਣ ਦੇ ਝਾਂਸੇ ਦੇ ਕੇ ਉਸ ਤੋਂ 10 ਲੱਖ ਰੁਪਏ ਅਤੇ 10 ਤੋਲੇ ਸੋਨਾ ਲੈਣ ਦੇ ਬਹਾਨੇ ਠੱਗੀ ਮਾਰਨ ਦੇ ਦੋਸ਼ ਵਿਚ ਮਾਮਲਾ ਦਰਜ ਕਰ ਲਿਆ ਹੈ ।

# ਸਲਮਾਨ ਖਾਨ ਦੀ ਸੁਰੱਖਿਆ ਵਿਚ ਲੱਗਾ ਸੰਨ੍ਹ

## ✪ ਅੱਧੀ ਰਾਤ ਨੂੰ ਕਾਰ ਦਾ ਪਿੱਛਾ ਕਰਨ ਵਾਲਾ ਗੈਂਗਸਟਰ ਗ੍ਰਿਫ਼ਤਾਰ



ਮੁੰਬਈ-ਬਾਲੀਵੁੱਡ ਸਟਾਰ ਸਲਮਾਨ ਖਾਨ ਦੀ ਸੁਰੱਖਿਆ ਵਿੱਚ ਇੱਕ ਵਾਰ ਫਿਰ ਛੇੜਛਾੜ ਹੋਈ ਹੈ। ਇੱਕ ਨੌਜਵਾਨ ਆਪਣੀ ਬਾਈਕ ’ਤੇ ਕੁਝ ਦੂਰੀ ਤੱਕ ਸਲਮਾਨ ਖਾਨ ਦੀ ਕਾਰ ਦਾ ਪਿੱਛਾ ਕਰ ਰਿਹਾ ਸੀ। ਜਿਸ ਤੋਂ ਬਾਅਦ ਸੁਰੱਖਿਆ ਕਰਮੀਆਂ ਨੇ ਉਸ ਨੂੰ ਗਲੈਕਸੀ ਦੇ ਬਾਹਰੋਂ ਫੜ ਕੇ ਪੁਲਿਸ ਹਵਾਲੇ ਕਰ ਦਿੱਤਾ। ਇਹ ਘਟਨਾ 18 ਸਤੰਬਰ ਦੀ ਅੱਧੀ ਰਾਤ 12 ਵਜੇ ਦੀ ਦੱਸੀ ਜਾ ਰਹੀ ਹੈ।

ਬੀਤੀ ਰਾਤ ਜਦੋਂ ਸਲਮਾਨ ਖਾਨ ਮਹਿਬੂਬ ਸਟੂਡੀਓ ਕੋਲੋਂ ਲੰਘ ਰਿਹਾ ਸੀ ਤਾਂ ਮੋਟਰਸਾਈਕਲ ’ਤੇ ਤੇਜ਼ ਰਫਤਾਰ ਨਾਲ ਆ ਰਿਹਾ ਇਕ ਵਿਅਕਤੀ ਉਨ੍ਹਾਂ ਦੀ ਕਾਰ ਦੇ ਬਿਲਕੁਲ ਨੇੜੇ ਪਹੁੰਚ ਗਿਆ। ਸਲਮਾਨ ਖਾਨ ਦੀ ਸੁਰੱਖਿਆ ਲਈ ਤਾਇਨਾਤ ਪੁਲਿਸ ਕਰਮਚਾਰੀਆਂ ਨੇ ਵਾਰ-ਵਾਰ ਹਾਰਨ ਵਜਾਏ ਅਤੇ ਉਸ ਨੂੰ ਦੂਰ ਜਾਣ ਲਈ ਕਿਹਾ, ਇਸ ਦੇ ਬਾਵਜੂਦ ਉਹ ਸਲਮਾਨ ਖਾਨ ਦੀ ਕਾਰ ਦੇ ਨਾਲ-ਨਾਲ ਆਪਣਾ ਮੋਟਰਸਾਈਕਲ ਚਲਾਉਂਦਾ ਰਿਹਾ। ਜਦੋਂ ਨੌਜਵਾਨ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਉਹ ਬਾਂਦਰਾ, ਮੁੰਬਈ ਦਾ ਰਹਿਣ ਵਾਲਾ ਹੈ। ਉਸਦਾ ਨਾਮ ਮੋਹੀਉਦੀਨ ਹੈ। ਉਹ ਕਾਲਜ ਦਾ ਵਿਦਿਆਰਥੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਉਹ ਗੈਂਗਸਟਰ ਹੈ।

ਪੁਲਿਸ ਨੇ ਮਾਮਲਾ ਕੀਤਾ ਦਰਜ-ਅਧਿਕਾਰੀ ਨੇ ਦੱਸਿਆ ਕਿ ਭਾਰਤੀ ਫੌਜਦਾਰੀ ਜ਼ਾਬਤਾ ਦੀ ਧਾਰਾ 125 (ਦੌੜਦੀ ਅਤੇ ਲਾਪਰਵਾਹੀ ਨਾਲ ਡਰਾਈਵਿੰਗ) ਅਤੇ ਧਾਰਾ 281 ਦੇ ਤਹਿਤ ਬਾਂਦਰਾ ਪੁਲਸ ਸਟੇਸ਼ਨ ’ਚ ਮਾਮਲਾ ਦਰਜ ਕੀਤਾ ਗਿਆ ਸੀ ਪਰ ਹਾਲੇ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

# ‘ਇਕ ਦੇਸ਼-ਇਕ ਚੋਣ’ ਦੀ ਯੋਜਨਾ ਪਿੱਛੇ ਭਾਜਪਾ ਦੀ ਮਨਸ਼ਾ ਕੀ ਹੈ?

**ਵਿਸ਼ੇਸ਼ ਰਿਪੋਟ** ✪ ਅਕਾਲੀ ਦਲ ਹੁਣ ਭਾਜਪਾ ਦੀ ਇਸ ਨੀਤੀ ਤੋਂ ਕਿਉ ਪੈਰ ਪਿਛੇ ਖਿਚ ਰਿਹਾ? ✪ ਸੌਖਾ ਨਹੀਂ ਭਾਜਪਾ ਦਾ ਭਗਵਾਂ ਏਜੰਡਾ ਲਾਗੂ ਹੋਣਾ

ਮੋਦੀ ਸਰਕਾਰ ਨੇ ਆਪਣੀ ਤੀਸਰੀ ਪਾਰੀ ਵਿਚ ਇਕ ਹੋਰ ਵੱਡਾ ਫ਼ੈਸਲਾ ਲਿਆ ਹੈ। ਪਿਛਲੇ ਦਿਨੀਂ ਹੋਈ ਕੇਂਦਰ ਸਰਕਾਰ ਦੀ ਕੈਬਨਿਟ ਮੀਟਿੰਗ ਵਿਚ ‘ਇਕ ਦੇਸ਼-ਇਕ ਚੋਣ’ ਸੰਬੰਧੀ ਕੋਵਿੰਦ ਕਮੇਟੀ ਦੀ ਰਿਪੋਰਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਲੰਮੇ ਸਮੇਂ ਤੋਂ ਇਹ ਵਿਚਾਰ ਪ੍ਰਗਟਾਉਂਦੇ ਆ ਰਹੇ ਹਨ ਕਿ ਇਕੋ ਹੀ ਸਮੇਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਅਤੇ ਦੂਸਰੇ ਪੜਾਅ ਵਿਚ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ ਅਤੇ ਮਿਊਸਪਲ ਕਮੇਟੀਆਂ ਤੇ ਨਗਰ ਨਿਗਮਾਂ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ, ਇਸ ਦੇ ਹੱਕ ਵਿਚ ਖੜ੍ਹੀਆਂ ਹੋਣ ਵਾਲੀਆਂ ਪਾਰਟੀਆਂ ਦਾ ਮਤ ਇਹ ਰਿਹਾ ਹੈ ਕਿ ਅਜਿਹੀ ਪ੍ਰਕਿਰਿਆ ਨਾਲ ਵੱਡੀ ਪੱਧਰ ’ਤੇ ਕੀਤਾ ਜਾਂਦਾ ਚੋਣ ਖ਼ਰਚਾ ਘਟੇਗਾ।

ਮੋਦੀ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਵਿਚ ਇਕ ਦੇਸ਼ ਇਕ ਚੋਣ ਬਾਰੇ ਦਸਤਾਵੇਜ਼ ਤਿਆਰ ਕਰਨ ਲਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਿਚ 2 ਸਤੰਬਰ 2023 ਨੂੰ ’ਕੋਵਿੰਦ ਕਮੇਟੀ’ ਦਾ ਗਠਨ ਕੀਤਾ ਸੀ। ਇਸ ਕਮੇਟੀ ਨੇ ਵੱਡੀ ਪੱਧਰ ’ਤੇ ਵਿਚਾਰ-ਵਟਾਂਦਰਾ ਕਰ ਕੇ ਇਸ ਸਾਲ ਮਾਰਚ ਦੇ ਮਹੀਨੇ ਵਿਚ ਆਪਣੀ ਰਿਪੋਰਟ ਦਿੱਤੀ ਸੀ। ਕੋਵਿੰਦ ਕਮੇਟੀ ਨੇ ਇਸ ਨਵੀਂ ਸਿਆਸੀ ਪ੍ਰਕਿਰਿਆ ਲਈ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਨਾਲ ਰਾਇ-ਮਸ਼ਵਰਾ ਕੀਤਾ ਸੀ। ਇਸ ਦੇ ਹੱਕ ਵਿਚ 32 ਪਾਰਟੀਆਂ ਨੇ ਹਾਮੀ ਭਰੀ ਸੀ ਅਤੇ ਕਾਂਗਰਸ ਸਮੇਤ ਲਗਭਗ 15 ਪਾਰਟੀਆਂ ਨੇ ਇਸ ਦਾ ਵਿਰੋਧ ਕੀਤਾ ਸੀ।

ਉਕਤ ਕਮੇਟੀ ਵਲੋਂ 14 ਮਾਰਚ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਜੋ ਰਿਪੋਰਟ ਪੇਸ਼ ਕੀਤੀ ਗਈ ਸੀ, ਉਸ ਦੇ 18,000 ਸਫ਼ੇ ਸਨ, ਜਿਸ ਵਿਚ ਇਹ ਵੀ ਵਿਆਖਿਆ ਕੀਤੀ ਗਈ ਹੈ ਕਿ ਸਾਰੇ ਪੱਧਰ ਦੀਆਂ ਚੋਣਾਂ ਵਿਚ ਇਕਸਾਰਤਾ ਕਿਵੇਂ ਲਿਆਂਦੀ ਜਾ ਸਕਦੀ ਹੈ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਲੋਕ ਸਭਾ ਦੀਆਂ ਪਹਿਲੀਆਂ ਚੋਣਾਂ 1951 ਵਿਚ ਹੋਈਆਂ ਸਨ। 1967 ਤੱਕ ਸਾਰੇ ਪੱਧਰਾਂ ’ਤੇ ਚੋਣਾਂ ਦੀ ਨਿਰੰਤਰਤਾ ਬਣੀ ਰਹੀ ਸੀ। ਹਾਲਾਤ ਬਦਲਦੇ ਗਏ, ਕੌਮੀ ਪਾਰਟੀ ਕਾਂਗਰਸ ਦਾ ਸਿਆਸੀ ਦਬਦਬਾ ਘਟਦਾ ਗਿਆ। ਸਥਾਨਕ ਅਤੇ ਪ੍ਰਾਂਤਕ ਸਿਆਸੀ ਪਾਰਟੀਆਂ ਦਾ ਵੱਡਾ ਉਭਾਰ ਦੇਖਣ ਨੂੰ ਮਿਲਿਆ। ਸਮੇਂ ਦੀਆਂ ਕੇਂਦਰੀ ਸਰਕਾਰਾਂ ਵਲੋਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਤੋੜੀਆਂ ਵੀ ਜਾਂਦੀਆਂ ਰਹੀਆਂ, ਜਿਸ ਕਰਕੇ ਇਨ੍ਹਾਂ ਚੋਣਾਂ ਵਿਚ ਇਕਸਾਰਤਾ ਨਾ ਰਹੀ।

### ਭਾਜਪਾ ਵਲੋਂ ਏਜੰਡਾ ਲਾਗੂ ਕਰਨਾ ਔਖਾ

ਅੱਜ ਦੇਸ਼ ਦੇ ਸਿਆਸੀ ਹਾਲਾਤ ਪਹਿਲਾਂ ਨਾਲੋਂ ਬਹੁਤ ਬਦਲ ਚੁੱਕੇ ਹਨ। ਕੇਂਦਰ ਵਿਚ ਵੀ ਸਮੇਂ ਤੋਂ ਪਹਿਲਾਂ ਸਰਕਾਰਾਂ ਟੁੱਟਦੀਆਂ ਤੇ ਬਣਦੀਆਂ ਰਹੀਆਂ ਹਨ। ਪ੍ਰਾਂਤਾਂ ਵਿਚ ਵੀ ਸਿਆਸੀ ਪੱਧਰ ’ਤੇ ਵੱਡੇ ਪ੍ਰਸ਼ਾਸਨਿਕ ਫੇਰਬਦਲ ਹੁੰਦੇ ਰਹੇ ਹਨ। ਇਸ ਕਰਕੇ ਹੁਣ ਇਕੋ ਸਮੇਂ ਵੱਖ-ਵੱਖ ਪੱਧਰਾਂ ’ਤੇ ਚੋਣਾਂ ਕਰਵਾਉਣਾ ਬੇਹੱਦ ਮੁਸ਼ਕਿਲ ਅਤੇ ਜਟਿਲ ਕੰਮ ਬਣ ਗਿਆ ਹੈ। ਇਸ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵੀ ਪਹਿਲੀਆਂ ਦੋ ਵਾਰੀਆਂ ਵਾਲੀ ਨਹੀਂ ਰਹੀ। ਭਾਜਪਾ ਆਪਣੇ ਬਲਬੂਤੇ ’ਤੇ ਲੋਕ ਸਭਾ ਦੀਆਂ ਚੋਣਾਂ ਵਿਚ ਬਹੁਮਤ ਪ੍ਰਾਪਤ ਨਹੀਂ ਕਰ ਸਕੀ। ਸਰਕਾਰ ਬਣਾਉਣ ਲਈ ਇਸ ਨੂੰ ਹੋਰ 13 ਛੋਟੀਆਂ-ਵੱਡੀਆਂ ਪਾਰਟੀਆਂ ਦਾ ਸਹਿਯੋਗ ਲੈਣਾ ਪਿਆ ਹੈ। ਲੋਕ ਸਭਾ ਵਿਚ ਵੀ ਵਿਰੋਧੀ ਧਿਰਾਂ ਗਿਣਤੀ ਦੇ ਪੱਖੋਂ ਵਧੇਰੇ ਮਜ਼ਬੂਤ ਹੋ ਗਈਆਂ ਹਨ।

ਹੁਣ ਕੇਂਦਰੀ ਕੈਬਨਿਟ ਰਾਹੀਂ ਲਏ ਗਏ ਇਸ ਫ਼ੈਸਲੇ ਨੂੰ ਸਿਰੇ ਚੜ੍ਹਾ ਸਕਣਾ ਇਸ ਲਈ ਮੁਸ਼ਕਿਲ ਜਾਪਦਾ ਹੈ ਕਿਉਂਕਿ ਸੰਸਦ ਵਿਚ ਇਸ ਨੂੰ ਦੋ-ਤਿਹਾਈ ਵੋਟਾਂ ਨਾਲ ਪਾਸ ਕਰਵਾਉਣਾ ਪਵੇਗਾ। ਉਸ ਤੋਂ ਬਾਅਦ ਸਾਰੇ ਹੀ ਰਾਜਾਂ ਦੀਆਂ ਵਿਧਾਨ ਸਭਾਵਾਂ ਤੋਂ ਵੀ ਇਸ ਨੂੰ ਪਾਸ ਕਰਵਾਉਣਾ ਪਵੇਗਾ, ਜੋ ਸੰਭਵ ਨਹੀਂ।

ਸਿਆਸੀ ਮਾਹਿਰਾਂ ਨੂੰ ਸ਼ੱਕ ਹੈ ਕਿ ਜੇਕਰ ਇਹ ਫ਼ੈਸਲਾ ਲਾਗੂ ਹੋਇਆ ਤਾਂ ਇਹ ਦੇਸ਼ ਵਿਚੋਂ ਸੰਘਵਾਦ (ਫੈਡਰਲਿਜ਼ਮ) ਦੇ ਖ਼ਾਤਮੇ ਵੱਲ ਇਕ ਵੱਡਾ ਕਦਮ ਜ਼ਰੂਰ ਸਾਬਿਤ ਹੋਵੇਗਾ ਤੇ ਦੇਸ਼ ਇਕ ਤਾਨਾਸ਼ਾਹੀ ਸ਼ਾਸਨ ਪ੍ਰਣਾਲੀ ਵੱਲ ਨੂੰ ਇਕ ਕਦਮ ਅੱਗੇ ਵਧ ਜਾਵੇਗਾ।

### ਭਾਜਪਾ ਦੀ ਇਸ ਮੰਨਸ਼ਾ ਪਿਛੇ ਸੰਘ ਪਰਿਵਾਰ

ਜੇਕਰ ਇਸ ਪਿੱਛੇ ਭਾਜਪਾ ਦੀ ਅਸਲ ਮਨਸ਼ਾ ਨੂੰ ਸਮਝਣਾ ਹੋਵੇ ਤਾਂ ਪਿਛਲੇ ਸਮੇਂ ’ਤੇ ਝਾਤ ਮਾਰਨੀ ਪਵੇਗੀ। ਭਾਜਪਾ ਦੀ ਸੋਚ ਅਸਲ ਵਿਚ ਆਰ. ਐੱਸ. ਐੱਸ. ਦੀ ਸੋਚ ਹੀ ਹੈ। ਇਸ ਦਾ ਪ੍ਰਗਟਾਵਾ ਆਰ. ਐੱਸ. ਐੱਸ. ਦੇ ਸਭ ਤੋਂ ਵੱਡੇ ਸਿਧਾਂਤਕਾਰ ਮੰਨੇ ਜਾਂਦੇ ਪ੍ਰਮੁੱਖ ਗੁਰੂ ਗੋਲਵਾਲਕਰ ਦੇ ਵਿਚਾਰਾਂ ਤੋਂ ਚੰਗੀ ਤਰ੍ਹਾਂ ਹੋ ਜਾਂਦਾ ਹੈ। ਉਨ੍ਹਾਂ ਦੇ ਕਈ ਭਾਸ਼ਨਾਂ ਅਤੇ ਉਨ੍ਹਾਂ ਦੀ ਕਿਤਾਬ ’ਬੰਚ ਆਫ਼ ਥਾਟਸ’ ਦੇ ਕੁਝ ਅੰਸ਼ ਵਿਚਾਰਨਯੋਗ ਹਨ।

1949 ਵਿਚ ਆਰ.ਐੱਸ.ਐੱਸ. ਦੇ ਮੁਖੀ ਗੁਰੂ ਗੋਲਵਾਲਕਰ ਇਕ ਭਾਸ਼ਨ ਵਿਚ ਕਹਿੰਦੇ ਹਨ ਕਿ ਸੰਵਿਧਾਨ ਬਣਾਉਂਦੇ ਸਮੇਂ ਆਪਣੇ ਸਭਤਵ ਨੂੰ, ਆਪਣੇ ਹਿੰਦੂਪਨ ਨੂੰ ਭੁਲਾ ਦਿੱਤਾ ਗਿਆ। (ਗੌਰਤਲਬ ਹੈ ਕਿ ਭਾਰਤੀ ਸੰਵਿਧਾਨ 26 ਨਵੰਬਰ, 1949 ਨੂੰ ਅਪਣਾਇਆ ਗਿਆ ਸੀ) ਸਾਡੇ ਵਿਚ ਏਕਤਾ ਦਾ ਨਿਰਮਾਣ ਕਰਨ ਵਾਲੀ ਭਾਵਨਾ ਕਿਹੜੀ ਹੈ, ਇਸ ਦੀ ਜਾਣਕਾਰੀ ਨਾ ਹੋਣ ਤੋਂ ਹੀ ਇਹ ਸੰਵਿਧਾਨ ’ਇਕ ਤੱਤ’ ਦਾ ਪੋਸ਼ਕ ਨਹੀਂ ਬਣ ਸਕਿਆ। ਇਕ ਦੇਸ਼, ਇਕ ਰਾਸ਼ਟਰ ਤਥਾ ਇਕ ਹੀ ਰਾਜ ਵਿਚ ਇਕਾਤਮਕ ਸਾਸ਼ਨ ਰਚਨਾ ਸਵੀਕਾਰ ਕਰਨੀ ਹੋਵੇਗੀ। ਇਕ ਸੰਸਦ ਹੋਵੇ ਇਕ ਹੀ ਮੰਤਰੀ ਮੰਡਲ ਹੋਵੇ, ਜੋ ਦੇਸ਼ ਦੀ ਸ਼ਾਸਨ ਸੁਵਿਧਾ ਦੇ ਅਨੁਕੂਲ ਵਿਭਾਗਾਂ ਦੀ ਵਿਵਸਥਾ ਕਰ ਸਕੇ। ਬਿਲਕੁਲ ਸਪੱਸ਼ਟ ਹੈ ਕਿ ਉਹ ਰਾਜਾਂ ਦੀਆਂ ਵੱਖਰੀਆਂ ਵਿਧਾਨ ਸਭਾਵਾਂ ਤੇ ਸਰਕਾਰਾਂ ਨੂੰ ਦੇਸ਼ ਨੂੰ ਵੰਡਣ ਵਾਲਾ ਮੰਨਦੇ ਹਨ



ਭਾਵ ਉਹ ਸਪੱਸ਼ਟ ਰੂਪ ਵਿਚ ਸੰਘੀ ਢਾਂਚਾ ਨਹੀਂ ਇਕਾਤਮਿਕ ਢਾਂਚੇ ਦੀ ਗੱਲ ਕਰ ਰਹੇ ਹਨ। ਹਾਲਾਂਕਿ ਪੂਰੇ ਇਤਿਹਾਸ ਵਿਚ ਭਾਰਤ ਕਦੇ ਵੀ ਇਕ ਹੀ ਰਾਜੇ ਦੇ ਅਧੀਨ ਨਹੀਂ ਰਿਹਾ। ਹਰ ਵੰਸ਼ ਦੇ ਰਾਜ ਕਾਲ ਵਿਚ ਛੋਟੇ-ਵੱਡੇ ਰਾਜ ਵੱਖ-ਵੱਖ ਸਮੇਂ ਵੱਖ-ਵੱਖ ਖ਼ੇਤਰਾਂ ਵਿਚ ਬਣਦੇ ਟੁਟਦੇ ਰਹੇ ਹਨ। ਇਹ ਦੇਸ਼ ਸਦਾ ਹੀ ਬਹੁ-ਜਾਤੀ, ਬਹੁ-ਭਾਸ਼ੀ ਤੇ ਬਹੁ-ਸੰਸਕ੍ਰਿਤੀਆਂ ਵਾਲਾ ਸਮਾਜ ਰਿਹਾ ਹੈ।

ਇਸ ਨੂੰ ਹੋਰ ਸਪੱਸ਼ਟਤਾ ਨਾਲ ਸਮਝਣ ਲਈ ਗੁਰੂ ਗੋਲਵਾਲਕਰ (ਐਮ.ਐੱਸ. ਗੋਲਵਾਲਕਰ) ਦੀ ਕਿਤਾਬ ’ਬੰਚ ਆਫ਼ ਥਾਟਸ’ ਦੇ ਹਿੰਦੀ ਅਨੁਵਾਦ ਵਿਚ ਲਿਖਿਆ ਹੈ ਕਿ ਅਸੀਂ ਆਪਣੇ ਦੇਸ਼ ਦੇ ਵਿਧਾਨ (ਸੰਵਿਧਾਨ) ਵਿਚੋਂ ਸੰਘੀ ਢਾਂਚੇ (ਫੈਡਰਲਿਜ਼ਮ) ਦੀ ਪੂਰੀ ਚਰਚਾ ਨੂੰ ’ਸਦਾ ਲਈ’ ਸਮਾਪਤ ਕਰ ਦੇਈਏ। ਇਕ ਰਾਜ ਅਰਥਾਤ ਭਾਰਤ ਦੇ ਅੰਤਰਗਤ ਅਨੇਕ ਸਵਾਇਤ (ਸਵੈਸ਼ਾਸਿਤ) ਅਥਵਾ ਅਰਧ ਸਵਾਇਤ ਰਾਜਾਂ ਦੇ ਅਸਤਿਤਵ (ਹਸਤੀ) ਨੂੰ ਮਿਟਾ ਦੇਈਏ ਤਥਾ ਇਕ ਦੇਸ਼, ਇਕ ਰਾਜ, ਇਕ ਵਿਧਾਨ ਮੰਡਲ, ਇਕ ਕਾਰਜਪਾਲਿਕਾ ਘੋਸ਼ਿਤ ਕਰੀਏ। ਉਸ ਵਿਚ ਖੰਡਾਆਤਮਿਕ, ਖੇਤਰੀ, ਸੰਪਰਦਾਇਕ, ਭਾਸ਼ਾਈ ਅਥਵਾ ਹੋਰ ਪ੍ਰਕਾਰਾਂ ਦੇ ਗ਼ੌਰਵ ਚਿੰਨ੍ਹ ਵੀ ਨਹੀਂ ਹੋਣੇ ਚਾਹੀਦੇ। ਇਥੇ ਹੀ ਬਸ ਨਹੀਂ ਇਕ ਹੋਰ ਜਗ੍ਹਾ ਉਹ ਤਿਰੰਗੇ ਝੰਡੇ ਦੇ ਵਿਰੋਧ ਸਾਫ਼ ਕਹਿੰਦੇ ਹਨ ਕਿ, ਸਾਡੀ ਮਹਾਨ ਸੰਸਕ੍ਰਿਤੀ ਦਾ ਪਰੀਪੂਰਨ ਪਰੀਚੈ ਦੇਣ ਵਾਲਾ ਪ੍ਰਤੀਕ ਸਰੂਪ ਸਾਡਾ ਭਗਵਾਂ ਝੰਡਾ ਹੈ, ਜੋ ਸਾਡੇ ਲਈ ਪਰਮੇਸ਼ਵਰ ਸਰੂਪ ਹੈ। ਇਸ ਲਈ ਇਸ ਪਰਮ ਪੂਜਣਯੋਗ ਝੰਡੇ ਨੂੰ ਅਸੀਂ ਆਪਣੇ ਗੁਰੂ ਸਥਾਨ ਵਿਚ ਰੱਖਣਾ ਉਚਿਤ ਸਮਝਿਆ ਹੈ। ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਅੰਤ ਵਿਚ ਇਸੇ ਝੰਡੇ ਦੇ ਸਾਹਮਣੇ ਸਾਰਾ ਰਾਸ਼ਟਰ (ਭਾਵ ਭਾਰਤ) ਨਤਮਸਤਕ ਹੋਵੇਗਾ, ਜੋ ਸਾਫ਼ ਹੈ ਕਿ ਇਹ ਕਦਮ ਆਰ.ਐੱਸ.ਐੱਸ. ਦੀ ਅਸਲ ਸੋਚ ਨੂੰ ਅੱਗੇ ਵਧਾਉਣ ਦੀ ਇਕ ਕੋਸ਼ਿਸ਼ ਹੈ, ਕਿਉਂਕਿ ਜੇਕਰ ਰਾਜਾਂ ਦੀ ਚੋਣ ਪਾਰਲੀਮੈਂਟ ਦੀ ਚੋਣ ਦੇ ਨਾਲ ਹੀ ਹੋਵੇਗੀ ਤਾਂ ਕੌਮੀ ਮੁੱਦਿਆਂ ਸਾਹਮਣੇ ਸਥਾਨਕ ਮੁੱਦੇ ਹੀਣ ਹੋ ਜਾਣਗੇ ਤੇ ਸੰਘਵਾਦ ਦੀਆਂ ਸਮਰਥਕ ਖੇਤਰੀ ਪਾਰਟੀਆਂ ਵੀ ਕਮਜ਼ੋਰ ਹੋਣਗੀਆਂ। ਹਾਂ, ਇਹ ਵੱਖਰੀ ਗੱਲ ਹੈ ਕਿ ਇਸ ਯੋਜਨਾ ਨੂੰ ਪੇਸ਼ ਦੇਸ਼ ਦੇ ਭਲੇ ਵਾਂਗ ਕੀਤਾ ਜਾਵੇਗਾ। ਪਰ ਜਦੋਂ ਇਹ ਸਪੱਸ਼ਟ ਹੈ ਕਿ ਭਾਵੇਂ ਇਹ ਆਰ.ਐੱਸ.ਐੱਸ. ਤੇ ਭਾਜਪਾ ਦੀ ਸੋਚ ਵੱਲ ਵਧਣ ਵਾਲਾ ਇਕ ਕਦਮ ਹੈ ਪਰ ਅੱਜ ਦੇ ਹਾਲਾਤਾਂ ਵਿਚ ਇਸ ਦਾ ਕਾਨੂੰਨ ਬਣਨਾ ਬਹੁਤ ਮੁਸ਼ਕਿਲ ਹੈ। ਕਿਉਂਕਿ ਇਸ ਨੂੰ ਪਾਸ ਕਰਨ ਲਈ ਸੰਸਦ ਦੇ ਦੋਵਾਂ ਸਦਨਾਂ ਦਾ ਦੋ ਤਿਹਾਈ ਬਹੁਮਤ ਚਾਹੀਦਾ ਹੈ, ਜੋ ਸੰਭਵ ਨਹੀਂ ਜਾਪਦਾ। ਉਂਜ ਦੇਸ਼ ਦੇ ਅੱਧੇ ਤੋਂ ਵੱਧ ਰਾਜਾਂ ਦੀਆਂ ਅਸੈਂਬਲੀਆਂ ਤੋਂ ਵੀ ਇਹ ਪਾਸ ਕਰਵਾਉਣਾ ਪਵੇਗਾ ਤਾਂ ਫਿਰ ਇਸ ਪ੍ਰਸਤਾਵ ਨੂੰ ਪਾਸ ਕਰਨ ਦਾ ਫੌਰੀ ਮੰਤਵ ਕੀ ਹੈ? ਅੱਜ ਦੇ ਹਾਲਾਤ ਵਿਚ ਇਸ ਦਾ ਫੌਰੀ ਤੇ ਪਹਿਲਾ ਮੰਤਵ ਆਰ.ਐਸ.ਐਸ. ਨੂੰ ਖ਼ੁਸ਼ ਕਰਨਾ ਜਾਪਦਾ ਹੈ ਤੇ ਉਸ ਨੂੰ ਇਹ ਯਕੀਨਦਹਾਨੀ ਕਰਵਾਉਣ ਲਈ ਹੈ ਕਿ ਭਾਜਪਾ ਉਸ ਦੀ ਸੋਚ ’ਤੇ ਹੀ ਖੜ੍ਹੀ ਹੈ, ਕਿਉਂਕਿ ਇਹ ਚਰਚਾ ਹੈ ਕਿ ਆਰ.ਐਸ.ਐਸ. ਅੱਜਕਲ੍ਹ ਪ੍ਰਧਾਨ ਮੰਤਰੀ ਨਾਲ ਨਾਰਾਜ਼ ਹੈ। ਉਂਜ ਵੀ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਪਿਛਲੇ ਕਈ ਮਹੀਨਿਆਂ ਵਿਚ ਅਜਿਹੇ ਸਖ਼ਤ ਬਿਆਨ ਦੇ ਚੁੱਕੇ ਹਨ, ਜੋ ਇਹ ਪ੍ਰਭਾਵ ਦਿੰਦੇ ਹਨ ਕਿ ਉਹ ਪ੍ਰਧਾਨ ਮੰਤਰੀ ਤੋਂ ਖ਼ੁਸ਼ ਨਹੀਂ ਹਨ। ਇਸ ਦਾ ਦੂਸਰਾ ਫੌਰੀ ਕਾਰਨ ਇਹ ਜਾਪਦਾ ਹੈ ਕਿ ਭਾਜਪਾ ਨੂੰ 4 ਵਿਧਾਨ ਸਭਾ ਚੋਣਾਂ ਵਿਚ ਆਪਣਾ ਕੋਰ ਵੋਟ ਬੈਂਕ ਖਿਸਕਦਾ ਨਜ਼ਰ ਆ ਰਿਹਾ ਹੈ ਅਤੇ ਇਹ ਪ੍ਰਸਤਾਵ ਉਸ ਦੇ ਕੋਰ ਵੋਟ ਬੈਂਕ ਨੂੰ ਭਾਜਪਾ ਵੱਲ ਫਿਰ ਤੋਂ ਖਿੱਚੇਗਾ। ਅਸਲ ਵਿਚ ਭਾਜਪਾ ਦੀ ਚਾਹਤ ਕੁਝ ਹੋਰ ਹੁੰਦੀ ਹੈ ਅਤੇ ਉਸ ਦੇ ਕੰਮ ਤੇ ਬੋਲੀ ਕੁਝ ਹੋਰ ਕਹਿੰਦੀ ਹੁੰਦੀ ਹੈ।

### ਕੀ ਹਨ ਵੱਖ ਵੱਖ ਪਾਰਟੀਆਂ ਦੇ ਵਿਚਾਰ

ਇਸ ਬਾਰੇ ਵੱਖ-ਵੱਖ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਵਿਚਾਰ ਪ੍ਰਗਟ ਵੀ ਕਰਨੇ ਸ਼ੁਰੂ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਲੋਕਤੰਤਰ ਨੂੰ ਹੋਰ ਸਰਗਰਮੀ ਭਰਪੂਰ ਬਣਾਉਣ ਦੀ ਦਿਸ਼ਾ ਵਿਚ ਇਹ ਇਕ ਮਹੱਤਵਪੂਰਨ ਕਦਮ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਨੂੰ ਆਰਥਿਕ ਵਿਕਾਸ ਨੂੰ ਗਤੀ ਦੇਣ ਵਾਲੀ ਮਜ਼ਬੂਤ ਇੱਛਾ-ਸ਼ਕਤੀ ਵਾਲਾ ਫ਼ੈਸਲਾ ਕਿਹਾ ਹੈ।

ਕਾਂਗਰਸ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਇਸ ਨੂੰ ਸੰਵਿਧਾਨ ਅਤੇ ਸੰਘਵਾਦ ਦੀ ਭਾਵਨਾ ਦੇ ਖ਼ਿਲਾਫ਼ ਦੱਸਿਆ ਹੈ ਅਤੇ ਇਹ ਵੀ ਕਿਹਾ ਹੈ ਕਿ ਇਹ ਅਸਲੀ ਮੁੱਦਿਆਂ ਤੋਂ ਧਿਆਨ ਭਟਕਾਉਣ ਵਾਲੀ ਕਾਰਵਾਈ ਹੈ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਵੀ ਇਸ ’ਤੇ ਸਵਾਲ ਉਠਾਏ ਹਨ।

### ਅਕਾਲੀ ਦਲ ਵੀ ਬਾਗੀ ਮੂਡ ਵਿਚ

ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਪਹਿਲਾਂ ‘ਵਨ ਨੇਸ਼ਨ ਵਨ ਇਲੈਕਸ਼ਨ’ ਪ੍ਰਸਤਾਵ ਦਾ ਸਮਰਥਨ ਕੀਤਾ ਸੀ ਪਰ ਕੇਂਦਰੀ ਮੰਤਰੀ ਮੰਡਲ ਵੱਲੋਂ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਰਿਪੋਰਟ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਅਕਾਲੀ ਲੀਡਰਸ਼ਿਪ ਦੁਚਿੱਤੀ ਵਿਚ ਘਿਰਦੀ ਨਜ਼ਰ ਆ ਰਹੀ ਹੈ।

ਬਾਕੀ ਹਿਸਾ ਸਫ਼ਾ 25 ਤੇ ਪੜ੍ਹੋ →

24 ਸਫ਼ੇ ਦੀ ਬਾਕੀ

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਬੀਤੇ ਦਿਨੀਂ ਦੱਸਿਆ ਕਿ ਉਹ "ਹਾਲਾਤਾਂ ਵਿੱਚ ਤਬਦੀਲੀ ਦੇ ਮੱਦੇਨਜ਼ਰ ਅਤੇ ਤਾਜ਼ਾ ਨਿਰੀਖਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ" ਇਸ ਮੁੱਦੇ 'ਤੇ ਪਾਰਟੀ ਅੰਦਰ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਇਸ ਮੁੱਦੇ 'ਤੇ ਕੋਈ ਸਟੈਂਡ ਤੈਅ ਕਰਾਂਗੇ।

ਅਕਾਲੀ ਦਲ ਸੁਧਾਰ ਲਹਿਰ-ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਇਹੋ ਜਿਹੇ ਵਿਚਾਰ ਮਜ਼ਬੂਤ ਦਲੀਲਾਂ ਨਾਲ ਦਿਤੇ। ਹਾਲਾਂਕਿ ਅਕਾਲੀ ਦਲ ਦੇ ਦੋਵੇਂ ਧੜਿਆਂ ਨੇ ਇਸ ਬਾਰੇ ਕੋਈ ਪ੍ਰਤੀਕਰਮ ਦੇਣ ਤੋਂ ਗੁਰੇਜ਼ ਕੀਤਾ।

2020 ਵਿੱਚ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਨਾਤਾ ਤੋੜਨ ਅਤੇ 2024 ਦੀਆਂ ਚੋਣਾਂ ਤੋਂ ਪਹਿਲਾਂ ਗੱਠਜੋੜ ਨਾ ਹੋਣ ਤੋਂ ਬਾਅਦ, ਅਕਾਲੀ ਲੀਡਰਸ਼ਿਪ ਵੱਖ-ਵੱਖ ਮੁੱਦਿਆਂ 'ਤੇ ਨਵਾਂ ਨਜ਼ਰੀਆ ਅਪਣਾ ਰਹੀ ਹੈ।

ਇਸ ਤੋਂ ਪਹਿਲਾਂ, ਸ਼੍ਰੋਮਣੀ ਅਕਾਲੀ ਦਲ ਨੇ ਕੋਵਿੰਦ ਪੈਨਲ ਦੇ ਸਾਹਮਣੇ 'ਇਕ ਰਾਸ਼ਟਰ ਇੱਕ ਚੋਣ' ਦਾ ਸਮਰਥਨ ਕੀਤਾ ਸੀ

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਬੇਹੱਦ ਨਾਜ਼ੁਕ ਵਿਸ਼ੇ ਸੰਬੰਧੀ ਹਰ ਪੱਧਰ 'ਤੇ ਵੱਡੀ ਅਤੇ ਵਿਸਥਾਰਿਤ ਬਹਿਸ ਹੋਣੀ ਜ਼ਰੂਰੀ ਹੈ। ਇਸ ਦੇ ਨਾਲ ਹੀ ਸਾਰੀਆਂ ਹੀ ਸਿਆਸੀ ਅਤੇ ਹੋਰ ਮਹੱਤਵਪੂਰਨ ਧਿਰਾਂ ਦਾ ਇਸ ਲਈ ਇਕਮਤ ਹੋਣਾ ਜ਼ਰੂਰੀ ਹੈ, ਤਾਂ ਜੋ ਹਰ ਪੱਧਰ 'ਤੇ ਉੱਠੇ ਸ਼ੰਕਿਆਂ ਨੂੰ ਦੂਰ ਕੀਤਾ ਜਾ ਸਕੇ।

# ਫਰਜ਼ੀ ਕਰੰਸੀ ਤੇ ਵਿਦੇਸ਼ੀ ਪਾਸਪੋਰਟ ਫੜੇ ਜਾਣ ਦਾ ਡਰਾਵਾ ਦੇ ਕੇ ਠੱਗਾਂ ਨੇ ਕਾਰੋਬਾਰੀ ਕੋਲੋਂ ਠੱਗੇ 1 ਕਰੋੜ

ਲੁਧਿਆਣਾ-ਖੁਦ ਨੂੰ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦੇ ਅਧਿਕਾਰੀ ਦੱਸਣ ਵਾਲੇ ਨੌਸਰਬਾਜ਼ਾਂ ਨੇ ਲੁਧਿਆਣਾ ਦੇ ਇੱਕ ਕਾਰੋਬਾਰੀ ਨੂੰ ਇਸ ਕਦਰ ਆਪਣੇ ਜਾਲ ਵਿੱਚ ਫਸਾਇਆ ਕਿ ਉਸਨੇ ਮੁਲਜਮਾਂ ਦੇ ਖਾਤੇ ਵਿੱਚ 1 ਕਰੋੜ ਰੁਪਏ ਦੀ ਰਕਮ ਟਰਾਂਸਫਰ ਕਰ ਦਿੱਤੀ। ਖੁਦ ਨੂੰ ਠੱਗਿਆ ਮਹਿਸੂਸ ਕਰਨ ਤੇ ਕਾਰੋਬਾਰੀ ਨੇ ਸਾਈਬਰ ਕ੍ਰਾਈਮ ਪੋਰਟਲ ਦੇ ਜ਼ਰੀਏ ਸ਼ਿਕਾਇਤ ਦਰਜ ਕਰਵਾਈ।




ਇਸ ਮਾਮਲੇ ਵਿੱਚ ਲੁਧਿਆਣਾ ਦੇ ਸਾਈਬਰ ਕ੍ਰਾਈਮ ਦੀ ਟੀਮ ਨੇ ਸਰਾਭਾ ਨਗਰ ਦੇ ਵਾਸੀ ਕਾਰੋਬਾਰੀ ਰਜਨੀਸ਼ ਅਹੂਜਾ ਦੀ ਸ਼ਿਕਾਇਤ ਤੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤ ਦਿੰਦਿਆਂ ਕਾਰੋਬਾਰੀ ਰਜਨੀਸ਼ ਆਹੂਜਾ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਫੋਨ ਕਾਲ ਆਈ। ਕਾਲ ਕਰਨ ਵਾਲੇ ਵਿਅਕਤੀ ਨੇ ਖੁਦ ਨੂੰ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦਾ ਅਧਿਕਾਰੀ ਦੱਸਿਆ। ਉਸਨੇ ਆਖਿਆ ਕਿ ਏਅਰਪੋਰਟ ਤੇ ਉਨ੍ਹਾਂ ਦਾ ਇੱਕ ਪਾਰਸਲ ਫੜਿਆ ਗਿਆ ਹੈ, ਜਿਸ ਵਿੱਚ ਵਿਦੇਸ਼ੀ ਪਾਸਪੋਰਟ ਅਤੇ ਵਿਦੇਸ਼ੀ ਕਰੰਸੀ ਹੈ ਲ ਏਅਰਪੋਰਟ ਦੇ ਫਰਜ਼ੀ ਅਧਿਕਾਰੀ ਨੇ ਰਜਨੀਸ਼ ਆਹੂਜਾ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ।

ਸਾਜਿਸ਼ ਦੇ ਤਹਿਤ ਮੁਲਜ਼ਮਾਂ ਨੇ ਆਹੂਜਾ ਨੂੰ ਉਨ੍ਹਾਂ ਦੇ ਵਟਸਐਪ ਉੱਪਰ ਫਰਜ਼ੀ ਵਰੰਟ ਅਤੇ ਕੋਰਟ ਦੇ ਜਾਅਲੀ ਆਰਡਰ ਵੀ ਭੇਜ ਦਿੱਤੇਲ ਜਾਲ ਵਿੱਚ ਫਸਾ ਕੇ ਮੁਲਜਮਾਂ ਨੇ ਰਜਨੀਸ਼ ਆਹੂਜਾ ਨਾਲ ਸੌਦੇਬਾਜ਼ੀ ਸ਼ੁਰੂ ਕਰ ਦਿੱਤੀ ਲ ਬੁਰੀ ਤਰ੍ਹਾਂ ਘਬਰਾਏ ਆਹੂਜਾ ਨੇ ਉਨ੍ਹਾਂ ਵੱਲੋਂ ਦੱਸੇ ਗਏ ਖਾਤਿਆਂ ਵਿੱਚ ਇਕ ਕਰੋੜ ਇਕ ਲੱਖ ਰੁਪਏ ਦੀ ਰਕਮ ਟ੍ਰਾਂਸਫਰ ਕਰ ਦਿੱਤੀ ਲ ਇਸ ਮਾਮਲੇ ਵਿੱਚ ਜਾਂਚ ਅਧਿਕਾਰੀ ਏਐੱਸਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਪੜਤਾਲ ਤੋਂ ਬਾਅਦ ਅਣਪਛਾਤੇ ਮੁਲਜ਼ਮਾਂ ਦੇ ਖਿਲਾਫ ਮੁਕਦਮਾ ਦਰਜ ਕਰ ਲਿਆ ਗਿਆ ਹੈ।

# ਪ੍ਰੇਮਿਕਾ ਦੀ ਅਸ਼ਲੀਲ ਵੀਡੀਓ ਕਾਰਨ ਹੋਇਆ ਕਤਲ

## ✪ ਨੌਜਵਾਨ ਪ੍ਰੇਮਿਕਾ ਨੂੰ ਕਰਦਾ ਸੀ ਬਲੈਕਮੇਲ



ਮੋਗਾ-ਮੋਗਾ ਵਿਚ ਗੁਰਮੁਖ ਸਿੰਘ ਉਰਫ ਸੁਨੀਲ ਨਾਮਕ 22 ਸਾਲਾ ਨੌਜਵਾਨ ਦੇ ਹੋਏ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਂਦਿਆਂ ਪੁਲਸ ਨੇ ਸਨਸਨੀਖੇਜ਼ ਖੁਲਾਸਾ ਕੀਤਾ ਹੈ। ਇਸ ਕਤਲ ਕਾਂਡ ਵਿਚ ਪੁਲਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਮੁਤਾਬਕ ਮ੍ਰਿਤਕ ਗੁਰਮੁੱਖ ਸਿੰਘ ਕੋਲ ਗੁਰਬਾਵਾ ਸਿੰਘ ਨਾਮ ਦੇ ਨੌਜਵਾਨ ਅਤੇ ਉਸ ਦੀ ਪ੍ਰੇਮਿਕਾ ਦੀਆਂ ਅਸ਼ਲੀਲ ਵੀਡੀਓ ਸੀ ਅਤੇ ਉਹ ਇਸ ਵੀਡੀਓ ਨਾਲ ਉਨ੍ਹਾਂ ਨੂੰ ਬਲੈਕਮੇਲ ਕਰਦਾ ਸੀ। ਇਸ ਕਾਰਨ ਗੁਰਬਾਵਾ ਸਿੰਘ ਨੇ ਆਪਣੇ ਦੋ ਸਾਥੀਆਂ ਗੁਰਲਾਲ ਸਿੰਘ ਵਾਸੀ ਤਰਨਤਾਰਨ, ਉਂਕਾਰ ਸਿੰਘ ਵਾਸੀ ਤਰਨਤਾਰਨ ਨਾਲ ਮਿਲ ਕੇ ਗੁਰਮੁਖ ਸਿੰਘ ਨੂੰ ਪਹਿਲਾਂ ਘਰੋਂ ਬੁਲਾਇਆ ਅਤੇ ਫਿਰ ਉਸ ਨਾਲ ਬੈਠ ਕੇ ਸ਼ਰਾਬ ਪੀਤੀ ਬਾਅਦ ਵਿਚ ਚੁੰਨੀ ਨਾਲ ਪਹਿਲਾਂ ਉਸ ਦਾ ਗਲਾ ਘੁੱਟਿਆ ਅਤੇ ਫਿਰ ਉਸ ਦੀ ਪਛਾਣ ਲੁਕਾਉਣ ਲਈ ਲਾਸ਼ ਨੂੰ ਅੱਗ ਲਗਾ ਦਿੱਤੀ। ਪੁਲਸ ਨੇ ਡੂੰਘਾਈ ਨਾਲ ਜਾਂਚ ਕਰਦੇ ਹੋਏ ਇਨ੍ਹਾਂ ਕਾਤਲਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਸਾਈਬਰ ਠੱਗਾਂ ਨੇ ਬਜ਼ੁਰਗ ਨੂੰ ਠਗਿਆ

## ✪ ਬੈਂਕ ਠੱਗੀ ਰੋਕਣ ਵਿਚ ਰਿਹਾ ਨਾਕਾਮ

ਲੁਧਿਆਣਾ-ਸਾਈਬਰ ਠੱਗਾਂ ਨੇ 72 ਸਾਲਾਂ ਦੇ ਬਜ਼ੁਰਗ ਵਿਅਕਤੀ ਦੀ ਮਿਹਨਤ ਦੀ ਕਮਾਈ ਠੱਗ ਲਈ। ਸਾਈਬਰ ਧੋਖਾਧੜੀ ਦੇ ਇਸ ਮਾਮਲੇ ਵਿਚ ਸਾਈਬਰ ਸੈੱਲ ਦੀ ਪੁਲਿਸ ਨੇ ਧੋਖਾਧੜੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਹ ਘਟਨਾ 17 ਸਤੰਬਰ ਦੀ ਸ਼ਾਮ ਨੂੰ ਵਾਪਰੀ। ਮਾਲ ਰੋਡ 'ਤੇ ਪੈਂਦੇ ਡਾਕਟਰ ਸ਼ਾਮ ਸਿੰਘ ਰੋਡ ਦੇ ਰਹਿਣ ਵਾਲੇ ਬਜ਼ੁਰਗ ਰਾਕੇਸ਼ ਖੰਨਾ ਨੇ ਐੱਲਪੀਜੀ ਸਿਲੰਡਰ ਦੀ ਡਿਲੀਵਰੀ ਵਿਚ ਹੋ ਰਹੀ ਦੇਰੀ ਸਬੰਧੀ ਸ਼ਿਕਾਇਤ ਦਰਜ ਕਰਵਾਉਣੀ ਚਾਹੀ।

ਉਨ੍ਹਾਂ ਦੇਖਿਆ ਕਿ ਹੈਲਪਲਾਈਨ ਨੰਬਰ 1906 ਕੰਮ ਨਹੀਂ ਸੀ ਕਰ ਰਿਹਾ। ਉਨ੍ਹਾਂ ਨੇ ਗੂਗਲ ਤੋਂ ਆਨਲਾਈਨ ਸਰਚ ਕਰ ਕੇ ਸ਼ਿਕਾਇਤ ਦੇਣ ਲਈ ਨੰਬਰ ਹਾਸਲ ਕੀਤਾ। ਰਾਕੇਸ਼ ਖੰਨਾ ਇਸ ਗੱਲ ਤੋਂ ਬੇਖ਼ਬਰ ਸਨ ਕਿ ਉਹ ਠੱਗਾਂ ਦੇ ਜਾਲ ਵਿਚ ਫਸ ਰਹੇ ਹਨ। ਜਿਵੇਂ ਹੀ ਉਨ੍ਹਾਂ ਨੇ ਨੰਬਰ 'ਤੇ ਸੰਪਰਕ ਕੀਤਾ ਤਾਂ ਕਾਲਰ ਨੇ ਖ਼ੁਦ ਨੂੰ ਇੰਡੀਅਨ ਆਇਲ ਦਾ ਮੁਲਾਜ਼ਮ ਦੱਸਿਆ ਅਤੇ ਉਨ੍ਹਾਂ ਦਾ ਮਸਲਾ ਹੱਲ ਕਰਨ ਦੀ ਹਾਮੀ ਭਰੀ।

ਠੱਗ ਨੇ ਸੀਨੀਅਰ ਸਿਟੀਜ਼ਨ ਰਾਕੇਸ਼ ਖੰਨਾ ਦਾ ਵਿਸ਼ਵਾਸ ਜਿੱਤ ਲਿਆ ਅਤੇ ਉਨ੍ਹਾਂ ਨੂੰ ਕੇਵਾਈਸੀ ਫੀਸ ਲਈ 10 ਰੁਪਏ ਭੇਜਣ ਲਈ ਆਖਿਆ। ਉਸਨੇ ਆਖਿਆ ਕਿ ਇਹ ਭੁਗਤਾਨ ਸਬਸਿਡੀ ਪ੍ਰਾਪਤ ਕਰਨ ਤੇ ਸਿਲੰਡਰ ਦੀ ਡਿਲੀਵਰੀ ਲਈ ਇਕ ਨਵੀਨਤਮ ਸਰਕਾਰੀ ਗਾਈਡਲਾਈਨ ਦਾ ਹਿੱਸਾ ਹੈ। ਸਾਈਬਰ ਠੱਗ ਨੇ ਉਨ੍ਹਾਂ ਨੂੰ ਵ੍ਹਟਸਐਪ 'ਤੇ ਇਕ ਖ਼ਾਸ ਲਿੰਕ ਭੇਜਿਆ ਅਤੇ 10 ਰੁਪਏ ਦਾ ਭੁਗਤਾਨ ਕਰਦੇ ਹੀ ਉਨ੍ਹਾਂ ਦੇ ਖਾਤੇ ਵਿਚੋਂ ਰਕਮ ਨਿਕਲਣੀ ਸ਼ੁਰੂ ਹੋ ਗਈ।

### ਸਾਈਬਰ ਠੱਗਾਂ ਨੇ 22 ਖਾਤਿਆਂ ਵਿਚ ਰਕਮ ਕੀਤੀ ਟਰਾਂਸਫਰ

ਸ਼ਾਤਰ ਸਾਈਬਰ ਠੱਗਾਂ ਨੇ ਰਾਕੇਸ਼ ਖੰਨਾ ਨੂੰ ਧੋਖਾਧੜੀ ਦਾ ਸ਼ਿਕਾਰ ਬਣਾਉਣ ਲਈ 22 ਖਾਤਿਆਂ ਵਿਚ ਰਕਮ ਟ੍ਰਾਂਸਫ਼ਰ ਕੀਤੀ। ਉਨ੍ਹਾਂ ਨੇ ਸੀਨੀਅਰ ਸਿਟੀਜਨ ਰਾਕੇਸ਼ ਖੰਨਾ ਦੇ ਖਾਤੇ ਵਿਚੋਂ 11 ਲੱਖ ਰੁਪਏ ਬੰਧਨ ਬੈਂਕ, ਐਕਸਿਸ ਬੈਂਕ, ਐੱਨਐੱਸਡੀਐੱਲ ਪੇਮੈਂਟ ਬੈਂਕ, ਇੰਡੀਅਨ ਓਵਰਸੀਜ਼ ਬੈਂਕ, ਕੋਟਕ ਮਹਿੰਦਰਾ ਬੈਂਕ, ਸੈਂਟਰਲ ਬੈਂਕ ਆਫ਼ ਇੰਡੀਆ, ਯੂਨੀਅਨ ਬੈਂਕ, ਇੰਡੀਅਨ ਬੈਂਕ ਅਤੇ ਐੱਚਡੀਐੱਫਸੀ ਬੈਂਕ ਦੇ ਖਾਤਿਆਂ ਸਮੇਤ ਸਮੇਤ 22 ਵੱਖ-ਵੱਖ ਖਾਤਿਆਂ ਦੀ ਵਰਤੋਂ ਕੀਤੀ।

ਮੁਲਜ਼ਮਾਂ ਨੇ ਹਰੇਕ ਖਾਤੇ ਵਿਚ 50-50 ਹਜ਼ਾਰ ਰੁਪਏ ਦੀ ਰਕਮ ਟਰਾਂਸਫਰ ਕੀਤੀ। ਰਕਮ ਅਸਾਮ, ਮੁੰਬਈ, ਦਿੱਲੀ ਅਤੇ ਰਾਜਸਥਾਨ ਵਿਚ ਕਢਵਾਈ ਗਈ। ਸੀਨੀਅਰ ਸਿਟੀਜ਼ਨ ਰਾਕੇਸ਼ ਖੰਨਾ ਲੱਤ ਦੇ ਫਰੈਕਚਰ ਤੋਂ ਪਰੇਸ਼ਾਨ ਸਨ, ਪਰ ਇਸਦੇ ਬਾਵਜੂਦ ਉਹ ਏਯੂ ਬੈਂਕ ਮਾਲ ਰੋਡ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਅਦਾਇਗੀ ਬੰਦ ਕਰਾਈ।



ਰਾਕੇਸ਼ ਖੰਨਾ ਨੇ ਦੱਸਿਆ ਕਿ ਉਹ ਬਿਮਾਰ ਹੋਣ ਦੇ ਬਾਵਜੂਦ ਕੁਝ ਹੀ ਸਮੇਂ ਵਿਚ ਬੈਂਕ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਸਾਈਬਰ ਸੁਰੱਖਿਆ ਦੇ ਮੱਦੇਨਜ਼ਰ ਇਹ ਬੈਂਕ ਬਿਲਕੁਲ ਨਾਕਾਮ ਹੈ। ਬੈਂਕ ਚਾਹੁੰਦਾ ਤਾਂ ਇਹ ਠੱਗੀ ਰੁਕ ਸਕਦੀ ਸੀ, ਪਰ ਉਨ੍ਹਾਂ ਨੂੰ ਬੈਂਕ ਦੇ ਸਾਈਬਰ ਸੁਸਾਇਟੀ ਵਿਭਾਗ ਤੋਂ ਕੋਈ ਵੀ ਕਾਲ ਨਹੀਂ ਆਈ। ਜੇਕਰ ਬੈਂਕ ਅਧਿਕਾਰੀ ਚੌਕਸ ਹੁੰਦੇ ਤਾਂ ਠੱਗੀ 'ਤੇ ਰੋਕ ਲੱਗ ਸਕਦੀ ਸੀ।

### ਫ਼ਰਜ਼ੀ ਵੈੱਬਸਾਈਟਾਂ ਹੋਣੀਆਂ ਚਾਹੀਦੀਆਂ ਹਨ ਬੰਦ

ਉਨ੍ਹਾਂ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੂੰ ਅਪੀਲ ਕੀਤੀ ਕਿ ਉਹ ਐੱਲਪੀਜੀ ਕੰਪਨੀਆਂ ਦੀਆਂ ਫਰਜ਼ੀ ਸਾਈਟਾਂ ਨੂੰ ਬੰਦ ਕਰਨ ਲਈ ਗੂਗਲ ਨੂੰ ਨਿਰਦੇਸ਼ ਦੇਣ। ਨਾਲ ਹੀ ਉਨ੍ਹਾਂ ਨੇ ਕੰਪਨੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਫ਼ਰਜ਼ੀ ਵੈਬਸਾਈਟਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ।

ਸੀਨੀਅਰ ਸਿਟੀਜਨ ਖੰਨਾ ਨੇ ਵਿੱਤ ਮੰਤਰਾਲੇ ਨੂੰ ਇਹ ਵੀ ਤਾਕੀਦ ਕੀਤੀ ਕਿ ਉਹ ਬੈਂਕਿੰਗ ਲਾਇਸੈਂਸ ਸਿਰਫ਼ ਉਨ੍ਹਾਂ ਬੈਂਕਾਂ ਨੂੰ ਦੇਣ ਜੋ ਇਕ ਮਜ਼ਬੂਤ ਸਾਈਬਰ ਸੁਰੱਖਿਆ ਵਾਲੇ ਬੈਂਕ ਹਨ।

ਸਾਈਬਰ ਸੁਰੱਖਿਆ ਨਾਲ ਲੈਸ ਬੈਂਕ ਅਜਿਹੇ ਹੋਣੇ ਚਾਹੀਦੇ ਹਨ ਜੋ ਤੁਰੰਤ ਗੁੰਝਲਦਾਰ ਭੁਗਤਾਨਾਂ ਦਾ ਪਤਾ ਲਗਾ ਲੈਣ ਤੇ ਤੁਰੰਤ ਗਾਹਕਾਂ ਨੂੰ ਕਾਲ ਕਰ ਕੇ ਨਾਜਾਇਜ਼ ਤਰੀਕੇ ਨਾਲ ਹੋ ਰਹੇ ਇਨ੍ਹਾਂ ਭੁਗਤਾਨਾਂ ਬਾਰੇ ਸੂਚਿਤ ਕਰਨ।

# ਕਿਸਮਤ ਦੇ ਸਿਤਾਰੇ

## ਵੀਰਵਾਰ 26 ਸਤੰਬਰ ਬੁੱਧਵਾਰ 02 ਅਕਤੂਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਘਰੇਲੂ ਉਲਝਣਾਂ ਵੱਧਣਗੀਆਂ। ਜ਼ਿਆਦਾ ਗੁੱਸੇ ਨਾਲ ਕੋਈ ਬਣਿਆ ਕੰਮ ਵਿਗੜ ਸਕਦੈ। ਕੁਝ ਸੋਚੀਆਂ ਸਕੀਮਾਂ ਵਿੱਚ ਰੁਕਾਵਟਾਂ ਦਾ ਸਾਹਮਣਾ ਹੋ ਸਕਦੈ। ਮੁਸ਼ਕਿਲ ਹਾਲਾਤ ਦੇ ਬਾਵਜੂਦ ਗੁਜ਼ਾਰੇ ਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਹਫਤੇ ਦੇ ਸ਼ੁਰੂ ਵਿੱਚ ਕਾਰੋਬਾਰ ਵਿੱਚ ਸੰਘਰਸ਼ ਤੇ ਲੈਣ-ਦੇਣ ਦੇ ਮਾਮਲੇ ਵਿੱਚ ਪ੍ਰੇਸ਼ਾਨੀ ਹੋ ਸਕਦੀ ਹੈ। ਗੁਜ਼ਾਰੇਯੋਗ ਧਨ ਪ੍ਰਾਪਤੀ ਦੇ ਸਾਧਨ ਰਹਿਣਗੇ। ਫਜ਼ੂਲ ਦੀ ਭੱਜ-ਦੌੜ ਰਹੇਗੀ। ਕਈ ਆਪਣੇ ਵੀ ਪਰਾਏ ਵਰਗਾ ਬਰਤਾਵ ਕਰਨਗੇ। ਕਈ ਤਰ੍ਹਾਂ ਦੇ ਫਿਕਰ ਤੇ ਫਜ਼ੂਲ ਖਰਚੀ ਵਧੇਗੀ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਆਰਥਿਕ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਧਨ ਦਾ ਨੁਕਸਾਨ ਅਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਵੀ ਪੈਦਾ ਹੋਣਗੀਆਂ। ਗੁੱਸਾ ਅਤੇ ਤਣਾਅ ਵਧੇਗਾ। ਧਾਰਮਿਕ ਕੰਮਾਂ ਵਲ ਰੁਝਾਨ ਰਹੇਗਾ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਆਰਥਿਕ ਉਲਝਣਾਂ ਪੈਦਾ ਹੋਣਗੀਆਂ। ਖਰਚ ਜ਼ਿਆਦਾ ਹੋਣ ਨਾਲ ਗੁੱਸਾ ਵੀ ਜ਼ਿਆਦਾ ਆਵੇਗਾ। ਵਪਾਰਕ ਪ੍ਰੇਸ਼ਾਨੀ ਕਰਕੇ ਉਧਾਰ ਲੈਣ ਦੀ ਨੌਬਤ ਆ ਸਕਦੀ ਹੈ, ਸਾਵਧਾਨੀ ਵਰਤੋ। ਸਾਂਝੇਦਾਰੀ ਦੇ ਕੰਮਾਂ ਵਿੱਚ ਲਾਭ ਦੀ ਜਗ੍ਹਾ ਨੁਕਸਾਨ ਹੋਣ ਦਾ ਡਰ ਹੈ। ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਇਸ ਹਫਤੇ ਉਲਝਣਾਂ ਦੇ ਬਾਵਜੂਦ ਕਿਸਮਤ ਨਾਲ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਵਪਾਰਕ ਰੁਝੇਵੇਂ ਜ਼ਿਆਦਾ ਹੋਣ ਕਰਕੇ ਲਾਭ ਘੱਟ ਰਹੇਗਾ। ਪਰਿਵਾਰ ਵਿੱਚ ਕਿਸੇ ਸ਼ੁਭ ਮੰਗਲ ਕੰਮ 'ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਮਨ ਅਸ਼ਾਂਤ ਤੇ ਅਸੰਤੁਸ਼ਟ ਰਹੇਗਾ। ਰੋਜ਼ਾਨਾ ਨਿੱਤ ਨੇਮ ਦਾ ਪਾਠ ਕਰਨਾ ਸ਼ੁਭ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਕਾਰੋਬਾਰ ਵਿੱਚ ਕਈ ਵੱਡੇ ਲੋਕਾਂ ਨਾਲ ਮੇਲ-ਜੋਲ ਵੱਧਣਗੇ। ਸੰਤਾਨ ਦੇ ਕਿਸੇ ਖਾਸ ਕੰਮ ਵਿੱਚ ਕਾਮਯਾਬੀ ਦੇ ਯੋਗ ਹਨ। ਧਾਰਮਿਕ ਕੰਮਾਂ ਅਤੇ ਸਮਾਜਿਕ ਖੇਤਰਾਂ ਵਿੱਚ ਵੀ ਦਿਲਚਸਪੀ ਵਧੇਗੀ। ਭਾਈ-ਬੰਧੂਆਂ ਨਾਲ ਮੱਤਭੇਦ ਕਾਰਨ ਪ੍ਰੇਸ਼ਾਨੀ ਰਹੇਗੀ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਹਫਤੇ ਦੇ ਸ਼ੁਰੂ ਵਿੱਚ ਨੌਕਰੀ ਆਦਿ ਵਿੱਚ ਤਰੱਕੀ ਅਤੇ ਧਨ ਲਾਭ ਦੇ ਯੋਗ ਹਨ। ਕਿਸੇ ਖਾਸ ਰੁਕੇ ਹੋਏ ਕੰਮ ਵਿੱਚ ਕਾਮਯਾਬੀ ਲਈ ਸੰਘਰਸ਼ ਕਰਨਾ ਪਵੇਗਾ। ਮਨੋਰੰਜਨ/ਆਮੋਦ-ਪ੍ਰਮੋਦ ਦੇ ਕੰਮਾਂ ਵਿੱਚ ਸਮਾਂ ਬੀਤੇਗਾ ਅਤੇ ਖਰਚ ਵੀ ਵਧੇਗਾ। ਸੰਤਾਨ ਸਬੰਧੀ ਚਿੰਤਾ ਵਧੇਗੀ। ਇਸ ਹਫਤੇ ਇਕ ਵਾਰੀ ਪਰਿਵਾਰ ਸਮੇਤ ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਪਰਿਵਾਰਕ ਅਤੇ ਆਰਥਿਕ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਸੋਚੀਆਂ ਯੋਜਨਾਵਾਂ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ। ਮੁਸ਼ਕਿਲ ਹਾਲਾਤਾਂ ਦੇ ਬਾਵਜੂਦ ਆਮਦਨ ਦੇ ਸਾਧਨ ਬਣਦੇ ਰਹਿਣਗੇ। ਕਾਰੋਬਾਰੀ ਖੇਤਰ ਵਿੱਚ ਸਮਾਂ ਚੁਣੌਤੀ ਵਾਲਾ ਹੋਵੇਗਾ। ਆਪਣੇ ਬੱਚਿਆਂ ਜਰੂਰ ਪਰਿਵਾਰ ਦੀਆਂ ਗੱਲਾਂ ਬਾਤਾਂ ਕਰੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਇਸ ਹਫਤੇ ਸਰੀਰਕ ਕਸ਼ਟ, ਗੁੱਸੇ ਦੀ ਭਾਵਨਾ ਜ਼ਿਆਦਾ, ਦਿਮਾਗੀ ਤਣਾਅ ਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ। ਵਾਹਨ ਆਦਿ ਦੀ ਖਰੀਦ-ਵੇਚ ਦਾ ਕੰਮ ਵੀ ਹੋਵੇਗਾ। ਕੰਮਕਾਜ ਵਿੱਚ ਜਲਦਬਾਜੀ ਜਾਂ ਲਾਪ੍ਰਵਾਹੀ ਨੁਕਸਾਨਦਾਇਕ ਹੋ ਸਕਦੀ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਕਾਰੋਬਾਰ ਵਿੱਚ ਖਾਸ ਉਥਲ-ਪੁਥਲ ਕਾਰਨ ਧਨ ਦਾ ਖਰਚ ਵੀ ਜ਼ਿਆਦਾ ਹੋਵੇਗਾ। ਫਿਰ ਵੀ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਆਖਿਰ ਵਿੱਚ ਕਿਸੇ ਨਵੀਂ ਯੋਜਨਾ 'ਤੇ ਵਿਚਾਰ-ਵਿਮਰਸ਼ ਹੋਵੇਗਾ। ਗਰੀਬ ਪਰਿਵਾਰ ਦੇ ਬੱਚੇ ਨੂੰ ਧਾਰਮਿਕ ਜਾਂ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਦਿਉ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਰਾਜ ਨੇਤਾਵਾਂ ਲਈ ਸਮਾਂ ਉਥਲ-ਪੁਥਲ ਵਾਲਾ ਹੋਵੇਗਾ। ਤਰੱਕੀ ਲਈ ਉੱਚ-ਪੱਧਰੀ ਲੋਕਾਂ ਨਾਲ ਮੇਲ-ਜੋਲ ਲਾਭਕਾਰੀ ਹੋਵੇਗਾ। ਸ਼ੁੱਭ ਸਮਾਚਾਰਾਂ ਦਾ ਆਦਾਨ ਪ੍ਰਦਾਨ ਰਹੇਗਾ। ਕਿਸੇ ਬਹੁਤ ਜ਼ਰੂਰੀ ਕੰਮ ਦੇ ਬਣ ਜਾਣ ਨਾਲ ਖੁਸ਼ੀ ਮਿਲੇਗੀ। ਗੁਰੂ ਘਰ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਹਫਤੇ ਦੇ ਸ਼ੁਰੂ ਵਿੱਚ ਕਿਸੇ ਨਜ਼ਦੀਕੀ ਸਹਿਯੋਗੀ ਦੀ ਮਦਦ ਨਾਲ ਕੁਝ ਵਿਗੜੇ ਹੋਏ ਕੰਮਾਂ ਵਿੱਚ ਸੁਧਾਰ ਹੋਵੇਗਾ। ਮਿਹਨਤ ਤੇ ਪੁਰਸ਼ਾਰਥ ਕਰਨ 'ਤੇ ਧਨ ਲਾਭ ਦੇ ਮੌਕੇ ਮਿਲਣਗੇ। ਸਾਂਝੇਦਾਰੀ ਦੇ ਕੰਮਾਂ ਵਿੱਚ ਵਧੇਰੇ ਲਾਭ ਨਹੀਂ ਹੋਵੇਗਾ। ਜ਼ਿਆਦਾ ਖਰਚ ਤੇ ਪਰਿਵਾਰ ਸਬੰਧੀ ਪ੍ਰੇਸ਼ਾਨੀ ਰਹੇਗੀ ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ ਅਤੇ ਗੁਰੂ ਘਰ ਹਾਜਰੀ ਜਰੂਰ ਭਰੋ।

## ਹਾਸੇ ਦੀ ਪਟਾਰੀ

**ਗਾਹਕ,** ਤੁਹਾਡੀ ਮੱਝ ਦੀ ਇਕ ਅੱਖ ਖਰਾਬ ਹੈ, ਫਿਰ ਵੀ 40 ਹਜ਼ਾਰ ਮੰਗ ਰਹੇ ਹੋ।

ਮਾਲਕ, ਤੈਨੂੰ ਮੱਝ ਦੁੱਧ ਲਈ ਚਾਹੀਦੀ ਹੈ ਜਾਂ ਅੱਖ ਮਟਕਾ ਕਰਨ ਲਈ।

*---*---*

**ਅਧਿਆਪਕ** (ਵਿੱਦਿਆਰਥੀ ਨੂੰ), ਇਹ ਦੱਸੋ ਕਿ ਸਮੈਸਟਰ ਸਿਸਟਮ ਨਾਲ ਕੀ ਫਾਇਦਾ ਹੈ?

ਵਿੱਦਿਆਰਥੀ, ਫਾਇਦੇ ਦਾ ਤਾਂ ਪਤਾ ਨਹੀਂ ਮੈਡਮ ਜੀ, ਪਰ ਬੇਇੱਜ਼ਤੀ ਸਾਲ ਵਿੱਚ ਦੋ ਵਾਰੀ ਹੋ ਜਾਂਦੀ ਹੈ।

*---*---*

**ਅਕਬਰ,** ਸੈਨਾਪਤੀ! ਇਹ ਦੱਸੋ ਕਿ ਅਸੀਂ ਅਨਾਰਕਲੀ ਨੂੰ ਕਿਉਂ ਨਹੀਂ ਲੱਭ ਪਾ ਰਹੇ ਹਾਂ?

ਸੈਨਾਪਤੀ, ਮਹਾਰਾਜ ਕਿਉਂਕਿ ਅਸੀਂ ਮੁਗ਼ਲ ਹਾਂ, ਗੂਗਲ ਨਹੀਂ....।

*---*---*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................
ADDRESS.......................................................
.......................................POST CODE.........................
TEL.......................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਚੁੱਪ ਸਾਧਿਆਂ, ਕਰ-ਪਾਤੀ ਬਣਿਆਂ (ਭਾਂਡਿਆਂ ਦੇ ਥਾਂ ਆਪਣੇ ਹੱਥ ਵਰਤ ਕੇ), ਜੰਗਲ ਵਿਚ ਨੰਗੇ ਤੁਰਿਆਂ ਫਿਰਿਆਂ, ਤੀਰਥਾਂ ਅਤੇ ਸਾਰੀ ਧਰਤੀ ਦਾ ਰਟਨ ਕੀਤਿਆਂ ਦੁਬਿਧਾ ਦੂਰ ਨਹੀਂ ਹੁੰਦੀ । "ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥2॥ ਅੰਗ 641"। ਤੀਰਥਾਂ ਉਤੇ ਭਰਮਨ ਨਾਲ਼ ਹਉਮੈ/ਦੁਬਿਧਾ ਰੋਗ ਨਹੀਂ ਮੁੱਕਦਾ, ਪੜ੍ਹਿਆ ਮਨੁੱਖ ਭੀ ਹਉਮੈ ਕਾਰਨ ਬਾਦ ਬਿਵਾਦ 'ਚ ਫਸਦਾ ਹੈ । ਦੁਬਿਧਾ ਇਕ ਬੜਾ ਭਾਰੀ ਰੋਗ ਹੈ, ਦੁਬਿਧਾ ਅਧੀਨ ਮਨੁੱਖ ਮਾਇਆ ਦਾ ਮੁਥਾਜ ਬਣਿਆ ਰਹਿੰਦਾ ਹੈ । "ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥ ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥8॥ ਅੰਗ 1153"।

ਦੁਬਿਧਾ ਤੋਂ ਛੁਟਕਾਰਾ ਕਿੱਦਾਂ ਹੋਵੇ? ਸਤਿਗੁਰੂ ਦੇ ਮਿਲਾਪ ਤੋਂ ਬਿਨਾ ਦੁਬਿਧਾ ਦੂਰ ਨਹੀਂ ਹੁੰਦੀ । ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਅੰਗ 153"। ਕਿਉਂਕਿ ਸਤਿਗੁਰੂ ਨਾਮ ਦੀ ਦਾਤ ਦੇ ਕੇ ਤੇ ਨਾਮ ਦ੍ਰਿੜ ਕਰਵਾ ਕੇ ਜੀਵ ਅੰਦਰੋਂ ਹਉਮੈ ਨੂੰ ਮਾਰ ਦਿੰਦਾ ਹੈ; ਜਦੋਂ ਹਉਮੈ ਖਤਮ ਹੋ ਗਈ ਤਾਂ ਨਾ ਮਾਇਆ ਮੋਹ ਰਹੇਗਾ ਤੇ ਨਾ ਹੀ ਦੁਬਿਧਾ । "ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥ ਅੰਗ 590"। ਪਰਮਾਤਮਾ ਆਪ ਹੀ ਮਤਿ ਦਿੰਦਾ ਹੈ ਤਾਂ (ਹੀ) ਉਸਦਾ ਨਾਮ ਸਿਮਰੀਦਾ ਹੈ । ਵੱਡੇ ਭਾਗਾਂ ਵਾਲ਼ਿਆਂ ਨੂੰ ਸਤਿਗੁਰੂ ਮਿਲਦਾ ਹੈ, ਜੋ ਓਹਨਾਂ ਦੇ ਮੂੰਹ ਵਿਚ ਆਤਮਿਕ ਜੀਵਨ ਦੇਣ ਵਾਲ਼ਾ ਨਾਮ ਪਾਉਂਦਾ ਹੈ । ਜਿਸ ਨਾਲ਼ ਉਹਨਾਂ ਦੇ ਅੰਦਰੋਂ ਹਉਮੈ ਤੇ ਦੁਬਿਧਾ ਦੂਰ ਹੋ ਜਾਂਦੀ ਹੈ ਤੇ ਉਹ ਸੁਤੇ ਸਿਧ ਹੀ ਸੁਖ (ਆਤਮਿਕ ਆਨੰਦ) ਵਿਚ ਸਮਾ ਜਾਂਦੇ ਹਨ। ਹਰ ਥਾਂ ਪ੍ਰਭੂ ਆਪ ਹੀ ਵਰਤਦਾ ਹੈ; ਭਾਵ ਮੌਜੂਦ ਹੈ, ਤੇ ਪ੍ਰਭੂ ਆਪ ਹੀ (ਜੀਵਾਂ ਨੂੰ) ਆਪਣੇ ਨਾਮ ਵਿਚ ਜੋੜਦਾ ਹੈ । "ਆਪੇ ਹੀ ਪ੍ਰਭੁ ਦੇਹਿ ਮਤਿ ਹਰਿਨਾਮੁ ਧਿਆਈਐ ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥ ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥2॥ ਅੰਗ 163"। ਜਿਨ੍ਹਾਂ ਬੰਦਿਆਂ ਨੇ ਮਾਇਆਵੀ ਕਾਰ ਵਿਚ ਲੱਗ ਕੇ ਪਰਮਾਤਮਾ ਦਾ ਨਾਮ ਭੁਲਾ ਦਿੱਤਾ ਹੈ, ਉਹ ਦੁਬਿਧਾ 'ਚ ਲੱਗ ਕੇ ਖਤਮ ਹੋ ਗਏ, ਕਿਉਂਕਿ ਉਹਨਾਂ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਹੁੰਦੀ ਹੈ । ਜਿਨ੍ਹਾਂ ਦੀ ਰਾਖੀ ਗੁਰੂ ਨੇ ਕੀਤੀ, ਉਹ ਬਚ ਗਏ, ਹੋਰਨਾਂ ਨੂੰ ਧੰਧਿਆਂ ਨੇ ਠਗ ਲਿਆ । "ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ॥2॥ ਅੰਗ 19"। ਗੁਰੂ ਤੋਂ ਬਿਨਾ ਨਾ ਹੀ ਮਾਇਆ ਤੋਂ ਮੁਕਤੀ ਮਿਲਦੀ ਹੈ ਤੇ ਨਾ ਹੀ ਦੁਬਿਧਾ ਦੂਰ ਹੁੰਦੀ ਹੈ । "ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥5॥ ਅੰਗ 67"। ਜਿਹੜੇ ਬੰਦੇ ਪਰਮਾਤਮਾ (ਦੇ ਨਾਮ) ਨੂੰ ਆਪਣੇ ਹਿਰਦੇ ਵਿਚ ਟਿਕਾ ਰੱਖਦੇ ਹਨ, ਉਹਨਾਂ ਦੀ ਦੁਬਿਧਾ ਰੂਪੀ ਮੈਲ ਦੂਰ ਹੋ ਜਾਂਦੀ ਹੈ । ਉਹਨਾਂ ਦੀ ਬਾਣੀ ਸੱਚੀ ਹੁੰਦੀ ਹੈ, ਸਦਾ ਥਿਰ ਪ੍ਰਭੂ ਉਹਨਾਂ ਦੇ ਮਨ ਵਿਚ ਵਸਦਾ ਹੈ ਤੇ ਸਦਾ-ਥਿਰ ਪ੍ਰਭੂ ਨਾਲ਼ ਉਹਨਾਂ ਦਾ ਪਿਆਰ ਹੁੰਦਾ ਹੈ । "ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰਧਾਰਿ ॥ ਸਚੀ ਬਾਣੀ ਸਚੁ ਮਨਿ ਸਚੇ ਨਾਲ ਪਿਆਰੁ॥1॥ ਅੰਗ 35"। ਗੁਰੂ ਕਿਰਪਾ ਨਾਲ਼ ਜਦੋਂ ਇਕ ਪਰਮੇਸ਼ਰ ਨਾਲ ਲਿਵ ਲੱਗ ਗਈ ਤਦੋਂ ਦੁਬਿਧਾ ਬਿਨਸ ਜਾਂਦੀ ਹੈ । "ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥ ਅੰਗ 993"। ਜਿਹੜੇ ਮਨੁੱਖ ਸਦਾ-ਥਿਰ ਪ੍ਰਭੂ (ਦੇ ਪਿਆਰ) ਵਿਚ ਰੰਗੇ ਰਹਿੰਦੇ ਹਨ, ਉਹ ਦੁਬਿਧਾ ਤੇ ਵਿਕਾਰ ਛੱਡ ਕੇ ਤਰ ਜਾਂਦੇ ਹਨ । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ, ਜੇਹੜੇ (ਇਸ ਤਰ੍ਹਾਂ) ਪ੍ਰਭੂ ਦੇ ਦਰ ਤੇ ਸੁਰਖ਼ਰੂ ਹੁੰਦੇ ਹਨ । "ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥2॥ ਅੰਗ 55"। ਦੁਬਿਧਾ ਖਤਮ ਕੀਤੇ ਬਿਨਾ ਪਰਮ ਪਦ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦੀ ਅਵਸਥਾ) ਦੀ ਪ੍ਰਾਪਤੀ ਨਹੀਂ ਹੁੰਦੀ! ਜਿਸ ਦੇ ਮਿਲਿਆਂ ਮਨ ਵਿਚ ਆਨੰਦ ਪੈਦਾ ਹੋ ਜਾਏ, ਉਸ ਨੂੰ ਸਤਿਗੁਰੂ ਕਹੀਏ । ਜਿਸ ਸਦਕਾ ਮਨ ਦੀ ਦੁਬਿਧਾ ਮੁੱਕ ਜਾਏ ਤੇ ਪਰਮਾਤਮਾ ਦੇ ਮਿਲਾਪ ਦੀ ਸਭ ਤੋਂ ਉੱਚੀ ਆਤਮਿਕ ਅਵਸਥਾ ਪ੍ਰਾਪਤ ਹੋ ਜਾਏ । "ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥ ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥1॥ ਅੰਗ 168"। ਇਸ ਕਰਕੇ ਦੁਬਿਧਾ ਮਾਰਨ ਲਈ ਪਰਮੇਸ਼ਰ ਅੱਗੇ ਅਰਦਾਸ ਕਰਨੀ ਚਾਹੀਦੀ ਹੈ, ਕਿ ਹੇ ਪ੍ਰਭੂ! ਜੋ ਤੂੰ ਕਰੇਂ ਮੈਂ ਉਹੀ ਭਲਾ ਕਰਕੇ ਮੰਨਾ; ਮੇਰੇ ਅੰਦਰੋਂ ਦੁਬਿਧਾ ਦੀ ਭਾਵਨਾ ਦੂਰ ਕਰੋ। "ਜੋ ਤੁਮ੍ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ ॥ ਅੰਗ 828"। ਕਬੀਰ ਜੀ ਨੇਕ ਸਲਾਹ ਦਿੰਦੇ ਹਨ ਕਿ ਇਕ ਪ੍ਰਭੂ ਨਾਲ਼ ਪ੍ਰੀਤ ਕੀਤਿਆਂ ਦੂਸਰੀ ਦੁਬਿਧਾ ਦੂਰ ਹੋ ਜਾਂਦੀ ਹੈ । "ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥ ਅੰਗ 1365"।


ਪਰਮਾਤਮਾ ਆਪ ਹੀ ਮਤਿ ਦਿੰਦਾ ਹੈ ਤਾਂ (ਹੀ) ਉਸਦਾ ਨਾਮ ਸਿਮਰੀਦਾ ਹੈ । ਵੱਡੇ ਭਾਗਾਂ ਵਾਲ਼ਿਆਂ ਨੂੰ ਸਤਿਗੁਰੂ ਮਿਲਦਾ ਹੈ, ਜੋ ਓਹਨਾਂ ਦੇ ਮੂੰਹ ਵਿਚ ਆਤਮਿਕ ਜੀਵਨ ਦੇਣ ਵਾਲ਼ਾ ਨਾਮ ਪਾਉਂਦਾ ਹੈ । ਜਿਸ ਨਾਲ਼ ਉਹਨਾਂ ਦੇ ਅੰਦਰੋਂ ਹਉਮੈ ਤੇ ਦੁਬਿਧਾ ਦੂਰ ਹੋ ਜਾਂਦੀ ਹੈ ਤੇ ਉਹ ਸੁਤੇ ਸਿਧ ਹੀ ਸੁਖ (ਆਤਮਿਕ ਆਨੰਦ) ਵਿਚ ਸਮਾ ਜਾਂਦੇ ਹਨ।

ਬਾਕੀ ਅਗਲੇ ਹਫ਼ਤੇ ਪੜ੍ਹੋ


## ਪੰਜਾਬੀ ਸਿੱਖਣ ਲਈ ਕਿਤਾਬਾਂ

### ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

### PUNJABI FOLK SINGERS, DANCERS AND MUSICIANS

## URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:
Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour
Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv
Closing date for applications: 11 October 2024

ਗੁਰਮੀਤ ਸਿੰਘ ਪਲਾਹੀ
-9815802070

# ਪੰਜਾਬ ਦੇ ਮੁਲਾਜ਼ਮਾਂ 'ਚ ਬੇਚੈਨੀ ਕਿਉਂ ?

**ਢਾਈ ਸਾਲਾਂ ਦੇ ਮੌਜੂਦਾ ਸਰਕਾਰ ਦੇ ਸਫ਼ਰ ਦੌਰਾਨ, ਸਰਕਾਰ ਅਤੇ ਮੁਲਜ਼ਮਾਂ ਦੀਆਂ ਦੂਰੀਆਂ ਦਾ ਵਧਣਾ, ਔਝੜੇ ਰਾਹੀਂ ਪਏ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ। ਆਰਥਿਕ ਤੌਰ 'ਤੇ ਪੰਜਾਬ ਲੜਖੜਾਇਆ ਹੋਇਆ ਹੈ। ਸਿਆਸੀ ਤੌਰ 'ਤੇ ਪੰਜਾਬ ਇੱਕ ਖਿਲਾਅ ਭੋਗ ਰਿਹਾ ਹੈ। ਕੇਂਦਰ ਨਾਲ ਪੰਜਾਬ ਦਾ ਇੱਟ-ਖੜਿਕਾ ਜਾਰੀ ਰਹਿੰਦਾ ਹੈ। ਕੇਂਦਰ ਵਲੋਂ ਗ੍ਰਾਂਟਾਂ ਆਨੇ-ਬਹਾਨੇ ਰੋਕੀਆਂ ਜਾ ਰਹੀਆਂ ਹਨ। ਇਸ ਤੋਂ ਵੀ ਉਪਰ ਪੰਜਾਬ ਦੀ ਵੱਡੀ ਅਫ਼ਸਰਸ਼ਾਹੀ ਉਤੇ ਇਲਜ਼ਾਮ ਲਗਦਾ ਹੈ ਕਿ ਉਹ ਸਰਕਾਰ ਨਾਲ ਇਕਸੁਰ ਨਹੀਂ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੇ ਮੁਲਾਜ਼ਮ ਪੰਜਾਬ ਦੇ ਵਿਕਾਸ, ਚੰਗੇਰੇ ਪੰਜਾਬ ਦੀ ਉਸਾਰੀ ਲਈ ਪੰਜਾਬ ਹਿਤੈਸ਼ੀ ਰੋਲ ਨਿਭਾਉਂਦੇ ਦਿਸਦੇ ਹਨ। ਤਾਂ ਫਿਰ ਉਹਨਾ ਨੂੰ ਬਿਨ੍ਹਾਂ ਵਜਾਹ ਪ੍ਰੇਸ਼ਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆ ਜਾ ਸਕਦਾ।**



ਪੰਜਾਬ ਸਰਕਾਰ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸਾਲਾਂ ਤੋਂ ਸੰਘਰਸ਼ ਦੇ ਰਾਹ ਹਨ। ਜਦੋਂ ਵੀ ਕੋਈ ਚੋਣ, ਭਾਵੇਂ ਉਹ ਲੋਕ ਸਭਾ ਦੀ ਹੋਵੇ, ਵਿਧਾਨ ਸਭਾ ਦੀ ਹੋਵੇ ਜਾਂ ਕੋਈ ਜ਼ਿਮਨੀ ਚੋਣ, ਮੁਲਾਜ਼ਮ ਉਸ ਵੇਲੇ ਮੌਕੇ ਦੀ ਸਰਕਾਰ 'ਤੇ ਦਬਾਅ ਬਣਾਉਂਦੇ ਹਨ, ਆਪਣੀਆਂ ਮੰਗਾਂ ਹਾਕਮਾਂ ਅੱਗੇ ਵੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਅੱਗੇ ਵੀ ਰੱਖਦੇ ਹਨ ਤਾਂ ਕਿ ਉਹਨਾ ਦੀ ਸੁਣਵਾਈ ਹੋ ਸਕੇ। ਪਰ ਬਹੁਤੀ ਵੇਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਪੰਜਾਬ ਦੇ ਹਜ਼ਾਰਾਂ ਮੁਲਾਜ਼ਮ ਅਸੰਤੁਸ਼ਟ ਹਨ। ਸਰਕਾਰ ਦੇ ਵਿਵਹਾਰ ਤੋਂ ਉਹ ਮਹਿਸੂਸ ਕਰਨ ਲੱਗ ਪਏ ਹਨ ਕਿ ਸਰਕਾਰ ਉਹਨਾ ਦੀ ਗੱਲ ਨਹੀਂ ਸੁਣਦੀ। ਉਹਨਾ ਦੀਆਂ ਮੰਗਾਂ ਸਿਰਫ਼ ਉਹਨਾ ਦੇ ਵੇਤਨ ਜਾਂ ਸਿਰਫ ਵੇਤਨ ਤਰੁੱਟੀਆਂ ਨਾਲ ਹੀ ਸਬੰਧਤ ਨਹੀਂ ਹਨ। ਉਹਨਾ ਦੀਆਂ ਮੰਗਾਂ, ਉਹਨਾ ਨੂੰ ਨੌਕਰੀ 'ਚ ਪੱਕੇ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ, ਅਧਿਆਪਕਾਂ ਜਾਂ ਹੋਰ ਮੁਲਾਜ਼ਮਾਂ ਤੋਂ ਲਏ ਜਾ ਰਹੇ ਵਾਧੂ ਕੰਮਾਂ ਨਾਲ ਵੀ ਸਬੰਧਤ ਰਹਿੰਦੀਆਂ ਹਨ ਅਤੇ ਇਸ ਗੱਲ ਨਾਲ ਵੀ ਕਿ ਸਰਕਾਰਾਂ ਉਹਨਾ ਦਾ ਸੋਸ਼ਣ ਕਰਦੀਆਂ ਹਨ, ਸਿਰਫ਼ ਲਾਰੇ -ਲੱਪੇ ਲਾ ਕੇ ਸਮਾਂ ਟਪਾਉਂਦੀਆਂ ਹਨ ਅਤੇ ਉਹਨਾ ਦੀਆਂ ਸਹੀ ਮੰਗਾਂ, ਜਿਹਨਾ ਉਤੇ ਕਈ ਵੇਰ ਕੋਈ ਪੈਸਾ ਵੀ ਨਹੀਂ ਲੱਗਣਾ ਹੁੰਦਾ, ਵੀ ਨਹੀਂ ਮੰਨਦੀਆਂ। ਸੂਬੇ ਪੰਜਾਬ 'ਚ ਅੰਤਾਂ ਦੀ ਬੇਰੁਜ਼ਗਾਰੀ ਹੈ। ਪੜ੍ਹੇ ਲਿਖੇ ਨੌਜਵਾਨ ਡਿਗਰੀਆਂ ਹੱਥ ਲਈ ਫਿਰਦੇ ਹਨ, ਸਰਕਾਰੀ ਦਫ਼ਤਰਾਂ, ਸਕੂਲਾਂ 'ਚ ਅਸਾਮੀਆਂ ਖਾਲੀ ਹਨ, ਪਰ ਉਹਨਾ ਨੂੰ ਨਿਯੁੱਕਤੀਆਂ ਨਹੀਂ ਮਿਲਦੀਆਂ। ਜੇਕਰ ਨਿਯੁੱਕਤੀਆਂ ਮਿਲਦੀਆਂ ਹਨ, ਉਹ ਸਿਰਫ ਸੈਂਕੜੇ ਨੌਜਵਾਨਾਂ ਨੂੰ। ਇਸ ਨਾਲ ਨੌਜਵਾਨਾਂ 'ਚ ਬੇਚੈਨੀ ਵਧਦੀ ਹੈ, ਉਹ ਵਿਦੇਸ਼ਾਂ ਵੱਲ ਭੱਜਦੇ ਹਨ। ਕੀ ਸਿਰਫ ਕੀਤੇ ਹੋਏ ਐਲਾਨ ਨੌਜਵਾਨਾਂ ਨੂੰ ਸੰਤੁਸ਼ਟ ਕਰਨ ਲਈ ਕਾਫੀ ਹਨ?

ਮੌਜੂਦਾ ਹਾਕਮਾਂ ਵਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਤੇ ਪਹਿਲਾਂ ਐਮ.ਪੀ. ਚੋਣਾਂ ਵੇਲੇ ਵੀ ਸਰਕਾਰੀ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਗਏ, ਪਰ ਸਰਕਾਰ ਦਾ ਅੱਧਾ ਸਮਾਂ ਟੱਪਣ ਉਪਰੰਤ ਵੀ ਇਹ ਵਾਅਦੇ ਲਾਰਿਆਂ ਦਾ ਰੂਪ ਧਾਰਨ ਕਰਦੇ ਜਾਪਦੇ ਹਨ। ਇਹਨਾਂ ਵਿਚੋਂ ਜਿਹੜੇ ਵਾਇਦੇ ਪੂਰੇ ਕਰਨ ਲਈ ਕੁਝ ਦਿਨ ਹੀ ਮੰਗੇ ਗਏ ਸਨ, ਉਹ ਲੰਮੀਆਂ ਦਫ਼ਤਰੀ ਪੇਚੀਦਗੀਆਂ ਦੀ ਭੇਂਟ ਚੜ੍ਹਾ ਦਿੱਤੇ ਗਏ ਹਨ। ਇਸ ਕਰਕੇ ਮੁਲਾਜ਼ਮਾਂ 'ਚ ਰੋਹ ਹੈ। ਉਹ ਗੁੱਸੇ ਨਾਲ ਭਰੇ-ਪੀਤੇ ਹਨ। ਬਿਨ੍ਹਾਂ ਸ਼ੱਕ ਪੰਜਾਬ ਸਰਕਾਰ ਦੀ ਹਾਲਤ ਵਿੱਤ ਪੱਖੋਂ ਚੰਗੀ ਨਹੀਂ ਹੈ। ਇਸਦਾ ਖਾਮਿਆਜ਼ਾ ਪੰਜਾਬ ਦੇ ਮੁਲਾਜ਼ਮਾਂ ਨੂੰ ਵੱਧ ਭੁਗਤਣਾ ਪੈ ਰਿਹਾ ਹੈ। ਮਹਿੰਗਾਈ ਦਿਨੋਂ-ਦਿਨ ਵਧਦੀ ਹੈ, ਪਰ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਮਿਲ ਰਹੀਆਂ। ਇਹ ਮੁਲਾਜ਼ਮਾਂ ਦੇ ਪਰਿਵਾਰਾਂ ਲਈ ਆਰਥਿਕ ਤੰਗੀ ਦਾ ਕਾਰਨ ਬਣ ਰਿਹਾ ਹੈ। ਮੁਲਾਜ਼ਮ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਮੰਗ ਰਹੇ ਹਨ, ਇਸ ਵਿੱਚ ਗਲਤ ਕੀ ਹੈ? ਜਦੋਂ ਸਰਕਾਰ ਹੱਦ ਤੋਂ ਪਾਰ ਜਾਕੇ ਕਰਜ਼ੇ ਲੈ ਕੇ ਸਰਕਾਰ ਚਲਾ ਰਹੀ ਹੈ, ਫਜ਼ੂਲ ਖਰਚਿਆਂ ਸਮੇਤ ਵੱਡੇ ਇਸ਼ਤਿਹਾਰ ਛਪਵਾਕੇ ਉਸ ਵਲੋਂ ਵੱਡੀਆਂ ਰਕਮਾਂ ਖ਼ਰਚ ਕੀਤੀਆਂ ਜਾ ਰਹੀਆਂ ਹਨ ਤਾਂ ਸਰਕਾਰ ਚਲਾਉਣ ਵਾਲੀ ਮਹੱਤਵਪੂਰਨ ਮਸ਼ੀਨਰੀ (ਮੁਲਾਜ਼ਮਾਂ) ਨੂੰ ਮਹਿੰਗਾਈ ਭੱਤਾ ਕਿਉਂ ਨਹੀਂ ਦਿੱਤਾ ਜਾ ਰਿਹਾ?

ਮੁਲਾਜ਼ਮ ਧਰਨੇ ਦਿੰਦੇ ਹਨ। ਮੁਲਾਜ਼ਮ ਹੜਤਾਲ ਕਰਦੇ ਹਨ। ਬਿਜਲੀ ਮੁਲਾਜ਼ਮ ਕੰਮ ਕਰਨ ਤੋਂ ਆਤੁਰ ਹੋ ਕੇ ਘਰੀਂ ਬੈਠ ਜਾਂਦੇ ਹਨ। ਸਰਕਾਰੀ ਕੰਮਕਾਰ ਠੱਪ ਹੁੰਦਾ ਹੈ। ਲੋਕ ਪ੍ਰੇਸ਼ਾਨ ਹੁੰਦੇ ਹਨ। ਲੋਕਾਂ ਨੂੰ ਪ੍ਰੇਸ਼ਾਨੀ ਵਿਚੋਂ ਕੱਢਣਾ ਅਤੇ ਮੁਲਾਜ਼ਮਾਂ ਦੀ ਗੱਲ ਸੁਨਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਜ਼ੁੰਮੇਵਾਰੀ ਤੋਂ ਸਰਕਾਰ ਟਾਲਾ ਕਿਵੇਂ ਵੱਟ ਸਕਦੀ ਹੈ?

ਮੁਲਾਜ਼ਮ ਜੱਥੇਬੰਦੀਆਂ ਨਾਲ ਗੱਲਬਾਤ ਦਾ ਸਮਾਂ ਨੀਅਤ ਕੀਤਾ ਜਾਂਦਾ ਹੈ। ਮੰਗਾਂ ਮੰਨਣ ਦਾ ਬਚਨ ਦੇ ਦਿੱਤਾ ਜਾਂਦਾ ਹੈ, ਪਰ ਗੱਲ ਅੱਗੋਂ ਨਹੀਂ ਤੁਰਦੀ। ਕੀ ਇਹ ਕਿਸੇ ਵੀ ਲੋਕਤੰਤਰੀ ਪ੍ਰਣਾਲੀ ਵਿੱਚ ਜਾਇਜ਼ ਹੈ? ਸੈਂਕੜੇ ਕੇਸ, ਅਦਾਲਤਾਂ ਉੱਚ ਅਦਾਲਤਾਂ 'ਚ ਲੰਬਿਤ ਪਏ ਹਨ। ਅਦਾਲਤਾਂ 'ਚ ਸੁਣਵਾਈ ਹੁੰਦੀ ਹੈ। ਫ਼ੈਸਲੇ ਹੁੰਦੇ ਹਨ। ਪਰ ਉਹ ਫ਼ੈਸਲੇ ਲਾਗੂ ਕਰਨ ਲਈ ਵੀ ਦੇਰ ਕੀਤੀ ਜਾਂਦੀ ਹੈ। ਆਖ਼ਿਰ ਸਰਕਾਰ ਜਾਂ ਸਰਕਾਰੀ ਅਫ਼ਸਰਸ਼ਾਹੀ ਟਾਲਾ ਵੱਟਕੇ ਕੀ ਵਿਖਾਉਣਾ ਚਾਹੁੰਦੀ ਹੈ?

ਇਹ ਗੱਲ ਚਿੱਟੇ ਦਿਨ ਵਾਂਗਰ ਸੱਚ ਹੈ ਕਿ ਜਦੋਂ ਕੋਈ ਸਿਆਸੀ ਪਾਰਟੀ, ਵਿਰੋਧੀ ਧਿਰ 'ਚ ਬੈਠੀ ਹੁੰਦੀ ਹੈ, ਉਹ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਦੇ ਹੱਕ 'ਚ ਵੱਡੇ ਬਿਆਨ ਦਿੰਦੀ ਹੈ, ਉਹਨਾ ਦੀਆਂ ਮੰਗਾਂ ਦਾ ਪੁਰਜ਼ੋਰ ਸਮਰੱਥਨ ਕਰਦੀ ਹੈ, "ਸਰਕਾਰ ਬਨਣ" 'ਤੇ ਕੁਝ ਦਿਨਾਂ 'ਚ ਮੰਗਾਂ ਮੰਨਣ ਦਾ ਐਲਾਨ ਕਰਦੀ ਹੈ। ਪਰ "ਸਰਕਾਰ", "ਵੱਡੀ ਸਰਕਾਰ" ਬਨਣ 'ਤੇ ਸਭ ਕੁਝ ਭੁੱਲ ਜਾਂਦੀ ਹੈ। ਕੀ ਇਹ ਨੈਤਿਕਤਾ ਦੇ ਵਿਰੁੱਧ ਨਹੀਂ?

ਪੰਜਾਬ ਵਿੱਚ ਤਕਰੀਬਨ 2.85 ਲੱਖ ਸਰਕਾਰੀ ਕਰਮਚਾਰੀ, 70 ਹਜਾਰ ਠੇਕਾ ਕਰਮਚਾਰੀ ਅਤੇ 60 ਹਜਾਰ ਆਊਟਸੋਰਸ ਮੁਲਾਜਮ ਹਨ ਅਤੇ 3.07 ਲੱਖ ਪੈਨਸਨਰ ਹਨ। "ਆਪ" ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਤੋਂ ਤੁਰੰਤ ਬਾਅਦ ਮੁਲਾਜਮਾਂ ਦੀਆਂ ਪ੍ਰਮੁੱਖ ਮੰਗਾਂ 'ਤੇ ਅਮਲ ਕੀਤਾ ਜਾਵੇਗਾ ਅਤੇ ਮੁਲਾਜਮਾਂ ਨਾਲ ਇਨਸਾਫ ਕੀਤਾ ਜਾਵੇਗਾ। ਪਰ ਮੁਲਾਜ਼ਮ ਮਹਿਸੂਸ ਕਰਦੇ ਹਨ ਕਿ ਇਸ ਸਰਕਾਰ ਨੇ ਉਹਨਾਂ ਦੇ ਸਾਰੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ ਅਤੇ ਕੋਈ ਵੀ ਵਾਅਦਾ ਇਸ ਪਾਰਟੀ ਨੇ ਵਫ਼ਾ ਨਹੀਂ ਕੀਤਾ।

ਮੁਲਾਜਮ ਕਿਸੇ ਵੀ ਸਰਕਾਰ ਦੀ ਰੀੜ ਦੀ ਹੱਡੀ ਹੁੰਦੇ ਹਨ ਪਰ ਮੁਲਾਜਮਾਂ ਦੀਆਂ ਮੰਗਾਂ ਨੂੰ ਸੁਹਿਰਦਤਾ ਨਾਲ ਸਰਕਾਰ ਨੇ ਕਦੇ ਵੀ ਨਹੀਂ ਵਿਚਾਰਿਆ। ਮੁਲਾਜਮਾਂ ਦੀਆਂ ਮੁੱਖ ਜਾਇਜ ਮੰਗਾਂ ਜਿਵੇਂ ਪੁਰਾਣੀ ਪੈਨਸਨ ਸਕੀਮ ਬਹਾਲ ਕਰਨਾ, 6ਵੇਂ ਤਨਖਾਹ ਕਮਿਸਨ ਵਿੱਚ ਸਮੂਹ ਮੁਲਾਜਮਾਂ ਨੂੰ 125% ਡੀ. ਏ. ਅਤੇ ਘੱਟੋ ਘੱਟ 20% ਵਾਧੇ ਦੀ ਦਰ ਨਾਲ ਤਨਖਾਹ ਫਿਕਸ ਕਰਕੇ ਪੇ ਕਮਿਸਨ ਲਾਗੂ ਹੋਣ ਦੀ ਮਿਤੀ ਤੋਂ ਅਦਾਇਗੀ ਕਰਨਾ, ਡੀ. ਏ. ਅਤੇ ਤਨਖਾਹ ਕਮਿਸਨ ਦਾ ਬਕਾਇਆ ਏਰੀਅਰ ਤੁਰੰਤ ਜਾਰੀ ਕਰਨਾ, ਤਨਖਾਹ ਕਮਿਸਨ ਨੂੰ ਲੰਙੜੇ ਰੂਪ ਵਿਚ ਲਾਗੂ ਨਾ ਕਰਕੇ ਇੰਨ-ਬਿੰਨ ਲਾਗੂ ਕਰਨਾ, ਜੁਲਾਈ 2021 ਤੋਂ 3% ਡੀ.ਏ. ਦੀ ਕਿਸਤ ਜਾਰੀ ਕਰਨਾ, ਪੈਨਸਨਰਜ ਦੀ ਪੈਨਸਨ ਵਿੱਚ 125% ਡੀ. ਏ. ਅਤੇ 2.59 ਦੇ ਗੁਣਾਂਕ ਅੰਕ ਨਾਲ ਪੈਨਸਨ ਫਿਕਸ ਕਰਕੇ ਪੇ ਕਮਿਸਨ ਲਾਗੂ ਹੋਣ ਦੀ ਮਿਤੀ ਤੋਂ ਬਕਾਇਆ ਜਾਰੀ ਕਰਨਾ, ਆਊਟਸੋਰਸ ਅਤੇ ਠੇਕਾ ਪ੍ਰਣਾਲੀ ਬੰਦ ਕਰਕੇ ਕੇਵਲ ਰੈਗੂਲਰ ਭਰਤੀਆਂ ਕਰਨਾ, ਠੇਕਾ ਆਧਾਰਿਤ ਆਊਟਸੋਰਸ, ਕੰਪਿਊਟਰ ਫੈਕਲਟੀ, ਮਨਰੇਗਾ, ਡੇਲੀਵੇਜ, ਮਿਡ-ਡੇ-ਮੀਲ, ਆਸਾ ਵਰਕਰ, ਆਂਗਣਵਾੜੀ ਵਰਕਰ ਆਦਿ ਨੂੰ ਉਹਨਾਂ ਦੇ ਵਿਭਾਗਾਂ ਵਿੱਚ ਰੈਗੂਲਰ ਕਰਨਾ, ਬੰਦ ਕੀਤੇ ਭੱਤੇ ਜਾਰੀ ਕਰਵਾਉਣਾ, 17-07-2020 ਤੋਂ ਪੰਜਾਬ ਪੇਅ ਕਮਿਸਨ ਦੀ ਥਾਂ 'ਤੇ ਕੇਂਦਰੀ ਤਨਖਾਹ ਕਮਿਸਨ ਲਾਗੂ ਨਾ ਕਰਨਾ ਅਤੇ ਲੋੜੀਂਦੀ ਸੰਖਿਆ ਵਿੱਚ ਮੁਲਾਜਮਾਂ ਦੀ ਭਰਤੀ ਕਰਨਾ ਸਾਮਲ ਹਨ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਲਾਜਮ ਵਰਗ ਨੂੰ "ਗਾਰੰਟੀਆਂ" ਦਿੱਤੀਆਂ ਗਈਆਂ ਸਨ ਕਿ ਸਾਰੇ ਕੱਚੇ ਮੁਲਾਜਮ ਪੱਕੇ ਹੋਣਗੇ, ਪੁਰਾਣੀ ਪੈਨਸਨ ਸਕੀਮ ਲਾਗੂ ਕੀਤੀ ਜਾਵੇਗੀ,ਕੋਈ ਕੱਚਾ ਅਧਿਆਪਕ ਨਹੀਂ ਰਹਿਣ ਦਿੱਤਾ ਜਾਵੇਗਾ, ਖਾਲੀ ਅਸਾਮੀਆਂ ਭਰੀਆਂ ਜਾਣਗੀਆਂ, ਵਿਦੇਸਾਂ ਤੋਂ ਸਿਖਲਾਈ ਦੁਆਈ ਜਾਵੇਗੀ, ਸਮੇਂ ਸਿਰ ਪ੍ਰਮੋਸਨ ਮਿਲੇਗੀ, ਕੈਸਲੈੱਸ ਬੀਮਾ ਲਾਗੂ ਕੀਤੀ ਜਾਵੇਗੀ ਅਤੇ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਨਹੀਂ ਲਏ ਜਾਣਗੇ।

ਮੁਲਾਜ਼ਮ ਇਲਜ਼ਾਮ ਲਾਉਂਦੇ ਹਨ ਕਿ ਡਰਾਇੰਗ ਰੂਮਾਂ ਵਿੱਚ ਚੋਣ ਮੈਨੀਫੈਸਟੋ ਨਾ ਬਣਾ ਕੇ ਲੋਕਾਂ ਵਿੱਚ ਜਾ ਕੇ ਚੋਣ ਮੈਨੀਫੈਸਟੋ ਬਣਾਉਣ ਦਾ ਦਿਖਾਵਾ ਕਰਨ ਵਾਲੀ ਆਮ ਆਦਮੀ ਪਾਰਟੀ ਵਾਲੀ ਸਰਕਾਰ ਹੁਣ ਆਮ ਲੋਕਾਂ ਦੀ ਨਬਜ਼ ਪਛਾਨਣ ਵਿੱਚ ਅਸਮਰੱਥ ਨਜਰ ਆ ਰਹੀ ਹੈ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ ਕਰਨ ਵਾਲੀਆਂ ਜਥੇਬੰਦੀਆਂ ਅਤੇ ਉਹਨਾਂ ਦੀਆਂ ਜਾਇਜ ਮੰਗਾਂ ਨੂੰ ਅਣਗੌਲ਼ਿਆ ਅਤੇ ਅਣਦੇਖਿਆਂ ਕਰ ਰਹੀ ਹੈ। ਸਾਰਾ ਮੁਲਾਜਮ ਵਰਗ ਸਰਕਾਰ ਤੋਂ ਨਾਖੁਸ਼ ਹੈ। ਪੰਜਾਬ ਵਿੱਚ ਨਿਰੰਤਰ ਕਿਸੇ ਨਾ ਕਿਸੇ ਮੁਲਾਜਮ ਜਥੇਬੰਦੀ ਵੱਲੋਂ ਲਗਾਏ ਜਾ ਰਹੇ ਧਰਨੇ, ਕੀਤੇ ਜਾ ਰਹੇ ਮੁਜਾਹਰੇ, ਰੋਸ ਮਾਰਚ, ਭੁੱਖ ਹੜਤਾਲਾਂ ਅਤੇ ਮਰਨ ਵਰਤ ਇਸ ਸਰਕਾਰ ਦੇ ਖੋਖਲੇ ਦਾਅਵਿਆਂ ਤੋਂ ਜਾਣੂੰ ਕਰਵਾਉਂਦੇ ਹਨ। ਮੁਲਾਜਮ ਵਰਗ ਕੋਲੋਂ ਲੋਕਤੰਤਰੀ ਅਤੇ ਸਾਂਤਮਈ ਤਰੀਕੇ ਨਾਲ ਆਪਣਾ ਪੱਖ ਰੱਖਣ ਦਾ ਹੱਕ ਵੀ ਖੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੁੱਖ ਮੰਤਰੀ ਸਾਹਿਬ ਨੇ ਜਿਸ ਹਲਕੇ ਵਿਚ ਜਾਂਦੇ ਹਨ, ਉਸ ਹਲਕੇ ਦੇ 50- 60 ਕਿਲੋਮੀਟਰ ਦੇ ਦਾਇਰੇ ਵਿੱਚ ਰਹਿਣ ਵਾਲੇ ਵੱਖ - ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਇੱਕ ਦਿਨ ਪਹਿਲਾਂ ਹੀ ਉਹਨਾਂ ਦੇ ਘਰਾਂ,ਸਕੂਲਾਂ ਅਤੇ ਥਾਣਿਆਂ ਵਿੱਚ ਨਜਰਬੰਦ ਕਰਕੇ ਲੋਕਤੰਤਰ ਦਾ ਘਾਣ ਕੀਤਾ ਜਾਂਦਾ ਹੈ। ਇਹ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ।

ਇਤਿਹਾਸ ਗਵਾਹ ਹੈ ਕਿ ਪੰਜਾਬ ਦੇ ਮੁਲਾਜਮ ਆਪਣੀ ਸਿਆਸੀ ਪਛਾਣ ਅਤੇ ਆਪਣਾ ਸਿਆਸੀ ਵਿਹਾਰ ਧਰਮ ਨਿਰਪੱਖ ਅਤੇ ਪੱਖਪਾਤ ਰਹਿਤ ਰੱਖਦੇ ਹਨ । ਜਦੋਂ ਵੀ ਸਰਕਾਰਾਂ ਵਲੋਂ ਉਹਨਾ ਦੀ ਗੱਲ ਸੁਣੀ ਨਹੀਂ ਜਾਂਦੀ, ਉਹ ਲੋਕਤੰਤਰੀ ਢੰਗ-ਤਰੀਕਿਆਂ ਨਾਲ ਆਪਣੀ ਗੱਲ ਸਰਕਾਰ ਦੇ ਕੰਨੀ ਪਹੁੰਚਾਉਣ ਦਾ ਯਤਨ ਕਰਦੇ ਹਨ। ਇਹ ਵਰਤਾਰਾ ਆਜ਼ਾਦੀ ਤੋਂ ਬਾਅਦ ਲਗਾਤਾਰ ਕਾਇਮ ਰਿਹਾ ਹੈ। ਮੁਲਾਜ਼ਮ ਵਰਗ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਵੱਡੀ ਪੱਧਰ 'ਤੇ ਸੰਘਰਸ਼ ਕੀਤੇ ਗਏ ਅਤੇ ਸਫਲਤਾ ਵੀ ਪ੍ਰਾਪਤ ਕੀਤੀ ਗਈ। ਇਹ ਵੀ ਸੱਚ ਹੈ ਕਿ ਇਹ ਮੁਲਾਜ਼ਮ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ।

ਢਾਈ ਸਾਲਾਂ ਦੇ ਮੌਜੂਦਾ ਸਰਕਾਰ ਦੇ ਸਫ਼ਰ ਦੌਰਾਨ, ਸਰਕਾਰ ਅਤੇ ਮੁਲਜ਼ਮਾਂ ਦੀਆਂ ਦੂਰੀਆਂ ਦਾ ਵਧਣਾ, ਔਝੜੇ ਰਾਹੀਂ ਪਏ ਪੰਜਾਬ ਲਈ ਸ਼ੁਭ ਸੰਕੇਤ ਨਹੀਂ ਹੈ। ਆਰਥਿਕ ਤੌਰ 'ਤੇ ਪੰਜਾਬ ਲੜਖੜਾਇਆ ਹੋਇਆ ਹੈ। ਸਿਆਸੀ ਤੌਰ 'ਤੇ ਪੰਜਾਬ ਇੱਕ ਖਿਲਾਅ ਭੋਗ ਰਿਹਾ ਹੈ। ਕੇਂਦਰ ਨਾਲ ਪੰਜਾਬ ਦਾ ਇੱਟ-ਖੜਿਕਾ ਜਾਰੀ ਰਹਿੰਦਾ ਹੈ। ਕੇਂਦਰ ਵਲੋਂ ਗ੍ਰਾਂਟਾਂ ਆਨੇ-ਬਹਾਨੇ ਰੋਕੀਆਂ ਜਾ ਰਹੀਆਂ ਹਨ। ਇਸ ਤੋਂ ਵੀ ਉਪਰ ਪੰਜਾਬ ਦੀ ਵੱਡੀ ਅਫ਼ਸਰਸ਼ਾਹੀ ਉਤੇ ਇਲਜ਼ਾਮ ਲਗਦਾ ਹੈ ਕਿ ਉਹ ਸਰਕਾਰ ਨਾਲ ਇਕਸੁਰ ਨਹੀਂ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਦੇ ਮੁਲਾਜ਼ਮ ਪੰਜਾਬ ਦੇ ਵਿਕਾਸ, ਚੰਗੇਰੇ ਪੰਜਾਬ ਦੀ ਉਸਾਰੀ ਲਈ ਪੰਜਾਬ ਹਿਤੈਸ਼ੀ ਰੋਲ ਨਿਭਾਉਂਦੇ ਦਿਸਦੇ ਹਨ। ਤਾਂ ਫਿਰ ਉਹਨਾ ਨੂੰ ਬਿਨ੍ਹਾਂ ਵਜਾਹ ਪ੍ਰੇਸ਼ਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਮੰਨਿਆ ਜਾ ਸਕਦਾ।

ਇਹੋ ਜਿਹੇ ਹਾਲਤਾਂ ਵਿੱਚ ਮੁਲਾਜ਼ਮਾਂ ਜੋ ਸਰਕਾਰ ਦੀ ਰੀੜ ਦੀ ਹੱਡੀ ਹਨ, ਉਹਨਾ ਨਾਲ ਸਰਕਾਰ ਨੂੰ ਇਕਸੁਰ ਹੋ ਕੇ ਕੰਮ ਕਰਨ ਦੀ ਲੋੜ ਹੈ। ਅਤੇ ਸਰਕਾਰ ਨੂੰ ਮੁਲਾਜ਼ਮਾਂ ਦੇ ਮੁੱਦਿਆਂ ਉਤੇ ਗੰਭੀਰਤਾ ਨਾਲ ਵਿਚਾਰ ਕਰਕੇ, ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਵੱਲ ਤੁਰਨਾ ਚਾਹੀਦਾ ਹੈ। ਕਿਸੇ ਵੀ ਤਰ੍ਹਾਂ ਦਾ ਸਰਕਾਰ ਅਤੇ ਮੁਲਾਜ਼ਮਾਂ ਵਿੱਚ ਟਕਰਾਅ ਲੋਕ ਹਿੱਤ ਵਿੱਚ ਨਹੀਂ ਹੈ।

* * * * * *

# ਗੁਰ ਅੰਗਦੁ ਗੁਰੂ ਅੰਗੁ ਤੇ

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743

**ਕਿਸ਼ਤ ਚੌਥੀ**



ਜਨਮ ਅਸਥਾਨ ਗੁਰੂ ਅੰਗਦ ਦੇਵ ਸਾਹਿਬ

## ਸੰਗ ਨੂੰ ਜੁਆਬ

ਇਸ ਹੈਰਾਨੀ ਭਰਪੂਰ ਕੌਤਕ ਉਪਰੰਤ ਜਦੋਂ ਦੀਵਾਨ ਵਿਚ ਪਹੁੰਚੇ ਤਾਂ ਗੁਰੂ ਪਾਤਸ਼ਾਹ ਪਹਿਲਾਂ ਹੀ ਆਪਣੇ ਆਸਣ 'ਤੇ ਬਿਰਾਜਮਾਨ ਵੇਖੇ। ਰਬਾਬੀ ਆਸਾ ਰਾਗ ਵਿਚ ਆਸਾ ਕੀ ਵਾਰ ਬਾਣੀ ਦਾ ਇਲਾਹੀ ਕੀਰਤਨ ਕਰ ਰਹੇ ਸਨ, ਸੰਗਤਾਂ ਜੁੜੀਆਂ ਹੋਈਆਂ ਸਨ। ਇਸ ਆਭਾਮੰਡਲ ਵਿਚ ਸ੍ਰੀ ਲਹਿਣਾ ਜੀ ਵੀ ਮੰਤ੍ਰ-ਮੁਗਧ ਹੋ ਗਏ। ਜਦੋਂ ੨੧ਵੀਂ ਪਉੜੀ 'ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ'॥ ਰਬਾਬੀਆਂ ਗਾਇਣ ਕੀਤੀ ਤਾਂ ਰੰਗ ਵਿਚ ਨਾਲ-ਨਾਲ ਇਹ ਵੀ ਗਾਇਣ ਕਰਨ ਲੱਗ ਪਏ। ਭੋਗ ਪੈਣ 'ਤੇ ਜਦੋਂ ਬਾਹਰ ਨਿਕਲੇ ਤਾਂ ਲਹਿਣਾ ਜੀ ਦਾ ਅੰਦਰਲਾ ਹੁਣ ਬਦਲ ਚੁੱਕਾ ਸੀ। ਇੰਨੇ ਨੂੰ ਸਾਥੀ ਵੀ ਲੱਭਦੇ ਹੋਏ ਆਣ ਪਹੁੰਚੇ। ਉਨ੍ਹਾਂ ਹੈਰਾਨੀ ਨਾਲ ਪੁੱਛਿਆ ਕਿ ਇਹ ਕਿਥੇ ਰਹੇ ਅਰ ਦੇਰ ਤੱਕ ਅਜੇ ਚੱਲਣ ਲਈ ਤਿਆਰ ਕਿਉਂ ਨਹੀਂ ਹੋਏ? ਇਨ੍ਹਾਂ ਨੇ ਹੱਥ ਜੋੜ ਕਿਹਾ,

'ਮੈਂ ਹੁਣ ਤੁਹਾਡੇ ਨਾਲ ਨਹੀਂ ਜਾ ਸਕਾਂਗਾ'।

'ਕਿਉਂ'?

'ਕਿਉਂਕਿ ਮੈਂ ਜਿਸ ਭਾਲ ਲਈ ਓਥੇ ਜਾ ਰਿਹਾ ਸਾਂ, ਉਹ ਮੈਨੂੰ ਮਿਲ ਇਥੇ ਮਿਲ ਗਈ ਹੈ। ਮੇਰੀ ਤਾਂ ਰਾਇ ਹੈ ਕਿ ਤੁਸੀਂ ਵੀ ਹੁਣ ਕਿਤੇ ਨਾ ਜਾਉ, ਇਥੇ ਹੀ ਰੁਕ ਜਾਉ'।

'ਇਹ ਕਿਵੇਂ ਹੋ ਸਕਦਾ ਹੈ? ਤੁਸੀਂ ਸਾਡੇ ਆਗੂ ਬਣ ਕੇ ਸਾਨੂੰ ਨਾਲ ਲਿਆਏ ਸੀ, ਸਾਡੇ ਨਾਲ ਜਾਣਾ ਚਾਹੀਦਾ ਹੈ। ਹੁਣ ਸਾਨੂੰ ਭਟਕਣ ਲਈ ਛੱਡਣ ਲੱਗਿਆਂ ਤੁਸੀਂ ਇਹ ਵੀ ਨਹੀਂ ਸੋਚਿਆ ਕਿ ਅਸੀਂ ਐਨੀ ਦੂਰ ਦੇਵੀ ਦੁਆਰੇ ਕਿਵੇਂ ਪਹੁੰਚਾਗੇ? ਇਹ ਪਾਪ ਹੈ, ਦੇਵੀ ਮਾਂ ਤੁਹਾਡੇ ਨਾਲ ਨਾਰਾਜ਼ ਹੋਵੇਗੀ'। ਸ੍ਰੀ ਲਹਿਣਾ ਜੀ ਸਿਰ ਨਿਵਾਈ ਇਹ ਸੁਣਦੇ ਰਹੇ। ਫਿਰ ਪਿਆਰ ਨਾਲ ਆਖਿਆ,

'ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਵੀ ਓਥੇ ਨਾ ਜਾਉ, ਇਥੇ ਠਹਿਰ ਜਾਉ। ਮੇਰਾ ਵਿਸ਼ਵਾਸ ਹੈ ਤੁਹਾਨੂੰ ਵੀ ਸਭ ਕੁਝ ਇਥੇ ਮਿਲ ਜਾਏਗਾ ਪਰ, ਜੇ ਜਾਣਾ ਹੈ ਤਾਂ ਇਕ ਦਿਨ ਇਥੇ ਜ਼ਰੂਰ ਆ ਜਾਣਾ, ਮੈਂ ਤੁਹਾਡੀ ਉਡੀਕ ਕਰਾਂਗਾ, ਮੇਰੀਆਂ ਸ਼ੁਭ ਇਛਾਵਾਂ ਤੁਹਾਡੇ ਨਾਲ ਹਨ'।ਮਿਹਰਵਾਨ ਜਨਮਸਾਖੀ ਅਨੁਸਾਰ:

ੳ. ਜਿ ਭਾਈ ਲੋਕਹੁ ਮੇਰੀ ਸਭਨਾਂ ਨੋ ਰਾਮ ਰਾਮ ਹੈ। ਤਬ ਸੰਗ ਜਿਤਨਾ ਸੀ, ਸੋ ਨਿੰਮੋਝੁਣਾ ਹੋਇ ਗੈਆ, ਜਿ ਜੀ, ਸੰਗ ਦੇ ਵਾਲੀ ਤੂ। ਤੇਰੇ ਪਿਛੈ ਸੰਗੁ ਚਲਿਆ ਹੈ ਜੀ। ਏਵ ਬਨਦੀ ਹੈ? ਸਿ ਤੂ ਵਿਣੁ ਪਰਸੇ ਮਾਈ ਦੇ ਭਵਣਿ ਰਹਦਾ ਹੈ। ਤਬ ਗੁਰੂ ਅੰਗਦ ਆਖਿਆ, 'ਜਿਸ ਕਾਰਣਿ ਹਉ ਭਵਣਿ ਜਾਂਦਾ ਸੀ, ਸੁ ਪਰਮੇਸੁਰ ਇਥਾਉਂ ਨਿਸਾ ਕੀਤੀ' ਤਾਂ ਲੋਕੀ ਆਖਿਆ ਜਿ, ਭਲਾ ਹੋਇ। ਤੇਰੀ ਤਾ ਨਿਸਾ ਹੋਈ, ਪਰ ਸਾਡਾ ਕਿ ਹਾਲ? ਤਬ ਗੁਰੂ ਅੰਗਦ ਆਖਿਆ ਜਿ, 'ਹੁਣ ਤੁਸੀ ਜਾਹੁ। ਪਰਮੇਸੁਰ ਤੁਸਾ ਨੋ ਸੁਖੀ ਸਾਂਦੀ ਲੈ ਆਵੈਗਾ। ਤੁਸਾਡੀ ਭੀ ਆਸਾ ਪੂਰਨ ਹੋਵੈਗੀ'। ਤਬ ਗੁਰੂ ਅੰਗਦ ਫਿਰਿ ਆਇਆ। (ਅੰਗਦ ਜੀ ਦਾ ਮੇਲ)

ਅ. ਸਾਥੀ ਕਹਨਿ ਚਲ ਦੇਵੀ ਦੁਆਰੇ।
ਇਨ ਕਹਿਆ ਕਾਰਜ ਹੁਏ ਹਮਾਰੇ।੨੪॥

ਇਹ ਬਚਨ ਸੁਣ ਕੇ ਸੰਗੀ ਚਲੇ ਗਏ ਤੇ ਸ੍ਰੀ ਲਹਿਣਾ ਜੀ ਅਰਾਮ ਸਥਾਨ 'ਤੇ ਆ ਗਏ। ਗਲ ਵਿਚ ਪਾਇਆ ਮਉਲੀ ਦਾ ਅੱਟਾ ਲਾਹ ਦਿੱਤਾ ਅਰ ਪੈਰੀਂ ਬਧੇ ਘੁੰਗਰੂ ਖੋਲ੍ਹ ਦਿੱਤੇ:

ੳ. ਦਰਸਨੁ ਦੇਖਣੇ ਨਾਲੇ ਹਥਹੁਂ ਪੈਰਹੁਂ ਘੁੰਗਰੂ ਤੋੜਿ ਸੁਟਿਓਸੁ, ਗੁਰੂ ਗੁਰੂ ਲਗਾ ਜਪਣਿ। ਟਹਲ ਕਰਣਿ ਆਵੈ, ਭਾਡੇ ਮਾਜੈ, ਪਖਾ ਫੇਰੈ। (ਸ੍ਰੀ ਲਹਿਣਾ ਪ੍ਰੀਖਯਾ)

ਅ. ਬੇਖ ਭਗਤ ਦੇਵੀ ਕੋ ਸਭ ਹੀ। (ਦੇਵੀ ਭਗਤ ਵਾਲਾ ਸਾਰਾ ਲਿਬਾਸ)
ਕਰਿ ਬਿਚਾਰ ਕੋ ਤਯਾਗਯੋ ਤਬ ਹੀ।੪੫॥ (ਵਿਚਾਰ ਕੇ ਸਾਰਾ ਲਾਹ ਦਿੱਤਾ)
ਪਗ ਸੋਂ ਘੁੰਗਰੂ ਬਾਧੇ ਜੋਊ।(ਜੋ ਪੈਰੀਂ ਘੁੰਗਰੂ ਬਧੇ ਸਨ)
ਤੋਰਿ ਦਿਯੇ ਪੂਰਨ ਤਬ ਸੋਊ।(ਉਸੇ ਵੇਲੇ ਤੋੜ ਦਿੱਤੇ)
ਉਰ ਤੇ ਆਸ਼ਾ ਅਪਰ ਬਿਡਾਰੀ।(ਦਿਲ ਤੋਂ ਹੋਰ ਕਿਸੇ ਦੀ ਆਸ ਲਾਹ ਦਿੱਤੀ)
ਹੋਇ ਰਹਯੋ ਗੁਰ ਚਰਨ ਅਧਾਰੀ।੪੬॥੪੭॥ (ਬੱਸ, ਗੁਰੂ ਆਸਰੇ ਹੀ ਹੋ ਗਏ) ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ, ਅਧਿਆਇ ੪੭

ਸੰਗ ਚਲਾ ਗਿਆ ਅਰ, ਸ੍ਰੀ ਲਹਿਣਾ ਕੁਝ ਦਿਨ ਇਥੇ ਰਹੇ। ਸਾਰੇ ਦਿਨ ਦੀ ਮਰਯਾਦਾ ਨੂੰ ਦੇਖਿਆ ਅਤੇ ਮਾਣਿਆ। ਇਥੋਂ ਦੇ ਵਾਤਾਵਰਣ ਨੇ ਮਨ ਨੂੰ ਮੋਹ ਲਿਆ। ਅੰਦਰ ਮਹਿਸੂਸ ਹੋਣ ਲਗਾ ਕਿ ਬੱਸ, ਅੱਜ ਤੋਂ ਬਾਦ ਹੁਣ ਹੋਰ ਕਿਤੇ ਨਹੀਂ ਜਾਣਾ, ਜੀਵਨ ਦਾ ਬਾਕੀ ਸਮਾਂ ਹੁਣ ਗੁਰੂ-ਬਾਬਾ ਜੀ ਦੀ ਸੇਵਾ ਵਿਚ ਹੀ ਗੁਜ਼ਾਰਾਂਗੇ। ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪਾਵਣ ਬਚਨ ਸ਼ਾਇਦ ਅਜੇਹੀ ਅਵਸਥਾ ਵੱਲ ਇਸ਼ਾਰਾ ਕਰਦੇ ਹਨ:

ਮੇਰੈ ਹੀਅਰੈ ਪ੍ਰੀਤਿ ਰਾਮਰਾਇ ਕੀ
ਗੁਰਿ ਮਾਰਗੁ ਪੰਥੁ ਬਤਾਇਆ॥
ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ
ਜਿਨਿ ਵਿਛੁੜਿਆ ਹਰਿ ਗਲਿ ਲਾਇਆ॥੨॥
ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ
ਗੁਰਿ ਹਿਰਦੇ ਨਾਲਿ ਦਿਖਾਇਆ॥
ਸਹਜੁ ਅਨੰਦੁ ਭਇਆ ਮਨਿ ਮੋਰੈ
ਗੁਰ ਆਗੈ ਆਪੁ ਵੇਚਾਇਆ॥੩॥

ਗੁ.ਗ੍ਰ.ਸਾ. ਪੰਨਾ ੧੭੨

**ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ ਵਿਚ:**

ਮੀ ਫ਼ਰੋਸ਼ਦ ਦਿਲ-ਇ ਦੀਵਾਨਾ-ਇ ਖ਼ੁਦ ਰਾ ਗੋਯਾ, ਬ-ਉਮੀਦ-ਇ ਕਰਮ-ਇ ਆਂ ਕਿ ਖ਼ਰੀਦਾਰ ਸ਼ਵੀ।੫॥੬੧॥ (ਗੋਯਾ ਆਪਣਾ ਦੀਵਾਨਾ ਦਿਲ ਉਸ ਮਿਹਰ ਦੀ ਆਸ 'ਤੇ ਵੇਚਦਾ ਹੈ ਕਿ ਸ਼ਾਇਦ ਤੂੰ ਖ਼ਰੀਦਾਰ ਬਣ ਜਾਵੇਂ) ਡਾ. ਗੰਡਾ ਸਿੰਘ

## ਸੰਘਰ ਪਰਤਣਾ

ਅਜਿਹੀ ਸਮਰਪਨ ਬਿਰਤੀ ਲੈ ਕੇ ਗੁਰੂ-ਬਾਬਾ ਜੀ ਕੋਲ ਆਏ ਅਰ ਗੁਰੂ ਕੀ ਸਿੱਖੀ ਧਾਰਨ ਕਰ ਕੇ ਸਦਾ ਸੇਵਾ ਕਰਦੇ ਰਹਿਣ ਦੀ ਇੱਛਾ ਪਰਗਟ ਕੀਤੀ ਤਾਂ ਗੁਰੂ ਸਾਹਿਬ ਨੇ ਕਿਰਪਾ ਕਰਦਿਆਂ ਆਪ ਜੀ ਦੇ ਪ੍ਰਵਾਰਕ ਰੁਝੇਵਿਆਂ ਬਾਰੇ ਪੁੱਛਿਆ।ਆਪ ਜੀ ਦੇ ਦੱਸਣ 'ਤੇ ਹਜ਼ੂਰ ਨੇ ਕਿਹਾ ਕਿ ਵਾਪਸ ਜਾ ਕੇ ਕਾਰੋਬਾਰ ਸੰਕੋਚਣ ਦੀ ਬਜਾਇ 'ਦਾਸ' (ਪੁੱਤਰ) ਦੀ ਸਹਾਇਤਾ ਲਈ ਨੌਕਰਾਂ ਦਾ ਪ੍ਰਬੰਧ ਕਰ ਦਿੱਤਾ ਜਾਵੇ ਤਾਂ ਜੁ ਕਾਰੋਬਾਰ ਨਿਰੰਤਰ ਚਲਦਾ ਰਹੇ ਅਰ ਨਾਲ ਹੀ ਜੇ ਸੰਭਵ ਹੋ ਸਕੇ ਤਾਂ 'ਅਮਰੋ' (ਪੁਤਰੀ) ਦਾ ਸਾਕ ਵੀ ਕਿਤੇ ਬਰਾਬਰ ਦੇ ਪ੍ਰਵਾਰ ਵਿਚ ਕਰ ਲਿਆ ਜਾਵੇ, ਅਜਿਹਾ ਕਰਨ ਨਾਲ ਬੇਫ਼ਿਕਰੀ ਬਣੀ ਰਹੇਗੀ। ਕਾਹਲ ਨਾਲ ਮੁੜਨ ਦੀ ਲੋੜ ਨਹੀਂ ਜਦੋਂ ਸਮਾਂ ਠੀਕ ਸਮਝੋ, ਆ ਜਾਣਾ। ਬਾਣੀ ਪੜ੍ਹਨੀ, ਕਰਤਾਰ ਨਾਲ ਆਪ ਜੁੜਨਾ ਅਰ ਹੋਰਨਾਂ ਨੂੰ ਜੋੜਨਾ ਆਦਿ ਬਚਨ ਕੀਤੇ। ਸਤਿਗੁਰਾਂ ਦੀ ਆਗਿਆ ਨਾਲ ਉਨ੍ਹਾਂ ਦੇ ਕੁਝ ਸ਼ਬਦ ਇਨ੍ਹਾਂ ਲਿਖ ਲਏ। ਇਉਂ ਕੁਝ ਦਿਨ ਇਥੇ ਠਹਿਰ ਸਿੱਖੀ ਧਾਰਨ ਕਰ ਗੁਰੂ ਕੀ ਅਸੀਸ ਲੈ ਕੇ ਪਾਵਨ ਲਹਿਣਾ ਜੀ ਘਰ ਪਰਤੇ।

ਇਸ ਥੋੜੇ ਜਿਹੇ ਸਮੇਂ ਵਿਚ ਹੀ ਗੁਰੂ ਬਖ਼ਸ਼ਿਸ਼ ਦੇ ਪਰਤਾਪ ਸਦਕਾ ਜੀਵਨ-ਧਾਰਾ ਵਿਚ ਜੋ ਤਬਦੀਲੀ ਆਈ ਉਸ ਨੂੰ ਭੱਟ ਕਲਸਹਾਰ ਜੀ ਇਉਂ ਵਰਨਨ ਕੀਤਾ ਹੈ ਕਿ ਧੰਨ ਹੈ ਸਰਬ-ਵਿਆਪਕ ਸਰਬ ਕਲਾ-ਸਮਰਥ ਕਰਤਾਰ ਜਿਸ ਦੀ ਕਿਰਪਾ ਸਦਕਾ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਲਹਣਾ ਜੀ ਦੇ ਸੀਸ 'ਤੇ ਅਜਿਹਾ ਪੱਵਿਤਰ ਹੱਥ ਰੱਖਿਆ ਕਿ ਹਿਰਦੇ ਵਿਚ ਨਾਮ ਅੰਮ੍ਰਿਤ ਛਬਰ ਲਾ ਕੇ ਵੱਸ ਪਿਆ ਜਿਸ ਦੀ ਬਰਕਤ ਨਾਲ ਫਿਰ ਦੇਵਤੇ, ਮਨੁੱਖ, ਗਣ ਤੇ ਰਿਸ਼ੀ ਮੁਨੀ ਆਦਿ ਪ੍ਰਤਖ ਤੌਰ 'ਤੇ ਵਰੋਸਾਏ ਗਏ; ਦੁਖਦਾਈ ਕਾਲ, ਮਨ ਅਤੇ ਪੰਜੇ ਵਿਕਾਰਾਂ ਨੂੰ ਵੱਸ ਕਰ ਲਿਆ:

ਸੋਈ ਪੁਰਖੁ ਧੰਨੁ ਕਰਤਾ
ਕਰਤਾਰੁ ਕਰਨ ਸਮਰਥੋ॥
ਸਤਿਗੁਰੂ ਧੰਨੁ ਨਾਨਕੁ ਮਸਤਕਿ
ਤੁਮ ਧਰਿਓ ਜਿਨਿ ਹਥੋ॥
ਤ ਧਰਿਓ ਮਸਤਕਿ ਹਥੁ ਸਹਜਿ
ਅਮਿਉ ਵੁਠੋ ਛਜਿ ਸੁਰਿ
ਨਰ ਗਣ ਮੁਨਿ ਬੋਹਯ ਅਗਾਜਿ॥
ਮਾਰਿਓ ਕੰਟਕੁ ਕਾਲੁ ਗਰਜਿ
ਧਾਵਤ ਲੀਓ ਬਰਜਿ ਪੰਚ
ਭੂਤ ਏਕ ਘਰਿ ਰਾਖਿ ਲੇ ਸਮਜਿ॥

ਗੁ.ਗ੍ਰ.ਸਾ. ਪੰਨਾ ੧੩੯੧

## ਕੰਮ ਕਾਰ ਦੀ ਸੰਭਾਲ

ਘਰ ਪਰਤ ਕੇ ਭਾਈ ਲਹਿਣਾ ਜੀ ਨੇ ਕੰਮ ਕਾਰ ਨੂੰ ਇਉਂ ਵਿਉਂਤ ਦਿੱਤੀ ਜਾਪਦੀ ਹੈ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਸ੍ਰੀ (ਮਾਤ) ਖੀਵੀ ਜੀ ਦੀ ਨਿਗਰਾਨੀ ਹੇਠ ਗੁਜ਼ਾਰੇ ਲਈ ਠੀਕ ਚਲਦਾ ਰਹੇ। ਇਸ ਲਈ ਆਪ ਜੀ ਨੇ ਕੰਮ ਕੁਝ ਘਟਾ ਦਿੱਤਾ ਅਰ ਸਿਆਣੇ ਆਗਿਆਕਾਰ ਨੌਕਰ ਰੱਖ ਲਏ। ਦਾਸੂ ਜੀ ਇਸ ਵੇਲੇ ਭਾਵੇਂ ੭ ਸਾਲ ਦੇ ਸਨ ਪਰ ਦੁਕਾਨ 'ਤੇ ਬੈਠਣ ਲੱਗ ਪਏ ਸਨ।ਅਜਿਹਾ ਵੀ ਜ਼ਿਕਰ ਮਿਲਦਾ ਹੈ ਕਿ ਭਾਈ ਲਹਿਣਾ ਜੀ ਦਾ ਇਕ ਭਣੇਵਾਂ ਸੀ ਪਰ, ਸਾਡਾ ਖ਼ਿਆਲ ਹੈ ਕਿ ਇਹ ਸ੍ਰੀ (ਮਾਤ) ਖੀਵੀ ਜੀ ਦਾ ਭਣੇਵਾਂ ਸੀ, ਜਿਸ ਨੂੰ ਲੈਣ-ਦੇਣ ਦੀਆਂ ਕੁਝ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ। ਇਸ ਸਮੇਂ ਇਹ ਪੱਖ ਸਾਡਾ ਵਿਸ਼ੇਸ਼ ਧਿਆਨ ਮੰਗਦਾ ਹੈ ਕਿ ਨੌਕਰ ਅਤੇ ਭਣੇਵੇਂ ਭਾਵੇਂ ਸਹਾਇਕ ਸਨ ਪਰ, ਕਾਰੋਬਾਰ ਦੀ ਮੁੱਖ ਰੂਪ ਵਿਚ ਦੇਖ-ਭਾਲ ਦੀ ਜ਼ਿੰਮੇਦਾਰੀ ਸ੍ਰੀ (ਮਾਤ) ਖੀਵੀ ਜੀ ਸਿਰ 'ਤੇ ਆ ਪਈ ਸੀ ਜਿਨ੍ਹਾਂ ਕੋਲ ਕੁੱਛੜ ਦੇ ਦਾਤੂ ਜੀ ਤੋਂ ਇਲਾਵਾ ੨ ਸਾਲ ਦੀ ਅਨੋਖੀ ਅਤੇ ੫ ਸਾਲ ਦੀ ਅਮਰੋ ਦੀ ਸੰਭਾਲ ਵੀ ਸੀ।

## ਬੀਬੀ ਅਮਰੋ ਦੀ ਕੁੜਮਾਈ

ਅੱਜ ਕੱਲ ਅਜਿਹਾ ਘੱਟ ਹੀ ਵਾਪਰਦਾ ਹੈ ਪਰ, ਉਸ ਸਮੇਂ ਬੱਚਿਆਂ ਦੇ ਛੋਟੀ ਉਮਰ ਵਿਚ ਹੀ ਰਿਸ਼ਤੇ ਤਹਿ ਹੋ ਜਾਂਦੇ ਹੁੰਦੇ ਸਨ। ਭਾਈ ਲਹਿਣਾ ਜੀ ਦੀ ਇੱਛਾ ਸੀ ਕਿ ਹੁਣ ਕਰਤਾਰਪੁਰ ਜਾਣ ਤੋਂ ਪਹਿਲਾਂ ਅਮਰੋ ਜੀ ਦਾ ਵੀ ਰਿਸ਼ਤਾ ਹੋ ਜਾਵੇ ਤਾਂ ਹੱਛਾ ਹੈ ਸੋ, ਪਰਵਾਰ ਵਿਚ ਵਿਚਾਰ ਕਰਨ ਉਪਰੰਤ ਭਾਲ ਕਰਦਿਆਂ ਬਾਸਰ ਕੇ ਨਿਵਾਸੀ ਭੱਲਾ ਸ੍ਰੀ ਤੇਜ ਭਾਨ ਜੀ ਦੇ ਪ੍ਰਵਾਰ 'ਚੋਂ ਸ੍ਰੀ ਮਾਣਕ ਚੰਦ ਜੀ ਦੇ ਹੋਣਹਾਰ ਸਪੁੱਤਰ ਜੱਸੂ ਜੀ ਨਾਲ ਬੀਬੀ ਅਮਰੋ ਦਾ ਸਾਕ ਹੋ ਗਿਆ। ਸ੍ਰੀ ਤੇਜ ਭਾਨ ਜੀ ਦੇ ਚਾਰ ਪੁੱਤਰ ਸਨ: ਸ੍ਰੀ (ਗੁਰੂ) ਅਮਰਦਾਸ ਜੀ, ਸ੍ਰੀ ਈਸ਼ਰ ਦਾਸ ਜੀ/ਦਾਤਾਰ ਚੰਦ ਜੀ (ਭਾਈ ਗੁਰਦਾਸ ਜੀ ਦੇ ਪਿਤਾ), ਸ੍ਰੀ ਖੇਮ ਰਾਇ ਜੀ (ਭਾਈ ਸਾਵਣ ਮੱਲ ਦੇ ਪਿਤਾ) ਅਤੇ ਸ੍ਰੀ ਮਾਣਕ ਚੰਦ ਜੀ।

## ਮਾਤਾ ਜੀ ਨੂੰ ਸੱਦਾ

ਇਹ ਸਾਰਾ ਪ੍ਰਬੰਧ ਕਰਦਿਆਂ ਸੰਮਤ ੧੫੯੫ ਬਿ. /੧੫੩੮ ਈ. ਚੜ੍ਹ ਪਿਆ ਸੀ, ਕਰਤਾਰ ਦਾ ਭਾਣਾ ਵਾਪਰਿਆ ਜੋ ਸਤਿਕਾਰ ਯੋਗ ਮਾਤਾ ਸਭਰਾਈ /ਰਾਮੋ ਜੀ ਨੂੰ ਦਰਗਾਹੀ ਸੱਦੇ ਆ ਗਏ। ਰੱਬੀ ਰਜ਼ਾ ਮੰਨਦਿਆਂ ਮਾਤਾ ਜੀ ਦੇ ਅੰਤਮ ਸੰਸਕਾਰ ਦੀ ਸਾਰੀ ਜ਼ਿੰਮੇਦਾਰੀ ਨਿਭਾ ਕੇ ਕਰਤਾਰਪੁਰ ਨੂੰ ਤਿਆਰ ਹੋ ਪਏ।

## ਕਰਤਾਰਪੁਰ ਰਵਾਨਗੀ

ਜਿਸ ਤਰਹ ਅਸੀਂ ਪਹਿਲਾਂ ਵਿਚਾਰ ਚੁੱਕੇ ਹਾਂ ਕਿ ਕਾਰੋਬਾਰ ਦੀ ਸਾਰੀ ਜ਼ਿੰਮੇਦਾਰੀ ਸ੍ਰੀ (ਮਾਤ) ਖੀਵੀ ਜੀ ਦੇ ਸਿਰ ਪੈ ਰਹੀ ਸੀ ਹੁਣ ਵੱਡੇ ਮਾਤਾ ਜੀ ਦੇ ਚਲਾਣਾ ਕਰ ਜਾਣ 'ਤੇ ਘਰ ਦੀ ਪੰਡ ਵੀ ਇਨ੍ਹਾਂ ਦੇ ਸਿਰ ਹੀ ਆ ਟਿਕੀ।

ਚਲਦਾ.....

# ਮੈਂ ਤੰਦਰੁਸਤ ਕਿਵੇਂ ਹੋਇਆ ?


**ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ**
*(M.A, M.PHIL, BJMC, B.ED)*
ਮੋਬਾਈਲ: 07806945964




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ - 37**



**ਜੇਕਰ ਤੁਹਾਨੂੰ, ਤੁਹਾਡੇ ਕਿਸੇ ਦੋਸਤ-ਮਿੱਤਰ ਜਾਂ ਸਾਕ-ਸੰਬੰਧੀ ਨੂੰ ਸ਼ਰਾਬ, ਤੰਬਾਕੂ ਜਾਂ ਨਸ਼ੀਲੀਆਂ ਦਵਾਈਆਂ (ਗੋਲੀਆਂ/ ਕੈਪਸੂਲ /ਟੀਕੇ) ਦੀ ਲਤ ਲੱਗ ਗਈ ਹੈ ਤਾਂ ਉਨ੍ਹਾਂ ਤੋਂ ਛੁਟਕਾਰਾ ਪਰਾਪਤ ਕਰਨ ਵਾਸਤੇ ਕਿਸੇ ਚੰਗੇ ਸਿਹਤ ਮਾਹਿਰ ਦੇ ਸਹਿਯੋਗ ਨਾਲ ਆਪਣੀ ਇੱਛਾ ਸ਼ਕਤੀ ਮਜਬੂਤ ਕਰਕੇ ਮੇਰੇ ਪਿੰਡ ਵਾਲੇ ਬਜ਼ੁਰਗ ਸ ਧਰਮ ਸਿੰਘ ਵਾਂਗ ਉੱਦਮ ਉਪਰਾਲੇ ਕਰੋ । ਇਸ ਤਰਾਂ ਦੀ ਮੁਸ਼ਕਲ ਵਿਚੋਂ ਬਾਹਰ ਨਿਕਲਣ ਲਈ ਚੰਗੇ ਪਰਿਵਾਰਕ ਮੈਂਬਰ, ਦੋਸਤ ਤੇ ਰਿਸ਼ਤੇਦਾਰ ਵੀ ਪੀੜਿਤ ਵਿਅਕਤੀ ਦੀ ਕਾਫੀ ਮਦਦ ਕਰ ਸਕਦੇ ਹਨ, ਪਰ ਵਾਹ ਲਗਦੀ ਨੂੰ ਏਹੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਕੋਈ ਵੀ ਨਸ਼ਾ ਹੋਵੇ ਉਸ ਦੀ ਲਤ ਤੋਂ ਬਚਣ ਦੀ ਹੀ ਕੋਸ਼ਿਸ਼ ਕੀਤੀ ਜਾਵੇ**

ਨਸ਼ਾ ਕੋਈ ਵੀ ਹੋਵੇ, ਸਿਹਤ ਲਈ ਮਾੜਾ ਹੁੰਦਾ ਹੈ । ਕਿਸੇ ਬਿਮਾਰੀ ਦੇ ਇਲਾਜ ਵਾਸਤੇ ਟੀਕੇ ਲੁਆਂਉਦੇ ਹੋ, ਗੋਲੀਆਂ ਜਾਂ ਕੈਪਸੂਲ ਖਾਂਦੇ ਹੋ, ਬਹੁਤੀ ਵਾਰ ਤੁਹਾਨੂੰ ਪਤਾ ਵੀ ਨਹੀਂ ਲਗਦਾ ਕਿ ਹੌਲੀ ਹੌਲੀ ਉਹ ਕਦੋਂ ਪੱਕੇ ਤੌਰ 'ਤੇ ਤੁਹਾਡੀ ਜਿੰਦਗੀ ਦਾ ਹਿੱਸਾ ਬਣ ਜਾਂਦੇ ਹਨ ਤਾਂ ਬੇਸ਼ੱਕ ਉਹਨਾਂ ਨਾਲ ਇਕ ਦੋ ਬਿਮਾਰੀਆਂ ਕੰਟਰੋਲ ਵੀ ਹੋ ਜਾਂਦੀਆਂ ਹੋਣਗੀਆਂ, ਪਰ ਉਹਨਾਂ ਦਵਾਈਆਂ ਨਾਲ ਸਰੀਰ ਉਤੇ ਸਾਇਡ ਇਫੈਕਟਾਂ ਦੇ ਰੂਪ ਵਿਚ ਜੋ ਮਾਰੂ ਪ੍ਰਭਾਵ ਪੈਂਦਾ ਹੈ, ਉਹ ਕਈ ਵਾਰ ਉਹਨਾਂ ਦਵਾਈਆਂ ਨਾਲ ਠੀਕ ਕੀਤੀ ਜਾਣ ਵਾਲੀ ਬਿਮਾਰੀ ਨਾਲੋਂ ਕਈ ਗੁਣਾ ਵਧੇਰੇ ਘਾਤੁਕ ਹੁੰਦਾ ਹੈ ਜਾਂ ਇੰਜ ਕਹਿ ਲਓ ਕਿ ਕਈ ਵਾਰ ਕੈਂਸਰ ਦੇ ਰੂਪ ਵਿਚ ਵੀ ਸਾਹਮਣੇ ਆਉਂਦਾ ਹੈ ।

ਨਸ਼ਾਖੋਰੀ ਦੀ ਲਤ ਤਾਂ ਸਿੱਧੇ ਤੌਰ 'ਤੇ ਘਾਤੁਕ ਬਿਮਾਰੀਆਂ ਨੂੰ ਸੱਦਾ ਦੇਣਾ ਹੈ । ਮਿਸਾਲ ਵਜੋਂ ਸਿਗਰਟਨੋਸ਼ੀ ਦੇ ਧੂੰਏਂ ਵਿਚ 4000 ਤੋਂ ਵੱਧ ਸਿਹਤ ਘਾਤੁਕ ਜ਼ਹਿਰੀਲੇ ਤੱਤ ਹੁੰਦੇ ਹਨ, ਜਿਨ੍ਹਾਂ ਵਿੱਚੋਂ 200 ਦੇ ਕੁਰੀਬ ਤਾਂ ਨਿਰੇ ਜ਼ਹਿਰ ਹੁੰਦੇ ਹਨ । ਹੋਰ ਕਿਸੇ ਵੀ ਨਸ਼ੀਲੀ ਚੀਜ ਦੇ ਸੇਵਨ ਨਾਲ ਇੰਨੀਆਂ ਮੌਤਾਂ ਨਹੀਂ ਹੁੰਦੀਆਂ ਜਿੰਨੀਆਂ ਕਿ ਤੰਬਾਕੂਨੋਸ਼ੀ ਨਾਲ ਹੁੰਦੀਆਂ ਹਨ । ਸੰਯੁਕਤ ਰਾਜ ਅਮਰੀਕਾ ਵਿਚ, ਮੋਟਰ-ਗੱਡੀਆਂ ਦੀਆਂ ਦੁਰਘਟਨਾਵਾਂ ਵਿਚ ਮਰਨ ਵਾਲੇ ਲੋਕਾਂ ਦੀ ਗਿਣਤੀ ਤੋਂ ਦਸ ਗੁਣਾ ਜ਼ਿਆਦਾ ਲੋਕ ਤੰਬਾਕੂ ਨਾਲ ਹੋਣ ਵਾਲੀਆਂ ਬੀਮਾਰੀਆਂ ਤੋਂ ਮਰਦੇ ਹਨ ।

ਵਿਸ਼ਵ ਸਿਹਤ ਸੰਗਠਨ ਦੇ ਇਕ ਅੰਦਾਜ਼ੇ ਮੁਤਾਬਕ, ਹਰ ਸਾਲ ਪੂਰੇ ਵਿਸ਼ਵ ਵਿਚ ਲਗਭਗ 30 ਲੱਖ ਲੋਕ ਤੰਬਾਕੂ ਨਾਲ ਮਰਦੇ ਹਨ ।

ਕੈਂਸਰ ਅਤੇ ਦਿਲ ਦੀ ਬੀਮਾਰੀ ਦਾ ਜ਼ਿਆਦਾ ਖ਼ਤਰਾ ਹੋਣ ਤੋਂ ਇਲਾਵਾ, ਤੰਬਾਕੂ ਦਾ ਸੇਵਨ ਕਰਨ ਵਾਲਿਆਂ ਨੂੰ ਖ਼ਾਂਸੀ-ਜ਼ੁਕਾਮ, ਪੇਟ ਦਾ ਅਲਸਰ, ਕ੍ਰੋਨਿਕ ਬ੍ਰੋਨਕਾਈਟਸ ਅਤੇ ਹਾਈ ਬੱਲਡ ਪ੍ਰੈਸ਼ਰ ਵਰਗੀਆਂ ਬੀਮਾਰੀਆਂ ਵੀ ਆਮ ਹੀ ਲੱਗ ਜਾਂਦੀਆਂ ਹਨ । ਤੰਬਾਕੂਨੋਸ਼ੀ ਇਕ ਵਿਅਕਤੀ ਦੀ ਸੁੰਘਣ ਅਤੇ ਚੱਖਣ ਦੀ ਸ਼ਕਤੀ ਨੂੰ ਵੀ ਘਟਾ ਦਿੰਦੀ ਹੈ । ਇਹ ਆਦਤ ਮੂੰਹ ਦੇ ਖੁੱਲ੍ਹਣ ਦਾ ਡਾਇਆਮੀਟਰ ਛੋਟਾ ਕਰ ਦਿੰਦੀ ਹੈ ਅਤੇ ਦੰਦਾਂ ਨੂੰ ਰੰਗੋਂ ਬਦਰੰਗ ਕਰ ਦਿੰਦੀ ਹੈ । ਇਹਨਾਂ ਉਕਤ ਅਲਾਮਤਾਂ ਦੇ ਕਰਕੇ ਹੀ ਸਿਗਰਟ ਦੇ ਹਰ ਪੈਕਟ ਉਤੇ ਇਹ ਲਿਖਿਆ ਜਾਂਦਾ ਹੈ ਕਿ ਸਿਗਰਟ ਪੀਣੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ । ਸੋ, ਸਿਗਰਟਨੋਸ਼ੀ ਦਾ ਤਿਆਗ ਕਰਨਾ ਹੀ ਸਿਹਤ ਦੀ ਸਾਂਭ-ਸੰਭਾਲ ਕਰਨ ਦਾ ਇਕ ਸਭ ਤੋਂ ਮਹੱਤਵਪੂਰਣ ਉਪਾਅ ਹੈ।

ਇਸੇ ਤਰਾਂ ਨਸ਼ੀਲੀਆਂ ਦਵਾਈਆਂ ਦੀ ਕੁਵਰਤੋਂ ਨੇ ਸੰਸਾਰ ਭਰ ਵਿਚ ਵੱਡੇ ਪੈਮਾਨੇ ਤੇ ਲੋਕਾਂ ਦੀਆਂ ਜਾਨਾਂ ਲਈਆਂ ਹਨ । ਯੂ. ਐੱਸ. ਡਿਪਾਰਟਮੈਂਟ ਆਫ਼ ਹੈਲਥ ਐਂਡ ਹਿਊਮਨ ਸਰਵਿਸਿਸ ਮੁਤਾਬਿਕ, "ਹਰ ਸਾਲ ਨਸ਼ੀਲੀਆਂ ਦਵਾਈਆਂ ਦੀ ਲਤ ਨਾਲ 14,000 ਅਮਰੀਕੀ ਲੋਕ ਮਰਦੇ ਹਨ।" ਇਹਨਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਅਪਰਾਧ ਦੀਆਂ ਘਟਨਾਵਾਂ ਵਿਚ ਵੀ ਬੇਤਹਾਸਾ ਵਾਧਾ ਹੁੰਦਾ ਹੈ ਕਿ ਕਈ ਵਾਰ ਸਬੰਧਿਤ ਖਿੱਤੇ ਦੀਆਂ ਸਰਕਾਰਾਂ ਨੂੰ ਕਨੂੰਨ ਵਿਵਸਥਾ ਕਾਇਮ ਰੱਖਣ ਵਾਸਤੇ ਬਹੁਤ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ।

ਇਕ ਅੰਦਾਜ਼ੇ ਮੁਤਾਬਕ, ਪੂਰੇ ਵਿਸ਼ਵ ਵਿਚ ਹਰ ਸਾਲ 1,60,000 ਤੋਂ 2,10,000 ਲੋਕ ਨਸ਼ੀਲੀਆਂ ਦਵਾਈਆਂ ਦੇ ਟੀਕੇ ਲੈਣ ਕਰਕੇ ਮਰਦੇ ਹਨ। ਇਸ ਤੋਂ ਇਲਾਵਾ, ਲੱਖਾਂ ਹੀ ਲੋਕ ਕਈ ਹੋਰ ਪ੍ਰਕਾਰ ਦੇ ਨੁਕਸਾਨਦਾਇਕ ਨਸ਼ੀਲੇ ਪਦਾਰਥ, ਜਿਵੇਂ ਕਿ ਕਾਟ (ਇਕ ਨਸ਼ੀਲੀ ਹਰੀ-ਪੱਤੀ), ਸੁਪਾਰੀ ਅਤੇ ਕੋਕੀਨ ਦੀ ਵਰਤੋਂ ਕਰਦੇ ਹਨ। ਬੇਸ਼ੱਕ ਨਸ਼ੀਲੀਆਂ ਦਵਾਈਆਂ ਜਿਵੇਂ ਕ੍ਰੈਕ ਕੋਕੀਨ ਅਤੇ ਹੀਰੋਇਨ ਵਗੈਰਾ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਪਰ ਸ਼ਰਾਬ ਦੀ ਲਤ ਹੋਰ ਵੀ ਜ਼ਿਆਦਾ ਨੁਕਸਾਨ ਕਰਦੀ ਹੈ। ਦ ਮੈਡੀਕਲ ਪੋਸਟ ਨਾਮਕ ਅਖ਼ਬਾਰ ਦੀ ਰਿਪੋਰਟ ਅਨੁਸਾਰ, ਕੈਨੇਡਾ ਦੇ ਦਸਾਂ ਵਿਅਕਤੀਆਂ ਵਿੱਚੋਂ ਇਕ ਵਿਅਕਤੀ" ਨੂੰ ਸ਼ਰਾਬ ਦੀ ਲਤ ਲੱਗੀ ਹੋਈ ਹੈ ਅਤੇ "ਇਨ੍ਹਾਂ ਉੱਤੇ ਸਿਹਤ-ਸੰਭਾਲ ਪ੍ਰਣਾਲੀ ਨੂੰ ਕੁੱਲ 10 ਅਰਬ ਡਾਲਰ ਦਾ ਖ਼ਰਚਾ ਕਰਨਾ ਪੈਂਦਾ ਹੈ।" ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਅਮਰੀਕਾ ਵਿਚ 50 ਫ਼ੀ ਸਦੀ ਮੋਟਰ-ਗੱਡੀਆਂ ਅਤੇ ਅੱਗਜਨੀ ਦੇ ਜਾਨਲੇਵਾ ਹਾਦਸੇ, 45 ਫ਼ੀ ਸਦੀ ਡੁੱਬ ਜਾਣ ਦੇ ਹਾਦਸੇ ਅਤੇ 36 ਫ਼ੀ ਸਦੀ ਪੈਦਲ ਯਾਤਰੀਆਂ ਦੇ ਹਾਦਸੇ ਸ਼ਰਾਬ ਦੀ ਵਜ੍ਹਾ ਨਾਲ ਹੀ ਹੁੰਦੇ ਹਨ। ਜ਼ਿਆਦਾ ਸ਼ਰਾਬ ਪੀਣ ਕਰਕੇ ਕਈ ਹਿੰਸਾਤਮਕ ਅਪਰਾਧ ਵੀ ਕੀਤੇ ਜਾਂਦੇ ਹਨ, ਜਿਹੜੇ ਲੋਕ ਕਤਲ, ਹਿੰਸਕ ਹਮਲੇ, ਬਲਾਤਕਾਰ, ਬਾਲ ਦੁਰਵਿਹਾਰ ਜਾਂ ਆਤਮ-ਹੱਤਿਆ ਕਰਦੇ ਹਨ, ਉਨ੍ਹਾਂ ਵਿਚ ਅਕਸਰ ਕਾਫ਼ੀ ਹੱਦ ਤਕ ਸ਼ਰਾਬ ਦਾ ਵੀ ਵੱਡਾ ਹੱਥ ਹੁੰਦਾ ਹੈ । ਨਵੀਆ ਖੋਜਾਂ ਮੁਤਾਬਿਕ ਸ਼ਰਾਬ ਜਿਥੇ ਬਲੱਡ ਸ਼ੂਗਰ (Diabetes) ਅਤੇ ਇੰਸੁਲਿਨ ਰਿਜੈਸਟਿੰਸ (Inulin resistance) ਦੀ ਬਿਮਾਰੀ ਦਾ ਮੁੱਖ ਕਾਰਨ ਹੋ ਸਕਦੀ ਹੈ ਉਥੇ ਕਾਫੀ ਹੱਦ ਤੱਕ ਕੈਂਸਰ ਦਾ ਕਾਰਨ ਵੀ ਬਣਦੀ ਹੈ । ਇਸ ਦੇ ਨਾਲ ਹੀ ਇਹ ਮਾਲੀ ਹਾਲਤ ਅਤੇ ਸਮਾਜਿਕ ਰੁਤਬੇ ਦੀ ਬਰਬਾਦੀ ਵਿਚ ਵੀ ਵੱਡਾ ਰੋਲ ਅਦਾ ਕਰਦੀ ਹੈ ।

ਜੇਕਰ ਤੁਹਾਨੂੰ, ਤੁਹਾਡੇ ਕਿਸੇ ਦੋਸਤ-ਮਿੱਤਰ ਜਾਂ ਸਾਕ-ਸੰਬੰਧੀ ਨੂੰ ਸ਼ਰਾਬ, ਤੰਬਾਕੂ ਜਾਂ ਨਸ਼ੀਲੀਆਂ ਦਵਾਈਆਂ (ਗੋਲੀਆਂ/ ਕੈਪਸੂਲ /ਟੀਕੇ) ਦੀ ਲਤ ਲੱਗ ਗਈ ਹੈ ਤਾਂ ਉਨ੍ਹਾਂ ਤੋਂ ਛੁਟਕਾਰਾ ਪਰਾਪਤ ਕਰਨ ਵਾਸਤੇ ਕਿਸੇ ਚੰਗੇ ਸਿਹਤ ਮਾਹਿਰ ਦੇ ਸਹਿਯੋਗ ਨਾਲ ਆਪਣੀ ਇੱਛਾ ਸ਼ਕਤੀ ਮਜਬੂਤ ਕਰਕੇ ਮੇਰੇ ਪਿੰਡ ਵਾਲੇ ਬਜ਼ੁਰਗ ਸ ਧਰਮ ਸਿੰਘ ਵਾਂਗ ਉੱਦਮ ਉਪਰਾਲੇ ਕਰੋ । ਇਸ ਤਰਾਂ ਦੀ ਮੁਸ਼ਕਲ ਵਿਚੋਂ ਬਾਹਰ ਨਿਕਲਣ ਲਈ ਚੰਗੇ ਪਰਿਵਾਰਕ ਮੈਂਬਰ, ਦੋਸਤ ਤੇ ਰਿਸ਼ਤੇਦਾਰ ਵੀ ਪੀੜਿਤ ਵਿਅਕਤੀ ਦੀ ਕਾਫੀ ਮਦਦ ਕਰ ਸਕਦੇ ਹਨ, ਪਰ ਵਾਹ ਲਗਦੀ ਨੂੰ ਏਹੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਕੋਈ ਵੀ ਨਸ਼ਾ ਹੋਵੇ ਉਸ ਦੀ ਲਤ ਤੋਂ ਬਚਣ ਦੀ ਹੀ ਕੋਸ਼ਿਸ਼ ਕੀਤੀ ਜਾਵੇ ਕਿਉਂਕਿ ਕੋਈ ਵੀ ਨਸ਼ਾ ਪਹਿਲਾਂ ਪਹਿਲਾਂ ਸ਼ੌਕ ਵਜੋਂ ਕਰਨਾ ਸ਼ੁਰੂ ਕੀਤਾ ਜਾਂਦਾ ਹੈ, ਫਿਰ ਉਹ ਹੱਡੀਂ ਰਚ ਜਾਂਦਾ ਹੈ, ਉਸ ਦੀ ਲਤ ਪੈ ਜਾਂਦੀ ਹੈ ਜਿਸ ਤੋਂ ਖਹਿੜਾ ਛੁਡਾਉਣਾ ਬਾਅਦ ਵਿਚ ਬਹੁਤ ਔਖਾ ਹੋ ਜਾਂਦਾ ਹੈ । ਮੈਂ ਖੁਦ ਬਹੁਤ ਸਾਰੇ ਨਸ਼ੇੜੀ ਇਹ ਗੱਲ ਕਹਿੰਦੇ ਸੁਣੇ ਹਨ ਕਿ, "ਉਹ ਤਾਂ ਨਸ਼ਾ ਛੱਡਣਾ ਚਾਹੁੰਦੇ ਹਨ, ਪਰ ਹੁਣ ਨਸ਼ਾ ਉਹਨਾਂ ਨੂੰ ਨਹੀਂ ਛੱਡਦਾ ।" ਬਹੁਤ ਚੰਗਾ ਹੋਵੇਗਾ ਕਿ ਕੋਈ ਇਸ ਤਰਾਂ ਦੇ ਹਾਲਾਤਾਂ ਤੱਕ ਪਹੁੰਚੇ ਹੀ ਨਾ ਤੇ ਹਮੇਸ਼ਾ ਹੀ ਤੰਦਰੁਸਤੀ ਵਾਲਾ ਜੀਵਨ ਬਤੀਤ ਕਰੇ ।

—— ਚਲਦਾ

# ਬੀ. ਸੀ. ਦੀਆਂ ਸੂਬਾਈ ਚੋਣਾਂ ਦਾ ਸਿਆਸੀ ਬੁਖਾਰ ਲਗਾਤਾਰ ਵੱਧਣਾ ਸ਼ੁਰੂ

***ਪੰਜਾਬੀ ਮੂਲ ਦੇ 27 ਉਮੀਦਵਾਰ ਚੋਣਾਂ ਪਿੜ 'ਚ ਨਿੱਤਰੇ * ਬਜ਼ੁਰਗਾਂ ਦੀਆਂ ਸੱਥਾਂ ਰੂਪੀ ਟੋਲੀਆਂ 'ਚ ਵੀ ਚੋਣ ਮੁੱਦਾ ਭਾਰੂ !**


ਵੈਨਕੂਵਰ-(ਮਲਕੀਤ ਸਿੰਘ)—ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਦੀਆਂ 19 ਅਕਤੂਬਰ ਨੂੰ ਹੋਣ ਵਾਲੀਆਂ ਸੂਬਾਈ ਚੋਣਾਂ ਸਬੰਧੀ ਚੋਣ ਪਿੜ 'ਚ ਨਿਤਰਨ ਵਾਲੇ ਸੰਭਾਵੀ ਉਮੀਦਵਾਰਾਂ ਵੱਲੋਂ ਤੇਜ਼ ਕਰ ਦਿੱਤੀਆਂ ਗਈਆਂ ਸਿਆਸੀ ਸਰਗਰਮੀਆਂ ਕਾਰਨ ਚੋਣ ਪਿੜ ਲਗਾਤਾਰ ਭੱਖਦਾ ਮਹਿਸੂਸ ਹੋ ਰਿਹਾ ਹੈ।ਇਨ੍ਹਾਂ ਸੂਬਾਈ ਚੋਣਾਂ 'ਚ ਪ੍ਰਮੁੱਖ ਤੌਰ 'ਤੇ ਐਨ. ਡੀ. ਪੀ. ਅਤੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰਾਂ ਦਰਮਿਆਨ ਫਸਵੇਂ ਚੋਣ ਮੁਕਾਬਲੇ ਹੋਣ ਦੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ।ਆਪੋ—ਆਪਣੀ ਪਾਰਟੀ ਵੱਲੋਂ ਸਿਆਸੀ ਅਖਾੜੇ 'ਚ ਨਿੱਤਰੇ ਵੱਖ—ਵੱਖ ਉਮੀਦਵਾਰਾਂ ਵੱਲੋਂ ਆਪੋ—ਆਪਣੀ ਚੋਣ ਮੁਹਿੰਮ ਦਾ ਰਸਮੀ ਆਗਾਜ਼ ਕਰਦਿਆਂ ਚੋਣ ਦਫਤਰਾਂ ਦਾ ਉਦਘਾਟਨ ਕਰਕੇ ਆਪਣਾ ਚੋਣ ਬਿਗਲ ਵਜਾਉਣ ਦਾ ਸਿਲਸਿਲਾ ਲਗਾਤਾਰ ਵੱਧਦਾ ਨਜ਼ਰੀ ਆ ਰਿਹਾ ਹੈ।

ਭਾਵੇਂ ਕਿ ਇਨ੍ਹਾਂ ਸੂਬਾਈ ਚੋਣਾਂ 'ਚ ਵੱਖ—ਵੱਖ ਭਾਈਚਾਰਿਆਂ ਨਾਲ ਸਬੰਧਿਤ ਉਮੀਦਵਾਰ ਚੋਣ ਪਿੜ 'ਚ ਨਿੱਤਰੇ ਹੋਏ ਹਨ, ਪ੍ਰੰਤੂ ਦਿਲਚਸਪ ਪਹਿਲੂ ਇਹ ਹੈ ਕਿ ਇਨ੍ਹਾਂ ਚੋਣਾਂ 'ਚ ਐਤਕੀਂ ਪੰਜਾਬੀ ਮੂਲ ਦੇ ਭਾਈਚਾਰੇ ਨਾਲ ਸਬੰਧਿਤ ਕੁਲ 27 ਉਮੀਦਵਾਰ ਵੀ ਆਪੋ—ਆਪਣੇ ਸਿਆਸੀ ਬੱਲ ਦਾ ਇਸਤੇਮਾਲ ਕਰਕੇ ਕਿਸਮਤ ਅਜ਼ਮਾਈ ਕਰ ਰਹੇ ਹਨ।ਜਿਸ ਕਾਰਨ ਸਥਾਨਕ ਪੰਜਾਬੀ ਭਾਈਚਾਰੇ 'ਚ ਵੀ ਇੰਨ੍ਹਾਂ ਚੋਣਾਂ ਪ੍ਰਤੀ ਕਾਫੀ ਦਿਲਚਸਪੀ ਨਜ਼ਰੀ ਆ ਰਹੀ ਹੈ।

ਆਮ ਜਨਤਕ ਥਾਵਾਂ ਅਤੇ ਪਾਰਕਾਂ ਆਦਿ 'ਚ ਫੁਰਸਤ ਦੇ ਪਲ ਬਿਤਾਉਣ ਲਈ ਇਕੱਤਰ ਹੁੰਦੇ ਪੰਜਾਬੀ ਬਜ਼ੁਰਗਾਂ ਦੀਆਂ ਸੱਥਾਂ ਰੂਪੀ ਟੋਲੀਆਂ 'ਚ ਚਲਦੀ 'ਖੁੰਢ ਚਰਚਾਂ' ਦੇ ਮੁੱਖ ਧੁਰੇ ਦੀ ਸੁਈ ਇਨ੍ਹਾਂ ਚੋਣਾਂ ਦੁਆਲੇ ਘੁੰਮਦੀ ਮਹਿਸੂਸ ਕੀਤੀ ਜਾ ਸਕਦੀ ਹੈ।ਇਨ੍ਹਾਂ ਚੋਣਾਂ 'ਚ ਕਿਹੜੀ ਪਾਰਟੀ ਜਿੱਤਣ ਮਗਰੋਂ ਸੂਬਾਈ ਸਰਕਾਰ ਬਣਾਉਣ 'ਚ ਕਾਮਯਾਬ ਹੋਵੇਗੀ? ਫਿਲਹਾਲ ਤਾਂ ਇਹ ਸਵਾਲ ਭਵਿੱਖ ਦੇ ਗਰਭ 'ਚ ਛੁਪਿਆ ਪਿਆ ਹੈ, ਪ੍ਰੰਤੂ 'ਸਿਆਸੀ ਚਸਕਾ' ਰੱਖਣ ਦੇ 'ਚਾਹਵਾਨ' ਇਨ੍ਹਾਂ ਚੋਣਾਂ ਨੂੰ ਹੁਣ ਤੋਂ ਹੀ ਦਿਲਚਸਪੀ ਨਾਲ 'ਵਾਚ' ਰਹੇ ਮਹਿਸੂਸ ਹੋ ਰਹੇ ਹਨ।

# FBI's 2023 Data Reveals Increased Hate Crimes

In its 2023 hate crimes statistics published in September 2024, the FBI recorded 11,862 hate crime incidents involving 13,829 offenses motivated by bias toward race, ethnicity, ancestry, religion, sexual orientation, disability, gender, and gender identity.Unfortunately, hate crimes have seen a statistical increase in recent years and bias-motivated crimes have risen in numbers finding irony in an era when human rights are well-spoken for.Recent events regrettably append to the already long list of cases involving hate directed at minorities the world over. Just last week, the Senate Judiciary Committee held a hearing on hate crimes where regrettably, tensions flared when a senator made an insensitive remark against a witness suggesting to "hide your head in a bag", one that underscores the challenges in fostering a unified response to hate crimes.Just last week, a 50-year-old Sikh man was target of a hate crime when he sustained facial injuries after being punched and being told to “go back to your country”. Last month, a 23-yr-old taxi driver was victim when waiting to pick up passengers at the JFK airport. Similarly, in July of this year, a Texas man was charged for making threats against employees of a Sikh organization according to the U.S. Justice Department Official Press Release.




UNITED SIKHS is advocating for the rights of Sikhs and the disadvantaged minorities, employing UNITED SIKHS provides unyielding support to hate crimes victims. In August 2022 we assisted Balwinder Singh who underwent multiple surgeries after sustaining jaw and facial injuries from his attacker. During the same year 70-year-old Sardar Nirmal Singh was punched in the face by a stranger which left him profusely bleeding. Our legal team provided pro bono services and initiated communications with the United States Department of Justice and also filed a complaint with the New York State Hate Crimes Task Force. Our initiatives aim to (1) Provide legal support and representation to victims of hate crimes and discrimination, (2) Conduct awareness campaigns to educate the public on Sikh beliefs and the importance of diversity and tolerance, and (3) Collaborate with international bodies and other human rights organizations to push for policy changes that ensure the protection of religious freedoms and minority rights.

To report hate and bias crimes, please reach out to contact@UNITEDSIKHS.org or access our Crime Incident Form for assistance.

UNITED SIKHS affirms that “hate has no place in our society”.

* * * * * * *

## Tail Piece

# Our Parliament shall remain busy in this tenure of five years

This is the first time that strength of members in opposition side too is large and the leader of opposition too has announced that he shall come up with a Bill for bettering the position of Farmers inIndia. The ruling side too has starteed talking on position of J and K as Province from the name of State of J and K.



Let both the wings in the Parliament may come up in a Compromise and out of five Bills, three must be coming from the ruling side and two should come from the Opposition side. Compromise is most necessary because this time the ruling front is not in absolute majority and if oppositions are not in compromise with the ruling front, routing Bills through Parliament shall be difficult. Only compromise system must come and since both are having welfare of people of india in their minds, compromise system shall save time, energy and shall ensure peace in functioning.

While Bills are in discussion, both the wings must be serious and Bills under discussion must be considered peacefully and in best interest of the people of India. To win and lose should not be target with both the wings. All in eh Parliament are Public Servants and duly elected by the peole,. They must keep in mind that serving the people they have been allowed entry in Parliament and all the Five Bills must be passed on merits and observations made by the other group too must be considered and amended properly. No talk just to winand just to show authority.

The functioning of our Parliament , if properly set in this tenure, we shall become a proper democracy and in due course all inour Parliament shall become Representatives of the people and they shall be allowed to speak and they shall also be heard. Even votingtoo shall be free and not under whips.

**dalip singh wasan,**
**Advocate**

## ਨਿਰਮਲ ਸਿੰਘ ਕੰਧਾਲਵੀ



# ਮਾਇਆਧਾਰੀ ਅਤਿ ਅੰਨਾ ਬੋਲਾ



ਰੇਡੀਓ 'ਤੇ ਖ਼ਬਰ ਆ ਰਹੀ ਸੀ ਕਿ ਮੋਟਰਵੇਅ 'ਤੇ ਕੋਈ ਦੁਰਘਟਨਾ ਹੋਣ ਕਰ ਕੇ ਆਵਾਜਾਈ ਹੌਲੀ ਚਲ ਰਹੀ ਸੀ। ਮੈਂ ਇਕ ਬਹੁਤ ਹੀ ਜ਼ਰੂਰੀ ਮੀਟਿੰਗ 'ਤੇ ਜਾਣਾ ਸੀ, ਸੋ ਮੈਂ ਕਾਫ਼ੀ ਸਮਾਂ ਪਹਿਲਾਂ ਹੀ ਚਲ ਪਿਆ ਤਾਂ ਕਿ ਜੇ ਮੋਟਰਵੇਅ 'ਤੇ ਕੁਝ ਵਾਧੂ ਸਮਾਂ ਲੱਗਿਆ ਤਾਂ ਫੇਰ ਵੀ ਮੀਟਿੰਗ 'ਚ ਸਮੇਂ ਸਿਰ ਪਹੁੰਚ ਜਾਵਾਂਗਾ।

ਸ਼ਾਇਦ ਮਾਮੂਲੀ ਘਟਨਾ ਹੀ ਹੋਈ ਸੀ, ਸੋ ਮੋਟਰਵੇਅ 'ਤੇ ਆਵਾਜਾਈ ਆਮ ਵਾਂਗ ਹੀ ਚਲ ਰਹੀ ਸੀ, ਮੇਰੇ ਪਾਸ ਹੁਣ ਕਾਫ਼ੀ ਸਮਾਂ ਵਾਧੂ ਸੀ। ਮੈਂ ਸੋਚਿਆ ਕਿ ਰਾਹ 'ਚ ਪੈਂਦੇ ਗੁਰਦੁਆਰਾ ਸਾਹਿਬ 'ਚ ਕਿਉਂ ਨਾ ਗੁਰੂ ਮਹਾਰਾਜ ਨੂੰ ਨਮਸਕਾਰ ਕਰ ਲਈ ਜਾਵੇ। ਗੁਰਦੁਆਰੇ ਦੇ ਗਰਾਊਂਡ ਫਲੋਰ ਦੇ ਮੇਨ ਹਾਲ 'ਚ ਮੁਰੰਮਤ ਦਾ ਕੰਮ ਚਲ ਰਿਹਾ ਸੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਪਰਲੇ ਹਾਲ 'ਚ ਸੀ ਤੇ ਉੱਥੇ ਬੀਬੀਆਂ ਆਪਣਾ ਹਫ਼ਤਾਵਾਰੀ ਕੀਰਤਨ ਦਾ ਪ੍ਰੋਗਰਾਮ ਕਰ ਰਹੀਆਂ ਸਨ। ਮੈਂ ਮੱਥਾ ਟੇਕ ਕੇ ਕੀਰਤਨ ਦਾ ਆਨੰਦ ਲੈਣ ਲੱਗਾ। ਮੈਨੂੰ ਬੜੀ ਬੇਚੈਨੀ ਹੋਈ ਜਦੋਂ ਮੈਂ ਦੇਖਿਆ ਕਿ ਬੀਬੀਆਂ ਗੁਰਬਾਣੀ ਦੀਆਂ ਤੁਕਾਂ ਦੇ ਨਾਲ ਆਪਣੀਆਂ ਮਨਘੜਤ ਤੁਕਾਂ ਵੀ ਜੋੜ ਕੇ ਪੜ੍ਹ ਰਹੀਆਂ ਸਨ।

ਉੱਥੇ ਪੰਜ ਚਾਰ ਬਜ਼ੁਰਗ ਬੈਠੇ ਬੈਠੇ ਉਂਘਲਾ ਰਹੇ ਸਨ। ਮੈਂ ਇਕ ਬਜ਼ੁਰਗ ਨੂੰ ਜਦੋਂ ਇਸ ਬਾਰੇ ਦੱਸਿਆ ਤਾਂ ਉਸ ਨੇ ਕੁੱਕੜ ਵਾਂਗ ਅੱਧੀਆਂ ਕੁ ਅੱਖਾ ਖੋਲ੍ਹੀਆਂ ਤੇ ਆਪਣੀ ਅਣਜਾਣਤਾ ਪ੍ਰਗਟ ਕੀਤੀ। ਮੈਂ ਸਮਝ ਗਿਆ ਕਿ ਇਹ ਵਿਚਾਰੇ ਇਸ ਬਾਰੀਕੀ ਨੂੰ ਨਹੀਂ ਸਮਝ ਸਕਦੇ, ਇਹਨਾਂ ਨੂੰ ਤਾਂ ਵਾਜਾ ਢੋਲਕੀ ਵੱਜਦੀ ਹੀ ਸੁਣਦੀ ਹੈ। ਮੈਂ ਸੋਚਿਆ ਕਿ ਕਿਸੇ ਜ਼ਿੰਮੇਵਾਰ ਕਮੇਟੀ ਮੈਂਬਰ ਨਾਲ ਹੀ ਗੱਲ ਕੀਤੀ ਜਾਵੇ ਤਾਂ ਠੀਕ ਰਹੇਗਾ। ਹੇਠਾਂ ਲੰਗਰ ਹਾਲ 'ਚ ਤਿੰਨ ਚਾਰ ਸੱਜਣ ਬੈਠੇ ਪੰਜਾਬ ਦੀ ਸਿਆਸਤ ਦਾ ਕਚੀਰਾ ਕਰ ਰਹੇ ਸਨ। ਮੈਂ ਜਦੋਂ ਕਿਸੇ ਕਮੇਟੀ ਮੈਂਬਰ ਨੂੰ ਮਿਲਣ ਦੀ ਗੱਲ ਕਹੀ ਤਾਂ ਇਕ ਸੱਜਣ ਨੇ ਦੱਸਿਆ ਕਿ ਪ੍ਰਧਾਨ ਹੋਰੀਂ ਪੰਜ ਸੱਤ ਮਿੰਟ 'ਚ ਹੀ ਆਉਣ ਵਾਲੇ ਹਨ। ਮੈਂ ਵੀ ਇਕ ਕੁਰਸੀ 'ਤੇ ਬੈਠ ਕੇ ਪ੍ਰਧਾਨ ਹੋਰਾਂ ਨੂੰ ਉਡੀਕਣ ਲੱਗਾ।

ਦਸ ਕੁ ਮਿੰਟ ਬਾਅਦ ਹੀ ਪ੍ਰਧਾਨ ਹੋਰੀਂ ਆ ਗਏ। ਮੈਂ ਬੜੀ ਨਿਮਰਤਾ ਨਾਲ ਫ਼ਤਿਹ ਬੁਲਾਈ ਤੇ ਅਪਣੀ ਗੱਲ ਦੱਸੀ ਕਿ ਕਿਵੇਂ ਬੀਬੀਆਂ ਗੁਰਬਾਣੀ ਦੇ ਨਾਲ ਆਪਣੀਆਂ ਮਨਘੜਤ ਤੁਕਾਂ ਜੋੜ ਕੇ ਗੁਰਬਾਣੀ ਦਾ ਨਿਰਾਦਰ ਕਰ ਰਹੀਆਂ ਹਨ। ਪ੍ਰਧਾਨ ਹੋਰਾਂ ਦੇ ਚਿਹਰੇ ਦਾ ਰੰਗ ਬਦਲਿਆ ਤੇ ਉਹ ਬੋਲੇ," ਭਾਈ ਸਾਹਿਬ, ਕੀ ਤੁਹਾਨੂੰ ਪਤੈ ਕਿ ਇਹ ਬੀਬੀਆਂ ਸਾਲ ਦੀ ਕਿੰਨੀ ਮਾਇਆ ਕੀਰਤਨ ਰਾਹੀਂ ਇਕੱਠੀ ਕਰ ਕੇ ਗੁਰਦੁਆਰੇ ਨੂੰ ਦਿੰਦੀਆਂ ਨੇ, ਇਹੋ ਜਿਹੀਆਂ ਵਾਧੂ ਦੀਆਂ ਗੱਲਾਂ ਹੀ ਸੰਗਤਾਂ ਨੂੰ ਗੁਰੂ ਘਰ ਨਾਲੋਂ ਤੋੜਦੀਆਂ ਨੇ ਭਾਈ ਸਾਹਿਬ, ਸੰਗਤਾਂ ਨੂੰ ਗੁਰੂ-ਘਰ ਨਾਲ ਜੋੜੋ, ਤੋੜੋ ਨਾ।"

ਪ੍ਰਧਾਨ ਹੋਰਾਂ ਦੀ ਦਲੀਲ ਸੁਣ ਕੇ ਮੈਂ ਸਮਝ ਗਿਆ ਕਿ ਜਿਸ ਵਿਅਕਤੀ ਦੇ ਸਿਰ ਦੀ ਸੂਈ ਮਾਇਆ 'ਤੇ ਹੀ ਅਟਕੀ ਹੋਈ ਹੈ, ਉਸ ਨਾਲ ਸਿੱਖ- ਸਿਧਾਂਤ ਦੀ ਗੱਲ ਕਰਨੀ ਮੱਝ ਅੱਗੇ ਬੀਨ ਵਜਾਉਣ ਵਾਲੀ ਗੱਲ ਹੋਵੇਗੀ। ਮੈਂ ਜਾਣ ਲਿਆ ਕਿ ਜੇ ਗੱਲ ਅਗਾਂਹ ਵਧਾਈ ਤਾਂ ਹੋ ਸਕਦੈ ਕਿ ਪ੍ਰਧਾਨ ਹੋਰੀਂ ਮੇਰੀ ਵੀ ਲਾਹ ਪਾਹ ਕਰ ਦੇਣ, ਸੋ ਮੈਂ ਝੱਟ ਪੱਟ ਗੱਲ ਦਾ ਰੁਖ਼ ਬਦਲਿਆ।

ਪ੍ਰਧਾਨ ਹੋਰੀਂ ਜੇਤੂ ਅੰਦਾਜ਼ 'ਚ ਮੇਰੇ ਵਲ ਦੇਖ ਰਹੇ ਸਨ। ਮੈਂ ਫ਼ਤਿਹ ਬੁਲਾਈ ਤੇ ਆਪਣੇ ਰਾਹ ਪਿਆ।

* * * * * * * *

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**

# ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੇ ਪਹਿਲਵਾਨਾਂ ਨੇ ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲੇ ਵਿਚੋਂ 20 ਸੋਨੇ ਦੇ, 8 ਚਾਂਦੀ ਅਤੇ 4 ਕਾਂਸੀ ਦੇ ਮੈਡਲ ਜਿੱਤੇ



*ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੇ ਜੇਤੂ ਪਹਿਲਵਾਨਾਂ ਦਾ ਸਨਮਾਨ ਕਰਨ ਮੌਕੇ ਬਾਬਾ ਜਸਦੀਪ ਸਿੰਘ, ਬਾਬਾ ਯੁਵਰਾਜ ਸਿੰਘ, ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ ਅਤੇ ਹੋਰ ਪਤਵੰਤੇ*

ਬੰਗਾ-ਇਲਾਕੇ ਦੇ ਪ੍ਰਸਿੱਧ ਕੁਸ਼ਤੀ ਅਖਾੜੇ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਵਿਖੇ ਫਰੀ ਕੁਸ਼ਤੀ ਟਰੇਨਿੰਗ ਪ੍ਰਾਪਤ ਕਰਨ ਵਾਲੇ ਨੌਜਵਾਨ ਪਹਿਲਵਾਨ ਲੜਕੇ-ਲੜਕੀਆਂ ਨੇ ਬੀਤੇ ਦਿਨੀ ਹੋਏ ? ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲੇ ਵਿਚੋਂ 20 ਸੋਨੇ ਦੇ, 8 ਚਾਂਦੀ ਅਤੇ 4 ਕਾਂਸੀ ਦੇ ਮੈਡਲ ਜਿੱਤਣ ਦਾ ਸਮਾਚਾਰ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਕਲੱਬ ਦੇ ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ ਨੇ ਦੱਸਿਆ ਕਿ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਅਖਾੜੇ ਦੇ ਨੌਜਵਾਨ ਪਹਿਲਵਾਨ ਲੜਕੇ-ਲੜਕੀਆਂ ਨੇ ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲੇ ਵਿਚ ਸ਼ਾਨਦਾਰ ਕੁਸ਼ਤੀ ਖੇਡ ਦਾ ਪ੍ਰਦਰਸ਼ਨ ਕਰਕੇ ਵੱਖ ਵੱਖ ਭਾਰ ਵਰਗਾਂ ਵਿਚੋਂ 20 ਸੋਨੇ ਦੇ, 8 ਚਾਂਦੀ ਅਤੇ 4 ਕਾਂਸੀ ਦੇ ਮੈਡਲ ਜਿੱਤ ਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਕਲੱਬ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਬਾਬਾ ਜਸਦੀਪ ਸਿੰਘ ਅਤੇ ਬਾਬਾ ਯੁਵਰਾਜ ਸਿੰਘ ਝੰਡਾ ਜੀ ਖਟਕੜ ਕਲਾਂ ਵਾਲਿਆਂ ਨੇ ਬਦਾਮ ਅਤੇ ਵੱਖ ਵੱਖ ਪ੍ਰਕਾਰ ਦੇ ਫਲ਼ ਪ੍ਰਦਾਨ ਕਰਕੇ ਸਮੂਹ ਜੇਤੂ ਪਹਿਲਵਾਨਾਂ ਦਾ ਸਨਮਾਨ ਆਪਣੇ ਕਰ ਕਮਲਾਂ ਨਾਲ ਕੀਤਾ ਅਤੇ ਉਹਨਾਂ ਨੇ ਸੁਨਿਹਰੀ ਭਵਿੱਖ ਦੀ ਕਾਮਨਾ ਕੀਤੀ।

ਉਹਨਾਂ ਨੇ ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ ਵੱਲੋਂ ਇਲਾਕੇ ਦੇ ਨੌਜਵਾਨ ਲੜਕੇ - ਲੜਕੀਆਂ ਨੂੰ ਫਰੀ ਕੁਸ਼ਤੀ ਟਰੇਨਿੰਗ ਪ੍ਰਦਾਨ ਕਰਨ ਦੇ ਸੇਵਾ ਕਾਰਜ ਦੀ ਭਾਰੀ ਸ਼ਲਾਘਾ ਕੀਤੀ ਅਤੇ ਕੁਸ਼ਤੀ ਅਖਾੜੇ ਲਈ ਹਰ ਤਰ੍ਹਾਂ ਦੀ ਮਦਦ ਦੇਣ ਦਾ ਭਰੋਸਾ ਦਿਵਾਇਆ।

ਇਸ ਸਨਮਾਨ ਦੀ ਰਸਮ ਮੌਕੇ ਸ. ਸਰਬਜੀਤ ਸਿੰਘ ਸਾਬਕਾ ਸਰਪੰਚ ਬਾਹੜੋਵਾਲ, ਕੁਸ਼ਤੀ ਕੋਚ ਸ੍ਰੀ ਬਲਬੀਰ ਬੀਰਾ ਸੌਂਧੀ ਰਾਏਪੁਰ ਡੱਬਾ, ਮਾਸਟਰ ਗੁਰਨਾਮ ਰਾਮ, ਮਾਸਟਰ ਸੁਖਵਿੰਦਰ ਸਿੰਘ, ਮਾਸਟਰ ਰਾਕੇਸ਼ ਕੁਮਾਰ, ਸ. ਬਲਜੀਤ ਸਿੰਘ ਕੰਗ, ਡੀ ਪੀ ਈ ਨਵਦੀਪ ਸਿੰਘ, ਸ.ਚਰਨਜੀਤ ਸਿੰਘ, ਸ. ਭੁਪਿੰਦਰ ਸਿੰਘ ਮੁਕੰਦਪੁਰ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਵਰਨਣਯੋਗ ਹੈ ਇਹ ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲੇ ਸ੍ਰੀ ਸ਼ੁਰੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਫਸਰ, ਸ੍ਰੀ ਦਵਿੰਦਰ ਕੌਰ ਸਪੋਰਟਸ ਕੁਆਰਡੀਨੇਟਰ, ਮਾਸਟਰ ਬਲਦੀਸ਼ ਸਿੰਘ ਅਤੇ ਮੈਡਮ ਮਨਜੀਤ ਕੌਰ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਵਿਖੇ ਹੋਏ ਸਨ। ਕਲੱਬ ਦੇ ਚੇਅਰਮੈਨ ਸ੍ਰੀ ਮਲਕੀਅਤ ਸਿੰਘ ਬਾਹੜੋਵਾਲ ਦੀ ਅਗਵਾਈ ਵਿਚ ਸਾਲ 2008 ਵਿਚ ਪਿੰਡ ਬਾਹੜੋਵਾਲ ਵਿਖੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਕੁਸ਼ਤੀ ਟਰੇਨਿੰਗ ਹਾਲ ਬਣਾਇਆ ਗਿਆ ਜਿੱਥੇ ਕੁਸ਼ਤੀ ਦੀ ਮੁਫ਼ਤ ਟਰੇਨਿੰਗ ਦਿੱਤੀ ਜਾਂਦੀ ਹੈ।

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ । ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ । ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ । ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ । -ਡਾਇਰੈਕਟਰ, ਪੰਜਾਬ ਟਾਈਮਜ਼

## ਬੀਬੀ ਕਿਰਨਜੋਤ ਕੌਰ ਨੇ ਵੀ ਉਕਤ ਇਤਿਹਾਸਕ ਹਵਾਲੇ ਨਾਲ ਸਪੱਸ਼ਟ ਕਰ ਦਿੱਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇਹ ਨਹੀਂ ਜੋਤਿ ਹਨ

**ਸਤਿਕਾਰ ਯੋਗ ਸੰਪਾਦਕ ਜੀਓ**

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਹਿ


ਦਾਸ ਦੇ ਇਸ ਪੱਤਰ ਦਾ ਵਿਸ਼ਾ ਹੈ: ਗੁਰੂ ਗ੍ਰੰਥ ਸਾਹਿਬ, ਜੋਤਿ ਹੈ ਦੇਹ ਨਹੀਂ। ਪਿਛਲੇ ਹਫ਼ਤੇ ਦੇ ਪੰਜਾਬ ਟਾਈਮਜ਼ ਅੰਕ 3047 ਦੇ ਸਫ਼ੇ 28 ਉੱਤੇ ਸਨਮਾਨ ਯੋਗ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਇਕ ਲੇਖ ਛਪਿਆ ਹੈ: ਵੱਡੇ ਬਾਦਲ ਨੂੰ ਮਿਲੇ ਫ਼ਖ਼ਰ-ਏ-ਕੌਮ ਦਾ ਐਵਾਰਡ ਵਾਪਿਸ ਲੈਣ ਲਈ ਵੀ ਪੁਨਰ-ਵਿਚਾਰ ਹੋਵੇ। ਇਸ ਲੇਖ ਦੇ ਪਹਿਲੇ ਪੈਰ੍ਹੇ ਦਾ ਸੰਬੰਧ ਦਾਸ ਦੇ ਇਸ ਪੱਤਰ ਨਾਲ ਹੈ। ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਉਕਤ ਲੇਖ ਦੀ ਅਰੰਭਤਾ ਵਿੱਚ ਹੀ ਲਿਖਦੇ ਹਨ ਕਿ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਗੁਰੂ ਪੰਥ ਨੂੰ ਵੀ ਗੁਰਿਆਈ ਬਖ਼ਸ਼ੀ ਗੁਰੂ ਪੰਥ ਉਹ ਖ਼ਾਲਸਾ ਪੰਥ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸਾਜਿ-ਜਆ ਅਤੇ ਉਸ ਵਿੱਚ ਅਭੇਦ ਹੋ ਗਏ। ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ ਵਿੱਚ ਇਸ ਨੂੰ ਇੰਜ ਸਮਝਾਇਆ ਗਿਆ ਹੈ : ਗੁਰੂ ਖ਼ਾਲਸਾ ਮਾਨੀਅਹਿ ਪਰਗਟ ਗੁਰਾਂ ਕੀ ਦੇਹ, ਜੋ ਸਿੱਖ ਮੋ ਮਿਲਬੋ ਚਹਹਿ ਖੋਜ ਇਨਹੁ ਮਹਿ ਲੇਹੁ। ਭਾਵ ਗੁਰੂ ਦੀ ਰੂਹ (ਆਤਮਾ) ਗੁਰੂ ਗ੍ਰੰਥ ਸਾਹਿਬ ਵਿੱਚ ਹੈ ਤੇ ਦੇਹ ਖ਼ਾਲਸਾ ਪੰਥ ਵਿੱਚ ਹੈ। ਖ਼ਾਲਸਾ ਪੰਥ ਇਕ ਜਥੇਬੰਦੀ ਹੈ ਜਿਸ ਨੂੰ ਇਕ ਸੂਤ ਵਿੱਚ ਪਰੋਏ ਰੱਖਣ ਲਈ ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਰਹਿਣਾ ਪੈਂਦਾ ਹੈ।

ਬੀਬੀ ਕਿਰਨਜੋਤ ਕੌਰ ਨੇ ਵੀ ਉਕਤ ਇਤਿਹਾਸਕ ਹਵਾਲੇ ਨਾਲ ਸਪੱਸ਼ਟ ਕਰ ਦਿੱਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇਹ ਨਹੀਂ ਜੋਤਿ ਹਨ। ਆਉ ਹੁਣ ਇਸ ਵਿਸ਼ੇ 'ਤੇ ਹੋਰ ਵੀ ਵਿਚਾਰ ਕਰੀਏ। ਰੋਜ਼ਾਨਾ ਹੋਣ ਵਾਲੀ ਅਰਦਾਸ ਵਿੱਚ ਦਸਾਂ ਪਾਤਸ਼ਾਹੀਆਂ ਦੀ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਦੀਦਾਰ ਦਾ ਧਿਆਨ ਧਰ ਕੇ ਖ਼ਾਲਸਾ ਜੀ, ਬੋਲੋ ਜੀ ਵਾਹਿਗੁਰੂ, ਵਿੱਚ ਆਏ ਜੋਤਿ ਸ਼ਬਦ ਨੂੰ ਰੋਜ਼ਾਨਾ ਦੋ ਵੇਲੇ ਦੀ ਅਰਦਾਸ ਤੋਂ ਬਾਅਦ ਪੜ੍ਹਿਆ ਜਾਣ ਵਾਲਾ ਇਹ ਦੋਹਰਾ ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ, ਜੋਤਿ ਦਾ ਪ੍ਰਤੱਖ ਰੂਪ ਵਿੱਚ ਖੰਡਨ ਕਰ ਦਿੰਦਾ ਹੈ। ਕਿਉਂਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਜੋਤਿ ਦੇ ਅਰਥ ਰੌਸ਼ਨੀ, ਪ੍ਰਕਾਸ਼ ਪ੍ਰਭੂ ਪ੍ਰਮਾਤਮਾ ਹੈ। ਜਿਵੇਂ ਕਿ ਪ੍ਰਗਟੀ ਜੋਤਿ ਮਿਟਿਆ ਅੰਧਿਆਰਾ (ਗੁ: ਗ੍ਰੰ: ਸਾ: ਪੰਨਾ 1349) ਅਤੇ ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ (ਗੁ: ਗ੍ਰੰ: ਸਾ: ਪੰਨਾ 846) ਜਦ ਕਿ ਦੇਹ ਦੇ ਅਰਥ ਸਰੀਰ, ਤਨ, ਜਿਸਮ ਹਨ। ਜਿਵੇਂ ਕਿ ਜਿਤੁ ਦਿਨਿ ਦੇਹ ਬਿਨਸਸੀ (ਗੁ: ਗ੍ਰੰ: ਸਾ: ਪੰਨਾ 134) ਅਤੇ ਸਾਚੀ ਲਿਵੈ ਬਿਨੁ ਦੇਹ ਨਿਮਾਣੀ (ਗੁ: ਗ੍ਰੰ: ਸਾ: ਪੰਨਾ 917) ਦੇ ਉਕਤ ਗੁਰਬਾਣੀ ਪ੍ਰਮਾਣ ਗੁਰਬਾਣੀ ਵਿੱਚ ਦਰਜ ਹਨ। ਰੋਜ਼ਾਨਾ ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਰਧਾ ਰੱਖਣ ਵਾਲਾ ਨਾਨਕ-ਨਾਮਲੇਵਾ ਜਗਿਆਸੂ ਇਸ ਦੁਬਿਧਾ ਵਿੱਚ ਪੈ ਜਾਂਦਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਦੇਹ ਮੰਨੇ ਜਾਂ ਜੋਤਿ ਪ੍ਰਵਾਨ ਕਰੇ।

ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਅਤੇ ਦਰਬਾਰੀ ਕਵੀ ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ (ਰਹਿਤਨਾਮਾ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਵਾਨਗੀ ਅਤੇ ਹਾਜਰੀ ਵਿੱਚ ਲਿਖਿਆ ਗਿਆ) ਵਿੱਚ ਦਰਜ ਦੋ ਦੋਹਰਿਆਂ ਤੋਂ ਪੰਥ ਖ਼ਾਲਸਾ ਹੀ ਦੇਹ (ਸਰੀਰ) ਹੋਣ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ ਜੋ ਕਿ ਇਸ ਪ੍ਰਕਾਰ ਹਨ:

ਅਕਾਲ ਪੁਰਖ ਦੇ ਬਚਨ ਸਿਉਂ,
ਪ੍ਰਗਟ ਚਲਾਯੋ ਪੰਥ ॥
ਸਭ ਸਿਖਨ ਕੋ ਹੁਕਮ ਹੈ,
ਗੁਰੂ ਮਾਨਿਓ ਗ੍ਰੰਥ ॥
ਗੁਰੂ ਖ਼ਾਲਸਾ ਮਾਨੀ ਅਹਿ,
ਪ੍ਰਗਟ ਗੁਰੂ ਕੀ ਦੇਹ ॥
ਜੋ ਸਿਖ ਮੋ ਮਿਲਬੋ ਚਾਹਹਿ,
ਖੋਜ ਇਨਹੀ ਮਹਿ ਲੇਹ ॥


ਗੁਰੂ ਗ੍ਰੰਥ ਸਾਹਿਬ ਨੂੰ ਦੇਹ (ਸਰੀਰ) ਹੋਣ ਦਾ ਪ੍ਰਚੱਲਤ ਹੋ ਚੁੱਕਾ ਦੋਹਰਾ ਜੋ ਬਿਨਾਂ ਵਿਚਾਰਨ ਤੋਂ ਹੀ ਦੇਖਾ ਦੇਖੀ ਪੜ੍ਹਿਆ ਜਾ ਰਿਹਾ ਹੈ, ਉਹ ਇਹ ਹੈ: ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਕੀ ਦੇਹ ॥ ਇਹ ਦੋਹਰਾ ਪੰਥ ਪ੍ਰਕਾਸ਼ ਵਿੱਚ ਦਰਜ ਹੈ, ਜੋ ਕਿ ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਹੈ ਅਤੇ ਇਸ ਦਾ ਕਰਤਾ ਗਿਆਨੀ ਗਿਆਨ ਸਿੰਘ ਨਿਰਮ-ਲਾ ਹੈ, ਜਿਸ ਨੇ ਭਾਈ ਪ੍ਰਹਿਲਾਦ ਸਿੰਘ ਜੀ ਦੇ ਲਿਖਤੀ ਦੋਹਰੇ ਨੂੰ ਤਰੋੜ ਮਰੋੜ ਕੇ ਅਤੇ ਵਿਗਾੜ ਕੇ ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥ ਲਿਖ ਕੇ ਗੁਰੂ ਗ੍ਰੰਥ ਸਾਹਿਬ ਨੂੰ ਦੇਹ (ਸਰੀਰ) ਹੋਣ ਦਾ ਭੁਲੇਖਾ ਪਾ ਕੇ ਜੋਤਿ (ਪ੍ਰਕਾਸ਼) 'ਤੇ ਪਰਦਾ ਪਾਉਣ ਦੀ ਘਿਨਾਉਣੀ ਸਾਜਿਸ਼ ਕੀਤੀ ਹੈ। ਅਸੀਂ ਇਸ ਦੀ ਵਿਰੋਧਤਾ ਕਰਨ ਦੀ ਬਜਾਏ, ਦੇਖਾ ਦੇਖੀ ਸਭ ਕਰੇ, ਮਨਮੁਖਿ ਬੂਝ ਨ ਪਾਇ ॥ (ਸਿਰੀ ਰਾਗੁ ਮ: ਤੀਜਾ ਗੁ: ਗ੍ਰੰ: ਸਾ: ਪੰਨਾ 28) ਦੇ ਗੁਰ ਫੁਰਮਾਨ ਅਨੁਸਾਰ ਇਕਸੁਰਤਾ ਵਿੱਚ ਬੋਲ ਕੇ ਸਹੀ ਅਤੇ ਸੱਚ ਮੰਨੀ ਬੈਠੇ ਹਾਂ ਜੋ ਕਿ ਸਾਡੀ ਅਗਿਆਨਤਾ ਦੇ ਸਬੂਤ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੋ ਸਕਦਾ। ਇਥੇ ਇਹ ਵੀ ਦੱਸਣ ਯੋਗ ਹੈ ਕਿ ਭਾਈ ਪ੍ਰਹਿਲਾਦ ਸਿੰਘ ਜੀ (1708 ਈ:) ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਅਤੇ ਦਰਬਾਰੀ ਕਵੀ ਸਨ। ਦੂਜਾ ਪੱਖ ਕਿ ਗਿਆਨੀ ਗਿਆਨ ਸਿੰਘ ਦਾ ਜਨਮ ਹੀ ਸੰਨ 1822 ਈ: ਵਿੱਚ ਹੋਇਆ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗੱਦੀ ਦੇਣ ਤੋਂ ਤਕਰੀਬਨ 115 ਸਾਲ ਬਾਅਦ ਦਾ ਸਮਾਂ ਹੈ। ਇਸ ਤੋਂ ਇਹ ਸੁਤੇ ਸਿਧ ਹੀ ਸਮਝਿਆ ਜਾ ਸਕਦਾ ਹੈ, ਗਿਆਨੀ ਗਿਆਨ ਸਿੰਘ ਨੇ ਪ੍ਰਹਿਲਾਦ ਸਿੰਘ ਦੇ ਦੋਹਰੇ ਨੂੰ ਜਾਣ ਬੁੱਝ ਕੇ ਤਰੋੜ ਮਰੋੜ ਕੇ ਲਿਖਿਆ ਹੈ। ਅੰਤਿਮ ਤੇ ਸਹੀ ਫ਼ੈਸਲਾ ਪੰਥ ਨੇ ਕਰਨਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੋਤਿ ਪ੍ਰਵਾਨ ਕਰਦਾ ਹੈ ਜਾਂ ਦੇਹ ਮੰਨਦਾ ਹੈ। ਦਸ਼ਮੇਸ਼ ਪਿਤਾ ਨੇ ਖ਼ਾਲਸੇ ਦੀ ਮਹਿਮਾ ਇੰਝ ਕੀਤੀ ਹੈ: ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਕਰੋ ਨਿਵਾਸ ॥ ਉਪਰੋਕਤ ਇਤਿਹਾਸਕ ਪ੍ਰਮਾਣਾਂ ਤੋਂ ਇਹ ਸਪੱਸ਼ਟ ਸਿੱਧ ਹੁੰਦਾ ਹੈ ਕਿ ਗੁਰੂ ਜੀ ਦੀ ਦੇਹ (ਸਰੀਰ) ਗੁਰੂ ਗ੍ਰੰਥ ਸਾਹਿਬ ਨਹੀਂ ਹੈ, ਸੋ ਸਮੁੱਚਾ ਖ਼ਾਲਸਾ ਪੰਥ ਹੀ ਗੁਰੂ ਗ੍ਰੰਥ ਸਾਹਿਬ ਦੀ ਦੇਹ (ਸਰੀਰ) ਹੈ ਜਦਕਿ ਗੁਰੂ ਗ੍ਰੰਥ ਸਾਹਿਬ ਜੀ ਜੁਗੋ ਜੁਗ ਅਟਲ, ਜਾਗਤ-ਜੋਤਿ ਪ੍ਰਕਾਸ਼ਮਾਨ ਜੋਤਿ ਹੀ ਹਨ। ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦੇਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਬਚਨ ਇਸ ਗੱਲ 'ਤੇ ਮੋਹਰ ਲਾਉਂਦੇ ਹਨ ਕਿ ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ, ਭਾਵ ਖ਼ਾਲਸਾ ਪੰਥ ਗੁਰੂ ਦੀ ਦੇਹ (ਸਰੀਰ) ਹੈ। ਖ਼ਾਲਸਾ ਪੰਥ ਨੂੰ ਸੁਚੇਤ ਰੂਪ ਵਿੱਚ ਵਿਚਾਰ ਕਰਨੀ ਚਾਹੀਦੀ ਹੈ ਕਿ ਅਰਦਾਸ ਤੋਂ ਬਾਅਦ ਭਾਈ ਪ੍ਰਹਿਲਾਦ ਸਿੰਘ ਵਾਲਾ ਦੋਹਰਾ, ਗੁਰੂ ਖ਼ਾਲਸਾ ਮਾਨੀ-ਅਹਿ ਪ੍ਰਗਟ ਗੁਰੂ ਕੀ ਦੇਹ ਪੜ੍ਹਨਾ ਚਾਹੀਦਾ ਹੈ। ਭੁੱਲਾਂ ਚੁੱਕਾਂ ਦੀ ਖਿਮਾਂ



**ਗੁਰੂ ਪੰਥ ਦਾ ਦਾਸ-ਜਥੇਦਾਰ ਮਹਿੰਦਰ ਸਿੰਘ ਯੂ.ਕੇ.**

## ਸਰਕਾਰੀ ਦਫ਼ਤਰ ਵਿੱਚ ਹੁਣ 10-12 ਹਜ਼ਾਰ ਤੋਂ ਘੱਟ ਕੋਈ ਬਾਬੂ ਗੱਲ ਨਹੀਂ ਕਰਦਾ

ਪੰਜਾਬ ਵਿੱਚ ਹਰ ਤਰ੍ਹਾਂ ਬਦਲਾਅ ਆਇਆ ਹੈ। ਬਦਲਾਅ ਦਾ ਭਾਵ ਹੁੰਦਾ ਹੈ ਜੋ ਪਹਿਲਾਂ ਹੁੰਦਾ ਸੀ ਉਸ ਤੋਂ ਸਭ ਕੁਝ ਉਲਟ ਹੋਵੇ। ਵੱਖਰੀ ਕਿਸਮ ਦੀ ਚੀਜ਼, ਵੱਖਰਾ ਰਹਿਣ ਸਹਿਣ, ਪਹਿਲਾਂ ਤੋਂ ਵੱਖਰੀ ਸੋਚਣੀ ਆਦਿਕ। ਭਾਰਤ ਲੈ ਲਵੋ ਜਾਂ ਪੰਜਾਬ ਰਿਸ਼ਵਤ ਪਹਿਲਾਂ ਤੋਂ ਚੱਲੀ ਆਈ ਹੈ, ਨਸ਼ਾ ਪਹਿਲਾਂ ਤੋਂ ਹੀ ਸੀ ਹੌਲੀ ਹੌਲੀ ਵੱਧ ਰਿਹਾ ਹੈ। ਸਰਕਾਰ ਤਾਂ ਪੂਰਾ ਜੋਰ ਲਾਈ ਜਾਂਦੀ ਹੈ। ਪੁਲਸ ਨੇ ਪਹਿਲਾਂ ਤੋਂ ਜ਼ਿਆਦਾ ਨਵੇਂ ਤਸਕਰ ਵਗੈਰਾ ਫੜਨੇ ਸ਼ੁਰੂ ਕੀਤੇ ਹਨ, ਭਾਵੇਂ ਉਹ ਸਹੀ ਹਨ ਜਾਂ ਨਜਾਇਜ਼। ਹਰ ਗੱਲ ਵਿੱਚ ਹਰ ਕੰਮ ਕਰਨ ਦਾ ਤਰੀਕਾ ਪਹਿਲਾਂ ਤੋਂ ਵੱਖਰਾ ਹੈ। ਇਹ ਭੀ ਬਦਲਾਅ ਹੈ। ਪਹਿਲਾਂ ਤਾਂ M.P. ਜਾਂ ਹੋਰ ਲੀਡਰ Airport 'ਤੇ N.R.I. ਵੀਰਾਂ ਦੀ ਮਦਦ ਲਈ ਕਾਊਂਟਰ ਖੋਲਦੇ ਸਨ। ਕਾਊਂਟਰ 'ਤੇ ਭਾਵੇਂ ਵੇਲੇ ਸਿਰ ਅਫਸਰ ਕੋਈ ਨਾ ਮਿਲਣ ਵੇਲੇ ਮਿਲੇ ਪਰ ਕਾਊਂਟਰ ਦਾ ਨਾਮ ਜਰੂਰ ਸੀ। ਨਾ ਪਹਿਲਾਂ ਕੋਈ ਕੰਮ ਹੋਇਆ ਹੁਣ ਬਦਲਾਅ ਕੀ ਹੋਵੇ N.R.I. ਵੀਰ ਆਪ ਦੱਸਣ ਸਮਾਂ ਦੱਸੇਗਾ ਪਹਿਲਾਂ ਵਜ਼ੀਰ ਜਾਂ ਅਫਸਰ ਹੁੰਦੇ ਸਨ ਕੋਈ ਘੁਟਾਲਾ ਹੋਵੇ। ਜਮੀਨ ਦੇ ਜਾਂ ਹੋਰ ਕੋਈ ਹੁਣ ਦੇਖੋ ਵਜ਼ੀਰਾਂ ਦੀਆਂ ਘਰ ਵਾਲੀਆਂ ਦੇ ਨਾਮ ਆਉਂਦੇ ਹਨ, ਆਪ ਪਾਰਟੀ ਵਿੱਚ ਘਰਵਾਲੀਆਂ ਹਰ ਥਾਂ ਬਰਾਬਰ ਦਾ ਕੰਮ ਕਰਦੀਆਂ ਹਨ। C.M. ਸਾਹਿਬ ਦੀ ਭੈਣ ਹੋਵੇ ਜਾਂ ਮਾਤਾ ਜੀ ਫਿਰ ਘਰਵਾਲੀ ਹਰ ਵੇਲੇ ਪਬਲਿਕ ਦੀ ਸੇਵਾ ਲਈ ਤਿਆਰ ਹਨ। C.M. ਸਾਹਿਬ ਨਾਲ ਕੰਧੇ ਦੇ ਨਾਲ ਕੰਧਾ ਜੋੜੀਆ ਹੈ। ਹੁਣ ਦੇਖੋ ਵਜ਼ੀਰਾਂ ਦੇ ਘਰਵਾਲੀਆਂ ਦੇ ਨਾਮ ਭੀ ਪੈਸੇ ਦੇ ਘੁਟਾਲੇ ਵਿੱਚ ਹਨ ਤੁਸੀਂ ਪੜ੍ਹਦੇ ਹੁਣ ਹੁਣ ਕਰੋੜਾਂ ਰੁਪਏ ਦੇ ਘੁਟਾਲੇ ਵਿੱਚ ਵਜ਼ੀਰ ਦੀ ਸੁਪਤਨੀ ਦਾ ਨਾਮ ਭੀ ਹੈ। ਇਹ ਕਿਤਨਾ ਵੱਡਾ ਬਦਲਾਅ ਹੈ। ਸਾਰੇ ਹੈਰਾਨ ਹੁੰਦੇ ਹਨ ਵਜ਼ੀਰਾਂ ਦੀਆਂ ਘਰਵਾਲੀਆਂ ਭੀ ਪੈਸੇ ਇਕੱਠੇ ਕਰਨ ਵਿੱਚ ਬਰਾਬਰ ਦੀਆਂ ਹਿੱਸੇਦਾਰ ਹਨ, ਕਿਤਨਾ ਵੱਡਾ ਬਦਲਾਅ ਹੈ। ਆਪਣੇ ਕਿਸਮ ਦਾ ਬਦਲਾਅ ਹੈ। ਪੰਜਾਬ ਦੀ ਜਨਤਾ ਨੂੰ ਜਰੂਰ ਸਮਝਣਾ ਚਾਹੀਦਾ ਹੈ ਕਿ ਹਰ ਪਾਸੇ ਆਪ ਦੀ ਸਰਕਾਰ (ਝਾੜੂ ਵਾਲੇ) ਨੇ ਬਦਲਾਅ ਲਿਆਂਦਾ ਹੈ। ਕਦੀ ਇਤਨੀ ਵਾਰੀ ਪਹਿਲਾਂ C.M. ਪੰਜਾਬ ਦਾ ਇਤਨੀ ਵਾਰੀ ਟੈਲੀਵਿਜ਼ਨ 'ਤੇ ਨਹੀਂ ਦੇਖਿਆ ਸੀ। ਫਿਰ ਕੋਈ ਇਸ ਤਰ੍ਹਾਂ ਕਿਕਲੀ ਕਲੀਰ ਦੀ ਭੀ ਨਹੀਂ ਸੁਣਾ ਸਕਦਾ ਸੀ। ਹੁਣ ਤੁਹਾਡਾ ਦਿਲ ਹਰ ਵੇਲੇ ਖ਼ੁਸ਼ ਕਰ ਦਿੰਦਾ ਹੈ। ਪੰਜਾਬ ਦਾ ਕਰਜਾ ਦੇਖੋ ਮੁਆਫ ਕੀ ਕਰਨਾ ਸੀ ਸਗੋਂ ਅੱਗੇ ਤੋਂ ਪੰਜਾਬ ਸਿਰ ਕਰਜਾ ਚੜ੍ਹਾਅ ਰਿਹਾ ਹੈ ਤਾਂ ਲੋਕਾਂ ਨੂੰ ਪਤਾ ਲੱਗੇ ਕਿ ਤੁਸੀਂ ਹੀ ਵਾਪਸ ਕਰਨਾ ਹੈ। ਇਹ ਸਭ ਤੋਂ ਵੱਡਾ ਬਦਲਾਅ ਹੈ। ਹਰ ਵੇਲੇ ਕੇਂਦਰ ਤੋਂ ਜ਼ਿਆਦਾ ਕਰਜਾ ਮੰਗਣਾ ਆਪਣੀ ਐਡਵਰਟਾਈਜ਼ਮੈਂਟ 'ਤੇ ਜ਼ਿਆਦਾ ਖਰਚ ਕਰਨਾ ਲੋਕਾਂ ਦਾ ਸਤਿਕਾਰ ਲੈਣ ਲਈ ਇਹ ਬਦਲਾਅ ਨਹੀਂ ਤਾਂ ਹੋਰ ਕੀ ਹੈ। ਪਹਿਲਾਂ ਜਿਹੜਾ ਤੁਹਾਡਾ ਕੰਮ ਸਰਕਾਰੀ ਦਫ਼ਤਰ ਵਿੱਚ ਬਾਬੂ 5-6 ਹਜ਼ਾਰ ਰੁਪਏ ਵਿੱਚ ਹੁੰਦਾ ਸੀ ਹੁਣ 10-12 ਹਜ਼ਾਰ ਤੋਂ ਘੱਟ ਕੋਈ ਬਾਬੂ ਗੱਲ ਨਹੀਂ ਕਰਦਾ, ਇਹ ਬਦਲਾਅ ਨਹੀਂ ਹੋਰ ਕੀ ਹੈ। ਆਗੇ ਆਗੇ ਦੇਖੋ ਕਿਆ ਕਿਆ ਬਦਲਾਅ ਹੋ ਰਹੇ ਹਨ। ਗਲਤੀ ਮੁਆਫ।



**ਆਪ ਦਾ ਦਾਸ-ਕੇ ਐਸ ਜੋਗੀ**

# ਖੂਹ ਦੀ ਮਿੱਟੀ ਖੂਹ ਵਿੱਚ - ਜ਼ਮੀਨਾਂ ਗਹਿਣੇ-ਕਿਸਾਨ ਖੁਦਕੁਸ਼ੀਆਂ ਵੱਲ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮੇਲੇ (13 ਸਤੰਬਰ 2024) ਵਿਚ ਜਾਣ ਦਾ ਸਬੱਬ ਬਣਿਆ। ਮੁੱਖ ਮੇਲਾ ਗਰਾਊਂਡ ਵਿੱਚ ਦੋ ਤਰ੍ਹਾਂ ਦੇ ਸਟਾਲ ਸਨ ਇੱਕ ਪਾਸੇ ਯੂਨੀਵਰਸਿਟੀ ਦੇ ਤਕਨੀਕੀ ਜਾਣਕਾਰੀ ਦੇ ਸਟਾਲ ਜੋ ਮੇਲਾ ਗਰਾਊਂਡ ਦੇ ਇੱਕ ਪਾਸੇ 5ਫੀ ਸਦੀ ਜਗ੍ਹਾ ਵਿੱਚ ਸਨ। ਬਾਕੀ 95ਫੀਸਦੀ ਜਗ੍ਹਾ ਮਸ਼ੀਨਰੀ ਨੇ ਘੇਰੀ ਹੋਈ ਸੀ ਜਿਸ ਵਿੱਚ ਮੁੱਖ ਤੌਰ ਤੇ ਟਰੈਕਟਰ, ਕੰਬਾਈਨਾਂ, ਪਰਾਲੀ ਸਾਂਭਣ ਦੀਆਂ ਮਸ਼ੀਨਾਂ ਅਤੇ ਟਰੈਕਟਰਾਂ ਨਾਲ ਲੱਗਣ ਵਾਲੇ ਵੱਖ-ਵੱਖ ਤਰ੍ਹਾਂ ਦੇ ਸੰਦ। ਕੀ ਦੇਖਦੇ ਹਾਂ ਇਹ ਮਸ਼ੀਨਰੀ 50 ਤੋਂ 90 ਹਾਸਰ ਪਾਵਰ ਤੱਕ ਦੀ ਹੈ ਮੰਨੋ ਇਹ ਟਰੈਕਟਰ ਕਨੇਡਾ, ਅਮਰੀਕਾਂ ਜਾਂ ਅਸਟ੍ਰੇਲੀਆ ਦੇ ਫਾਰਮਾਂ ਤੇ ਚੱਲਣੇ ਹਨ। ਉਹ ਮਸ਼ੀਨਰੀ ਜਿਸ ਨਾਲ ਹਰੀ ਕ੍ਰਾਂਤੀ ਆਈ ਅਤੇ ਤਕਰੀਬਨ 2010 ਤੱਕ ਚੱਲਦੀ ਰਹੀ ਉਹ ਟਰੈਕਟਰ ਅਤੇ ਸੰਦ ਮੇਲੇ ਦੇ ਸਟਾਲਾਂ ਤੋਂ ਗਾਇਬ ਸਨ। ਮੇਰਾ ਕਹਿਣ ਦਾ ਭਾਵ ਜਦੋਂ ਜ਼ਮੀਨਾਂ ਹੁਣ ਨਾਲੋਂ ਵੱਧ ਸਨ ਉਦੋਂ 25 ਤੋਂ 45 ਹਾਰਸ ਪਾਵਰ ਦੇ ਟਰੈਕਟਰਾਂ ਨਾਲ ਕੰਮ ਚੱਲੀ ਜਾਂਦਾ ਸੀ। ਅੱਜ ਉਸ ਤੋਂ ਘੱਟ ਜ਼ਮੀਨ ਵਿੱਚ (42 ਲੱਖ ਹੈਕਟੇਅਰ ਦੀ ਬਜਾਏ 40.43) ਟਰੈਕਟਰਾਂ ਦੀ ਹਾਰਸ ਪਾਵਰ ਦੋ ਗੁਣਾਂ ਹੋ ਗਈ। ਕਣਕ - ਝੋਨਾ ਉਦੋਂ ਵੀ ਸੀ ਕਣਕ-ਝੋਨਾ ਹੁਣ ਵੀ ਹੈ। 10.92 ਲੱਖ ਆਪਰੇਸ਼ਨਲ ਹੋਲਡਿੰਗ 5.25 ਲੱਖ ਟਰੈਕਟਰ (ਇਹ ਅੰਕੜਾ ਘੱਟ ਲੱਗਦਾ ਹੈ)। ਹਰ ਸਾਲ 50000 ਤੋਂ ਵੱਧ ਨਵੇਂ ਟਰੈਕਟਰ ਪੰਜਾਬ ਵਿੱਚ ਵਿਕਦੇ ਹਨ।ਤਬਦੀਲੀ ਕਿੱਥੇ:- ਸਾਲ 2009 ਦਾ ਵਾਟਰ ਕੰਨਸਰਵੇਸ਼ਨ ਐਕਟ ਅਤੇ ਐੱਨ ਜੀ ਟੀ ਦੇਹੁਕਮ, ਕਾਰਪੋਰੇਟਰਾਂ ਦਾ ਮੁਨਾਫਾ, ਨੁਕਸਾਨ ਕਿਸਾਨਾਂ ਦਾ ਫਾਇਦਾ ਸਭ ਨੂੰ।

ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਵਾਟਰ ਕੰਨਸਰਵੇਸ਼ਨ ਐਕਟ ਪਾਸ ਕੀਤਾ ਜਿਸ ਤਹਿਤ ਝੋਨਾ 20 ਜੂਨ ਤੋਂ ਪਹਿਲਾਂ ਲਾਉਣ ਦੀ ਮਨਾਹੀ ਕੀਤੀ। ਜਿਸ ਦਾ ਮਤਲਬ ਜੇ ਝੋਨਾ ਪਿਛੇਤਾ ਲੱਗੂ-ਪਛੇਤਾ ਪੱਕੂ ਉਦੋਂ ਮੌਸਮ ਠੰਡਾ ਹੋ ਜਾਂਦਾ ਹੈ ਉਹ ਪਰਾਲੀ ਸਿਲੀ ਰਹਿੰਦੀ ਹੈ ਅਤੇ ਸੜਦੀ ਵੀ ਚੰਗੀ ਤਰ੍ਹਾਂ ਨਹੀਂ ਧੂਆਂ ਜ਼ਿਆਦਾ ਕਰਦੀ ਹੈ ਅਤੇ ਖੇਤ ਵਿੱਚ ਵਾਹੁਣ ਲੱਗਿਆਂ ਵੀ ਛੇਤੀ ਗਲਦੀ ਨਹੀਂ। ਦੂਜਾ ਜਿਹਨਾਂ ਨੇ ਖੇਤਾਂ ਵਿੱਚ ਕੰਮ ਕੀਤਾ ਹੈ ਉਹ ਜਾਣਦੇ ਹਨ ਕਿ ਪਰਾਲੀ ਦਾ ਫੂਸ ਜਿਹੜਾਂ ਕੰਬਾਈਨ ਵਿੱਚੋਂ ਨਿਕਲਦਾ ਹੈ ਉਹ ਤਵੀਆਂ ਲੱਗਣ ਨਹੀਂ ਦਿੰਦਾ। 2009-10 ਤੋਂ ਪਹਿਲਾਂ ਲੋਕੀ ਕੰਬਾਈਨ ਦੇ ਕੱਟੇ ਝੋਨੇ ਦੀ ਪਰਾਲੀ ਦੀਆਂ ਲਾਈਨਾਂ ਸਾੜ ਦਿੰਦੇ ਸੀ । ਜਿਸ ਨਾਲ ਤਕਰੀਬਨ ਚੌਥਾ ਹਿੱਸਾ ਪਰਾਲੀ ਸੜ ਜਾਂਦੀ ਸੀ ਅਤੇ ਬਾਕੀ ਖੜ੍ਹੇ ਕਰਚੇ ਤਵੀਆਂ ਕੁਤਰ ਦਿੰਦੀਆਂ ਸਨ। ਦਿੱਲੀ ਦੇ ਲੋਕਾਂ ਤੋਂ ਨਵੰਬਰ ਦੇ ਮਹੀਨੇ ਪਰਦੂਸ਼ਨ ਠੀਕ ਨਹੀਂ ਆਉਂਦਾ। ਭਾਡਾਂ ਪੰਜਾਬ ਦੇ ਕਿਸਾਨਾਂ ਸਿਰ ਭੰਨਿਆ ਜਾਂਦਾ ਹੈ ਹਾਲਾਂਕਿ ਹਵਾ ਦੇ ਰੁੱਖ ਦੇ ਹਿਸਾਬ ਨਾਲ ਇਹ ਸਿੱਧ ਹੋ ਗਿਆ ਕਿ ਪੰਜਾਬ ਦਾ ਧੂਆਂ-ਦਿੱਲੀ ਵੱਲ ਨਹੀਂ ਜਾਂਦਾ। ਪਰ ਪੁਲਿਸ ਦੇ ਪਰਚਿਆਂ, ਜਮਾਂਬੰਦੀਆਂ ਵਿੱਚ ਲਾਲ ਐਂਟਰੀਆਂ ਨੇ ਕਿਸਾਨਾਂ ਨੂੰ ਅਰਬਾਂ-ਖਰਬਾਂ ਦੀ ਮਸ਼ੀਨਰੀ ਲੈਣ ਲਈ ਮਜਬੂਰ ਕਰ ਦਿੱਤਾ। ਜਿਹੜੀ ਸਾਲ ਵਿੱਚ ਹਫਤਾ-ਦੱਸ ਦਿਨ ਵੀ ਨਹੀਂ ਵਰਤੀ ਜਾਂਦੀ। ਦੂਜੇ ਪਾਸੇ ਕਾਰਪੋਰੇਟਰਾਂ ਨੇ ਸਰਕਾਰ ਤੋਂ ਮਹਿੰਗੀ ਮਸ਼ੀਨਰੀ ਤੇ ਸਬਸਿਡੀ ਸ਼ੁਰੂ ਕਰਵਾ ਦਿੱਤੀ। ਸਬਸਿਡੀ ਦੇ ਲਾਲਚ ਵਿੱਚ ਕਿਸਾਨ ਖਰੀਦਣ ਨੂੰ ਉਤਸ਼ਾਹਿਤ ਹੋ ਗਏ। ਪਰ ਮਸ਼ੀਨਰੀ ਵਾਲਿਆਂ ਨੇ ਰੇਟ ਚੱਕ ਦਿੱਤੇ ਅਖੀਰ ਸਬਸਿਡੀ ਦਾ ਲਾਭ ਫੇਰ ਕਾਰਪੋਰੇਟਰਾਂ ਨੂੰ। ਸਰਕਾਰ ਨੇ ਇੱਕ ਹੋਰ ਸਕੀਮ ਕੱਢੀ ਹੈ ਜਿਸ ਅਨੁਸਾਰ ਕਿਸੇ ਵੀ ਕੰਪਨੀ ਨੂੰ 30 ਲੱਖ ਦਾ ਟਰੈਕਟਰ ਅਤੇ ਹੋਰ ਸੰਦ, ਖਰੀਦਣ ਲਈ 80ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ। ਹੁਣ ਕਿਸਾਨਾਂ ਦੀਆਂ ਤਾਂ ਕੰਪਨੀਆਂ ਹੈ ਨਹੀਂ ਸਬਸਿਡੀ ਕਿੱਥੇ ਜਾਂਦੀ ਹੈ। ਦੂਜੇ ਪਾਸੇ ਜਦੋਂ ਸ਼ਰੀਕੇ ਬਾਜੀ ਵਿੱਚ ਇੱਕ ਨੇ ਵੱਡਾ ਟਰੈਕਟਰ ਲੈ ਆਂਦਾ ਫਿਰ ਤਾਏ-ਚਾਚੇ ਦਾ ਮੁੰਡਾ ਕਿਵੇਂ ਪਿਛੇ ਰਹਿ ਜਾਵੇਗਾ। ਇਹੋ ਲੜੀ ਚੱਲੀ ਜਾਂਦੀ ਕਰਜਾ ਵਧੀ ਜਾਂਦਾ ਹੈ। ਪਾਣੀ ਅਤੇ ਸਾਫ਼ ਵਾਤਾਵਰਨ ਦੀ ਲੋੜ ਹਰ ਇੱਕ ਇਨਸਾਨ ਨੂੰ ਪਰ ਖਮਿਆਜਾ ਇਕੱਲਾ ਕਿਸਾਨ ਭੁਗਤਦਾ ਹੈ।

ਸਰਕਾਰਾਂ ਨੇ ਖੇਤੀ ਸੰਬੰਧੀ ਕੋਈ ਨੀਤੀ ਹੀ ਨਹੀਂ ਬਣਾਈ। ਪੰਜਾਬ ਸਰਕਾਰ ਨੇ ਕਈ ਵੇਰ ਕਮੇਟੀਆਂ ਬਣਾਈਆਂ, ਪ੍ਰਾਈਵੇਟ ਕੰਪਨੀਆਂ ਨੂੰ ਪੈਸੇ ਵੀ ਦਿੱਤੇ ਪਰ ਕਦੇ ਕੋਈ ਖੇਤੀ ਨੀਤੀ ਅਪਣਾਈ ਨਹੀਂ ਗਈ। ਮਸ਼ੀਨਰੀ ਦੇ ਸਿਲਸਲੇ ਵਿੱਚ ਸਾਇੰਸਦਾਨਾਂ ਨੇ ਵੀ ਮੌਕੇ ਮੁਤਾਬਿਕ ਟੋਟਕੇ ਛੱਡੇ ਹਨ। ਸਿਸਟਮ ਅਧਾਰਿਤ ਹੰਢਣਸਾਰ ਤਕਨੀਕਾਂ ਘੱਟ ਦਿੱਤੀਆਂ ਹਨ। ਪਹਿਲਾਂ ਝੋਨੇ ਵਾਲੀ ਜ਼ਮੀਨ ਦਾ ਕੜ (Plough Pan) ਤੋੜਨ ਲਈ ਡੂੰਘੀ ਵਹਾਈ ਲਈ ਚਿਸਲਰ ਅਤੇ ਚੁੰਝੂ ਹਲ ਕੱਢੇ ਗਏ। ਫਿਰ ਕਣਕ ਦੀ ਬਿਜਾਈ ਛੇਤੀ ਕਰਨ ਲਈ ਜੀਰੋ ਟਿੱਲ ਡਰਿੱਲ (ਬਿਲਕੁੱਲ ਉਲਟ ਜਾਂ ਡੂੰਘੀ ਵਾਹੋ ਜਾਂ ਨਾਂਹ ਵਾਹੋ), ਫਿਰ ਹੈਪੀ ਸੀਡਰ, ਸੁਪਰ ਸੀਡਰ ਅਤੇ ਹੁਣ ਫਿਰ ਸਰਫੇਸ ਸੀਡਰ-ਜਿਸ ਦਾ ਮਤਲਬ ਖੜੀ ਪਰਾਲੀ ਵਿੱਚ ਕਣਕ ਦਾ ਛਿੱਟਾ ਦੇ ਕੇ ਪਾਣੀ ਲਾ ਦਿਓ । ਜਿਵੇਂ ਪਹਿਲਾਂ ਮਸ਼ੀਨਰੀ ਥੋੜ੍ਹੀ ਹੈ ਇੱਕ ਪਾਸੇ ਸਪਰੇਅ ਵਾਲੇ ਉੱਚੇ ਟਰੈਕਟਰ ਕੱਢੇ ਹਨ। ਦੂਜੇ ਪਾਸੇ ਸਪਰੇਅ ਲਈ ਡਰੋਨ ਛੱਡ ਦਿੱਤੇ ਅਤੇ ਕਹਿੰਦੇ ਇਹ ਫ਼ਸਲਾਂ ਦੀਆਂ ਬੀਮਾਰੀਆਂ ਬਾਰੇ ਵੀ ਜਾਣਕਾਰੀ ਦੇਣਗੇ। ਕਿਲੇ-2 ਤੇ ਕਿਸਾਨ ਬੈਠਾ ਹੈ ਫਿਰ ਡਰੋਨਾਂ ਦੀ ਕੀ ਲੋੜ ਹੈ। ਸਰਕਾਰ ਨੇ ਸਬਸਿਡੀ ਦੇ ਕੇ ਇਹ ਵੀ ਲੋਕਾਂ ਦੇ ਗਲ ਮੜ੍ਹਦੇਣੇ ਹਨ।

ਸਮਾਜਿਕ ਅਸਰ : ਜਦੋਂ ਕਿਸੇ ਗਲੀ ਮੁਹੱਲੇ ਪਿੰਡ ਸ਼ਹਿਰ ਵਿੱਚ ਕੋਈ ਨਵੀਂ ਚੀਜ਼ ਆਉਂਦੀ ਹੈ ਤਾਂ ਲੋਕ ਵੇਖਣ ਜਾਂਦੇ ਹਨ ਫਿਰ ਉਸ ਚੀਜ ਨੂੰ ਗ੍ਰਹਿਣ ਕਰਨ ਦੀ ਇੱਛਾ ਹੁੰਦੀ ਹੈ ਅਤੇ ਕੁੱਝ ਈਰਖਾ ਵੀ ਪੈਦਾ ਹੁੰਦੀ ਹੈ ਕਿ ਇਹ ਪਹਿਲਾਂ ਕਿਉਂ ਲੈ ਆਇਆ, ਮੈਂ ਕਿਉਂ ਨਹੀਂ। ਕਈਆਂ ਦੀ ਪਹੁੰਚ ਵਿੱਚ ਉਹ ਚੀਜ਼ ਹੁੰਦੀ ਹੈ ਕਈਆਂ ਦੀ ਨਹੀਂ, ਸ਼ਰੀਕੇਬਾਜੀ ਵਿੱਚ ਇਹ ਵੀ ਨਹੀਂ ਵੇਖਿਆ ਜਾਂਦਾ ਕਿ ਉਸ ਚੀਜ਼ ਦੀ ਲੋੜ ਹੈ ਵੀ ਕਿ ਨਹੀਂ। ਇਹੋ ਹੀ ਗੱਲ ਮਸ਼ੀਨਰੀ ਨਾਲ ਹੋਈ ਜਿਹਨਾਂ ਦਾ ਛੋਟੇ ਟਰੈਕਟਰਾਂ ਨਾਲ ਸਰਦਾ ਸੀ ਉਹ ਵੱਡੇ ਟਰੈਕਟਰ ਲੈ ਆਏ। ਟੋਚਨ ਮੁਕਾਬਲਿਆਂ ਨੇ ਵੀ ਵੱਡੇ ਟਰੈਕਟਰਾਂ ਦੀ ਖਰੀਦ ਅਤੇ ਪੁਰਾਣਿਆਂ ਵਿੱਚ ਤਬਦੀਲੀਆਂ ਨੂੰ ਉਤਸ਼ਾਹਿਤ ਕੀਤਾ ਹੈ। ਕੰਮ ਉਨ੍ਹਾਂ ਹੈ ਨਹੀਂ। ਨਤੀਜਾ ਇਹ ਕੇ ਟਰੈਕਟਰ ਸਾਲ ਵਿੱਚ 500 ਘੰਟੇ ਵੀ ਨਹੀਂ ਚੱਲਦਾ ਪਰ ਦੂਜੇ ਪਾਸੇ ਗੱਲ ਇਹ ਵੀ ਹੈ ਕਿ ਵੱਤਰ ਤੇ ਕਿਰਾਏ ਤੇ ਵੀ ਨਹੀਂ ਮਿਲਦਾ ਕਿਉਂਕਿ ਥੋੜ੍ਹੇ ਕੰਮ ਲਈ ਖੇਤ ਆਉਣ ਜਾਣ ਦਾ ਟਾਈਮ ਅਤੇ ਤੇਲ ਜ਼ਿਆਦਾ ਲੱਗਦਾ ਹੈ, ਦੂਜਾ ਪੈਸਿਆਂ ਦਾ ਹਿਸਾਬ ਕਿਤਾਬ, ਡੀਜ਼ਲ ਟਰੈਕਟਰ ਵਾਲੇ ਦਾ ਨਕਦ ਅਤੇ ਪਹਿਲਾਂ ਲੱਗ ਜਾਣਾ ਦੂਜਾ ਜੇ ਕੰਮ ਕਰਵਾ ਕਿ ਅੱਗੋਂ ਇਹ ਕਹਿ ਦਿੱਤਾ ਬਾਈ ਮੈਂ ਘਰ ਪਹੁੰਚਾ ਦੇਵਾਂਗਾ। ਉਹ ਕਦੋਂ ਪਹੁੰਚਾਵੇਗਾ ਜੇ ਪੁੱਛ ਲਿਆ ਤਾਂ ਭਾਈਚਾਰੇ ਵਿੱਚ ਲੜਾਈ।

ਪੜ੍ਹਾਈ : ਹਰ ਮਾਂ ਬਾਪ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਵਿੱਤੋਂ ਬਾਹਰਾ ਹੋ ਕੇ ਖਰਚਾ ਕਰਦਾ ਹੈ। ਭਾਵੇਂ ਪਿੰਡ ਵਿੱਚ ਸਰਕਾਰੀਸਕੂਲ ਹੋਵੇ ਵੀ ਫਿਰ ਵੀ ਹਰ ਮਾਂ ਬਾਪ ਦੀ ਇੱਛਾ ਹੁੰਦੀ ਹੈ ਕਿ ਉਹ ਆਪਣਾ ਬੱਚਾ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਵੇ। ਪਿੰਡਾਂ ਵਾਲੇ ਸਰਕਾਰੀ ਸਕੂਲਾਂ ਦਾ ਵੱਜਕਾ ਹੀ ਇਹਨਾਂ ਮਾੜਾ ਹੋ ਗਿਆ ਕਿ ਚੰਗੇ ਸਕੂਲ ਅਤੇ ਅਧਿਆਪਕ ਵੀ ਰੁੱਲ ਗਏ। ਚੰਗੇ ਅਧਿਆਪਕਾਂ ਅਤੇ ਸਕੂਲਾਂ ਦੀ ਖਬਰ ਘੱਟ ਚਲਦੀ ਹੈ। ਮਾੜੇ ਅਧਿਆਪਕ ਦੀ ਖਬਰ ਸ਼ੋਸ਼ਲ ਮੀਡੀਆ ਤੇ ਵਾਇਰਲ ਹੋ ਕੇ ਜੰਗਲ ਦੀ ਅੱਗ ਵਾਂਗ ਫੈਲਦੀ ਹੈ। ਕੁੱਝ ਸਰਕਾਰਾਂ ਦੇ ਵੀ ਬੇਰੁੱਖੀ ਹੈ। ਪਹਿਲਾਂ ਅਧਿਆਪਕ ਪੂਰੇ ਨਹੀਂ ਜਿਹੜੇ ਹਨ ਉਹ ਅਧਿਆਪਕ ਘੱਟ ਸਰਵੇਅਰ ਜਿਆਦਾ ਹਨ। ਇਸ ਤੋਂ ਉਪਰ ਅਧਿਆਪਕਾਂ ਦੀਆਂ ਮੰਗਾਂ ਤੇ ਗੌਰ ਨਾ ਕਰਨਾ ਅਤੇ ਉਹਨਾਂ ਉਪਰ ਜਗ੍ਹਾ-ਜਗ੍ਹਾ ਲਾਠੀਚਾਰਜ ਕਰਨ ਨਾਲ ਅਧਿਆਪਕ ਦੇ ਰੁੱਤਬੇ ਨੂੰ ਸਮਾਜ ਵਿੱਚ ਵੱਡੀ ਢਾਹ ਲੱਗੀ ਹੈ। ਸਮਾਜ ਵਿੱਚ ਇਹ ਢਾਹ ਲੱਗਣ ਨਾਲ ਉਪਰਲੀਆਂ ਕਲਾਸਾਂ ਦੇ ਕੁੱਝ ਬੱਚੇ ਅਧਿਆਪਕਾਂ ਦੀ ਇੱਜਤ ਹੀ ਨਹੀਂ ਕਰਦੇ। ਜੇ ਅਧਿਆਪਕ ਕੁੱਝ ਕਹਿੰਦਾ ਹੈ ਤਾਂ ਉਹ ਅੱਗੋਂ ਬੋਲ ਕੇ ਸਾਰੀ ਕਲਾਸ ਦਾ ਮਾਹੌਲ ਖਰਾਬ ਕਰਦੇ ਹਨ। ਅਧਿਆਪਕ ਆਵਦੀ ਇੱਜਤ ਬਚਾਉਣ ਲਈ ਪਿੱਛੇ ਹਟ ਜਾਂਦੇ ਹਨ। ਇਹੋ ਹੀ ਕਾਰਨ ਹੈ ਕਿ ਪਿੰਡਾਂ ਵਾਲੇ ਸਰਕਾਰੀ ਸਕੂਲਾਂ ਦੇ ਬਹੁਤ ਥੋੜ੍ਹੇ ਬੱਚੇ ਕਿਸੇ ਸਿਰੇ ਲੱਗਦੇ ਹਨ। ਜਿਹੜੇ ਸਕੂਲ ਵਿੱਚੋਂ ਸੁਖੀ ਸਾਦੀਂ ਨਿਕਲ ਗਏ ਉਹ ਕਾਲਜ ਵਿੱਚ ਫਸ ਜਾਂਦੇ ਹਨ। ਸਰਕਾਰੀ ਕਾਲਜਾਂ ਵਿੱਚ ਅਧਿਆਪਕ ਨਹੀਂ ਪ੍ਰਾਈਵੇਟ ਵਾਲੇ ਘੱਟ ਤਨਖਾਹ ਤੇ ਨਵੇਂ ਪਾਸ ਆਊਟ ਰੱਖਦੇ ਹਨ ਜਿਹੜੇ ਪੜ੍ਹਾਉਂਦੇ ਘੱਟ ਅਤੇ ਆਪ ਚੰਗੀ ਨੌਕਰੀ ਦੀ ਤਲਾਸ਼ ਜ਼ਿਆਦਾ ਕਰਦੇ ਹਨ। ਇਹਨਾਂ ਬੱਚਿਆਂ / ਨੌਜਵਾਨਾਂ ਵਿੱਚ ਕੰਮ ਕਰਨ ਦੀ ਆਦਤ ਤਾਂ ਰਹਿੰਦੀ ਨਹੀਂ ਸਾਫ਼ ਕੱਪੜੇ ਪਾਕੇ-ਘੁੰਮਣਾ ਫਿਰਨਾ ਅਤੇ ਦੂਜਿਆਂ ਦੀ ਰੀਸ ਕਰਨ ਦੀ ਆਦਤ ਜ਼ਰੂਰ ਬਣ ਜਾਂਦੀ ਹੈ। ਇਹ ਬੱਚੇ ਕੰਮ ਕਰਨ ਲਈ ਮਾਂ-ਬਾਪ ਅੱਗੇ ਸ਼ਰਤਾਂ ਰੱਖ ਦਿੰਦੇ ਹਨ। ਮਹਿੰਗਾ ਮੋਟਰਸਾਈਕਲ, ਵੱਡਾ ਟਰੈਕਟਰ ਜਾਂ ਮਹਿੰਗੀ ਕਾਰ। ਜਿੰਨੀਆਂ ਐੱਸ.ਯੂ.ਵੀ. ਪੰਜਾਬ ਵਿੱਚ ਫਿਰਦੀਆਂ ਹਨਾਂ ਜਾਂ ਜਿਨ੍ਹਾਂ ਪੈਸਾ ਬਾਹਰ ਜਾਣ ਲਈ ਆਈਲੈਟਸ ਅਤੇ ਏਜੰਟਾਂ ਨੂੰ ਦਿੱਤਾ ਜਾ ਰਿਹਾ ਹੈ ਕੀ ਪੰਜਾਬ ਦੀ ਅਰਥ ਵਿਵਸਥਾ ਉਹਨੀਂ ਝਾਲ ਝੱਲਣ ਜੋਗੀ ਹੈ ?

ਕਾਰਪੋਰੇਟ ਕਿਵੇਂ ਫਾਇਦਾ ਉਠਾਉਂਦੇ ਹਨ : ਪੱਛਮੀ ਦੇਸ਼ਾਂ ਨੇ ਕੋਇਲਾ ਅਤੇ ਡੀਜ਼ਲ, ਪੈਟ੍ਰੋਲ ਬਾਲ ਕੇ ਆਪ ਤਰੱਕੀ ਕਰ ਲਈ ਹੁਣ ਜਦੋਂ ਸਾਡੀ ਵਾਰੀ ਆਈ ਤਾਂ ਵਾਤਾਵਰਣ ਦਾ ਜਿੰਨ ਸਾਡੇ ਮਗਰ ਛੱਡ ਦਿੱਤਾ ਕਿ ਬ੍ਰਹਿਮੰਡ ਦਾ ਤਾਪਮਾਨ ਵੱਧਦਾ ਹੈ। ਖਣਿਜ ਬਾਲਣ ਨਾ ਬਾਲੋ ਇਹਦੇ ਨਾਲ ਗਰੀਨ ਹਾਊਸ ਗੈਸਾਂ ਵੱਧਦੀਆਂ ਹਨ ਜਿਹਦੇ ਨਾਲ ਔਜੋਨ ਦੀ ਪਰਤ ਘੱਟਦੀ ਹੈ। ਸਾਇੰਸਦਾਨਾਂ ਨੇ ਦੁਨੀਆਂ ਦੀ ਹਰ ਖੋਜ ਸਾਡੇ ਗੱਲ ਮੜ੍ਹ ਦਿੱਤੀ। ਏਥੋਂ ਤੱਕ ਕਿ ਝੋਨਾਂ ਲਾਉਣ ਨਾਲ ਮੀਥੇਨ ਪੈਦਾ ਹੁੰਦੀ ਪਸ਼ੂ ਵੀ ਮੀਥੇਨ ਛੱਡਦੇ ਹਨ। ਹੁਣ ਦੱਸੋ ਚੋਲ ਖਾਉ ਨਾ ਕਣਕ ਦੀ ਗਲੂਟਨ ਹਾਜਮਾ ਖਰਾਬ ਕਰਦੀ ਹੈ। ਪਸ਼ੂ ਮੀਥੇਨ ਛੱਡਦੇ ਹਨ (ਚਾਹ ਵਿੱਚ ਦੁੱਧ ਨਾ ਪਾਓ)। ਮੁੱਖ ਤੌਰ ਤੇ ਅਸੀਂ ਸ਼ਾਕਾਹਾਰੀ ਹਾਂ ਫਿਰ ਜੀਵੋ ਕਿਸਦੇ ਆਸਰੇ 19 ਕਰੋੜ ਪਹਿਲਾਂ ਹੀ ਇੱਕ ਡੰਗ ਰੋਟੀ ਖਾਂਦੇ ਹਨ। 80 ਕਰੋੜ 5 ਕਿਲੋ ਤੇ ਪਲਦੇ ਹਨ । ਅਸੀਂ ਵਾਤਾਵਰਨ ਬਚਾਈਏ ਤਾਂ ਕਿ ਕਾਰਪੋਰੇਟ ਸਾਡੇ ਸਿਰ ਤੇ ਐਸ਼ ਕਰਨ। ਮੈਂ ਪਹਿਲਾਂ ਦੱਸ ਚੁਕਿਆਂ ਹਾਂ ਕਿ ਅਰਬਾਂ-ਖਰਬਾਂ ਦੀ ਮਸ਼ੀਨਰੀ ਕਿਸਾਨਾਂ ਸਿਰ ਮੜ੍ਹੀ ਜਿਸ ਦਾ ਹੱਲ ਚੌਥਾ ਹਿੱਸਾ ਪਰਾਲੀ ਸਾੜ ਕਿ ਪੁਰਾਣੀ ਮਸ਼ੀਨਰੀ ਨਾਲ ਨਿਕਲ ਸਕਦਾ ਸੀ। ਉਸ ਤੋਂ ਬਾਅਦ ਪੈਟ੍ਰੋਲ-ਡੀਜ਼ਲ ਵਾਲੇ ਪੁਰਾਣੇ ਵਹੀਕਲ ਬੰਦ ਕਰਕੇ ਕਾਰਾਂ ਦੀ ਵਿਕਰੀ ਦੀ ਖੜੋਤ ਨੂੰ ਤੋੜਿਆ। ਹੁਣ ਪੈਟ੍ਰੋਲ-ਡੀਜ਼ਲ ਵਾਲੇ ਵਾਹਨਾਂ ਦੀ ਜਗ੍ਹਾ ਬੈਟਰੀਆਂ ਵਾਲੇ ਚਲਾ ਦਿੱਤੇ। ਜਰਾ ਸੋਚੋ ਕਿ ਸਾਡੇ ਵਰਗਾ ਘੱਟ ਉੱਨਤ ਦੇਸ਼ (ਆਈ ਐਮ ਐਫ ਦੀ ਰਿਪੋਰਟ) 3.5 ਕਰੋੜ ਵਾਹਨ ਕਿਵੇਂ ਸਕਰੈਪ ਕਰ ਸਕਦਾ ਹੈ। ਅਸਟ੍ਰੇਲੀਆ ਦਾ ਕੋਇਲਾ ਥਰਮਲ ਪਲਾਟਾਂ ਵਿੱਚ ਬਾਲਣਾ ਜ਼ਰੂਰੀ ਕੀਤਾ ਹੈ ਪਰ ਤੇਲ ਵਾਲੇ ਵਹੀਕਲ ਬੰਦ ਕੀਤੇ ਜਾ ਰਹੇ ਹਨ। ਕੀ ਕੋਇਲੇ ਦੀ ਦਰਾਮਦ ਤੇ ਵਿਦੇਸ਼ੀ ਮੁਦਰਾ ਨਹੀਂ ਲੱਗਦੀ ਅਤੇ ਕੋਇਲਾ ਬਾਲਣ ਨਾਲ ਪ੍ਰਦੂਸ਼ਣ ਨਹੀਂ ਹੁੰਦਾ।

ਨਿਚੋੜ : ਅੱਜ ਪਾਣੀ ਕਰਕੇ ਜਾਂ ਕੇਂਦਰ ਵਲੋਂ ਖਰੀਦ ਕਰਕੇ ਝੋਨੇ ਸਬੰਧੀ ਕੋਈ ਖੇਤੀ ਨੀਤੀ ਵਿੱਚ ਤਬਦੀਲੀ ਆਉਂਦੀ ਹੈ ਤਾਂ ਸਾਡੀ ਖਰਬਾਂ ਰੁਪਏ ਦੀ ਪਰਾਲੀ ਸਾਂਭਣ ਵਾਲੀ ਮਸ਼ੀਨਰੀ ਬੇਕਾਰ ਹੋ ਜਾਵੇਗੀ। ਨਰਮੇ ਵਾਲੀ ਮਸ਼ੀਨਰੀ ਪਹਿਲਾਂ ਹੀ ਅਸੀਂ ਕਬਾੜ ਵਿੱਚ ਵੇਚ ਚੁੱਕੇ ਹਾਂ। ਮਸ਼ੀਨਰੀ ਉਪਰ ਪੈਸਾ ਸੋਚ ਸਮਝ ਕੇ ਲਗਾਓ। ਸਾਡਾ ਸੂਬਾ ਅਤੇ ਦੇਸ਼ ਦੋਨੋ ਹੀ ਕਰਜ਼ੇ ਹੇਠ ਹੋਣ ਕਾਰਨ ਸਾਡੀਆਂ ਨੀਤੀਆਂ ਤੇ ਅੰਦਰੋਂ ਅਤੇ ਬਾਹਰੋਂ ਦੋਨੋ ਪਾਸਿਓਂ ਹੀ ਦਬਾ ਪੈਂਦਾ ਹੈ।

ਹਾਸ ਵਿਅੰਗ


ਮਹੇਸ਼ ਕੇਸ਼ਰੀ

# ਰਾਜਿਆਂ ਵਰਗੀ ਫੀਲਿੰਗ

ਕੰਪਨੀਆਂ ਅਜਿਹੀਆਂ ਸਕੀਮਾਂ ਅਕਸਰ ਕੱਢਦੀਆਂ ਰਹਿੰਦੀਆਂ ਹਨ। ਜਿਵੇਂ ਬਾਈ ਟੂ ਗੈੱਟ ਵੰਨ ਫਰੀ, ਜਾਂ ਕਦੇ-ਕਦੇ ਬਾਈ ਵੰਨ ਗੈੱਟ ਵੰਨ ਫਰੀ। ਭਾਵੇਂ ਟੁੱਥਪੇਸਟ ਹੋਵੇ ਜਾਂ ਤੇਲ ਜਾਂ ਦੰਦ ਚਮਕਾਉਣ ਵਾਲਾ ਮੰਜਣ। ਅਕਸਰ ਅਜਿਹੇ ਇਸ਼ਤਿਹਾਰ ਤੁਹਾਨੂੰ ਸਾਰੇ ਟੀਵੀ ਚੈਨਲਾਂ ਤੇ ਵੇਖਣ ਨੂੰ ਮਿਲ ਜਾਣਗੇ। ਪਰ ਇਤਿਹਾਸ ਗਵਾਹ ਹੈ ਕਿ ਤੁਹਾਨੂੰ ਕਦੇ ਵੀ ਆਪਣੀ ਬੀਵੀ ਨਾਲ ਸਾਲ਼ੀ ਗਿਫ਼ਟ ਵਿੱਚ ਨਹੀਂ ਮਿਲੀ ਹੈ। ਇਹਦੇ ਲਈ ਤੁਹਾਨੂੰ ਸਾਲ਼ੀ ਨੂੰ ਚੀਨ ਦੀ ਸਾਮਰਾਜਵਾਦ ਵਿਸਤਾਰ ਨੀਤੀ ਵਾਂਗ ਹੀ ਧੋਖੇ ਨਾਲ ਹਥਿਆਉਣਾ ਪਵੇਗਾ। ਨਹੀਂ ਤਾਂ ਸਾਲ਼ੀ ਨਾਮਕ ਪ੍ਰਜਾਤੀ ਦੇ ਵਿਸਤ੍ਰਿਤ ਭੂਖੰਡ ਤੇ ਤੁਸੀਂ ਕਬਜ਼ਾ ਨਹੀਂ ਕਰ ਸਕਦੇ। ਉਂਜ ਵੀ ਪ੍ਰੇਮ ਅਤੇ ਜੰਗ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ।

ਪਰ ਜਦੋਂ ਤੁਹਾਡੇ ਮੂੰਹ ਵਿੱਚ ਦੰਦ ਨਾ ਹੋਣ ਅਤੇ ਤੁਹਾਡੇ ਸਿਰ ਤੇ ਵਾਲ਼ ਸਿਰਫ ਨਾਮਾਤਰ ਹੀ ਬਚੇ ਹੋਣ ਅਤੇ ਤੁਹਾਡੀ ਪਤਨੀ ਸਹਿਣਸ਼ੀਲ ਵਿਚਾਰਾਂ ਦੀ ਅਤੇ ਮਜ਼ਾਕੀਆ ਮੂਡੀ ਹੋਵੇ-ਉਦੋਂ ਹੀ ਤੁਸੀਂ ਦੂਜੀ ਸ਼ਾਦੀ ਕਰਨ ਦਾ ਸੁਪਨਾ ਲੈ ਸਕਦੇ ਹੋ। ਪਰ ਧਿਆਨ ਰਹੇ ਕਿ ਇਹਦੇ ਲਈ ਤੁਹਾਡੇ ਕੋਲ ਦੋ-ਚਾਰ ਬੰਗਲੇ ਅਤੇ ਮੋਟਰਕਾਰ ਦੇ ਨਾਲ਼-ਨਾਲ਼ ਕਾਫੀ ਮਾਤਰਾ ਵਿੱਚ ਧਨ- ਦੌਲਤ ਵੀ ਹੋਣੀ ਚਾਹੀਦੀ ਹੈ। ਨਹੀਂ ਤਾਂ ਤੁਹਾਡੀ ਪਹਿਲੀ ਪਤਨੀ, ਤੁਹਾਡੇ ਮੂੰਹ ਵਿੱਚ ਜੋ ਦੰਦ ਬਚੇ ਹੋਏ ਹਨ ਜਾਂ ਸਿਰ ਤੇ ਜੋ ਵਾਲ਼ ਬਚੇ ਹੋਏ ਹਨ, ਉਨ੍ਹਾਂ ਨੂੰ ਸਾਬਤ ਨਹੀਂ ਛੱਡੇਗੀ ਅਤੇ ਅਧੇੜ ਉਮਰ ਵਿੱਚ ਤੁਹਾਡੀ ਜੋ ਮੁਰੰਮਤ ਹੋਵੇਗੀ, ਉਹ ਵੱਖਰੀ।

ਸਾਡੀ ਦੂਜੀ ਸ਼ਾਦੀ ਦਾ ਸਭ ਤੋਂ ਵੱਧ ਦੁਖ ਸਾਡੇ ਨਾਲ ਪੜ੍ਹੇ ਸਾਡੇ ਸਹਿਪਾਠੀਆਂ (ਜਿਨ੍ਹਾਂ ਦੀ ਸ਼ਾਦੀ ਕਿਸੇ ਕਾਰਨ ਅਜੇ ਤੱਕ ਨਹੀਂ ਹੋਈ)



ਜਾਂ ਰਿਸ਼ਤੇਦਾਰਾਂ ਨੂੰ ਹੁੰਦਾ ਹੈ। ਉਹ ਸੋਚ ਰਹੇ ਹੁੰਦੇ ਹਨ ਕਿ ਘਰ-ਬਾਰ ਸੰਭਾਲਣ ਦੀ ਉਮਰ ਵਿੱਚ ਇਹ ਸਾਲ਼ਾ ਜ਼ਿੰਦਗੀ ਦੇ ਅਸਲੀ ਮਜ਼ੇ ਲੁੱਟ ਰਿਹਾ ਹੈ। ਦੂਜਿਆਂ ਦੇ ਸਾਹਮਣੇ ਉਹ ਆਪਣੀ ਪੀੜਾ ਪ੍ਰਗਟ ਤਾਂ ਕਰਦੇ ਹਨ ਪਰ ਇਸ ਸੁਖ ਤੋਂ ਵਿਰਵਾ ਹੋਣ ਦਾ ਉਨ੍ਹਾਂ ਨੂੰ ਦੁਖ ਵੀ ਬਹੁਤ ਹੁੰਦਾ ਹੈ। ਹੁਣ ਕੌਣ "ਕੈਸਾਨੋਵਾ" ਨਹੀਂ ਬਣਨਾ ਚਾਹੁੰਦਾ! ਜੀਹਨੂੰ ਵੇਖਦਿਆਂ ਹੀ ਕੁੜੀਆਂ ਆਪਣਾ ਆਪਾ ਖੋ ਦਿੰਦੀਆਂ ਹਨ।

ਹੁਣੇ ਜਿਹੇ ਇਕ ਆਦਮੀ ਨੇ ਦੂਜਾ ਵਿਆਹ ਕਰਵਾ ਲਿਆ ਅਤੇ ਮੀਡੀਆ ਵਾਲਿਆਂ ਤੋਂ ਲੈ ਕੇ ਗਲੀ-ਮੁਹੱਲੇ ਵਾਲੇ ਅਧੇੜ ਅਤੇ ਬੁੜ੍ਹਿਆਂ ਦੇ ਢਿੱਡ ਪੀੜ ਹੋਣ ਲੱਗੀ ਕਿ ਕਿਹੋ ਜਿਹਾ ਬੰਦਾ ਹੈ-ਦੂਜੀ ਸ਼ਾਦੀ ਕਰਵਾ ਲਈ। ਉਨ੍ਹਾਂ ਦੀ ਛਾਤੀ ਤੇ ਸੱਪ ਲੇਟਣ ਲੱਗਿਆ। ਅਸਲ ਵਿੱਚ ਅਜਿਹੇ ਲੋਕ ਆਪਣੀ ਪੀੜਾ ਤਾਂ ਜ਼ਾਹਿਰ ਕਰਦੇ ਹਨ ਪਰ ਉਨ੍ਹਾਂ ਨੂੰ ਮੌਕਾ ਕਿਉਂ ਨਹੀਂ ਮਿਲਦਾ - ਇਸ ਨੂੰ ਲੈ ਕੇ ਆਪਣੀ ਕਿਸਮਤ ਨੂੰ ਕੋਸਦੇ ਵੀ ਹਨ।

ਭਜਨਾ ਮੇਰਾ ਲੰਗੋਟੀਆ ਯਾਰ ਹੈ। ਇੱਕ ਦਿਨ ਉਹ ਮੇਰੇ ਘਰ ਆਇਆ। ਹੁਣੇ-ਹੁਣੇ ਉਹਨੇ ਦੂਜਾ ਵਿਆਹ ਕਰਵਾਇਆ ਹੈ। ਉਹਦੇ ਆਉਣ ਤੇ ਮੇਰੀ ਪਤਨੀ ਨੇ ਮੈਨੂੰ ਕਿਚਨ 'ਚੋਂ ਹੀ ਤਿਰਛੀ ਨਜ਼ਰ ਨਾਲ ਤਾੜਿਆ। ਅਤੇ ਬੋਲੀ - ਅਜਿਹੇ ਲੋਕਾਂ ਤੋਂ ਦੂਰ ਹੀ ਰਿਹਾ ਕਰੋ। ਅਜਿਹੇ ਬੰਦੇ ਹੀ ਹੋਰਾਂ? ਨੂੰ ਵਿਗਾੜਦੇ ਹਨ। ਅਜਿਹੇ ਬੰਦਿਆਂ ਨਾਲ ਮੇਲਜੋਲ ਘੱਟ ਰੱਖਿਆ ਕਰੋ। ਇਸ ਵਾਰ ਤਾਂ ਚਾਹ-ਪਾਣੀ ਦੇ ਰਹੀ ਹਾਂ, ਅਗਲੀ ਵਾਰੀ ਉਮੀਦ ਨਾ ਰੱਖਿਓ।

ਮੈਂ ਭਜਨੇ ਤੋਂ ਪੁੱਛਿਆ-ਮਿੱਤਰਾ, ਕਿਵੇਂ ਬੀਤ ਰਹੀ ਹੈ? ਮਿੱਤਰ ਦੇ ਚਿਹਰੇ ਤੇ ਖ਼ੁਸ਼ੀ ਦੀਆਂ ਲਕੀਰਾਂ ਫੈਲ ਗਈਆਂ। ਬੋਲਿਆ - ਯਾਰ, ਕੀ ਦੱਸਾਂ! ਸੱਚਮੁੱਚ ਰਾਜਿਆਂ ਵਰਗੀ ਫੀਲਿੰਗ ਆ ਰਹੀ ਹੈ! ਪਹਿਲਾਂ ਪਤਨੀ ਨੂੰ ਆਵਾਜ਼ ਮਾਰਦਾ ਸਾਂ ਤਾਂ ਅੱਧੇ ਘੰਟੇ ਪਿੱਛੋਂ ਪਾਣੀ ਲਿਆ ਕੇ ਦਿੰਦੀ ਸੀ। ਹੁਣ ਜੇ 'ਸੁਣਦੀ ਹੈਂ' ਕਹਿੰਦਾ ਹਾਂ, ਤਾਂ ਦੋਵੇਂ ਦੌੜੀਆਂ ਆਉਂਦੀਆਂ ਹਨ। ਘਰ ਜਾਂਦਾ ਹਾਂ ਤਾਂ ਦੋਵੇਂ ਹੱਥ-ਪੈਰ ਦਬਾਉਣ ਲਈ ਦੌੜਦੀਆਂ ਹਨ। ਇਕੱਠੇ ਦੋ-ਦੋ ਗਲਾਸ ਪਾਣੀ ਦੇ ਆ ਜਾਂਦੇ ਹਨ। ਪਹਿਲਾਂ ਸੁੱਕੀ ਰੋਟੀ ਵੀ ਮਸਾਂ ਮਿਲਦੀ ਸੀ, ਹੁਣ ਤਰ੍ਹਾਂ-ਤਰ੍ਹਾਂ ਦੇ ਪਕਵਾਨ ਮਿਲਦੇ ਹਨ। ਕੁਝ-ਕੁਝ ਸਰਕਾਰ ਵਿੱਚ ਮੁਖੀ ਬਣਨ ਜਿਹਾ ਆਨੰਦ ਆ ਰਿਹਾ ਹੈ। ਦੋਵੇਂ ਬੀਵੀਆਂ ਨੂੰ ਜਿਵੇਂ ਕਾਨਟ੍ਰੈਕਟ ਤੇ ਰੱਖਿਆ ਹੋਵੇ! ਉਨ੍ਹਾਂ ਦੀ ਹਾਲਤ ਸਰਕਾਰੀ ਫਰਮ ਵਿੱਚ ਪ੍ਰਾਈਵੇਟ ਕਰਮਚਾਰੀਆਂ ਵਰਗੀ ਹੋ ਗਈ ਹੈ। ਜੀਹਨੂੰ ਜਦੋਂ ਚਾਹੋ ਰੱਖੋ ਜਾਂ ਹਟਾ ਦਿਓ। ਖ਼ੁਸ਼ੀ ਦੀ ਗੱਲ ਇਹ ਹੈ ਕਿ ਪਹਿਲੀ ਪਤਨੀ ਹੁਣ ਪਹਿਲਾਂ ਵਾਂਗ ਡੀਮਾਂਡ ਵੀ ਨਹੀਂ ਰੱਖਦੀ ਅਤੇ ਘੱਟ ਤੋਂ ਘੱਟ ਤੇ ਸਰਵਾਈਵ ਕਰਨਾ ਸਿੱਖ ਗਈ ਹੈ। ਸਹੁੰ ਰੱਬ ਦੀ, ਐਨਾ ਸੁਖ ਮਿਲ ਰਿਹਾ ਹੈ, ਜਿਵੇਂ ਪਿਛਲੇ ਪੰਦਰਾਂ ਸਾਲਾਂ ਦੇ ਸਾਰੇ ਜ਼ੁਲਮਾਂ ਦਾ ਬਦਲਾ ਲੈ ਲਿਆ ਹੋਵੇ!

... ਮੈਂ ਸੋਚ ਰਿਹਾ ਹਾਂ ਕਿ ਅਗਲੇ ਸਾਲ ਇੱਕ ਹੋਰ ਵਿਆਹ ਕਰਵਾ ਲਵਾਂ ਅਤੇ ਆਪਣੀ ਅੱਸੀ ਸਾਲ ਦੀ ਉਮਰ ਤੱਕ ਪਹੁੰਚਦੇ-ਪਹੁੰਚਦੇ ਮੈਂ ਹਾਫ਼ ਸੈਂਚਰੀ ਲਾ ਹੀ ਲਵਾਂ! ਅਤੇ ਸਾਰਿਆਂ ਰਾਜਿਆਂ, ਮਹਾਂਰਾਜਿਆਂ ਤੇ ਬਾਦਸ਼ਾਹਾਂ ਦੀ ਫੀਲਿੰਗ ਲਵਾਂ। ਹਰਾਮ ਵਿੱਚ ਹਜ਼ਾਰਾਂ ਰਾਣੀਆਂ ਹੋਣ ਅਤੇ ਸਾਰੀਆਂ ਦਾ ਮੈਂ ਇੱਕ ਹੀ ਰਾਜਾ ਹੋਵਾਂ!...

ਅਨੁ : ਪ੍ਰੋ. ਨਵ ਸੰਗੀਤ ਸਿੰਘ

# ★ ਮਿੰਨੀ ਕਹਾਣੀਆਂ ★

## ਅਧਿਆਪਕ ਦੀ ਅਹਿਮੀਅਤ

ਅਜਕਲ ਅਧਿਆਪਕਾਂ ਦੀ ਅਹਿਮੀਅਤ ਵਾਰੇ ਬੱਚਿਆਂ ਨੂੰ ਬਹੁਤੀ ਪਰਵਾਹ ਨਹੀਂ ਰਹੀ। ਅਧਿਆਪਕ ਨੂੰ ਸਾਹਮਣੇ ਆਉਦਾਂ ਦੇਖ ਕੇ ਬੱਚੇ ਜਾਂ ਤਾ ਰਸਤਾ ਬਦਲ ਲੈਂਦੇ ਹਨ ਜਾਂ ਨਮਸਕਾਰ ਕੀਤੇ ਬਿਨਾਂ ਹੀ ਲੰਘ ਜਾਂਦੇ ਹਨ।

ਮੈਨੂੰ ਤੇ ਹੁਣ ਵੀ ਅਪਣੇ ਪੁਰਾਨੇ ਸਕੂਲ ਜਾਂ ਕਾਲਜ ਵੇਲੇ ਦੇ ਅਧਿਆਪਕ ਸਾਹਮਣੇ ਟੱਕਰ ਜਾਣ ਤਾਂ ਬੜੇ ਆਧਰ ਨਾਲ ਬੁਲਾਉਂਦੀ ਹਾਂ। ਉਹਭਾਂਵੇ ਨਾ ਹੀ ਪਹਿਚਾਣ ਸਕਣ, ਪਰ ਯਾਦ ਦਿਲਾ ਦਿੰਦੀ ਹਾਂ ਕਿ ਮੈਂ ਕਿੱਥੇ ਤੇ ਕਿਸ ਜਮਾਤ ਵਿੱਚ ਪੜ੍ਹਦੀ ਸੀ। ਹੁਣ ਅਧਿਆਪਕ ਦਾ ਕਿੱਤਾ ਵੀ ਵਿਉਪਾਰੀਕਰਨ ਦਾ ਸ਼ਿਕਾਰ ਹੋ ਚੁੱਕਾ ਹੈ।

ਇੰਜ ਗੱਲਾਂ ਕਰਦੇ ਤੇ ਰਸਤੇ ਵਿੱਚ ਬਹਿਸ ਜਹੀ ਕਰਦੇ ਅਪਣੇ ਪਤੀ ਦੇਵ ਜੀ ਨਾਲ ਅਪਣੇ ਪੇਕੇ ਪਿੰਡ ਪਹੁੰਚੀ ਤਾਂ ਅਪਣੀ ਕਾਰ ਵਿੱਚੋਂ ਉਤਰਦਿਆਂ ਇਕ ਨੌਜਵਾਨ ਕਾਲੀ ਚਿੱਟੀ ਦਾੜੀ ਵਾਲੇ ਮੁੰਡੇ ਨੂੰ ਸਾਹਮਣੇ ਆਉਂਦੇ ਨੂੰ ਦੇਖਿਆ। ਮੇਰੇ ਪੈਰੀ ਹੱਥ ਲਾਇਆ ਤੇ ਕਹਿੰਦਾ ਭੈਣ ਜੀ ਪਛਾਣਿਆ ਨਹੀਂ। ਮੈਂ ਨਹੀਂ ਪਛਾਣ ਸਕੀ। ਕਹਿੰਦਾ ਮੈਂ ਸਤਿਨਾਮ, ਜੀਤ ਟੇਲਰਮਾਸਟਤ ਦਾ ਮੁੰਡਾ।

ਤੁਸੀਂ ਸੰਨ 1970 ਵਿੱਚ ਮੈਨੂੰ ਨੌਵੀਂ ਜਮਾਤ ਦੀ ਸਪੈਸ਼ਲ ਕਲਾਸ ਲਗਾਕੇ ਅਲਜਬਰੇ ਦੇ ਫਾਰਮੂਲੇ ਇੱਕ ਹਫਤੇ ਵਿੱਚ ਸਮੱਝਾ ਦਿੱਤੇ ਸੀ। ਸੱਚੀ ਭੈਣਜੀ ਮੈਂ ਪਹਿਲਾਂ ਅਪਣੇ ਛੋਟੇ ਭੈਣ ਭਰਾ ਤੇ ਫਿਰ ਅਪਣੇ ਬੱਚਿਆਂ ਨੂੰ ਵੀ ਉਸੇ ਤਰੀਕੇ ਨਾਲ ਸਮਝਾਇਆ।

ਮੈਂ ਹੋਰ ਰਾਜੀ ਖੁਸ਼ੀ ਪੁੱਛ ਕੇ ਵਿਦਾ ਲਈ। ਮੇਰੇ ਵਿਚਾਰ ਇੱਕ ਦਮ ਪਲਟੀਆਂ ਖਾਣ ਲੱਗੇ।

ਮੈਂ ਤੇ ਥੋੜੀ ਦੇਰ ਅਧਿਆਪਕ ਦੀ ਨੌਕਰੀ ਕੀਤੀ, ਪਰ ਜਿਹੜੇ ਲਗਾਤਾਰ ਇਸ ਕਿੱਤੇ ਨਾਲ ਜੁੜੇ ਹਨ, ਉਨ੍ਹਾਂ ਦੀ ਕਿੰਨੀ ਅਹਿਮੀਅਤ ਹੈ ਜੋ ਦੇਸ਼ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਕਾਰਜ ਕਰਕੇ ਚੰਗੇ ਸਮਾਜ ਦੀ ਉਸਾਰੀ ਲਈ ਸੇਧ ਦਿੰਦਿਆ ਹੋਇਆ ਅਪਣਾ ਫਰਜ ਪੂਰਾ ਕਰਦੇ ਹਨ।

ਬਲਰਾਜ ਚੰਦੇਲ

## ਜਿੱਤ

ਸਿਖਰ ਦੁਪਹਿਰੇ ਕਾਲਿਜ ਤੋਂ ਪੜ੍ਹ ਕੇ ਨਿਕਲੀ ਸੁਖਮਨ ਥੋੜ੍ਹੀ ਕੁ ਹੀ ਦੂਰ ਪੈਂਦੇ ਆਪਣੇ ਘਰ ਵੱਲ ਰੋਜ ਵਾਂਗ ਹੀ ਪੈਦਲ ਤੁਰ ਪਈ। ਤੁਰਦਿਆਂ-ਤੁਰਦਿਆਂ ਉਸਨੂੰ ਭੁਲੇਖਾ ਜਿਹਾ ਪਿਆ ਜਿਵੇਂ ਦੋ ਮੁੰਡੇ ਉਸ ਦਾ ਪਿੱਛਾ ਕਰ ਰਹੇ ਹਨ। ਕੁਝ ਕੁ ਦੂਰ ਸੁੰਨਸਾਨ ਰਾਹ ਵਿੱਚੋਂ ਲੰਘਦਿਆਂ ਉਸ ਦਾ ਭੁਲੇਖਾ ਪੂਰੇ ਯਕੀਨ ਵਿੱਚ ਬਦਲ ਗਿਆ। ਸੁਖਮਨ ਨੇ ਸੱਜੇ ਹੱਥ ਵਿੱਚ ਫੜੇ ਮੋਬਾਇਲ ਤੋ ਜਲਦੀ ਨਾਲ ਭਰਾ ਦਾ ਨੰਬਰ ਡਾਇਲ ਕੀਤਾ ਅਤੇ ਖੱਬੇ ਹੱਥ ਨਾਲ ਪਰਸ ਵਿੱਚੋਂ ਕੁਝ ਕੱਢਣ ਲੱਗੀ।

ਇੰਨੇ ਨੂੰ ਇੱਕ ਮੁੰਡੇ ਨੇ ਉਸਦਾ ਦੁਪੱਟਾ ਖਿੱਚ ਲਿਆ ਅਤੇ ਦੂਜੇ ਨੇ ਉਸਦੇ ਅੱਗੇ ਆਉਂਦਿਆਂ ਉਸਦੀ ਸੱਜੀ ਬਾਂਹ ਫੜ ਲਈ। ਹਵਸ ਉਹਨਾਂ ਦੀਆਂ ਅੱਖਾਂ ਵਿੱਚ ਨੱਚ ਰਹੀ ਸੀ। ਕੁੜੀ ਨੇ ਝੱਟ ਖੱਬੇ ਹੱਥ ਵਿੱਚ ਫੜਿਆ ਸਪਰੇਅ ਮੁੰਡਿਆਂ ਦੀਆਂ ਅੱਖਾਂ ਵਿੱਚ ਛਿੜਕ ਦਿੱਤਾ। ਮੁੰਡੇ ਤੜਪ ਉੱਠੇ ਤੇ ਉਸ ਤੋਂ ਪਰ੍ਹਾਂ ਹੋ ਗਏ।

ਮਨਪ੍ਰੀਤ ਕੌਰ ਭਾਟੀਆ

## ਰਿਸ਼ਤਿਆਂ ਦੀ ਅਸਲੀਅਤ

ਬਾਪੂ ਦੇ ਭੋਗ ਪਏ ਨੂੰ ਅਜੇ ਦੋ ਕੁ ਦਿਨ ਹੋਏ ਸੀ। ਮਿੰਦਰੋ ਫਿਰ ਪੇਕਿਆਂ ਨੂੰ ਚੱਕਰ ਮਾਰਨ ਆ ਗਈ। ਦੋਵੇਂ ਭਰਾ ਵੇਹਲੇ ਹੋਕੇ ਵੰਡ ਵਡਿੰਈਆ ਕਰਨ ਲਈ ਬਾਪੂ ਵਾਲੇ ਕਮਰੇ ਵਿੱਚ ਬੈਠੇ ਸੀ। ਛੋਟੇ ਮੁੰਡੇ ਨੇ ਵਾਪਸ ਸ਼ਹਿਰ ਜਲਦੀ ਚਲੇ ਜਾਣਾ ਸੀ। ਇਸ ਲਈ ਜ਼ਮੀਨ ਦੀ ਲਿਖਤ ਪੜ੍ਹਤ ਵੀ ਕਰਨੀ ਸੀ।



ਮਿੰਦਰੋ ਦੇ ਆਉਣ ਦੀ ਅਵਾਜ਼ ਸੁਣਕੇ ਅੰਦਰੋ ਛੋਟੀ ਭਰਜਾਈ ਬੋਲੀ ਲੈ ਆ ਗਈ ਚਤਰੋ, ਕਿੱਦਾਂ ਸੂਹਾਂ ਲੈਂਦੀ ਫਿਰਦੀ ਆ ,ਹੁਣ ਹਿੱਸਾ ਮੰਗੂਗੀ। ਮਿੰਦਰੋ ਸੁਣ ਕੇ ਚੁੱਪ ਰਹੀ ਤੇ ਆਕੇ ਕਹਿੰਦੀ ਵੀਰੇ ਮੈਂ ਤੇ ਤੈਨੂੰ ਮਿਲਣ ਆਈ ਸੀ, ਤੂੰ ਕਲ ਚਲੇ ਜਾਣਾ ਤੇ ਤੇਰੇ ਕੋਲੋ ਪਿੰਡ ਆ ਨਹੀਂ ਸੀ ਹੋਣਾ। ਇਹ ਸੋਚਦੀ ਕਿ ਬਾਪੂ ਦੇ ਜਾਣ ਨਾਲ ਰਿਸ਼ਤਿਆਂ ਦੀ ਅਸਲੀਅਤ ਸਾਹਮਣੇ ਆ ਗਈ ,ਭਰਾ ਨੂੰ ਮਿਲ ਕੇ ਮਿੰਦਰੋ ਚਲੀ ਗਈ।

ਕਚਹਿਰੀ ਵਿੱਚ ਕਾਗਜ਼ ਤਿਆਰ ਕਰਵਾਉਦਿਆਂ ਪਤਾ ਲੱਗਿਆ ਕਿ ਮਿੰਦਰੋ ਦੇ ਦਸਤਖ਼ਤ ਜਰੂਰੀ ਹਨ, ਦੋਵੇਂ ਭਰਾ ਰਿਸ਼ਤਿਆਂ ਦੀ ਅਸਲੀਅਤ ਜਾਣ ਕੇ ਸਿੱਧੇ ਮਿੰਦਰੋ ਦੇ ਪਿੰਡ ਵਲ ਹੋ ਤੁਰੇ।

ਬਲਰਾਜ

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

**ਲੜੀਵਾਰ ਨਾਵਲ**


**ਸ਼ਿਵਚਰਨ ਜੱਗੀ (ਕੁੱਸਾ)**



**ਫੋਨ : 07853 317 891**

Email: jaggikussa@yahoo.de

# ਕੋਸੀ ਧੁੱਪ ਦਾ ਨਿੱਘ




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-70**

## ਕਾਂਡ 27

-"ਕੌਣ ਸੱਚ ਮੰਨੂੰਗਾ ਬਈ ਮੈਂ ਦੋ ਪੁੱਤਾਂ ਦੀ ਮਾਂ ਸੀ...?"

-"...........?" ਸੁਣ ਕੇ ਕੌਰੇ ਦਾ ਮਨ ਕੀਰਨੇਂ ਪਾਉਣ ਲੱਗ ਜਾਂਦਾ। ਪਰ ਉਸ ਦੇ ਵੱਸ ਕੋਈ ਨਹੀਂ ਸੀ। ਅਮਰੋ ਕਹਿ ਕੇ ਸੁਣਾ ਦਿੰਦੀ ਸੀ। ਪਰ ਕੌਰਾ ਅੰਦਰੇ ਅੰਦਰ ਧੁਖ਼ ਰਿਹਾ ਸੀ। ਉਸ ਦੇ ਅੰਦਰੋਂ ਜਦ ਗ਼ਮ ਦਾ ਗੁਬਾਰ ਉਠਦਾ ਤਾਂ ਉਹ ਤੂੜੀ ਵਾਲ਼ੇ ਅੰਦਰ ਜਾ ਕੇ ਖੂੰਜਿਓਂ ਬੋਤਲ ਕੱਢ ਲੈਂਦਾ ਅਤੇ ਦਾਰੂ ਦੀ ਕੌਲੀ ਅੰਦਰ ਸੁੱਟੀ ਰੱਖਦਾ। ਪਤਾ ਹੋਣ ਦੇ ਬਾਵਜੂਦ ਵੀ ਅਮਰੋ ਕੌਰੇ ਨੂੰ ਜਮਾਂ ਨਾ ਵਰਜਦੀ। ਹੁਣ ਕੌਰੇ ਨੇ ਇੱਕ ਸੱਜਰ ਸੂਈ ਮੱਝ ਅਤੇ ਇੱਕ ਵਹਿੜ੍ਹਕਾ ਰੱਖ ਕੇ ਬਾਕੀ ਪਸ਼ੂ ਵੇਚ ਦਿੱਤੇ ਸਨ। ਪੱਠਿਆਂ ਜੋਕਰਾ ਵਿੱਘਾ ਰੱਖ ਕੇ ਉਸ ਨੇ ਬਾਕੀ ਜ਼ਮੀਨ ਵੀ ਕੇਹਰੇ ਚਾਚੇ ਦੇ ਮੁੰਡੇ ਜੰਟੇ ਨੂੰ ਠੇਕੇ 'ਤੇ ਦੇ ਦਿੱਤੀ ਸੀ।

## ਕਾਂਡ 28

ਬਖਤੌਰ ਦੇ ਘਰ ਉਦਾਸੀ ਛਾਈ ਹੋਈ ਸੀ। ਸਾਰੇ ਯਾਰ ਮਿੱਤਰ ਉਸ ਦੇ ਘਰ ਅਫ਼ਸੋਸ ਕਰਨ ਆ ਰਹੇ ਸਨ। ਚਾਹੇ ਕਰਮ ਕੌਰ ਨੇ ਹੀਰੇ ਅਤੇ ਬੱਗੇ ਨੂੰ ਦੇਖਿਆ ਨਹੀਂ ਸੀ, ਪਰ ਉਹ ਮਾਂ ਦਾ ਦਰਦ ਸਮਝ ਕੇ ਰੋ-ਰੋ ਕੇ ਬੇਹਾਲ ਹੋ ਗਈ ਸੀ। ਕਰਮ ਕੌਰ ਅੰਦਰ ਰੱਬ ਵਸਦਾ ਸੀ, ਇਸ ਲਈ ਉਸ ਨੂੰ ਹਰ ਕਿਸੇ ਦਾ ਦਰਦ "ਆਪਣਾ" ਦਰਦ ਲੱਗਦਾ ਸੀ। ਉਸ ਨੇ ਅਮਰੋ ਨਾਲ਼ ਕਈ ਵਾਰ ਫ਼ੋਨ 'ਤੇ ਗੱਲ ਕੀਤੀ ਸੀ ਅਤੇ ਉਹ ਦੁੱਖ ਦਰਦ ਸਾਂਝਾ ਕਰਦੀਆਂ ਭੁੱਬਾਂ ਮਾਰ ਕੇ ਰੋਈਆਂ ਸਨ।

-"ਬਖਤੌਰ, ਮੈਂ ਤਾਂ ਕਹਿੰਨੀ ਆਂ, ਤੂੰ ਇੰਡੀਆ ਜਾਹ...!" ਕਰਮ ਕੌਰ ਨੇ ਕਿਹਾ।

-"ਕੀ ਕਰੂੰਗਾ ਜਾ ਕੇ...?" ਬਖਤੌਰ ਘੋਰ ਉਦਾਸ ਅਤੇ ਦੁਖੀ ਸੀ।

-"ਤੂੰ ਫ਼ੇਰ ਵੀ ਵੱਡੈਂ...! ਕਿੱਡੇ ਕਿੱਡੇ ਦੋ ਸਦਮੇਂ ਲੱਗੇ ਐ ਉਹਨਾਂ ਨੂੰ, ਤੈਨੂੰ ਮਿਲ਼ ਕੇ ਉਹਨਾਂ ਦਾ ਅੱਧਾ ਦੁੱਖ ਵੰਡਿਆ ਜਾਊ..!"

-"ਮੈਂ ਸੋਚਦਾ ਸੀ ਬਈ ਕੌਰੇ ਨੇ ਕਦੇ ਕੀੜੀ 'ਤੇ ਪੈਰ ਨੀ ਧਰਿਆ ਸੀ..! ਉਹ ਵਿਚਾਰਾ ਅਮਰੋ ਤੇ ਜੁਆਕਾਂ ਦੀਆਂ ਚੋਭਾਂ ਵੀ ਚੁੱਪ ਵੱਟ ਕੇ ਜਰਦਾ ਰਿਹਾ..! ਕੋਈ ਉਹਨੇ ਪਾਪ ਨੀ ਕੀਤਾ ਹੋਣਾ ਅੱਜ ਤੱਕ, ਉਹਨੂੰ ਦਰਵੇਸ਼ ਨੂੰ ਐਡੇ ਐਡੇ ਦੁੱਖੜੇ ਕਿਉਂ...?" ਬਖਤੌਰ ਦਾ ਮਨ ਭਰ ਆਇਆ।

-"ਪਰ ਅਮਰੋ ਨੇ ਤਾਂ ਪਾਪ ਕੀਤੇ ਐ ਨ੍ਹਾਂ...?"

-"ਜੁਆਨੀ 'ਚ ਬੰਦੇ ਤੋਂ ਜਾਣੇ ਅਣਜਾਣੇ ਬਥੇਰੇ ਪਾਪ ਹੋ ਜਾਂਦੇ ਐ...! ਪਿਛਲੀ ਉਮਰ 'ਚ ਜਾ ਕੇ ਬੰਦਾ ਪਛਤਾਉਂਦੈ..!"

-"ਪਰ ਗਏ ਬੰਦੇ ਤਾਂ ਨੀ ਮੁੜਦੇ..! ਜਿੰਨਾਂ ਦੇ ਖੁੱਸ ਗਏ, ਉਹਨਾਂ ਦੇ ਨਸੀਬਾਂ 'ਚ ਤਾਂ ਨੀ ਮੁੜ ਕੇ ਆਉਂਦੇ...! ਮੈਂ ਤਾਂ ਕਹਿੰਨੀ ਆਂ ਬਈ ਤੇਰਾ ਫ਼ਰਜ਼ ਬਣਦੈ ਉਹਨਾਂ ਨੂੰ ਮਿਲਣ ਜਾਣ ਦਾ...!" ਬਖਤੌਰ ਨੇ ਕੌਰੇ ਨੂੰ ਫ਼ੋਨ ਮਿਲ਼ਾ ਲਿਆ।

ਬੱਗੇ ਵਾਲ਼ਾ ਮੋਬਾਇਲ ਫ਼ੋਨ ਹੁਣ ਕੌਰੇ ਕੋਲ਼ ਹੀ ਹੁੰਦਾ ਸੀ।

ਦੋ ਕੁ ਘੰਟੀਆਂ ਤੋਂ ਬਾਅਦ ਕੌਰੇ ਨੇ ਫ਼ੋਨ ਚੁੱਕ ਲਿਆ।

-"ਠੀਕ ਐਂ ਕੌਰਿਆ...? ਤੇਰਾ ਬਾਈ ਬਖਤੌਰ ਬੋਲਦੈਂ..!"

-"ਕਾਹਦੇ ਠੀਕ ਐਂ ਬਾਈ ਬਖਤੌਰ...? ਹੁਣ ਤਾਂ ਸਾਹ ਜੇ ਵਰੋਲ਼ਦੇ ਆਂ..!"

-".................।" ਬਖਤੌਰ ਚੁੱਪ ਹੋ ਗਿਆ। ਉਸ ਨੂੰ ਕੋਈ ਗੱਲ ਨਾ ਔੜੀ।

-"ਹੁਣ ਤਾਂ ਖਿੱਚ ਧੂਹ ਕੇ ਮੌਤ ਦੇ ਦਿਨ ਨੇੜੇ ਕਰਦੇ ਆਂ ਬਾਈ ਬਖਤੌਰ..!"

-"ਤੂੰ ਐਨਾਂ ਓਦਰ ਨਾ ਕੌਰਿਆ...!"

-"ਮੈਨੂੰ ਤਾਂ ਕੁੜੀ ਯਾਹਵੀ ਮੌਤ ਵੀ ਨੀ ਆਉਂਦੀ ਬਾਈ...!" ਕੌਰਾ ਉਚੀ-ਉਚੀ ਰੋ ਪਿਆ।

-"ਰੋ ਨਾ ਕੌਰਿਆ, ਮੈਂ ਆਉਨੈ ਤੇਰੇ ਕੋਲ਼ੇ...!"

-"ਆ ਜਾ ਬਾਈ...! ਮੈਂ ਤਾਂ ਤੈਨੂੰ ਕਹਿਣ ਲੱਗਿਆ ਸੀ ਬਈ ਆਖਰੀ ਮੇਲੇ ਕਰਜਾ ਹੁਣ...!"

-"ਕਮਲ਼ ਨੀ ਮਾਰੀਦਾ ਹੁੰਦਾ ਕੌਰਿਆ...! ਮੈਨੂੰ ਪਤੈ ਬਈ ਸੱਟਾਂ ਬਹੁਤ ਭੈੜ੍ਹੀਆਂ ਵੱਜੀਐਂ, ਪਰ ਬੰਦਾ ਕੀ ਕਰੇ..? ਡਾਢੇ ਰੱਬ ਦੇ ਡਾਂਗ ਥੋੜ੍ਹੋ ਮਾਰ ਦੇਣੀ ਆਂ...?"

-"..................।"

-"ਤੇਰੀ ਭਾਬੀ ਟਿਕਟ ਕਰਵਾਉਣ ਲੱਗੀ ਐ...! ਟਿਕਟ ਬੁੱਕ ਕਰ ਕੇ ਤੈਨੂੰ ਦੁਬਾਰੇ ਫ਼ੋਨ ਕਰਦੈਂ...!" ਆਖ ਕੇ ਦੁਖੀ ਬਖਤੌਰ ਨੇ ਫ਼ੋਨ ਕੱਟ ਦਿੱਤਾ।

ਅੱਧੇ ਕੁ ਘੰਟੇ ਬਾਅਦ ਕਰਮ ਕੌਰ ਨੇ ਬਖਤੌਰ ਦੀ ਟਿਕਟ ਬੁੱਕ ਕਰ ਦਿੱਤੀ ਅਤੇ ਬਖਤੌਰ ਨੇ ਮੁੜ ਕੌਰੇ ਨੂੰ ਫ਼ੋਨ ਮਿਲ਼ਾ ਲਿਆ।

-"ਪਰਸੋਂ ਫ਼ਲਾਈਟ ਐ ਮੇਰੀ ਕੌਰਿਆ...! ਤੂੰ ਪਰਸੋਂ ਰਾਤ ਨੂੰ ਦਸ ਕੁ ਵਜੇ ਗੱਡੀ ਲੈ ਕੇ ਦਿੱਲੀ ਪਹੁੰਚ-ਜੀਂ..!"

-"ਚੰਗਾ ਬਾਈ...!" ਕੌਰੇ ਦੇ ਮਨ ਨੂੰ ਇੱਕ ਹੌਸਲਾ ਹੋਇਆ। ਜਿਵੇਂ ਸੁੱਕੀ ਵੇਲ ਨੂੰ ਪਾਣੀ ਮਿਲ਼ ਗਿਆ ਸੀ, ਉਸ ਦਾ ਚਿਹਰਾ ਟਹਿਕ ਉਠਿਆ। ਉਸ ਦੇ ਚਿਹਰੇ 'ਤੇ ਮੱਠੀ ਜਿਹੀ ਰੌਣਕ ਦੇਖ ਕੇ ਅਮਰੋ ਵੀ ਉਠ ਕੇ ਕੌਰੇ ਕੋਲ਼ ਆ ਗਈ।

-"ਕੀਹਦਾ ਫ਼ੂਨ ਸੀ...?"

-"ਬਾਈ ਬਖਤੌਰ ਦਾ ਸੀ...! ਪਰਸੋਂ ਆ ਰਿਹੈ ਆਪਾਂ ਨੂੰ ਮਿਲਣ..!"

-"ਸੱਚੀਂ...?" ਅਮਰੋ ਵੀ ਜਿਵੇਂ ਜੁੱਗੜਿਆਂ ਮਗਰੋਂ ਖ਼ੁਸ਼ ਹੋਈ ਸੀ। ਉਸ ਨੂੰ ਬਖਤੌਰ ਦਾ ਰੱਬ ਜਿੱਡਾ ਆਸਰਾ ਸੀ। ਪਰ ਕਈ ਵਾਰ ਉਹ ਬਖਤੌਰ ਅੱਗੇ ਆ ਕੇ ਸ਼ਰਮਿੰਦਗੀ ਮਹਿਸੂਸ ਕਰਦੀ ਸੀ। ਕਿਉਂਕਿ ਉਸ ਨੇ ਸੱਦੋ ਦਾ ਕਤਲ ਕਰ ਕੇ ਬਖਤੌਰ ਦਾ ਘਰ ਉਜਾੜ ਦਿੱਤਾ ਸੀ। ਪਰ ਬਖਤੌਰ ਨੇ ਕਦੇ ਮੱਥੇ ਵੱਟ ਨਹੀਂ ਪਾਇਆ ਸੀ। ਬਖਤੌਰ ਨੇ ਉਸ ਨਾਲ਼ ਕਦੇ ਕੋਈ ਵਿਤਕਰਾ ਜਾਂ ਦਰਿਆਦਰੀ ਨਹੀਂ ਕੀਤੀ ਸੀ। ਸਗੋਂ ਦੁਖਦੇ ਸੁਖਦੇ ਉਹਨਾਂ ਦੇ ਨਾਲ਼ ਖੜ੍ਹਾ ਸੀ ਅਤੇ ਕੰਮ ਆਇਆ ਸੀ। ਉਸ ਨੇ ਦਿਲ ਵਿੱਚ ਕਦੇ ਕੋਈ ਫ਼ਰਕ ਨਹੀਂ ਰੱਖਿਆ ਸੀ।

-"ਆਹੋ...!"

-"ਫ਼ੇਰ ਢਿੱਲਾ ਜਿਆ ਕਿਉਂ ਬੈਠੈਂ..? ਕੰਡੇ 'ਚ ਹੋ...! ਵੱਡੇ ਭਰਾ ਨੇ ਆਉਣੈ...! ਨਾਲ਼ ਅੱਜ ਚਾਚੇ ਕੇਹਰੇ ਨੂੰ ਸੱਦ, ਮੇਰਾ ਉਹਨੂੰ ਮਿਲਣ ਨੂੰ ਬਹੁਤ ਦਿਲ ਕਰਦੈ..!"

ਕੌਰਾ ਵੀ ਹੌਸਲਾ ਜਿਹਾ ਕਰ ਕੇ ਉਠਿਆ।

**ਅਮਰੋ ਵੀ ਜਿਵੇਂ ਜੁੱਗੜਿਆਂ ਮਗਰੋਂ ਖ਼ੁਸ਼ ਹੋਈ ਸੀ। ਉਸ ਨੂੰ ਬਖਤੌਰ ਦਾ ਰੱਬ ਜਿੱਡਾ ਆਸਰਾ ਸੀ। ਪਰ ਕਈ ਵਾਰ ਉਹ ਬਖਤੌਰ ਅੱਗੇ ਆ ਕੇ ਸ਼ਰਮਿੰਦਗੀ ਮਹਿਸੂਸ ਕਰਦੀ ਸੀ। ਕਿਉਂਕਿ ਉਸ ਨੇ ਸੱਦੋ ਦਾ ਕਤਲ ਕਰ ਕੇ ਬਖਤੌਰ ਦਾ ਘਰ ਉਜਾੜ ਦਿੱਤਾ ਸੀ। ਪਰ ਬਖਤੌਰ ਨੇ ਕਦੇ ਮੱਥੇ ਵੱਟ ਨਹੀਂ ਪਾਇਆ ਸੀ। ਬਖਤੌਰ ਨੇ ਉਸ ਨਾਲ਼ ਕਦੇ ਕੋਈ ਵਿਤਕਰਾ ਜਾਂ ਦਰਿਆਦਰੀ ਨਹੀਂ ਕੀਤੀ ਸੀ। ਸਗੋਂ ਦੁਖਦੇ ਸੁਖਦੇ ਉਹਨਾਂ ਦੇ ਨਾਲ਼ ਖੜ੍ਹਾ ਸੀ ਅਤੇ ਕੰਮ ਆਇਆ ਸੀ। ਉਸ ਨੇ ਦਿਲ ਵਿੱਚ ਕਦੇ ਕੋਈ ਫ਼ਰਕ ਨਹੀਂ ਰੱਖਿਆ ਸੀ।**

**-"ਆਹੋ...!"**

**-"ਫ਼ੇਰ ਢਿੱਲਾ ਜਿਆ ਕਿਉਂ ਬੈਠੈਂ..? ਕੰਡੇ 'ਚ ਹੋ...! ਵੱਡੇ ਭਰਾ ਨੇ ਆਉਣੈ...! ਨਾਲ਼ ਅੱਜ ਚਾਚੇ ਕੇਹਰੇ ਨੂੰ ਸੱਦ, ਮੇਰਾ ਉਹਨੂੰ ਮਿਲਣ ਨੂੰ ਬਹੁਤ ਦਿਲ ਕਰਦੈ..!"**

**ਕੌਰਾ ਵੀ ਹੌਸਲਾ ਜਿਹਾ ਕਰ ਕੇ ਉਠਿਆ।**

-"ਲੈ ਫ਼ੜ ਪੈਸੇ...! ਚਾਚੇ ਕੇਹਰੇ ਨੂੰ ਨਾਲ਼ ਜਰੂਰ ਲਿਆਈਂ, ਆਖੀਂ ਤੇਰੀ ਨੂੰਹ ਨੇ ਯਾਦ ਕੀਤੈ...!"

-"ਚੰਗਾ...!" ਕੌਰਾ ਪੈਸੇ ਫ਼ੜ ਕੇ ਬਾਹਰ ਨਿਕਲ਼ ਗਿਆ। ਕੌਰੇ ਦੇ ਜਾਣ ਤੋਂ ਬਾਅਦ ਅਮਰੋ ਫ਼ੇਰ ਰੋ ਪਈ।

ਘੰਟੇ ਕੁ ਬਾਅਦ ਕੌਰਾ ਮੁੜ ਆਇਆ। ਉਸ ਦੇ ਹੱਥ ਵਿੱਚ ਝੋਲ਼ਾ ਅਤੇ ਨਾਲ਼ ਕੇਹਰਾ ਚਾਚਾ ਸੀ। ਅਮਰੋ ਨੇ ਚਾਚੇ ਦੇ ਪੈਰੀਂ ਹੱਥ ਲਾਏ।

-"ਸੁਖੀ ਰਹੋ ਭਾਈ...! ਤਕੜੀ ਐਂ ਭਾਈ ਅਮਰੋ...?" ਬਜ਼ੁਰਗ ਨੇ ਮੋਢੇ 'ਤੇ ਹੱਥ ਰੱਖਿਆ।

-"ਥੋਡੇ ਵਾਸਤੇ ਹਾਰੇ ਦੀ ਦਾਲ਼ ਧਰੀ ਆ ਚਾਚਾ...! ਨਾਲ਼ੇ ਮੂੰਗਰਿਆਂ ਦੀ ਸਬਜ਼ੀ ਬਣਾਈ ਐ...!"

-"ਚੰਗਾ ਕੀਤਾ ਪੁੱਤ...! ਦੰਦਾਂ ਬਿਨਾ ਹੋਰ ਕੁਛ ਖਾਧਾ ਵੀ ਨੀ ਜਾਂਦਾ...!" ਚਾਚਾ ਡਾਂਗ ਪਾਵੇ ਆਸਰੇ ਰੱਖ ਕੇ ਆਪ ਮੰਜੇ 'ਤੇ ਬੈਠ ਗਿਆ। ਕੌਰੇ ਨੇ ਬੋਤਲ ਕੱਢ ਕੇ ਮੰਜੇ ਕੋਲ਼ ਰੱਖ ਲਈ ਅਤੇ ਆਪ ਸਟੂਲ ਚੱਕਣ ਤੁਰ ਗਿਆ।

ਅਮਰੋ ਇੱਕ ਕੌਲੀ ਵਿੱਚ ਦਾਲ਼ ਅਤੇ ਇੱਕ 'ਚ ਸਬਜ਼ੀ ਪਾ ਲਿਆਈ।

-"ਜਾਹ ਗਿਲਾਸ ਤੇ ਪਾਣੀ ਵੀ ਲਿਆ ਹੁਣ...!" ਅਮਰੋ ਪਾਣੀ ਅਤੇ ਗਿਲਾਸ ਲੈਣ ਚਲੀ ਗਈ।

-"ਸਾਰਾ ਕੁਛ ਛੱਡਤਾ ਸੀ ਚਾਚਾ...! ਪਰ ਦਿਲ ਡੋਲ ਜਾਂਦੈ ਕਦੇ ਕਦੇ, ਕੀ ਕਰੀਏ...?"

-"ਤੁਰਨ ਆਲ਼ੇ ਤੁਰ ਜਾਂਦੇ ਆ ਪੁੱਤ...! ਪਰ ਜਿਉਂਦੇ ਜੀਆਂ ਤੋਂ ਕੁਛ ਨੀ ਛੁਟਦਾ, ਤੇ ਇੱਕ ਸਿਆਪਾ ਇਹ ਵੀ ਐ ਬਈ ਤੁਰ ਗਿਆਂ ਦੇ ਨਾਲ਼ ਮਰਿਆ ਨੀ ਜਾਂਦਾ...!" ਚਾਚਾ ਵੀ ਉਦਾਸ ਹੋ ਗਿਆ।

-"ਮੇਰੇ ਆਲ਼ੀ ਕਰਤਾਰੋ ਵੀ ਕਦੇ-ਕਦੇ ਮੈਨੂੰ ਸੁਫਨੇ 'ਚ ਦਿਖਾਲ਼ੀ ਦੇ ਜਾਂਦੀ ਐ...! ਤੜਕੇ ਉਠ ਕੇ ਮੈਂ ਸੋਚਦਾ ਹੁੰਨੈ, ਬਈ ਦੇਖਣ ਆਉਂਦੀ ਹੋਊਗੀ ਬਈ ਅਜੇ ਹੈਗ੍ਹਾ...? ਕਿ ਚੱਲ ਗਿਆ..?" ਚਾਚੇ ਨਾਲ਼ ਕੌਰਾ ਵੀ ਹੱਸ ਪਿਆ।

-"ਬੜੀ ਭਲੀ ਸੀ ਸਾਡੀ ਸ਼ੇਰ ਦਿਲ ਚਾਚੀ...!"

-"ਪਰ ਦੇਖਲਾ ਕੌਰਿਆ, ਤੁਰ ਗਿਆ ਪਤੰਦਰ ਕੋਈ ਪਿੱਛੇ ਮੁੜ ਕੇ ਨੀ ਦੇਖਦਾ, ਪਤਾ ਨੀ ਕਿਹੜੇ ਪਤਾਲ਼ 'ਚ ਲੁਕ ਜਾਂਦੇ ਐ...?"

-"ਇੱਕ ਖ਼ੁਸ਼ਖ਼ਬਰੀ ਸੁਣਾਵਾਂ ਚਾਚਾ...?" ਕੌਰੇ ਨੇ ਬੋਤਲ ਨੂੰ ਹੱਥ ਪਾ ਲਿਆ।

-"ਇਹ ਕੋਈ ਪੁੱਛਣ ਆਲ਼ੀ ਗੱਲ ਆ ਭਲਾਂ...?"

-"ਪਰਸੋਂ ਬਖਤੌਰ ਆ ਰਿਹੈ ਆਪਣਾ...!"

-"ਵਾਹ ਓਏ ਸਿਉਨਿਆਂ ਪੁੱਤਾ...! ਆਹ ਤਾਂ ਸਿਰੇ ਦੀ ਖੁਸ਼ਖਬਰੀ ਆ...! ਕਿੰਨੇ ਚਿਰ ਆਸਤੇ ਆਉਣੈ..?" ਸੁਣ ਕੇ ਚਾਚਾ ਨੱਚਣ ਵਾਲ਼ਾ ਹੋ ਗਿਆ।

-"ਅਜੇ ਤਾਂ ਦੱਸਿਆ ਨੀ ਚਾਚਾ, ਪਰ ਮਹੀਨਾ ਕੁ ਤਾਂ ਲਾਊਗਾ ਈ ਸ਼ੈਦ...!"

ਉਹਨਾਂ ਪੈੱਗ ਚੁੱਕ ਕੇ ਖਾਲੀ ਕਰ ਦਿੱਤੇ।

ਤੀਜੇ ਦਿਨ ਬਖਤੌਰ ਦਿੱਲੀ ਆ ਉਤਰਿਆ। ਕੌਰਾ ਅਤੇ ਗੱਡੀ ਦਾ ਡਰਾਈਵਰ ਉਸ ਨੂੰ ਲੈਣ ਪਹੁੰਚੇ ਹੋਏ ਸਨ। ਬਖਤੌਰ ਗਲ਼ ਲੱਗ ਕੇ ਕੌਰੇ ਨੇ ਧਾਹ ਮਾਰੀ। ਉਸ ਦੇ ਦਿਲ ਵਿੱਚ ਇੱਕ ਗੱਲ ਰੋੜ ਵਾਂਗ ਰੜਕ ਰਹੀ ਸੀ ਕਿ ਜਦ ਬਖਤੌਰ ਪਿਛਲੀ ਵਾਰ ਆਇਆ ਸੀ, ਤਾਂ ਹੀਰਾ ਅਤੇ ਬੱਗਾ ਨਾਲ਼ ਲੈਣ ਆਏ ਸਨ। ਪਰ ਇਸ ਵਾਰ ਉਹ ਰੁੰਡ-ਮਰੁੰਡ, ਇਕੱਲਾ ਹੀ ਆਇਆ ਸੀ।

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

# (ਹੱਡੀਂ ਰੱਚ ਗਿਆ ਜ਼ਹਿਰ)
# ਨਸ਼ਿਆਂ ਦੇ ਅਧਾਰ 'ਤੇ ਇਕ ਰੌਚਕ ਕਹਾਣੀ !

ਧਰਮਪਾਲ ਸਹਿਗਲ
07475386265





ਪਿੰਡ ਦੇ ਜੰਜ ਘਰ ਵਿੱਚ ਬੈਠੇ ਕੁਝ ਵੇਹਲੇ ਅੱਧਖੜ੍ਹ ਤੇ ਕੁਝ ਅਮਲੀ ਬੰਦੇ ਗੱਲਾਂ ਕਰ ਰਹੇ ਸਨ। ਬੰਦਿਆਂ ਵਿੱਚ ਪਿੰਡ ਦਾ ਚੌਕੀਦਾਰ ਵੀ ਬੈਠਾ ਹੋਇਆ ਸੀ। ਬੀੜੀ ਦਾ ਟੋਟਾ ਪਰ੍ਹਾਂ ਸੁੱਟਦੇ ਬੋਲਿਆ, ਓ ਬਈ ਤੁਸੀਂ ਓਸ ਮਲੂਕੇ ਦੀ ਗੱਲ ਕਰਦੇ ਓ! ਉਹ ਦੀ ਤਾਂ ਬਈ ਸੁਣ ਲਈ ਰੱਬ ਨੇ, ਮੱਖ, ਉਹਦੀ ਭੂਆ ਨੇ ਕਰਤਾ ਰਿਸ਼ਤਾ, ਨਹੀਂ ਉਹਨੂੰ ਕੌਣ ਪੁੱਛਦਾ ਸੀ? ਡੱਕੇ ਡੋਲੇ ਖਾਂਦਾ ਸੀ। ਪਰ ਔਹ ਕਰਤਾਰੇ ਦੇ ਵੇਹੜੇ ਆਲ੍ਹਾ ਰੁੱਲ੍ਹੀਆ, ਉਹਦੀ ਸੁਣੋ, ਕਬਰਾਂ ਵਿੱਚ ਲੱਤਾਂ ਉਹਦੀਆਂ, ਹੈਂ ਹੁਣ ਲੈ ਆਇਆ ਭਈਆਣੀ ਕਿਤਿਉਂ, ਤੇ ਅੱਜ ਸਵੇਰੇ ਸਵੇਰੇ ਭਈਆਣੀ ਰੁੱਲ੍ਹੀਏ ਦੇ ਮੁੰਡੇ ਨਾਲ ਝਗੜ ਪਈ, ਮਤਲਵ ਮਤਰੇਵੇ ਮੁੰਡੇ ਨਾਲ, ਹੁਣ ਦੇਖੋ ਰੱਬ ਦੀ ਕੁਦਰਤ, ਉਸੇ ਵੇਲੇ ਰੁੱਲ੍ਹੀਏ ਦੀ ਧੀ ਸੋਹਰਿਆਂ ਤੋਂ ਆ ਗਈ। ਦੋਵੇਂ ਚੰਗੀਆਂ ਗੁੱਤਮ ਗੁੱਤੇ ਹੋਈਆਂ। ਗੱਲ ਮੁੱਕਾ ਕੁੜੀ ਭਰਾ ਨੂੰ ਲੈ ਗਈ ਆਪਣੇ ਸੋਹਰੇ ਪਿੰਡ। ਖਰਾ ਕੀਤਾ! ਨਹੀਂ ਤਾਂ ਭਈਆਣੀ ਨੇ ਲਲੂਟਾ ਜਿਹਾ ਮੁੰਡਾ ਮੰਗਣੇਂ ਲਾ ਦੇਣਾਂ ਸੀ। ਢਾਣੀ ਵਿੱਚ ਹਾਸਾ ਛਿੜ ਪਿਆ। ਸਈ ਗੱਲ ਕੀਤੀ ਸਰਨਿਆਂ।

15 ਕੁ ਸਾਲਾਂ ਦਾ ਮੁੰਡਾ (ਹਰਮੀਤ ਸਿੰਘ) ਆਪਣੀ ਵੱਡੀ ਭੈਣ (ਚੰਨਣ ਕੌਰ) ਨਾਲ ਉਸ ਦੇ ਸੋਹਰੇ ਪਿੰਡ ਆ ਗਿਆ। ਚੰਨਣ ਕੌਰ ਦੇ ਸੋਹਰਿਆਂ ਦਾ ਚੰਗਾ ਕਾਰੋਬਾਰ ਸੀ। ਮਹਿਲ ਵਰਗੀ ਕੋਠੀ ਦੇ ਪਿੱਛਵਾੜੇ ਇਨ੍ਹਾਂ ਦਾ ਲਕੜੀ ਦਾ ਕਾਰਖਾਨਾ ਸੀ, ਜਿਸ ਦਾ ਸਾਰਾ ਕੰਮਕਾਰ ਪਤੀ (ਨਰੰਜਣ ਸਿੰਘ) ਤੇ ਤਿੰਨ ਹੋਰ ਕਾਮੇ ਸੰਭਾਲਦੇ ਸਨ। ਚੰਨਣ ਕੌਰ ਦਾ ਦਿਉਰ (ਸੁਰਜੀਤ) ਹਰਮੀਤ ਦਾ ਹੀ ਹਾਣੀ ਸੀ। ਦੋਵੇਂ ਝੱਟ ਦੋਸਤ ਬਣ ਗਏ, ਹਮੇਸ਼ਾਂ ਇਕੱਠੇ ਰਹਿੰਦੇ। ਸੁਰਜੀਤ ਕੌਲਜ ਵਿੱਚ ਪੜ੍ਹਦਾ ਸੀ, ਤੇ ਹਰਮੀਤ ਆਪਣੇ ਜੀਜੇ ਨਾਲ ਕਾਰਖਾਨੇ ਵਿੱਚ ਕੰਮ ਕਰਨ ਲੱਗ ਪਿਆ। ਪੜ੍ਹਾਈ ਦੇ ਨਾਲ ਨਾਲ ਸੁਰਜੀਤ ਸੰਗੀਤ ਵੀ ਸਿੱਖਦਾ ਸੀ, ਕਿਉਂਕਿ ਸੁਰਜੀਤ ਨੂੰ ਗਾਉਣ ਦਾ ਵੀ ਸ਼ੌਕ ਸੀ, ਤੇ ਉਸ ਨੂੰ ਗਾਇਕ ਬਣਨ ਦਾ ਵੀ ਸ਼ੌਕ ਸੀ। ਵਕਤ ਗੁਜ਼ਰਦਾ ਗਿਆ। ਵਕਤ ਦੇ ਨਾਲ ਨਾਲ ਸੁਰਜੀਤ ਤੇ ਹਰਮੀਤ ਸੋਹਣੇ ਗੱਭਰੂ ਹੋ ਗਏ। ਸੁਰਜੀਤ ਗੀਤ ਸੰਗੀਤ ਸਿੱਖਦਾ ਸਿੱਖਦਾ ਮਸ਼ਹੂਰ ਗਾਇਕ ਬਣ ਗਿਆ। ਹਰਮੀਤ ਜੀਜੇ ਨਾਲ ਕੰਮ ਕਰਦਾ ਕਰਦਾ ਇਕ ਨਿਪੁੰਨ ਮਿਸਤਰੀ ਬਣ ਗਿਆ। ਕਦੀ ਕਦੀ ਸੁਰ-ਜੀਤ ਆਪਣੇ ਪਿੰਡ ਵਿੱਚ ਹੀ ਚੌਕੀ ਲਾ ਕੇ ਸ਼ਬਦ ਭੇਟਾਂ ਗਾਉਂਦਾ ਤਾਂ ਪਿੰਡ ਦੇ ਲੋਕ ਰੀਝ ਲਾ ਕੇ ਸੁਣਦੇ। ਪਹਿਲਾਂ ਹਰਮੀਤ ਤੇ ਸੁਰਜੀਤ ਇਕੋ ਕਮਰੇ ਵਿੱਚ ਸੌਂਦੇ ਸਨ, ਤੇ ਹੁਣ ਦੋਨਾਂ ਨੂੰ ਅਲੱਗ ਅਲੱਗ ਕਮਰੇ ਮਿਲ ਗਏ। ਹੌਲੀ ਹੌਲੀ ਸੁਰਜੀਤ ਦੀ ਗੱਰਜਦੀ ਮਰਦ ਅਵਾਜ਼ ਦੀਆਂ ਧੁੰਮਾਂ ਪੈ ਗਈਆਂ। ਦੂਰ ਦੇ ਪਿੰਡਾਂ ਤੋਂ ਚੌਕੀ ਦੀਆਂ ਸਾਈਆਂ ਆਉਣ ਲੱਗ ਪਈਆਂ। ਕਦੀ ਕਦੀ ਹਰਮੀਤ ਵੀ ਨਾਲ ਜਾਂਦਾ। ਵਿਆਹਾਂ ਪਾਰਟੀਆਂ ਵੱਲੋਂ ਵੀ ਸਾਈਆਂ ਆਉਣ ਲੱਗ ਪਈਆਂ। ਸੁਰਜੀਤ ਦਾ ਕੰਮ ਵਾਹਵਾ ਚੱਲ ਪਿਆ। ਕੌਲਜ ਛੱਡ ਦਿੱਤਾ। ਆਪਣੇ ਕਮਰੇ ਦਾ ਉਸ ਨੇ ਦਫਤਰ ਵੀ ਬਣਾ ਲਿਆ। ਚੰਨਣ ਕੌਰ ਸੁਰਜੀਤ ਵਾਸਤੇ ਸਾਈਆਂ ਬੁੱਕ ਕਰਦੀ।

ਇਕ ਦਿਨ ਐਤਵਾਰ ਦਾ ਦਿਨ ਛੁੱਟੀ ਦਾ ਦਿਨ ਹੋਣ ਕਰਕੇ ਚੰਨਣ ਕੌਰ ਦਾ ਸੋਹਰਾ ਪਰਿਵਾਰ ਵੇਹੜੇ ਵਿੱਚ ਬੈਠਾ ਚਾਹ ਪੀ ਰਿਹਾ ਸੀ। ਅਚਾਨਕ ਕੋਠੀ ਦੇ ਬਾਹਰਲੇ ਦਰਵਾਜੇ ਦੀ ਘੰਟੀ ਵੱਜੀ। ਹਰਮੀਤ ਉੱਠਿਆ ਤੇ ਦਰਵਾਜ਼ਾ ਖੋਲ੍ਹਿਆ, ਦੇਖਿਆ, ਗਲੀ ਵਿੱਚ ਚਿੱਟੇ ਰੰਗ ਦੀ ਕਾਰ ਖਲੋਤੀ ਸੀ। ਕਾਰ ਵਿੱਚ ਤਿੰਨ ਔਰਤਾਂ ਬੈਠੀਆਂ ਹੋਈਆਂ ਸਨ ਤੇ ਕਾਰ ਦਾ ਡਰਾਈਵਰ ਕੋਠੀ ਦੇ ਗੇਟ ਕੋਲ ਖਲੋਤਾ ਸੀ। ਹਰਮੀਤ ਨੇ ਡਰਾਈਵਰ ਨੂੰ ਆਉਣ ਦਾ ਕਾਰਨ ਪੁੱਛਿਆ ਤਾਂ ਡਰਾਈਵਰ ਬੋਲਿਆ, ਅਸੀਂ ਜੀ ਸ੍ਰੀ ਮਾਨ ਸੁਰਜੀਤ ਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਣਾ ਚਾਹੁੰਦੇ ਹਾਂ, ਕੀ ਅੱਜ ਮਿਲ ਸਕਦੇ ਨੇ? ਹਾਂ ਜੀ ਕਿਉਂ ਨਹੀਂ? ਆ ਜਾਉ! ਤਿੰਨੇ ਔਰਤਾਂ ਕਾਰ ਵਿੱਚੋਂ ਬਾਹਰ ਨਿਕਲੀਆਂ ਤੇ ਹਰਮੀਤ ਦੇ ਨਾਲ ਹੀ ਵੇਹੜੇ ਵਿੱਚ ਆ ਗਈਆਂ। ਸਾਰਿਆਂ ਨੇ ਉਠਕੇ ਤੇ ਹੱਥ ਜੋੜ ਕੇ ਤਿੰਨਾਂ ਦਾ ਸੁਆਗਤ ਕੀਤਾ। ਤਿੰਨੇ ਔਰਤਾਂ ਮੁਸਕਰਾਕੇ ਕੁਰਸੀਆਂ 'ਤੇ ਆ ਬੈਠੀਆਂ। ਅਚਾਨਕ ਸੁਰਜੀਤ ਵੀ ਆਪਣੇ ਨਾਈਟ ਗਾਊਨ ਸਣੇਂ ਵੇਹੜੇ ਤੇ ਔਰਤਾਂ ਨੂੰ ਫਤਿਹ ਬੁਲਾ ਕੇ ਹਰਮੀਤ ਨਾਲ ਹੀ ਕੁਰਸੀ 'ਤੇ ਬੈਠ ਗਿਆ। ਔਰਤਾਂ ਵਿੱਚੋਂ ਦੋ ਔਰਤਾਂ ਅੱਧਖੜ ਸਨ, ਪਰ ਫੈਸ਼ਨ ਤੇ ਸਾਫ ਕੱਪੜਿਆਂ ਤੋਂ ਪੜ੍ਹੀਆਂ ਹੋਈਆਂ ਲੱਗਦੀਆਂ ਸਨ। ਉਨ੍ਹਾਂ ਨਾਲ ਆਈ ਤੀਸਰੀ ਇਕ ਖੂਬਸੂਰਤ ਮੁਟਿਆਰ ਸੀ। ਅਚਾਨਕ ਤਿੰਨਾਂ ਵਿੱਚੋਂ ਇਕ ਔਰਤ ਨੇ ਕਹਿਣਾਂ ਸ਼ੁਰੂ ਕੀਤਾ, ਹਾਂ ਜੀ ਤੁਸੀਂ ਸਾਰੇ ਸਾਨੂੰ ਦੇਖਕੇ ਜਰੂਰ ਹੈਰਾਨ ਹੁੰਦੇ ਹੋਵੋਗੇ, ਖੈਰ ਮੈਂ ਹੁਣ ਤੁਹਾਨੂੰ ਦੱਸਦੀ ਜਾਵਾਂ। ਮੈਂ ਹਾਂ (ਸਿੰਮੀ) ਪੰਜਾਬੀ ਗੀਤਾਂ ਦੀ ਲੇਖਿਕਾ। ਤੇ ਮੇਰੇ ਨਾਲ ਇਹ ਬੈਠੇ ਨੇ ਪੰਜਾਬੀ ਗੀਤਾਂ ਤੇ ਪੰਜਾਬੀ ਭੰਗੜਾ ਗੀਤਾਂ ਦੀ ਮਸ਼ਹੂਰ ਗਾਇਕ (ਮਿੱਸ ਮਾਲਤੀ) ਮਸ਼ਹੂਰ ਸਿੰਗਰ ਨੇ। ਇਨ੍ਹਾਂ ਦੇ ਗਾਏ ਗੀਤ ਰੇਡੀਓ, ਟੀ.ਵੀ. ਤੋਂ ਹਰ ਵੇਲੇ ਗੂੰਜਦੇ ਨੇ। ਸੁਣਕੇ ਸੁਰਜੀਤ ਦੇ ਕੰਨ ਖੜੇ ਹੋ ਗਏ, ਬੋਲਿਆ, ਓ ਤੁਸੀਂ ਹੋ ਮਿੱਸ ਮਾਲਤੀ, ਸਾਡੇ ਘਰ ਆਏ, ਤੁਹਾਡਾ ਸੁਹਾਗਤ ਏ ਜੀ। ਸਿੰਮੀ ਨੇ ਫਿਰ ਕਹਿਣਾਂ ਸ਼ੁਰੂ ਕੀਤਾ, ਲਉ ਜੀ ਅਖੀਰ ਵਿੱਚ, ਮਿੱਸ ਮਾਲਤੀ ਨਾਲ ਬੈਠੇ ਨੇ ਮਾਲਤੀ ਦੇ ਮੰਮੀ ਬੀਬੀ (ਸ਼ਕੁੰਤਲਾ), ਵਾਹ ਜੀ, ਸਾਡੇ ਘਰ ਤਾਂ ਜੀ ਮਸ਼ਹੂਰ ਹਸਤੀਆਂ ਆਈਆਂ ਨੇ। ਚੰਨਣ ਕੌਰ ਨੇ ਕਿਹਾ। ਗੀਤਾਂ ਦੀ ਲੇਖਕਾ ਬੀਬੀ ਸਿੰਮੀ ਨੇ ਫਿਰ ਕਹਿਣਾਂ ਸ਼ੁਰੂ ਕੀਤਾ, ਹੁਣ ਅਸੀਂ ਆਪਣੀ ਅਸਲੀ ਗੱਲ 'ਤੇ ਆਉਂਦੇ ਹਾਂ। ਅੱਜ ਕੱਲ ਹਰ ਪਿੰਡ ਤੇ ਹਰ ਸ਼ਹਿਰ ਵਿੱਚ ਮਿਸਟਰ ਸੁਰਜੀਤ ਜੀ ਦੀ ਬੜੀ ਚਰਚਾ ਤੇ ਮਸ਼ਹੂਰੀ ਹੋ ਰਹੀ ਏ, ਜੋ ਬੜੇ ਮਾਣ ਵਾਲੀ ਗੱਲ ਏ।

ਚਾਹ ਕੌਫੀ ਪੀਣ ਤੋਂ ਬਾਅਦ ਬੀਬੀ ਸਿੰਮੀ ਜੀ ਨੇ ਫਿਰ ਕਹਿਣਾਂ ਸ਼ੁਰੂ ਕੀਤਾ, ਹੁਣ ਸਾਡੀ ਇਕ ਬੇਨਤੀ ਏ, ਇਸੇ ਬੇਨਤੀ ਖਾਤਰ ਹੀ ਅਸੀਂ ਆਏ ਹਾਂ। ਉਹ ਇਹ ਹੈ ਸਾਨੂੰ ਇਕ ਮਰਦ ਗਾਇਕ ਦੀ ਜਰੂਰਤ ਪੈ ਗਈ ਏ। ਕਿਉਂਕਿ ਪੱਬਲਕ ਨੇ ਮਾਲਤੀ ਤੇ ਸੁਰਜੀਤ ਦੋਨਾਂ ਦੇ ਇਕੱਠੇ ਗਾਏ ਗੀਤਾਂ ਨੂੰ ਸੁਣਨ ਦੀ ਮੰਗ ਰੱਖੀ ਏ। ਵੈਸੇ ਸਾਡੀ ਨਜਰਾਂ ਵਿੱਚ ਹੋਰ ਵੀ ਮਰਦ ਗਾਇਕ ਹਨ, ਪਰ ਉਨ੍ਹਾਂ ਮਰਦਾਂ ਦੀਆਂ ਅਵਾਜ਼ਾਂ ਔਰਤਾਂ ਵਾਂਗ ਬਰੀਕ ਤੇ ਪਤਲੀਆਂ ਹਨ। ਸਾਨੂੰ ਸੁਰਜੀਤ ਸਾਹਬ ਹੀ ਫਿੱਟ ਬੈਠਦੇ ਹਨ। ਮਰਦਾਂ ਦੀਆਂ ਤੇ ਪਤਲੀਆਂ ਅਵਾਜ਼ਾਂ ਬਾਰੇ ਸੁਣਕੇ ਸਾਰੇ ਹੱਸ ਪਏ। ਬੀਬੀ ਸਿੰਮੀ ਫਿਰ ਬੋਲੇ, ਸੋ ਅਸੀਂ ਸੁਰਜੀਤ ਹੁਣਾਂ ਕੋਲੋਂ ਇਜਾਜ਼ਤ ਲੈਣੀ ਚਾਹੁੰਦੇ ਹਾਂ ਕਿ ਉਹ ਕੁਝ ਗੀਤ ਮਿੱਸ ਮਾਲਤੀ ਨਾਲ ਗਾ ਸਕਦੇ ਨੇ? ਸੁਣ ਕੇ ਸੁਰਜੀਤ ਨੇ ਮਿੱਸ ਮਾਲਤੀ ਵੱਲ ਦੇਖਿਆ ਤੇ ਮਾਲਤੀ ਨੇ ਵੀ ਸੁਰਜੀਤ ਵੱਲ ਦੇਖਿਆ। ਦੇਖੋ ਜੀ, ਜੇ ਕੁੜੀ ਮੁੰਡਾ ਮੰਨ ਜਾਣ ਫਿਰ ਸਾਨੂੰ ਕਾਹਦਾ ਤਰਾਜ? ਚੰਨਣ ਕੌਰ ਦੀ ਸੱਸ ਨੇ ਕਿਹਾ। ਕਈ ਸੁਣਕੇ ਹੱਸ ਵੀ ਪਏ। ਬੀਬੀ ਸਾਨੂੰ ਵੀ ਇਤਰਾਜ ਨਹੀਂ। ਅਸੀਂ ਤਾਂ ਚਾਹੁੰਦੇ ਹਾਂ ਬੱਚੇ ਤਰੱਕੀ ਕਰਨ। ਚੰਨਣ ਕੌਰ ਨੇ ਚਾਹ ਦੀ ਟਰੇ ਕੋਲ ਪਏ ਮੇਜ 'ਤੇ ਰੱਖਦੀ ਨੇ ਕਿਹਾ। ਥੋੜ੍ਹੀ ਦੇਰ ਵਿੱਚ ਹੀ ਸੁਰਜੀਤ, ਮਾਲਤੀ ਤੇ ਹਰਮੀਤ ਗੱਲਾਂ ਕਰਦੇ ਇਸ ਤਰ੍ਹਾਂ ਘੁੱਲ ਮਿਲ ਗਏ, ਜਿਵੇਂ ਚਿਰਾਂ ਤੋਂ ਜਾਣਦੇ ਹੋਣ। ਸ਼ਾਮ ਤੱਕ ਸਲਾਹ ਮਸ਼ਵਰੇ ਕਰਕੇ ਔਰਤਾਂ ਖੁਸ਼ੀ ਖੁਸ਼ੀ ਚਲੇ ਗਈਆਂ।

ਮਾਲਤੀ ਤੇ ਸੁਰਜੀਤ ਦੇ ਗਾਣਿਆਂ ਦੀ ਕੈਸਿੱਟ, ਸੀ.ਡੀ., ਜਿਸ ਵਿੱਚ 8 ਗੀਤ ਸਨ, ਮਾਰਕੀਟ ਵਿੱਚ ਕੀ ਆਈ, ਸ਼ਹਿਰਾਂ ਵਿੱਚ ਧੁੰਮਾਂ ਪੈ ਗਈਆਂ। ਦੁਕਾਨਾਂ 'ਤੇ ਲੋਕਾਂ ਦੀ ਭੀੜ ਲੱਗ ਗਈ। ਜਦੋਂ ਕਦੀ ਸਟੇਜ 'ਤੇ ਮਾਲਤੀ ਤੇ ਸੁਰਜੀਤ ਲਾਈਵ ਸ਼ੋਅ ਕਰਦੇ ਤਾਂ, ਪੁਲਸ ਨੂੰ ਜਨਤਾ ਸੰਭਾਲਣੀ ਮੁਸ਼ਕਿਲ ਹੋ ਜਾਂਦੀ। ਮਾਲਤੀ ਹੁਣ ਸੁਰਜੀਤ ਦੇ ਘਰ ਆਉਣ ਜਾਣ ਲੱਗ ਪਈ। ਸੁਰਜੀਤ ਦੇ ਮਾਂ ਬਾਪ ਨੂੰ ਇਹ ਗੱਲ ਠੀਕ ਨਹੀਂ ਲੱਗੀ ਕਿ ਕਿਤੇ ਉਚ ਨੀਚ ਨਾਂ ਹੋ ਜਾਵੇ। ਸੋ ਦੋਨਾਂ ਧਿਰਾਂ ਦੀ ਸਲਾਹ ਨਾਲ ਸੁਰਜੀਤ ਤੇ ਮਾਲਤੀ ਦੋਨਾਂ ਦੀ ਧੂਮ ਧਾਮ ਨਾਲ ਮੰਗਣੀ ਕਰ ਦਿੱਤੀ। ਸੁਰਜੀਤ ਤੇ ਮਾਲਤੀ ਦੋਨਾਂ ਦੀ ਕੁੜਮਾਈ ਤੋਂ ਬਾਅਦ ਜੋੜੀ ਦੇ ਗੀਤਾਂ ਦੇ ਵਿਦੇਸ਼ਾਂ ਵਿੱਚ ਵੀ ਚਰਚੇ ਹੋਣ ਲੱਗ ਪਏ। ਇੰਗਲੈਂਡ, ਅਮਰੀਕਾ, ਕਨੇਡਾ, ਯੌਰਪ ਜਾਂਦੇ ਤੇ ਚੰਗੀ ਮਾਇਆ ਲੈ ਆਉਂਦੇ। ਹਰ ਸਾਲ ਦੀਆਂ ਗਰਮੀਆਂ ਦੇ ਦਿਨਾਂ ਨੂੰ ਇਸ ਜੋੜੀ ਦਾ ਸ਼ੋਅ ਵਿਦੇਸ਼ਾਂ ਵਿੱਚ ਹੀ ਹੁੰਦਾ। ਸੁਰਜੀਤ ਤੇ ਮਾਲਤੀ ਦੋਨਾਂ ਨੂੰ ਹਾਲੇ ਵਿਆਹ ਦੀ ਚਿੰਤਾ ਨਹੀਂ ਸੀ, ਪਰ ਹਰ ਵੇਲੇ ਪੈਸੇ ਕਮਾਉਣ ਦੀ ਹੀ ਚਿੰਤਾ ਲੱਗੀ ਰਹਿੰਦੀ ਸੀ। ਦੋਨਾਂ ਕੋਲ ਹੁਣ ਪੈਸੇ ਦੀ ਕੋਈ ਕਮੀ ਨਹੀਂ ਸੀ। ਇਹ ਸਰਦੀਆਂ ਦੇ ਮੋਸਮ ਵਿੱਚ ਘਰੇ ਅਰਾਮ ਕਰਦੇ ਜਾਂ ਗਾਣਿਆਂ ਦੀ ਰਿਕਾਰਡਿੰਗ ਲਈ ਸਟੂਡੀਉ ਜਾਂਦੇ। ਤੇ ਕਦੇ ਨਵੇਂ ਗੀਤਾਂ ਦੀ ਰਿਹੈਸਲ ਕਰਦੇ। ਇਕ ਦਿਨ ਦੁਪਹਿਰ ਦਾ ਵਕਤ ਸੀ। ਅਚਾਨਕ ਦਰਵਾਜ਼ੇ ਦੀ ਘੰਟੀ ਵੱਜੀ। ਚੰਨਣ ਕੌਰ ਨੇ ਦਰਵਾਜ਼ਾ ਖੋਲਕੇ ਬਾਹਰਲੇ ਗੇਟ ਵੱਲ ਦੇਖਿਆ। ਗੇਟ ਕੋਲ ਇਕ ਅੱਧਖੜ ਬੰਦਾ ਖਲੋਤਾ ਸੀ। ਪੱਕਾ ਰੰਗ, ਅੱਖਾਂ ਵਿੱਚ ਸੁਰਮਾਂ, ਕੰਨਾਂ ਵਿੱਚ ਤੇ ਹੱਥਾਂ ਦੀਆਂ ਉਂਗਲਾਂ ਵਿੱਚ ਸੋਨੇ ਦੀਆਂ ਮੁੰਦੀਆਂ ਤੇ ਚਿੱਟਾ ਕੁੜਤਾ ਪਜਾਮਾਂ ਪਹਿਨਿਆ ਹੋਇਆ ਸੀ। ਹੱਥ ਜੋੜਕੇ ਚੰਨਣ ਕੌਰ ਨੂੰ ਬੋਲਿਆ, ਬੀਬੀ ਜੀ ਸੱਤ ਸ੍ਰੀ ਅਕਾਲ, ਗੱਲ ਏ ਬੀਬੀ ਜੀ, ਮੈਂ ਤਿੰਨ ਕਿੱਲੋ ਮੀਟਰ ਪਿੰਡ (ਪੀਲੀ ਪੱਟੀ) ਤੋਂ ਆਇਆ ਹਾਂ, ਤੇ ਸ੍ਰੀ ਮਾਨ ਸੁਰ-ਜੀਤ ਜੀ ਨੂੰ ਮਿਲਣਾਂ ਏ, ਮਿਲ ਸਕਦੇ ਨੇ ਅੱਜ? ਪਰ ਐਸ ਵੇਲੇ ਤਾਂ ਉਹ ਸਟੂਡੀਉ ਗਏ ਹੋਏ ਨੇ। ਚੰਨਣ ਕੌਰ ਨੇ ਜਵਾਬ ਦਿੱਤਾ। ਬੰਦਾ ਹੱਥਾਂ ਨੂੰ ਮਲਦਾ ਫਿਰ ਬੋਲਿਆ, ਜੀ ਮਿਲ ਪੈਂਦੇ ਤਾਂ ਚੰਗਾ ਸੀ, ਕਿਉਂਕਿ ਸਾਡੇ ਪਿੰਡ ਵਾਸੀਆਂ ਨੇ ਸੁਰ-ਜੀਤ ਜੀ ਹੁਣਾਂ ਦੀਆਂ ਤਰੀਫਾਂ ਬਹੁਤ ਸੁਣੀਆਂ ਨੇ। ਉਨ੍ਹਾਂ ਨੇ ਪਿੰਡ ਵਿੱਚ ਚੌਕੀ ਲਾਉਣੀ ਏ ਤੇ ਸੁਰਜੀਤ ਹੁਣਾਂ ਨੂੰ ਚੌਕੀ ਵਿੱਚ ਕੁਝ ਸ਼ਬਦ ਭੇਟਾਂ ਗਾਉਣ ਲਈ ਬੇਨਤੀ ਕੀਤੀ ਏ। ਚੰਨਣ ਕੌਰ ਪੂਰੀ ਗੱਲ ਸੁਣਕੇ ਬੰਦੇ ਨੂੰ ਬੋਲੀ, ਤੁਸੀਂ ਐਦਾਂ ਕਰੋ, ਆਪਣਾਂ ਨਾਂ ਪਤਾ ਲਿਖਾ ਦਿਉ ਤੇ ਟੈਮ ਵੀ, ਤੇ ਜੱਦ ਆਉਣਗੇ ਤਾਂ ਦੱਸ ਦੇਵਾਂਗੇ। ਠੀਕ ਏ ਜੀ! ਮੇਰਾ ਨਾਂਮ ਏ, ਵੈਦ (ਮੇਹਰ ਚੰਦ)) ਅਗਲੇ ਐਤਵਾਰ 8 ਤਰੀਕ ਨੂੰ ਸਾਡੇ ਪਿੰਡ (ਪੀਲੀ ਪੱਟੀ) ਵਿੱਚ ਚੌਕੀ ਲਾਉਣੀ ਏ ਸ਼ਾਮ ਦੇ 6 ਵਜੇ। ਸਾਡੀ ਕਾਰ ਸੁਰਜੀਤ ਹੁਣਾਂ ਨੂੰ ਲੈਣ ਆਵੇਗੀ ਤੇ ਛੱਡ ਕੇ ਵੀ ਆਵੇਗੀ। ਠੀਕ ਏ ਜੀ ਆ ਜਾਣਗੇ। ਕਹਿਕੇ ਚੰਨਣ ਕੌਰ ਨੇ ਗੇਟ ਤੇ ਦਰਵਾਜ਼ਾ ਬੰਦ ਕਰ ਲਿਆ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

# ਅਕਾਲ ਪੁਰਖ ਦੀ ਫ਼ੌਜ ਦਾ ਸਿਰਲੱਥ ਸਿਪਾਹੀ:-ਭਾਈ ਦਯਾ ਸਿੰਘ ਜੀ

## ਬਰਸੀ 'ਤੇ ਵਿਸ਼ੇਸ਼

**ਰਮੇਸ਼ ਬੱਗਾ ਚੋਹਲਾ**

ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਸਿੱਖ ਇਤਿਹਾਸ ਵਿਚ ਇੱਕ ਨਵੀਨ ਅਤੇ ਇਨਕਲਾਬੀ ਮੋੜ ਆਇਆ ਜਿਸ ਤਹਿਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਦੋ ਤਲਵਾਰਾਂ ਇੱਕ ਮੀਰੀ ਅਤੇ ਦੂਸਰੀ ਪੀਰੀ ਦੀ ਧਾਰਨ ਕੀਤੀਆਂ ਜਿਹੜੀਆਂ ਇਸ ਗੱਲ ਦਾ ਸੰਕੇਤ ਸਨ ਕਿ ਸਮੇਂ ਦੀ ਲੋੜ ਦੇ ਮੁਤਾਬਿਕ ਸਿੱਖ ਨੇ ਹੁਣ ਸਿਰਫ਼ ਸੰਤਤਾਈ (ਬੰਦਗੀ) ਤੱਕ ਹੀ ਮਹਿਦੂਦ ਨਹੀਂ ਰਹਿਣਾ ਸਗੋਂ ਧਰਮ ਦੀ ਰਾਖੀ ਲਈ ਉਸ ਨੇ ਸਿਪਾਹੀ ਵੀ ਬਣਨਾ ਹੈ। ਇਸ ਸਿਧਾਂਤ 'ਤੇ ਪਹਿਰਾ ਦਿੰਦਿਆਂ ਛੇਵੇਂ ਪਾਤਸ਼ਾਹ ਨੇ ਵਕਤ ਦੇ ਹਾਕਮਾਂ ਅਤੇ ਗੁਰੂ-ਘਰ ਦੇ ਦੋਖੀਆਂ ਨਾਲ ਚਾਰ ਫ਼ੈਸਲਾਕੁੰਨ ਧਰਮ-ਯੁੱਧ ਵੀ ਲੜੇ।

ਸੱਤਵੀਂ ਅਤੇ ਅੱਠਵੀਂ ਪਾਤਸ਼ਾਹੀ ਦੇ ਸਮੇਂ ਹਲਾਤ ਕੁੱਝ ਸੁਖਾਵੇਂ ਰਹਿਣ ਕਰਕੇ ਸਿੱਖੀ ਆਪਣੀ ਮੰਜ਼ਿਲ ਵੱਲ ਰਵਾਂ-ਰਵੀਂ ਵੱਧਦੀ ਰਹੀ ਪਰ ਨੌਵੇਂ ਪਾਤਾਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਦੀ ਧਾਰਮਿਕ ਆਜ਼ਾਦੀ ਹਿੱਤ ਹੋਈ ਸ਼ਹਾਦਤ ਨੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਬਾਬੇ (ਹਰਗੋਬਿੰਦ ਸਾਹਿਬ) ਦੇ ਮੀਰੀ ਅਤੇ ਪੀਰੀ ਦੇ ਸਿਧਾਂਤ ਦੀ ਲਗਾਤਾਰਤਾ ਨੂੰ ਬਣਾਈ ਰੱਖਣ ਲਈ ਨਵੀਂ ਵਿਉਂਤਬੰਦੀ ਕਰਨੀ ਪਈ।

ਇਸ ਵਿਉਂਤਬੰਦੀ ਨੂੰ ਅਮਲ ਵਿਚ ਲਿਆਉਣ ਲਈ ਉਨ੍ਹਾਂ ਨੇ 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਦੀ ਚੋਣ ਕੀਤੀ। ਇਸ ਇਤਿਹਾਸਕ ਦਿਹਾੜੇ 'ਤੇ ਗੁਰੂ ਸਾਹਿਬ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਉਪਰ ਇੱਕ ਵਿਸ਼ਾਲ ਧਾਰਮਿਕ ਇਕੱਠ ਕੀਤਾ ਜਿਸ ਦਾ ਮਨੋਰਥ ਇੱਕ ਅਜਿਹੇ ਖ਼ਾਲਸਾ ਪੰਥ ਦੀ ਸਾਜਨਾ ਕਰਨੀ ਸੀ ਜਿਹੜਾ ਸੱਚ ਕਹਿਣ, ਵਾਧਾ ਨਾ ਸਹਿਣ ਅਤੇ ਜ਼ੁਲਮ ਨਾਲ ਟੱਕਰ ਲੈਣ ਲਈ ਹਮੇਸ਼ਾਂ ਤੱਤਪਰ ਰਹੇ।

ਇਸ ਮਨੋਰਥ ਦੀ ਸਿੱਧੀ ਲਈ ਕਲਗੀਧਰ ਪਾਤਸ਼ਾਹ ਹੱਥ ਵਿਚ ਨੰਗੀ ਕ੍ਰਿਪਾਨ ਲੈ ਕੇ ਸਟੇਜ ਉਪਰ ਆਏ ਅਤੇ ਇਕੱਠ ਨੂੰ ਵੰਗਾਰ ਕੇ ਇੱਕ ਸੀਸ ਦੀ ਮੰਗ ਕਰਨ ਲੱਗੇ। ਪਾਤਸ਼ਾਹ ਦੀ ਇਸ ਅਨੋਖੀ ਅਤੇ ਔਖੀ ਵੰਗਾਰ ਨੂੰ ਸੁਣ ਕੇ ਸੰਗਤ ਵਿਚ ਹਲਚੱਲ ਜਿਹੀ ਮੱਚ ਗਈ ਅਤੇ ਕਈਆਂ ਨੇ ਨੀਵੀਂ ਪਾ ਲਈ। ਕੋਈ ਹੁੰਗਾਰਾ ਨਾ ਮਿਲਿਆ ਦੇਖ ਕੇ ਗੁਰੂ ਸਾਹਿਬ ਨੇ ਆਪਣੀ ਮੰਗ ਨੂੰ ਮੁੜ ਦੁਹਰਾਇਆ। ਇਸ ਵਾਰੀ ਬਚਾਅ ਲਈ ਕੁੱਝ ਖਿਸਕਾ ਵੀ ਹੋਣ ਲੱਗਾ ਅਤੇ ਖਿਸਕਾ ਨਾਲ ਇਕੱਠ ਦਾ ਘਟਾਅ ਵੀ। ਪੰਡਾਲ ਵਿਚ ਹੋ ਰਹੇ ਘਟਾਅ ਨੂੰ ਦੇਖ ਕੇ ਗੁਰੂ ਗੋਬਿੰਦ ਸਿੰਘ ਨੇ ਕਿਹਾ-

'ਪਿਆਰਿਓ! ਸਿੱਖੀ ਦੀ ਸ਼ਾਨ ਨੂੰ ਵਧਾਉਣ ਅਤੇ ਅਣਖ ਨਾਲ ਜਿਉਣ ਲਈ ਅੱਜ ਉਨ੍ਹਾਂ ਮਰਜੀਵੜਿਆਂ ਦੀ ਲੋੜ ਹੈ ਜਿਹੜੇ ਸੀਸ ਦੀ ਭੇਟ ਚੜ੍ਹਾ ਕੇ ਮੇਰੀ ਤੇਗ਼ ਦੀ ਪਿਆਸ ਨੂੰ ਬੁਝਾਉਣ ਅਤੇ ਗੁਰੂ-ਘਰ ਦੀਆਂ ਖ਼ੁਸ਼ੀਆਂ ਪਾਉਣ। ਉੱਠੋ! ਕੋਈ ਸੂਰਮਾ ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੋਵੇ।'

ਕਲਗੀਧਰ ਪਾਤਸ਼ਾਹ ਦੇ ਇਹ ਬੋਲ ਭਾਵੇਂ ਦੀਵਾਨ ਵਿਚ ਹਾਜ਼ਰੀ ਭਰ ਰਹੇ ਕਈਆਂ ਦੇ ਕੰਨੀ ਪਏ ਸਨ ਪਰ ਇਨ੍ਹਾਂ ਬਚਨਾਂ ਨੂੰ ਕਮਾਉਣ ਦੀ ਪਹਿਲ ਕਰਨ ਵਾਲੇ ਪਿਆਰੇ ਦਾ ਨਾਮ ਹੈ ਭਾਈ ਦਯਾ ਸਿੰਘ (ਉਸ ਵੇਲੇ ਦਯਾ ਰਾਮ)।

ਸਿੱਖੀ ਨੂੰ ਤਨੋਂ-ਮਨੋਂ ਪਿਆਰ ਕਰਨ ਵਾਲੇ ਭਾਈ ਦਯਾ ਰਾਮ ਜੀ ਦਸਮੇਸ਼ ਪਿਤਾ ਦੇ ਸਨਮੁੱਖ ਹੋਏ ਅਤੇ ਆਪਣਾ ਸੀਸ ਝੁਕਾ ਕੇ ਹੋਈ ਦੇਰੀ ਦੀ ਮੁਆਫ਼ੀ ਮੰਗਣ ਲੱਗੇ।

ਗੁਰੂ ਸਾਹਿਬ ਦੇ ਹੋਰ ਨੇੜੇ ਹੋ ਕੇ ਕਹਿਣ ਲੱਗੇ-

"ਸੱਚੇ ਪਾਤਸ਼ਾਹ! ਇਹ ਸੀਸ ਤੁਸਾਂ ਦੀ ਅਮਾਨਤ ਹੈ,ਇਸ ਨੂੰ ਕੱਟ ਕੇ ਧਰਮ ਦੇ ਲੇਖੇ ਲਾ ਦਿਉ।"

ਕਲਗੀਧਰ ਪਾਤਸ਼ਾਹ ਨੇ ਪੁੱਛਿਆ, "ਤੇਰਾ ਨਾਮ ਕੀ ਹੈ ਅਤੇ ਕਿਥੋਂ ਆਇਆ ਹੈਂ?" "ਜੀ ਮੇਰਾ ਨਾਮ ਦਯਾ ਰਾਮ ਹੈ ਅਤੇ ਮੈਂ ਲਾਹੌਰ ਤੋਂ ਆਇਆ ਹਾਂ।"

ਭਾਈ ਦਯਾ ਰਾਮ ਦਾ ਜਵਾਬ ਸੁਣ ਕੇ ਪਾਤਸ਼ਾਹ ਪ੍ਰਸਨਚਿੰਤ ਹੋਏ ਅਤੇ ਕਹਿਣ ਲੱਗੇ-

'ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਲਾਹੌਰ ਸ਼ਹਿਰ ਨੂੰ ਕਹਿਰ ਦਾ ਘਰ ਕਿਹਾ ਹੈ, ਜੇਕਰ ਲਾਹੌਰ ਤੋਂ ਦਇਆ ਪੰਥ ਵਿਚ ਸ਼ਾਮਿਲ ਹੋਣ ਲਈ ਆਈ ਹੈ ਤਾਂ ਸਾਡਾ ਯਕੀਨ ਹੈ ਸਿੱਖੀ ਦੀ ਚੜ੍ਹਦੀਕਲਾ ਹੋਵੇਗੀ।" (ਰਾਗੀਆਂ, ਢਾਡੀਆਂ, ਕਵੀਸ਼ਰਾਂ ਅਤੇ ਹੋਰ ਪ੍ਰਚਾਰਕਾਂ ਦੇ ਹਵਾਲੇ ਨਾਲ)

ਬਾਂਹੋਂ ਪਕੜ ਕੇ ਗੁਰੂ ਸਾਹਿਬ ਉਸ ਨੂੰ ਤੰਬੂ ਵਿਚ ਲੈ ਗਏ। ਕੁੱਝ ਕੁ ਸਮੇਂ ਬਾਅਦ ਭਾਈ ਦਯਾ, ਰਾਮ ਤੋਂ ਸਿੰਘ (ਅੰਮ੍ਰਿਤ ਪਾਨ ਕਰਕੇ) ਬਣਕੇ ਗੁਰੂ ਗੋਬਿੰਦ ਸਿੰਘ ਦਾ ਪਿਆਰਾ ਅਤੇ ਸਿੱਖੀ ਦਾ ਸਿਤਾਰਾ ਬਣ ਚੁੱਕਾ ਸੀ।ਦਸਮ ਪਾਤਸ਼ਾਹ ਦੀ ਕਿਰਪਾ ਨਾਲ ਭਾਈ ਦਯਾ ਸਿੰਘ ਹੁਣ ਉਸ ਖ਼ਾਲਸਾਈ ਫ਼ੌਜ ਦਾ ਸਿਪਾਹੀ ਬਣ ਗਿਆ ਸੀ ਜਿਹੜੀ ਅਕਾਲ-ਪੁਰਖ ਦੇ ਅਧੀਨ ਰਹਿ ਕੇ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦਾ ਤਾਣ ਬਣਨ ਲਈ ਸਾਜੀ ਗਈ ਸੀ।

ਇੱਕ ਹੋਰ ਇਤਿਹਾਸਕ ਹਵਾਲੇ ਅਨੁਸਾਰ ਭਾਈ ਦਯਾ ਰਾਮ (ਸਿੰਘ) ਦਾ ਜਨਮ ਲਾਹੌਰ ਦੇ ਵਸਨੀਕ ਭਾਈ ਸੁਧਾ (ਸੋਬਤੀ) ਜੀ ਅਤੇ ਮਾਤਾ ਦਿਆਲੀ ਦੇ ਘਰ 26 ਅਗਸਤ 1661 ਈ.(ਸੰਮਤ 1718) ਨੂੰ ਹੋਇਆ। ਭਾਈ ਸੁਧਾ ਜੀ ਡੱਲਾ ਨਿਵਾਸੀ ਭਾਈ ਪਾਰੋ ਦੀ ਕੁੱਲ ਵਿਚੋਂ ਸਨ, ਜੋ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਪੱਕੇ ਸ਼ਰਧਾਲੂ ਸਨ। ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਅਕਸਰ ਸ੍ਰੀ ਆਨੰਦਪੁਰ ਸਾਹਿਬ ਆਉਂਦੇ-ਜਾਂਦੇ ਰਹਿੰਦੇ ਸਨ।

1677 ਈਂ ਵਿਚ ਭਾਈ ਸੁਧਾ ਸੋਬਤੀ ਜੀ ਜਦੋਂ ਸ੍ਰੀ ਆਨੰਦਪੁਰ ਸਾਹਿਬ ਆਏ ਤਾਂ ਨਾਲ ਉਨ੍ਹਾਂ ਦਾ ਫ਼ਰਜੰਦ ਦਯਾ ਰਾਮ ਵੀ ਆਇਆ। ਉਸ ਵਕਤ ਉਸ ਦੀ ਆਯੂ 17 ਕੁ ਸਾਲ ਦੀ ਸੀ। ਆਨੰਦਪੁਰ ਸਾਹਿਬ ਵਿਚ ਰਹਿ ਕੇ ਉਸ ਦਾ ਮਨ ਐਸਾ ਆਨੰਦਿਤ ਹੋਇਆ ਕਿ ਉਸ ਨੇ ਘਰ ਵਾਪਸੀ ਦਾ ਖ਼ਿਆਲ ਹੀ ਤਿਆਗ ਦਿੱਤਾ।



ਇਸ ਤੋਂ ਬਾਅਦ ਉਸ ਨੇ ਆਪਣਾ ਸਾਰਾ ਜੀਵਨ ਦਸਮੇਸ਼ ਪਾਤਸ਼ਾਹ ਦੀ ਹਜ਼ੂਰੀ ਵਿਚ ਹੀ ਬਤੀਤ ਕੀਤਾ। ਪੂਰਵ ਖ਼ਾਲਸਾ-ਕਾਲ ਅਤੇ ਉਤਰ ਖ਼ਾਲਸਾ-ਕਾਲ ਦੀਆਂ ਲੜਾਈਆਂ ਵਿਚ ਉਹ ਗੁਰੂ-ਘਰ ਦਾ ਡੱਟਵਾਂ ਸਾਥ ਦਿੰਦਾ ਰਿਹਾ ਅਤੇ ਸਿੱਖੀ ਦਾ ਮਾਣ ਵਧਾਉਂਦਾ ਰਿਹਾ।

ਪੰਜ ਪਿਆਰਿਆਂ ਵਿਚ ਭਾਈ ਦਯਾ ਸਿੰਘ ਦਾ ਅਹਿਮ ਅਤੇ ਬੜਾ ਸਤਿਕਾਰਯੋਗ ਸਥਾਨ ਸੀ। ਉਹ ਗੁਰੂ ਸਾਹਿਬ ਦਾ ਹਮਰਾਜ਼ ਅਤੇ ਸਲਾਹਕਾਰ ਵੀ ਰਿਹਾ ਹੈ। ਉਸ ਨੇ ਤਿੰਨ ਦਹਾਕੇ (31 ਸਾਲ) ਤੋਂ ਵੱਧ ਸਮਾਂ ਗੁਰੂ ਸਾਹਿਬ ਦੀ ਸੰਗਤ ਕੀਤੀ ਅਤੇ ਆਖਰੀ ਸਮੇਂ ਤੱਕ ਵੀ ਉਨ੍ਹਾਂ ਦੇ ਨਾਲ ਹੀ ਰਿਹਾ।

ਭਾਈ ਧਰਮ ਸਿੰਘ ਦੇ ਨਾਲ ਰਲ ਕੇ ਜੇਤੂ ਚਿੱਠੀ (ਜ਼ਫ਼ਰਨਾਮਾ) ਨੂੰ ਔਰੰਗਜ਼ੇਬ (ਔਰੰਗਾਬਾਦ) ਤੱਕ ਪਹੁੰਚਾਉਣ ਵਿਚ ਵੀ ਭਾਈ ਦਯਾ ਸਿੰਘ ਦੀ ਵਿਸ਼ੇਸ਼ ਭੂਮਿਕਾ ਰਹੀ ਹੈ।

7 ਅਕਤੂਬਰ 1708 ਈ. ਨੂੰ ਦੱਖਣ ਦੀ ਧਰਤੀ (ਨੰਦੇੜ ਸਾਹਿਬ ਵਿਖੇ) 'ਤੇ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਸਮਾਅ ਗਏ। ਭਾਈ ਦਯਾ ਸਿੰਘ ਨੂੰ ਗੁਰੂ ਸਾਹਿਬ ਦਾ ਵਿਛੋੜਾ ਅਸਹਿ ਲੱਗਣ ਲੱਗਾ ਅਤੇ ਕੁੱਝ ਸਮੇਂ ਤੋਂ ਬਾਅਦ ਉਹ ਵੀ ਨੰਦੇੜ ਸਾਹਿਬ ਵਿਖੇ ਹੀ ਅਕਾਲ ਚਲਾਣਾ ਕਰ ਗਏ। ਪੰਜ ਪਿਆਰਿਆਂ ਦੇ ਜਥੇਦਾਰ ਭਾਈ ਦਯਾ ਸਿੰਘ ਜੀ ਦਾ ਜਨਮ ਦਿਹਾੜਾ 26 ਅਗਸਤ ਨੂੰ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ।


#1348/17/1 ਗਲੀ ਨੰ:8
ਐਕਸਟੈਨਸ਼ਨ (ਲੁਧਿਆਣਾ)
ਮੋ:9463132719

## ਰਵਨੀਤ ਬਿੱਟੂ ਦੇ ਪੱਗ ਬਨਵ੍ਹਾਈ ਸੀ 'ਅਤਿਵਾਦੀ' ਨੇ!

ਅਜੋਕੇ ਸਾਰੇ ਸਿਆਸਤਦਾਨਾਂ ਦਾ ਵਿਵਹਾਰ ਅਜਿਹਾ ਹੋ ਗਿਆ ਹੈ ਕਿ ਉਹ ਨਹੀਂ ਚਾਹੁੰਦੇ ਕਿ ਕੋਈ ਉਨ੍ਹਾਂ ਵਲੋਂ ਭੂਤ-ਕਾਲ 'ਚ ਕਹੀਆਂ ਗੱਲਾਂ ਜਾਂ ਕੀਤੇ ਦਾਅਵਿਆਂ ਦਾ ਵਰਤਮਾਨ ਨਾਲ਼ ਟਾਕਰਾ ਕਰਕੇ ਸਵਾਲ ਪੁੱਛੇ।ਕਿਸੇ ਵਿਰੋਧੀ ਦੀ 'ਮੁਕਾਣੇ ਵੀ ਨਾ ਜਾਣ' ਦੇ ਐਲਾਨ ਕਰਨ ਵਾਲ਼ਾ ਆਗੂ ਜਦ ਉਸੇ ਵਿਰੋਧੀ ਦੇ ਗੋਡੇ ਮੁੱਢ ਬਹਿ ਕੇ ਉਸਦੇ ਸੋਹਲੇ ਗਾਉਣ ਲੱਗ ਪਵੇ ਤਾਂ ਕੋਈ ਜਣਾ ਉਸਨੂੰ 'ਮੁਕਾਣੇ ਨਾ ਜਾਣ ਵਾਲ਼ਾ ਮੁਹਾਵਰਾ' ਯਾਦ ਕਰਵਾ ਵੀ ਦੇਵੇ ਤਾਂ ਉਹਦੀ ਸਿਹਤ 'ਤੇ ਕੋਈ ਅਸਰ ਨਹੀਂ ਹੋਣਾ !

ਅਮਰੀਕਾ ਵਿਚ ਰਾਹੁਲ ਗਾਂਧੀ ਵਲੋਂ ਸਿੱਖਾਂ ਦੇ 'ਹੇਜ' ਵਿਚ ਦਿੱਤੇ ਬਿਆਨ ਤੋਂ ਬਾਅਦ ਕਾਂਗਰਸੀ ਪਰ ਹੁਣ ਭਾਜਪਾ ਦੇ ਆਗੂ ਬਣੇ ਸ੍ਰੀ ਰਵਨੀਤ ਸਿੰਘ ਬਿੱਟੂ ਨੇ ਰਾਹੁਲ ਗਾਂਧੀ ਨੂੰ ਉਕਤ ਬਿਆਨ ਬਦਲੇ 'ਅਤਿਵਾਦੀ' ਕਿਹਾ! ਇਹ 'ਵਿਸ਼ੇਸ਼ਣ' ਪੜ੍ਹ ਕੇ ਨਾ ਮੈਨੂੰ ਰਾਹੁਲ ਗਾਂਧੀ ਪ੍ਰਤੀ ਕੋਈ ਹਮਦਰਦੀ ਹੋਈ ਹੈ ਤੇ ਨਾ ਹੀ ਸ੍ਰੀ ਬਿੱਟੂ ਉੱਤੇ ਕੋਈ ਹਿਰਖ ਹੋਇਆ।ਮੈਨੂੰ ਤਾਂ ਸਿਰਫ ਸੰਨ 2009 ਦਾ ਉਹ ਸਮਾਂ ਯਾਦ ਆ ਗਿਆ ਜਦ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤ ਕੇ ਸ੍ਰੀ ਬਿੱਟੂ ਪਹਿਲੀ ਵਾਰ ਐੱਮ.ਪੀ ਬਣੇ ਸਨ।ਰਵਾਇਤ ਮੁਤਾਬਕ ਜਿੱਤਣ ਤੋਂ ਬਾਅਦ ਉਹ ਫੁੱਲਾਂ ਦੇ ਬੁੱਕੇ ਅਤੇ ਮਠਿਆਈ ਦਾ ਡੱਬਾ ਦੇਣ ਗਏ ਸਨ ਬੀਬੀ ਸੋਨੀਆਂ ਗਾਂਧੀ ਦੇ ਘਰੇ ਰਾਹੁਲ ਗਾਂਧੀ ਨੂੰ।

ਰਾਹੁਲ ਗਾਂਧੀ ਨੇ ਵਿਲੱਖਣ ਗੱਲ ਕਰਦਿਆਂ ਉਸ ਵੇਲੇ ਕਲੀਨ-ਸ਼ੇਵਨ ਸ੍ਰੀ ਬਿੱਟੂ ਨੂੰ ਸਲਾਹ ਦਿੱਤੀ ਕਿ ਤੂੰ ਪੰਜਾਬੀ ਸਿੱਖ ਪੁੱਤਰ ਹੈਂ ਇਸ ਕਰਕੇ ਦਸਤਾਰ ਜਰੂਰ ਸਜਾਇਆ ਕਰ! ਇਸ ਅਹਿਮ ਵਾਕਿਆ ਦੀ ਅਖਬਾਰੀ ਖਬਰ ਮੈਨੂੰ ਹੁਣ ਤੱਕ ਇਸ ਕਾਰਨ ਚੇਤੇ ਹੈ ਕਿਉਂਕਿ ਉਨ੍ਹਾਂ ਹੀ ਦਿਨਾਂ ਵਿਚ ਇਕ ਕਲੀਨ-ਸ਼ੇਵਨ ਆਗੂ ਨੂੰ ਸੁਖਬੀਰ ਬਾਦਲ ਨੇ ਅਕਾਲੀ ਦਲ ਵਿਚ ਸ਼ਾਮਲ ਕਰਿਆ ਸੀ।ਮੈਂ ਇਨ੍ਹਾਂ ਦੋਹਾਂ ਖਬਰਾਂ ਨੂੰ ਸਾਹਮਣੇ ਰੱਖ ਕੇ ਇਕ ਛੋਟਾ ਲੇਖ ਲਿਖਿਆ ਸੀ ਕਿ ਦੇਖੋ ਸਮਾਂ ਕੈਸੇ ਕੈਸੇ ਰੰਗ ਦਿਖਾ ਦਿੰਦਾ ਹੈ ਕਿ ਅਕਾਲੀ ਦਲ ਵਲੋਂ ਦਿਨ ਰਾਤ ਸਿੱਖ ਵਿਰੋਧੀ ਕਹੀ ਜਾਂਦੀ ਕਾਂਗਰਸ ਦਾ ਮੁਖੀ ਤਾਂ ਇਕ ਕਲੀਨ-ਸ਼ੇਵਨ ਨੂੰ ਪੱਗ ਬੰਨ੍ਹਵਾ ਰਿਹਾ ਹੈ ਪਰ ਅਕਾਲੀ ਦਲ ਵਾਲ਼ੇ ਇਕ ਬਿਨਾਂ ਪੱਗ ਵਾਲ਼ੇ ਆਗੂ ਨੂੰ 'ਪੰਥਕ ਪਾਰਟੀ' ਵਿਚ ਸ਼ਾਮਲ ਕਰ ਰਹੇ ਹਨ ! ਉਦੋਂ ਮੇਰਾ ਇਹ ਟਿੱਪਣੀ-ਨੁਮਾ ਲੇਖ ਦੇਸ-ਵਿਦੇਸ਼ ਦੀਆਂ ਕਈ ਅਖਬਾਰਾਂ ਵਿਚ ਛਪਿਆ ਸੀ,ਜੋ ਮੈਨੂੰ ਹੁਣ ਅਚਾਨਕ ਚੇਤੇ ਆ ਗਿਆ ! ਨਾਲ਼ੇ ਯਾਦ ਆਈ ਇਹ ਕਹਾਵਤ ਅਖੇ ਨਵਾਂ ਨਵਾਂ ਕਾਜ਼ੀ ਉੱਚੀ ਉੱਚੀ ਬਾਂਗਾਂ !



ਤਰਲੋਚਨ ਸਿੰਘ ਦੁਪਾਲ ਪੁਰ
001-408-915-1268

ਜੈ ਸ੍ਰੀ ਗੁਰੂ ਰਵਿਦਾਸ ਜੀ ੴ ਸਤਿਗੁਰ ਪ੍ਰਸਾਦਿ ॥ ਜੈ ਸ੍ਰੀ ਗੁਰੂ ਰਵਿਦਾਸ ਜੀ

MAY ALL HUMANITY PROSPER BY THY GRACE

ਐਸੀ ਲਾਲ ਤੁਝ ਬਿਨੁ ਕਉਨੁ ਕਰੈ।।

# Shri Guru Ravi Dass Sabha (Regd) Southall

REGISTERED AS CHARITY No. 273317

282 WESTERN ROAD, SOUTHALL, MIDDLESEX UB2 5JT

TELEPHONE : 020-8574-0245, 020-8574-0528

# NOTICE/ਨੋਟਿਸ

## ਸਾਲਾਨਾ ਜਨਰਲ ਬਾਡੀ ਮੀਟਿੰਗ

ਦਿਨ ਐਤਵਾਰ ਮਿਤੀ 3 ਨਵੰਬਰ 2024 ਨੂੰ ਸ਼ਾਮ 4 ਵਜੇ ਗੁਰੂ ਘਰ ਵਿਖੇ ਸ਼ੁਰੂ ਹੋਵੇਗੀ ।

ਪਿਆਰੇ ਮੈਂਬਰ ਸਾਹਿਬਾਨ ਜੀਉ,

ਜੈ ਸ੍ਰੀ ਗੁਰੂ ਰਵਿਦਾਸ ਜੀ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਸਲਾਨਾ ਮੀਟਿੰਗ ਦਿਨ ਐਤਵਾਰ 3 ਨਵੰਬਰ 2024 ਨੂੰ ਸ਼ਾਮ 4 ਵਜੇ ਗੁਰੂਘਰ ਵਿਖੇ ਸ਼ੁਰੂ ਹੋਵੇਗੀ । ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਸਲਾਨਾ ਮੀਟਿੰਗ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ । ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਆਪਣੀ ਫੋਟੋ ਵਾਲਾ ਆਈ ਡੀ ਕਾਰਡ ਹੋਣਾ ਜ਼ਰੂਰੀ ਹੈ। ਇਸ ਤੋਂ ਬਿਨਾਂ ਕੋਈ ਵੀ ਮੈਂਬਰ ਮੀਟਿੰਗ ਵਿੱਚ ਹਾਜ਼ਰ ਨਹੀਂ ਹੋ ਸਕਦਾ। ਅਸੀਂ ਸਾਰੇ ਮੈਂਬਰਾਂ ਨੂੰ ਹਾਜ਼ਰ ਹੋਣ ਅਤੇ ਯੋਗਦਾਨ ਪਾਉਣ ਦੀ ਬੇਨਤੀ ਕਰਦੇ ਹਾਂ, ਹਮੇਸ਼ਾ ਦੀ ਤਰ੍ਹਾਂ ਤੁਹਾਡੇ ਸਮਰਥਨ ਦੀ ਬੇਹੱਦ ਸ਼ਲਾਘਾ ਕੀਤੀ ਜਾਂਦੀ ਹੈ।

### ਮੀਟਿੰਗ ਦਾ ਏਜੰਡਾ :

* ਪ੍ਰਧਾਨ ਵੱਲੋਂ ਜੀ ਆਇਆਂ
* ਪਿਛਲੀ ਜਨਰਲ ਬਾਡੀ ਮੀਟਿੰਗ ਦੇ ਮਿਨਿਟਸ
* ਜਨਰਲ ਸਕੱਤਰ ਦੀ ਰਿਪੋਰਟ
* ਵਿੱਤ ਸਕੱਤਰ ਦੀ ਰਿਪੋਰਟ
* ਅਗਲੀ ਐਗਜੈਕਟਿਵ ਕਮੇਟੀ ਦੀ ਸਰਬ ਸੰਮਤੀ ਨਾਲ ਚੋਣ ਦਾ ਫੈਸਲਾ
* ਨਵੇਂ ਟਰਸਟੀਆਂ ਦੀ ਸਰਬ ਸੰਮਤੀ ਨਾਲ ਚੋਣ
* ਕੋਈ ਹੋਰ ਕਾਰੋਬਾਰ
* ਪ੍ਰਧਾਨ ਦੁਆਰਾ ਧੰਨਵਾਦ

ਆਪ ਜੀ ਦੇ ਸੇਵਾਦਾਰ

ਆਤਮਾ ਰਾਮ ਢਾਂਡਾ — ਪ੍ਰਧਾਨ

ਸ਼ਿਵ ਰੱਤੂ — ਜਨਰਲ ਸੈਕਟਰੀ

## ANNUAL GENERAL BODY MEETING ON

## SUNDAY 3rd November 2024 @ 4 PM SHARP

Dearest Members,

Jai Shri Guru Ravidass Ji !

Notice is hereby given to the members that the Annual General Body Meeting of Shri Guru Ravidass Sabha (Regd.) 282-Western Road, Southall, Middlesex-UB2 5JT will be held on Sunday 3rd November, 2024 at 4 pm sharp at the Main Prayer Hall of Shri Guru Ravidass Temple. You are requested to please attend on time. Please bring your ID photo card to attend the general body meeting. Without ID card you cannot attend the meeting.

We request all members to attend and contribute, Your support, is much appreciated

The Agenda of the said meeting will be as follows :-

* Welcome by the President
* Minutes of the last General Body Meeting
* General Secretary's Report
* Finance Secretary Report
* To decide about Next Executive Committees Selection.
* To Select New Trustees.
*A.O.B
* Thanks by the President.

Yours Sincerely

Atma Ram Dhanda — President

Shiv Rattu — General Secretary

ਸੰਗਤਾਂ ਦੇ ਸੇਵਾਦਾਰ – ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ (ਰਜਿ:) ਸਾਊਥਾਲ

282 ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ UB2 5JT

Tel : 0208 574 0245, 020 8574 0528 FAX : 0208 574 8967 www.sgrds.org

# ਸ੍ਰੀ ਗੁਰੂ ਰਾਮਦਾਸ ਜੀ-ਜੀਵਨ ਸਾਖੀਆਂ ਵਿਚ ਸਿੱਖਿਆ

ਡਾਕਟਰ ਇੰਦਰਜੀਤ ਸਿੰਘ ਗੋਗੋਆਣੀ

• • •



ਸ੍ਰੀ ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ, 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ' ਭਾਵ ਵਿਰਸੇ ਤੇ ਵਿਰਾਸਤ 'ਚ ਪੁਰਖਿਆਂ ਦੀਆਂ ਕਥਾਵਾਂ ਪੁੱਤਰਾਂ ਨੂੰ ਸਪੁੱਤਰ ਬਣਾਉਂਦੀਆਂ ਹਨ। ਇਸੇ ਤਰ੍ਹਾਂ ਗੁਰ ਇਤਿਹਾਸ 'ਚ ਸਾਖੀਆਂ ਸਾਡੀ ਅਮੀਰ ਵਿਰਾਸਤ ਹਨ, ਜੋ ਸਿੱਖਿਆ ਰਾਹੀਂ ਕੌਮੀ ਵਾਰਸਾਂ ਦਾ ਹਰ ਯੁੱਗ 'ਚ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ।

ਅਸੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਇਤਿਹਾਸ ਵਿਚੋਂ ਪ੍ਰਚੱਲਿਤ ਤਿੰਨ ਸਾਖੀਆਂ ਚੁਣੀਆਂ ਹਨ। ਸਾਖੀਆਂ ਵਿਚੋਂ ਸਿੱਖਿਆ ਕੀ ਮਿਲਦੀ ਹੈ, ਇਹ ਤੱਤਸਾਰ ਹੈ।

* ਸੰਸਾਰੀ ਪ੍ਰੀਖਿਆ 'ਚ ਨਿਰੰਕਾਰੀ ਉਪਦੇਸ਼: ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਇਤਿਹਾਸ ਵਿਚ ਥੜ੍ਹੇ ਬਣਾਉਣ ਵਾਲੀ ਸਾਖੀ ਸਭਨਾਂ ਦੀ ਸਿਮਰਤੀ ਵਿਚ ਹੈ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਦੋਨੋਂ ਦਾਮਾਦ ਭਾਈ ਰਾਮਾ ਜੀ ਤੇ ਸ੍ਰੀ ਰਾਮਦਾਸ ਜੀ ਨੂੰ ਫ਼ਰਮਾਇਆ ਕਿ ਸਾਡੇ ਟਿਕਾਣੇ ਲਈ ਇਸ ਸਥਾਨ ਉਪਰ ਦੋ ਸੋਹਣੇ ਥੜ੍ਹੇ ਉਸਾਰੋ। ਦੋਵਾਂ ਨੇ ਪੂਰੀ ਰੀਝ ਨਾਲ ਥੜ੍ਹੇ ਬਣਾਏ ਅਤੇ ਜਦ ਸ਼ਾਮ ਨੂੰ ਤੀਜੇ ਪਾਤਿਸ਼ਾਹ ਜੀ ਨੇ ਦੇਖੇ ਤਾਂ ਕਿਹਾ ਕਿ ਇਹ ਥੜ੍ਹੇ ਠੀਕ ਨਹੀਂ ਬਣੇ ਹਨ। ਇਸ ਤਰ੍ਹਾਂ ਜਦ ਦੋ-ਤਿੰਨ ਵਾਰ ਥੜ੍ਹੇ ਨਾ ਪਸੰਦ ਕੀਤੇ ਗਏ ਤਾਂ ਭਾਈ ਰਾਮਾ ਜੀ ਪੁਕਾਰ ਉੱਠੇ ਕਿ ਸਤਿਗੁਰੂ ਜੀ ! ਤੁਹਾਡੀ ਅਵਸਥਾ ਵਡੇਰੀ ਹੋਣ ਕਰਕੇ ਭੁੱਲ ਜਾਂਦੇ ਹੋ, ਮੈਂ ਤਾਂ ਤੁਹਾਡੇ ਕਹੇ ਅਨੁਸਾਰ ਹੀ ਬਣਾਉਂਦਾ ਹਾਂ ਅਤੇ ਇਸ ਤੋਂ ਚੰਗਾ ਹੋਰ ਮੈਂ ਬਣਾ ਵੀ ਨਹੀਂ ਸਕਦਾ। ਦੂਜੇ ਪਾਸੇ ਸ੍ਰੀ ਰਾਮਦਾਸ ਜੀ ਦਾ ਉੱਤਰ ਸੀ ਕਿ ਸੱਚੇ ਸਤਿਗੁਰੂ ਜੀ ਬਖ਼ਸ਼ ਦਿਓ - ਮੈਂ ਅਣਜਾਣ ਹਾਂ, ਤੁਹਾਡੇ ਬਚਨ ਸਮਝਣ 'ਚ ਮੇਰੇ ਕੋਲੋਂ ਕੋਈ ਕਸਰ ਰਹਿ ਜਾਂਦੀ ਹੈ। ਤੁਸੀਂ ਹੀ ਕਿਰਪਾ ਕਰੋ ਕਿ ਮੈਂ ਠੀਕ ਬਣਾ ਸਕਾਂ।

ਦਰਅਸਲ ਇਹ ਤਾਂ ਇਕ ਸੰਸਾਰੀ ਪ੍ਰੀਖਿਆ ਸੀ। ਤੱਤਗਿਆਨ ਕਿ ਇਕ ਸਿੱਖ ਦਾ ਸਤਿਗੁਰਾਂ ਪ੍ਰਤੀ ਪਿਆਰ, ਸਹਿਜਤਾ, ਨਿਮਰਤਾ, ਸਹਿਣਸ਼ੀਲਤਾ ਤੇ ਹੁਕਮ ਮੰਨਣ ਦੀ ਸਮਰੱਥਾ ਦਾ ਇਮਤਿਹਾਨ ਸੀ। ਥੜ੍ਹੇ ਦੀ ਬਾਹਰੀ ਸਿਰਜਣਾ-ਹਿਰਦਾ ਰੂਪੀ ਥੜ੍ਹੇ ਦੀ ਉਸਾਰੀ ਸੀ, ਜਿਥੇ 'ਗੁਰੂ ਨਾਨਕ ਜੋਤਿ' ਨੇ ਆਸਣ ਧਾਰਨ ਕਰਨਾ ਸੀ। ਇਥੇ ਸਾਡੇ ਸੰਸਾਰੀਆਂ ਲਈ ਸਿੱਖਿਆ ਹੈ ਕਿ ਉੱਚ ਅਹੁਦੇ ਤੇ ਵੱਡੀਆਂ ਜ਼ਿੰਮੇਵਾਰੀਆਂ-ਸੰਤੋਖ ਤੇ ਸਹਿਣਸ਼ੀਲਤਾ ਤੋਂ ਬਗੈਰ ਨਹੀਂ ਨਿਭ ਸਕਦੀਆਂ। ਬਹਿਰੂਨੀ ਪ੍ਰੀਖਿਆਵਾਂ- ਅੰਦਰੂਨੀ ਘਾੜਤ ਦਾ ਆਧਾਰ ਹੁੰਦੀਆਂ ਹਨ। ਵਿਰਸੇ ਤੇ ਵਿਰਾਸਤ 'ਚ ਮਿਲੀਆਂ ਸਿੱਖਿਆਵਾਂ ਗੁਰੂ ਵਾਰਸਾਂ ਲਈ ਸਦੀਵ ਪ੍ਰੇਰਕ ਸ਼ਕਤੀ ਹੁੰਦੀਆਂ ਹਨ।

* ਹਉਮੈ ਅਤੇ ਹਲੀਮੀ ਦੀ ਜੰਗ 'ਚ ਕੌਣ ਜਿੱਤਿਆ ?

ਪ੍ਰਚੱਲਿਤ ਸਾਖੀ ਅਨੁਸਾਰ ਇਕ ਵਾਰ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ, ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਵਾਸਤੇ ਸ੍ਰੀ ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ) ਵਿਖੇ ਆਏ। ਸਤਿਗੁਰੂ ਜੀ ਬਹੁਤ ਹੀ ਆਦਰ ਸਤਿਕਾਰ ਨਾਲ ਮਿਲੇ। ਫਿਰ ਬਾਬਾ ਸ੍ਰੀ ਚੰਦ ਜੀ ਦੇ ਮਨ 'ਚ ਫੁਰਨਾ ਆਇਆ ਕਿ ਵੇਖੀਏ ਤਾਂ ਸਹੀ ਕਿਹੜੇ ਗੁਣਾਂ ਸਦਕਾ ਸ੍ਰੀ ਗੁਰੂ ਨਾਨਕ ਜੀ ਦੀ ਗੁਰਿਆਈ ਸ੍ਰੀ ਗੁਰੂ ਰਾਮਦਾਸ ਜੀ ਪਾਸ ਹੈ। ਬਾਬਾ ਸ੍ਰੀ ਚੰਦ ਜੀ ਨੇ ਕਿਹਾ ਕਿ ਪੁਰਖਾ ! ਦਾੜ੍ਹਾ ਕਿਉਂ ਏਨਾ ਲੰਬਾ ਰੱਖਿਆ ਏ ? ਅੱਗੋਂ ਨਿਮਰਤਾ ਦੇ ਪੁੰਜ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਬੋਲੇ: 'ਆਪ ਜੈਸੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ।' ਬਾਬਾ ਸ੍ਰੀ ਚੰਦ ਜੀ ਪੁਕਾਰ ਉਠੇ: ਧੰਨ ਹੋ, ਧੰਨ ਹੋ। ਦਰਅਸਲ ਗੁਰੂ ਨਾਨਕ ਘਰ ਦੇ ਤੁਸੀਂ ਹੀ ਸਹੀ ਅਧਿਕਾਰੀ ਹੋ। ਆਪ ਦੀ ਸਿੱਖੀ ਧੰਨ ਹੈ।

ਭਾਵੇਂ ਬਾਬਾ ਸ੍ਰੀ ਚੰਦ ਜੀ ਦਾ ਉਦਾਸੀ ਮੱਤ ਸੀ, ਪਰ ਗੁਰੂ ਨਾਨਕ ਦੇ ਘਰ ਈਰਖਾ ਨਹੀਂ, ਪਿਆਰ ਹੈ। ਧਰਮ ਦੇ ਖੇਤਰ 'ਚ 'ਪ੍ਰੇਮ ਕਲਾ' ਹੀ ਅੰਤ ਫ਼ਤਹਿ ਪਾਉਂਦੀ ਹੈ। ਅਸੀਂ ਲਿਖਤਾਂ ਤੇ ਪ੍ਰਚਾਰ ਰਾਹੀਂ ਕਈ ਵਾਰ ਦੂਜਿਆਂ ਪ੍ਰਤੀ ਅਤਿ ਨੀਵੇਂ ਚਲੇ ਜਾਂਦੇ ਹਾਂ। ਸਮਝਣਾ ਜ਼ਰੂਰੀ ਹੈ ਕਿ ਕੈਂਚੀਆਂ ਬਣ ਕੇ ਕੱਟਣ ਨਾਲ ਪ੍ਰਚਾਰ ਨਹੀਂ ਹੋਣਾ, ਸੂਈਆਂ ਬਣ ਕੇ ਕੱਟਿਆਂ ਨੂੰ ਸੀਉਣ ਦਾ ਯਤਨ ਕਰੀਏ। ਨਫ਼ਰਤਵਾਦੀ ਸ਼ਬਦ ਜਥੇਬੰਦਕ ਧਰਮ ਦਾ ਨੁਕਸਾਨ ਵਧੀਕ ਕਰ ਜਾਂਦੇ ਹਨ ਅਤੇ ਪਿਆਰ ਭਰੇ ਬੋਲ ਸਦੀਵ ਖੇੜਾ ਵਰਤਾਉਂਦੇ ਹਨ।

* ਸਿਮਰਨ ਦੀ ਮਹਿਮਾ ਤੇ ਸੰਦੇਸ਼:

'ਸਿੱਖਾਂ ਦੀ ਭਗਤ ਮਾਲਾ' (ਕਿਬ: ਸ਼ਹੀਦ ਭਾਈ ਮਨੀ ਸਿੰਘ ਜੀ, ਸੰਪਾਦਿਤ: ਭਾਈ ਵੀਰ ਸਿੰਘ ਜੀ) 'ਚ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਸਾਖੀ ਹੈ।'ਧਰਮ ਦਾਸੁ ਖੋਟੜਾ ਤੇ ਡੂਗਰ ਦਾਸ ਤਕਿਆਰੁ ਤੇ ਦੀਪਾ ਤੇ ਜੇਠਾ ਤੇ ਤੀਰਥਾ ਤੇ ਬੂਲਾ, ਸਭੇ ਗੁਰੂ ਰਾਮਦਾਸ ਜੀ ਦੇ ਪਾਸ ਆਏ। ਆਇਕੇ ਅਰਦਾਸ ਕੀਤੀਓਨੇ: ਜੀ ਤੁਸਾਡੀ ਸਰਨਿ ਆਏ ਹਾਂ, ਕਿਵੇਂ ਅਸਾਡਾ ਉਧਾਰ ਹੋਵੇ। ਤਾਂ ਬਚਨੁ ਹੋਇਆ: ਤੁਸਾਂ ਆਪਣੇ ਮਨ ਕਾ ਹੰਕਾਰੁ ਤਿਆਗਣਾ, ਜਿਥੇ ਸਾਧ ਸੰਗਤਿ ਕਥਾ ਕੀਰਤਨ ਹੋਵੈ ਤਿਥੈ ਦੋਨੋ ਵੇਲੇ ਚਲਕੇ ਜਾਵਣਾ, ਪਿਛਲੀ ਰਾਤਿ ਉਠਿ ਕੇ ਇਸ਼ਨਾਨ ਕਰਕੇ ਵਾਹਿਗੁਰੂ ਦਾ ਨਾਮ ਜਪਣੂ ਮੈਂ ਤੁਸਾਡਾ ਸਦਾ ਸੰਗੀ ਹੋਵਾਂਗਾ। ਇਸੇ ਕਰਕੇ ਉਨ੍ਹਾਂ ਦਾ ਕਲਿਆਣੁ ਹੋਇਆ।'

ਇਨ੍ਹਾਂ ਸਮੂਹ ਸਾਖੀਆਂ ਦੀ ਸਿੱਖਿਆ ਸਭਨਾਂ ਲਈ ਚੇਤਨਾ ਭਰਪੂਰ ਹੈ।ਗੁਰਬਾਣੀ, ਗੁਰ ਇਤਿਹਾਸ, ਗੁਰ ਸਾਖੀਆਂ, ਗੁਰ ਬਚਨ ਤੇ ਗੁਰੂ ਜੱਸ ਆਦਿ ਸਭ ਰੂਹਾਨੀਅਤ ਦਾ ਲੰਗਰ ਹੈ, ਜੇਕਰ ਰੂਹ ਨਾਲ ਛਕਦੇ ਰਹੀਏ ਤਾਂ ਆਤਮਿਕ ਖੇੜਾ ਬਰਕਰਾਰ ਰਹੇਗਾ।


## ਰਾਮਗੜ੍ਹੀਆ ਸਭਾ ਮਿਲਟਨ ਕੀਨਜ਼ ਵਿਖੇ (ਇਕ ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ ਹੈ

ਉਮੀਦਵਾਰ ਸਿੱਖ ਰਹਿਤ ਮਰਿਯਾਦਾ ਵਿਚ ਪੂਰਾ ਅਤੇ ਨਿੱਤਨੇਮੀ ਹੋਵੇ, ਸ਼ੁੱਧ ਪਾਠ ਕਰਨ, ਅਤੇ ਗੁਰਦੁਆਰਾ ਸਾਹਿਬ ਵਿਖੇ ਲੋੜ ਅਨੁਸਾਰ ਸਾਰੀਆਂ ਸੇਵਾਵਾਂ ਨਿੱਭਾਅ ਸਕਣ ਦੇ ਯੋਗ ਹੋਵੇ / ਹੋਣਾ ਚਾਹੀਦਾ ਹੈ ।

ਮੁੱਖ ਸੇਵਾਵਾਂ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਆਸਣ ਸਮੇਂ ਹੈਡ–ਗ੍ਰੰਥੀ ਜੀ ਨੂੰ ਸਹਿਯੋਗ ਦੇਣਾ, ਨਿਤਨੇਮ, ਅਖੰਡ ਪਾਠ ਸਾਹਿਬ, ਸਹਿਜ ਪਾਠ, ਸੁਖਮਨੀ ਸਾਹਿਬ, ਦਾ ਪਾਠ ਅਤੇ ਹਫਤਾਵਾਰੀ ਪ੍ਰੋਗਰਾਮ ਅਤੇ ਹੋਰ ਲੋੜੀਂਦੇ ਧਾਰਮਿਕ ਕਾਰਜਾਂ ਸਮੇਂ ਗੁਰਮਤਿ ਅਨੁਸਾਰ ਹੈਡ ਗ੍ਰੰਥੀ ਜੀ ਨੂੰ ਸਹਿਯੋਗ ਦੇਕੇ ਸੇਵਾਵਾਂ ਨਿਭਾਉਣੀਆਂ ।

ਯੂ ਕੇ ਦੇ ਰੁਜ਼ਗਾਰ (ਇੰਪਲੋਆਇਮੈਂਟ) ਕਨੂੰਨ ਮੁਤਾਬਿਕ ਤਨਖਾਹ, ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ । ਯੂ ਕੇ ਵਿਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ ਅਤੇ ਯੂ ਕੇ ਵਿਚ ਪੱਕੇ ਰਹਿ ਰਹੇ ਪ੍ਰਾਰਥੀਆਂ ਨੂੰ ਪਹਿਲ ਦਿਤੀ ਜਾਵੇਗੀ ।

ਚਾਹਵਾਨ ਗੁਰਸਿੱਖ ਸੇਵਾਦਾਰ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਨਾਲ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ । ਅਰਜ਼ੀਆਂ ਅਤੇ ਸੀਵੀ (CV) ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਨੂੰ ਹੇਠਾਂ ਲਿਖੇ ਈਮੇਲ ਤੇ 25 ਅਕਤੂਬਰ 2024 ਤੱਕ ਭੇਜਣ ਦੀ ਕਿਰਪਾਲਤਾ ਕਰਨੀ ਜੀ।

**CLOSING DATE FOR APPLICATIONS IS 25TH OCTOBER 2024.**

**For more information, please contact the General Secretary via email at: rsmksabha1995@gmail.com.**

**Interested candidates please send your application/CV to the General Secretary via Email at: rsmksabha1995@gmail.com.**

## VACANCY FOR RELIGIOUS WORKER (TIER 5) AT RAMGARHIA SABHA, MILTON KEYNES

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

**Duties & responsibilities:**
To undertake non-pastoral work and support activities to assist the Minister of Religion (Head Priest) as and when required at all religious duties within the organisation.
Duties include reading of the Sri Guru Granth Sahib Ji, participating in weekly diwans to support the activities of the Gurudwara. Performing Akhand Path, Sehaj Path, assist in Kirtan and reciting daily prayers from Sri Guru Granth Sahib Ji. Co-ordinate all religious programs and events in promotion of Sikh way of life. Undertake any other reasonable religious duties/activities in pursuing the organisation's religious programs.

**Please note:** This is not a Pastoral role and duties will not include leading a congregation.

**Salary:** According to UK Employment Law and National minimum wage for a minimum of 35 hours a week.


**Employee Benefits:** Free Food and subsidised accommodation will be provided at the Gurudwara Sahib.

**Other requirements:** Applicant has to be a UK resident or must have the right to work in the UK.
Must be able to provide references from previous employers.
The successful applicant will be required to abide by the Sikh moral codes of conduct and practice.

## RAMGARHIA SABHA MILTON KEYNES

**TILERS ROAD, KILN FARM, MILTON KEYNES MK11 3LH**

## ਸਿਹਤ ਤੇ ਸੁੰਦਰਤਾ



# ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਵਿਚ ਕਮਜ਼ੋਰ ਹੋ ਰਹੀ ਹੈ ਯਾਦਦਾਸ਼ਤ


ਅਲਜ਼ਾਈਮਰ ਰੋਗ ਡਿਮੈਂਸ਼ੀਆ ਦੀ ਕਿਸਮ ਹੈ, ਜੋ ਆਮ ਤੌਰ 'ਤੇ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਡਿਮੈਂਸ਼ੀਆ ਦਿਮਾਗ਼ੀ ਸਮੱਸਿਆ ਹੈ, ਜੋ ਯਾਦ ਰੱਖਣ, ਸੋਚਣ, ਭਾਸ਼ਾ ਸਮਝਣ ਅਤੇ ਸਿੱਖਣ ਵਿਚ ਮੁਸ਼ਕਲ ਪੈਦਾ ਕਰਦੀ ਹੈ। ਇਸ ਬਿਮਾਰੀ ਦਾ ਨਾਂ ਜਰਮਨ ਮਨੋਵਿਗਿਆਨੀ ਅਤੇ ਰੋਗ ਵਿਗਿਆਨੀ ਐਲੋਇਸ ਅਲਜ਼ਾਈਮਰ ਦੇ ਨਾਂ 'ਤੇ ਰੱਖਿਆ ਗਿਆ ਹੈ, ਜਿਸ ਨੇ ਪਹਿਲੀ ਵਾਰ 1906 ਵਿਚ ਇਸ ਦਾ ਵਰਣਨ ਕੀਤਾ ਸੀ। ਅਲਜ਼ਾਈਮਰ ਨੂੰ ਦੁਨੀਆ ਭਰ 'ਚ ਮੌਤ ਦੇ ਸੱਤਵੇਂ ਪ੍ਰਮੁੱਖ ਕਾਰਨ ਵਜੋਂ ਦਰਜ ਕੀਤਾ ਗਿਆ ਹੈ। ਕਈ ਤਰ੍ਹਾਂ ਦੇ ਹਾਦਸਿਆਂ ਤੇ ਬਿਮਾਰੀਆਂ ਕਾਰਨ ਮਰੀਜ਼ਾਂ ਦੇ ਦਿਮਾਗ਼ ਅਤੇ ਸਪਾਈਨਲ ਕਾਰਡ 'ਚ ਲੰਮੇ ਸਮੇਂ ਤਕ ਸੋਜ਼ ਰਹਿਣਾ ਇਸ ਦਾ ਪ੍ਰਮੁੱਖ ਲੱਛਣ ਹੈ। ਸਿਰ ਦੀ ਸੱਟ, ਥਾਇਰਾਇਡ ਦੀ ਸਮੱਸਿਆ, ਸਰੀਰ ਵਿਚ ਤਰਲ ਪਦਾਰਥਾਂ ਦੀ ਕਮੀ, ਪੌਸ਼ਟਿਕ ਭੋਜਨ ਨਾ ਖਾਣਾ, ਬਹੁਤ ਜ਼ਿਆਦਾ ਤਣਾਅ 'ਚ ਰਹਿਣਾ, ਡਿਪਰੈਸ਼ਨ ਜਾਂ ਦਵਾਈਆਂ ਦੇ ਮਾੜੇ ਪ੍ਰਭਾਵ ਇਸ ਦਾ ਕਾਰਨ ਹੋ ਸਕਦੇ ਹਨ। ਦਵਾਈਆਂ ਦੇ ਗ਼ਲਤ ਪ੍ਰਭਾਵ ਨਾਲ ਦਿਮਾਗ਼ ਅਤੇ ਸੋਚਣ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਅਤੇ ਫਿਰ ਇਹ ਬਿਮਾਰੀ ਦਾ ਰੂਪ ਲੈ ਲੈਂਦੀ ਹੈ। ਬਜ਼ੁਰਗਾਂ ਵਿਚ ਕੁਝ ਭਾਵਨਾਤਮਿਕ ਮਸਲੇ ਗੰਭੀਰ ਯਾਦਦਾਸ਼ਤ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਇਹ ਸਮੱਸਿਆਵਾਂ ਉਨ੍ਹਾਂ ਲੋਕਾਂ ਵਿਚ ਵੱਧ ਸਕਦੀਆਂ ਹਨ, ਜੋ ਉਦਾਸ ਹੋਣ, ਇਕੱਲੇਪਣ ਜਾਂ ਚਿੰਤਾ ਵਿੱਚੋਂ ਗੁਜ਼ਰ ਰਹੇ ਹੋਣ। ਇਹ ਸਮੱਸਿਆ ਪਿਤਾ-ਪੁਰਖੀ ਵੀ ਹੋ ਸਕਦੀ ਹੈ।

### ਕਮਜ਼ੋਰ ਹੋ ਰਹੀ ਯਾਦਦਾਸ਼ਤ

ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਵਿਚ ਲੋਕਾਂ ਦੀ ਯਾਦਦਾਸ਼ਤ ਕਮਜ਼ੋਰ ਹੋ ਰਹੀ ਹੈ। ਲੋਕ ਰੋਜ਼ਾਨਾ ਦੇ ਕੰਮਕਾਰ ਵਿਚ ਅਕਸਰ ਕੁਝ ਨਾ ਕੁਝ ਭੁੱਲਣਾ ਸ਼ੁਰੂ ਕਰ ਦਿੰਦੇ ਹਨ। ਰੋਜ਼ਾਨਾ ਦੇ ਕੰਮਕਾਜ, ਜਿਵੇਂ ਗੱਡੀ ਚਲਾਉਂਦਿਆਂ ਅਚਾਨਕ ਰਸਤਾ ਭੁੱਲ ਜਾਣਾ, ਖ਼ਰੀਦਦਾਰੀ ਕਰਨਾ ਤੇ ਫਿਰ ਪੈਸੇ ਦੇਣਾ ਭੁੱਲ ਜਾਣਾ, ਘਰੋਂ ਕੋਈ ਸਾਮਾਨ ਲੈਣ ਲਈ ਚੱਲਣਾ ਤੇ ਰਸਤੇ ਵਿਚ ਭੁੱਲ ਜਾਣਾ, ਇਹ ਸਾਰੇ ਅਲਜ਼ਾਈਮਰ ਦੇ ਲੱਛਣ ਹੋ ਸਕਦੇ ਹਨ। ਸਿਹਤ ਮਾਹਿਰਾਂ ਅਨੁਸਾਰ ਜੇ ਕੋਈ ਵਿਅਕਤੀ ਵਾਰ-ਵਾਰ ਇੱਕੋ ਸਵਾਲ ਪੁੱਛਦਾ ਹੈ, ਅਕਸਰ ਜਾਣ ਵਾਲੀ ਥਾਂ 'ਤੇ ਵੀ ਗੁੰਮ ਹੋ ਜਾਂਦਾ ਹੈ, ਲੋਕਾਂ ਤੇ ਸਥਾਨਾਂ ਬਾਰੇ ਦੁਬਿਧਾ ਵਿਚ ਰਹਿੰਦਾ ਹੈ, ਜਿਸ ਨੂੰ ਉਹ ਮਿਲਦਾ ਹੈ, ਖ਼ੁਦ ਦੀ ਸਹੀ ਤਰ੍ਹਾਂ ਦੇਖਭਾਲ ਕਰਨ ਵਿਚ ਅਸਮਰੱਥ ਹੁੰਦਾ ਹੈ। ਇਹ ਲੱਛਣ ਯਾਦਦਾਸ਼ਤ ਦੀ ਗੰਭੀਰਤਾ ਵੱਲ ਸੰਕੇਤ ਕਰਦੇ ਹਨ।

### ਇਲਾਜ

ਡਾਕਟਰ ਇਸ ਦੇ ਇਲਾਜ ਲਈ ਵਕਤੀ ਤੌਰ 'ਤੇ ਯਾਦਦਾਸ਼ਤ ਵਧਾਉਣ ਵਾਲੀਆਂ ਦਵਾਈਆਂ ਦੇ ਸਕਦੇ ਹਨ। ਜੇ ਕਿਸੇ ਤਰ੍ਹਾਂ ਦੀ ਕੋਈ ਸਰੀਰਕ ਅਸਮਰੱਥਤਾ ਪੈਦਾ ਹੋਈ ਹੈ ਤਾਂ ਉਸ ਦਾ ਇਲਾਜ ਕੀਤਾ ਜਾ ਸਕਦਾ ਹੈ। ਮਰੀਜ਼ਾਂ ਨੂੰ ਸਲਾਹ ਦਿੱਤੀ ਜਾਵੇ ਕਿ ਉਹ ਰੋਜ਼ਾਨਾ ਜ਼ਿੰਦਗੀ 'ਚ ਸਰਗਰਮ ਰਹਿਣ, ਜ਼ਿਆਦਾ ਦੋਸਤਾਂ ਨੂੰ ਮਿਲਣਾ ਅਤੇ ਨਵੇਂ ਹੁਨਰ ਸਿੱਖਣ ਵਿਚ ਰੁੱਝੇ ਰਹਿਣ ਨਾਲ ਵੀ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਾਲ ਹੀ ਜੇ ਸਮੇਂ ਸਿਰ ਡਾਕਟਰ ਦੀ ਸਲਾਹ ਲੈ ਲਈ ਜਾਵੇ ਤਾਂ ਭੁੱਲਣ ਦੀ ਸਮੱਸਿਆ 'ਤੇ



ਜਲਦੀ ਹੀ ਕਾਬੂ ਪਾਇਆ ਜਾ ਸਕਦਾ ਹੈ। ਜੇ ਯਾਦਦਾਸ਼ਤ ਨੂੰ ਬਹਾਲ ਕਰਨਾ ਹੈ ਤਾਂ ਰੋਜ਼ਾਨਾ ਕੁਝ ਨਵੇਂ ਹੁਨਰਾਂ ਨੂੰ ਸ਼ਾਮਿਲ ਕਰਨਾ ਹੋਵੇਗਾ।

ਆਪਣੇ ਸਮਾਜ, ਸਕੂਲ ਜਾਂ ਧਾਰਮਿਕ ਸਥਾਨ 'ਤੇ ਆਪਣੀ ਮਰਜ਼ੀ ਨਾਲ ਸੁਚਾਰੂ ਕੰਮ ਕੀਤੇ ਜਾਣ, ਜਿਸ ਨਾਲ ਉਤਸ਼ਾਹ ਪੈਦਾ ਹੋਵੇ। ਦੋਸਤਾਂ ਦੇ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰਨਾ ਹੋਵੇਗਾ। ਛੋਟੀਆਂ-ਛੋਟੀਆਂ ਮਹੱਤਵਪੂਰਨ ਚੀਜ਼ਾਂ ਦੇ ਨੋਟਸ ਬਣਾਓ ਅਤੇ ਉਨ੍ਹਾਂ ਦਾ ਪਾਲਣ ਕਰੋ। ਆਪਣੀਆਂ ਐਨਕਾਂ, ਪਰਸ ਅਤੇ ਚਾਬੀਆਂ ਨੂੰ ਰੋਜ਼ਾਨਾ ਇਕ ਥਾਂ 'ਤੇ ਰੱਖੋ। ਨਿਯਮਤ ਤੌਰ 'ਤੇ ਕਸਰਤ ਕੀਤੀ ਜਾਵੇ।

### ਸਿਹਤ ਦਾ ਰੱਖੋ ਖ਼ਿਆਲ

ਭੋਜਨ ਵਿਚ ਸਿਹਤਮੰਦ ਖ਼ੁਰਾਕ ਦਾ ਸੇਵਨ ਕੀਤਾ ਜਾਵੇ। ਸਰੀਰਕ ਰੂਪ ਵਿਚ ਸਿਹਤਮੰਦ ਨਾ ਹੋਣ ਉੱਤੇ ਦਿਮਾਗ਼ ਵੀ ਕੰਮ ਕਰਨਾ ਬੰਦ ਕਰ ਦਿੰਦਾ ਹੈ। ਸਿਹਤਮੰਦ ਜੀਵਨਸ਼ੈਲੀ, ਖਾਣ-ਪੀਣ ਦੀ ਆਦਤਾਂ ਬਦਲ ਕੇ ਅਤੇ ਨਿਯਮਿਤ ਚੈੱਕਅਪ ਨਾਲ ਵਿਅਕਤੀ ਬਿਮਾਰੀਆਂ ਤੋਂ ਬਚ ਸਕਦਾ ਹੈ।

ਕੰਮ 'ਚ ਰੁੱਝੇ ਰਹੋ : ਉਮਰ ਵਧਣ ਨਾਲ ਨੌਕਰੀ ਜਾਂ ਕੰਮ ਤੋਂ ਭਾਵੇਂ ਰਿਟਾਇਰ ਹੋ ਜਾਓ ਪਰ ਆਪਣੀ ਜ਼ਿੰਦਗੀ ਤੋਂ ਰਿਟਾਇਰ ਨਾ ਹੋਵੋ। ਸਰੀਰਕ ਤੇ ਮਾਨਸਿਕ ਰੂਪ 'ਚ ਖ਼ੁਦ ਨੂੰ ਸਰਗਰਮ ਰੱਖੋ।

ਧੁੱਪ ਸੇਕਣ ਦਾ ਹੋਵੇਗਾ ਫ਼ਾਇਦਾ : ਰੋਜ਼ਾਨਾ ਘੱਟੋ-ਘੱਟ 20 ਤੋਂ 30 ਮਿੰਟ ਧੁੱਪ ਜ਼ਰੂਰ ਸੇਕੋ। ਇਸ ਨਾਲ ਵਿਅਕਤੀ ਦਾ ਮੂਡ ਠੀਕ ਰਹਿੰਦਾ ਹੈ, ਜਿਸ ਨਾਲ ਡਿਪਰੈਸ਼ਨ ਦਾ ਖ਼ਤਰਾ ਨਹੀਂ ਰਹਿੰਦਾ।

ਪਰਿਵਾਰਕ ਇਤਿਹਾਸ ਦਾ ਰੱਖੋ ਖ਼ਿਆਲ : ਜੇ ਕਿਸੇ ਦੇ ਪਰਿਵਾਰਕ ਇਤਿਹਾਸ ਵਿਚ ਅਲਜ਼ਾਈਮਰ ਹੈ, ਤਾਂ ਨੌਜਵਾਨ ਅਵਸਥਾ (35-40 ਸਾਲ) ਦੌਰਾਨ ਸੁਚੇਤ ਰਹੋ। ਕਦੇ ਵੀ ਅਲਜ਼ਾਈਮਰ ਦੇ ਸ਼ੁਰੂਆਤੀ ਲੱਛਣ ਦਿਸਣ ਤਾਂ ਬਿਨਾਂ ਕਿਸੇ ਦੇਰੀ ਦੇ ਮਾਹਿਰ ਨੂੰ ਮਿਲੋ।

ਭਰਪੂਰ ਨੀਂਦ ਲਵੋ : ਤਣਾਅ ਤੋਂ ਬਚਣ ਲਈ ਰੋਜ਼ਾਨਾ ਰੋਜ਼ ਘੱਟੋ-ਘੱਟ 7-8 ਘੰਟੇ ਦੀ ਭਰਪੂਰ ਨੀਂਦ ਜ਼ਰੂਰ ਲਵੋ।

### ਪੀੜਤ ਪ੍ਰਤੀ ਸੋਚ ਤੇ ਵਿਹਾਰ

ਡਿਪਰੈਸ਼ਨ ਦੀ ਸਥਿਤੀ 'ਚ ਪਰਿਵਾਰਕ ਮੈਂਬਰਾਂ ਦੀ ਮਦਦ ਲਈ ਜਾਵੇ ਤੇ ਪਰਿਵਾਰ ਨਾਲ ਵੱਧ ਤੋਂ ਵੱਧ ਸਮਾਂ ਬਿਤਾਇਆ ਜਾਵੇ। ਸ਼ਰਾਬ ਪੀਣ ਤੋਂ ਦੂਰ ਰਹਿਣਾ ਹੋਵੇਗਾ ਅਤੇ ਘਰ ਦੇ ਛੋਟੇ-ਛੋਟੇ ਕੰਮਾਂ ਲਈ ਨੋਟਸ ਬਣਾ ਕੇ ਕੈਲੰਡਰ 'ਚ ਰੱਖੇ ਜਾਣ। ਇਨ੍ਹਾਂ ਆਦਤਾਂ ਨੂੰ ਰੋਜ਼ਾਨਾ ਸ਼ੁਰੂ ਕਰਨ ਤੋਂ ਬਾਅਦ ਹੌਲੀ-ਹੌਲੀ ਯਾਦ ਰੱਖਣ ਦੀ ਸ਼ਕਤੀ ਵਿਚ ਫ਼ਰਕ ਨਜ਼ਰ ਆਉਣ ਲੱਗੇਗਾ।

## * ਚੂੰਢਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਖੇਡਾਂ ਵਿਚ ਭਾਰਤ ਦੀ ਅਜਿਹੀ ਦੁਰਦਸ਼ਾ ਕਿਉਂ ਹੈ?- ਇਕ ਸਵਾਲ

-ਕਾਦਰਯਾਰ ਜੇ ਕੋਲ ਗਵਾਹ ਹੁੰਦੇ, ਕਹਿੰਦੇ ਖੋਲ੍ਹ ਹਕੀਕਤ ਸਾਰੀ।

*ਆਖਰ ਮਾਇਆਵਤੀ ਨੂੰ ਬਹੁਜਨ ਰਾਜਨੀਤੀ ਵਲ ਮੁੜਨਾ ਪਿਆ- ਇਕ ਖ਼ਬਰ



-ਹੱਥਾਂ ਵਿਚੋਂ ਲਾਲ ਗੁਆਇਆ, ਧਿਰ ਨੂੰ ਪਿਆਰੀ ਕਰ ਕੇ।

*ਹਰਿਆਣਾ ਚੋਣਾਂ 'ਚ ਭਾਜਪਾ ਨੇ ਵਾਅਦਿਆਂ ਦੀ ਲਾਈ ਝੜੀ- ਇਕ ਖ਼ਬਰ

-ਲੌਂਗ ਘੜਾ ਦਊਂਗਾ, ਗੁੱਸਾ ਛੱਡ ਮੁਟਿਆਰੇ।

*ਅਮੀਰ ਤੇ ਗ਼ਰੀਬ ਵਿਦਿਆਰਥੀਆਂ ਦੇ ਅਲੱਗ ਅਲੱਗ ਅਧਿਆਪਕ ਕਿਉਂ?- ਭਗਵੰਤ ਮਾਨ



-ਵੱਢੀ ਦੇ ਕੇ ਜ਼ਮੀਨ ਦੇ ਬਣੇ ਮਾਲਕ, ਬੰਜਰ ਜ਼ਿਮੀਂ ਰੰਝੇਟੇ ਨੂੰ ਆਈਆ ਈ।

*ਫ਼ਿਲਮ ਇੰਡਸਟਰੀ ਵਲੋਂ ਮੈਨੂੰ ਕੋਈ ਸਮਰਥਨ ਨਹੀਂ ਮਿਲਿਆ- ਕੰਗਨਾ ਰਣੌਤ



-ਏਡਾ ਤੇਰਾ ਕਿਹੜਾ ਦਰਦੀ, ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ।

*ਰਾਹੁਲ ਗਾਂਧੀ ਐਸੀ ਹਨ੍ਹੇਰੀ ਹੈ ਜੋ ਰੋਕੀ ਨਹੀਂ ਜਾ ਸਕਦੀ- ਰਾਜਾ ਵੜਿੰਗ



-ਉਹੀਓ ਮੇਰਾ ਵੀਰ ਲਗਦਾ, ਕੰਨੀਂ ਨੱਤੀਆਂ ਸੰਧੂਰੀ ਸਿਰ ਸਾਫ਼ਾ।

*ਭਗਵੰਤ ਮਾਨ ਦੀ ਸਰਕਾਰ ਦੇ ਚਾਰ ਮੰਤਰੀਆਂ ਨੇ ਅਸਤੀਫ਼ੇ ਦਿਤੇ- ਇਕ ਖ਼ਬਰ



-ਉਨ੍ਹੀਂ ਅਸਤੀਫ਼ੇ ਦਿਤੇ ਨਹੀਂ ਸਗੋਂ ਉਨ੍ਹਾਂ ਤੋਂ ਅਸਤੀਫ਼ੇ ਲਏ ਗਏ।

*12 ਸਾਲ ਦੇ ਬੱਚੇ ਨੇ 30 ਦਿਨਾਂ 'ਚ 154 ਸਫ਼ਿਆਂ ਦੀ ਕਿਤਾਬ ਲਿਖ ਦਿਤੀ-ਇਕ ਖ਼ਬਰ

-ਜਿਸ ਪੱਲੇ ਫੁੱਲ ਬੱਧੇ ਹੋਵਣ, ਆਵੇ ਬਾਸ ਰੁਮਾਲੋਂ।

*ਅਮਰੀਕਾ ਨੇ ਭਾਰਤ ਨੂੰ 297 ਕਲਾਕ੍ਰਿਤੀਆਂ ਵਾਪਸ ਕੀਤੀਆਂ- ਇਕ ਖ਼ਬਰ

-ਹੁਣ ਮੈਨੂੰ ਕੁਝ ਨਾ ਕਹੀਂ, ਮੈਂ ਚਰਖ਼ਾ ਸੰਦੂਕ ਲਿਆਈ।

*ਗ਼ਲਤ ਬਿਆਨਬਾਜ਼ੀ ਤੇ ਵਿਵਾਦਾਂ ਨਾਲ ਹਮੇਸ਼ਾ ਸਬੰਧ ਰਿਹੈ ਕੰਗਨਾ ਰਣੌਤ ਦਾ- ਇਕ ਖ਼ਬਰ



-ਸੋਨੇ ਦੇ ਤਵੀਤ ਵਾਲ਼ੀਏ, ਤੇਰੀ ਹਰ ਮੱਸਿਆ ਬਦਨਾਮੀ।

*ਸਲਾਮਤੀ ਕੌਂਸਲ 'ਚ ਭਾਰਤ ਦੀ ਸੀਟ ਦੀ ਅਮਰੀਕਾ ਨੇ ਕੀਤੀ ਹਮਾਇਤ- ਇਕ ਖ਼ਬਰ

-ਆਉਂਦੀ ਜਾਂਦੀ ਨੂੰ ਘੜਾ ਚੁਕਾਉਂਦਾ, ਮਗਰੋਂ ਮਾਰਦਾ ਗੋਡਾ।

*ਵਿਧਾਇਕਾਂ ਦੀ ਤਨਖ਼ਾਹ ਤੇ ਭੱਤੇ ਤਿੰਨ ਗੁਣਾਂ ਕਰਨ ਦੀ ਸਿਫ਼ਾਰਿਸ਼- ਇਕ ਖ਼ਬਰ

-ਕੀ ਲਗਦੇ ਸੰਤੀਏ ਤੇਰੇ, ਜਿਨ੍ਹਾਂ ਨੂੰ ਰਾਤੀਂ ਖੰਡ ਪਾਈ ਸੀ।

*ਬਿਹਾਰ 'ਚ ਸਿੱਖਾਂ ਨੇ ਆਪਣੇ ਹੱਕਾਂ ਲਈ ਚੁੱਕੀ ਆਵਾਜ਼- ਇਕ ਖ਼ਬਰ

-ਇਕ ਮੰਜੇ ਹੋ ਚਲੀਏ, ਚੰਨ ਛੁਪਿਆ ਟਹਿਕਦੇ ਤਾਰੇ।

*'ਕਵਾਡ' ਆਗੂਆਂ ਨੇ ਚੀਨ ਵਿਰੁੱਧ ਇਕਜੁਟਤਾ ਦਾ ਕੀਤਾ ਪ੍ਰਗਟਾਵਾ- ਇਕ ਖ਼ਬਰ

-ਕੋਠੀ 'ਚੋਂ ਲਿਆ ਦੇ ਘੁੰਗਰੂ, ਬੱਗੇ ਬਲਦ ਖਰਾਸੇ ਜਾਣਾ।

*ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੋਈ ਸਰਕਾਰ ਵੀ ਸੰਜੀਦਾ ਨਹੀਂ ਰਹੀ- ਸੀਚੇਵਾਲ



-ਖੇਤ ਤਾਂ ਆਪਣਾ ਡਬਰਿਆਂ ਖਾ ਲਿਆ, ਮੇਰਾ ਕਾਲਜਾ ਧੜਕੇ।

# ਕੀਰਤਨ ਦੀ ਸਿੱਖ ਧਰਮ ਵਿਚ ਮਹੱਤਤਾ

ਰਜਿੰਦਰ ਕੌਰ ਜੀਤ
9914711191



ਕੀਰਤਨ ਗੁਰੂ ਦੀ ਬਖ਼ਸ਼ੀ ਉਹ ਦਾਤ ਹੈ ਜਿਸ ਨਾਲ ਰੂਹ ਦੀ ਤ੍ਰਿਪਤੀ ਹੁੰਦੀ ਹੈ। ਜਦੋਂ ਇਹ ਸੋਝੀ ਆਉਂਦੀ ਹੈ ਤਾਂ ਇਹ ਆਨੰਦ ਦਾ ਖਜ਼ਾਨਾ ਲੱਗਦਾ ਹੈ। ਇਸ ਕਲਯੁਗ ਵਿੱਚ ਕੀਰਤਨ ਹੀ ਹੈ ਜੋ ਤਾਰਨਹਾਰ ਹੈ। ਇਹ ਅਜਿਹਾ ਵਰਦਾਨ ਹੈ ਜੋ ਗੁਰੂ ਨੇ ਸਾਨੂੰ ਦਿੱਤਾ ਹੈ। ਕੀਰਤਨ ਦਾ ਅਰਥ ਹੈ ਪ੍ਰਭੂ ਦੀ ਗਾ ਕੇ ਕੀਰਤੀ, ਉਸਤਤ ਤੇ ਸਿਫ਼ਤ ਸਲਾਹ ਕਰਨੀ। ਸਿੱਖ ਧਰਮ 'ਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀਰਤਨ ਪਰੰਪਰਾ ਦੇ ਮੋਢੀ ਮੰਨਿਆ ਜਾਂਦਾ ਹੈ । ਆਪ ਜੀ ਜਦੋਂ ਸੰਸਾਰ ਨੂੰ ਤਾਰਨ ਲਈ ਉਦਾਸੀਆਂ (ਧਾਰਮਿਕ ਯਾਤਰਾਵਾਂ) ਲਈ ਰਵਾਨਾ ਹੋਏ ਤਾਂ ਉਨ੍ਹਾਂ ਨੇ ਆਪਣੇ ਨਾਲ ਭਾਈ ਮਰਦਾਨਾ ਰਬਾਬੀ ਨੂੰ ਸਾਥੀ ਵਜੋਂ ਚੁਣਿਆ। ਗੁਰੂ ਸਾਹਿਬ ਸ਼ਬਦ ਗਾਇਨ ਕਰਦੇ ਤੇ ਭਾਈ ਮਰਦਾਨਾ ਰਬਾਬ ਤੇ ਸੰਗਤ ਕਰਦਾ । ਗੁਰੂ ਸਾਹਿਬ ਦੀ ਸਰੋਦੀ ਤੇ ਰੂਹਾਨੀ ਆਵਾਜ਼ ਤੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਇਲਾਹੀ ਟੁਣਕਾਰ ਦੇ ਸੁਮੇਲ ਨਾਲ ਸੰਗਤ ਉੱਤੇ ਅਜਿਹਾ ਪ੍ਰਭਾਵ ਪੈਂਦਾ ਕਿ ਉਨ੍ਹਾਂ ਦੀ ਸੁਰਤ ਸਹਿਜੇ ਹੀ ਪ੍ਰਭੂ ਨਾਲ ਜੁੜ ਜਾਂਦੀ। ਸਿੱਖ ਧਰਮ ਵਿਚ ਸਭ ਤੋਂ ਵੱਧ ਪ੍ਰਧਾਨਤਾ ਗੁਰਬਾਣੀ ਦੇ ਕੀਰਤਨ ਨੂੰ ਦਿੱਤੀ ਗਈ ਹੈ। ਕੀਰਤਨ ਅਜਿਹਾ ਵਰਦਾਨ ਹੈ ਜਿਸ ਨਾਲ ਸੁਰਤ ਸ਼ਬਦ ਵਿੱਚ ਸਹਜੇ ਹੀ ਜੁੜ ਜਾਂਦੀ ਹੈ। ਗੁਰੂ ਜੀ ਨੇ ਗੁਰਬਾਣੀ ਵਿੱਚ ਉਚਾਰਿਆ ਹੈ :-

ਧੁਨ ਮਹਿ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥੩॥
(ਅੰਗ - ੮੭੮)

ਸੋ ਗੁਰਬਾਣੀ ਕੀਰਤਨ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ ਸੀ। ਗੁਰੂ ਸਾਹਿਬ ਖ਼ੁਦ ਕੀਰਤਨ ਕਰਦੇ ਅਤੇ ਭਾਈ ਮਰਦਾਨਾ ਰਬਾਬ ਵਜਾਉਂਦਾ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰ ਭਾਈ ਸਾਦੂ ਤੇ ਭਾਈ ਬਾਦੂ ਰਬਾਬੀ ਕੀਰਤਨ ਕਰਦੇ ਰਹੇ। ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੱਤਾ ਤੇ ਭਾਈ ਬਲਵੰਡ ਕੀਰਤਨ ਦੀ ਸੇਵਾ ਕਰਦੇ ਰਹੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਭਾਈ ਬਾਬਕ ਰਬਾਬੀ ਜੋ ਢਾਡੀ ਬਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸੂਰਬੀਰਾਂ ਦੀਆਂ ਵਾਰਾਂ ਗਾਉਂਦਾ ਰਿਹਾ ਹੈ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਭਾਈ ਬਾਬਕ ਕਈ ਸਾਲਾਂ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਵੀ ਕਰਦਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਭਾਈ ਸੱਦੂ ਤੇ ਭਾਈ ਮੱਦੂ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ।

ਰਾਗ-ਬੱਧ ਗੁਰਬਾਣੀ ਨੂੰ ਸੁਰ ਦੇ ਨਾਲ ਮਿਲਾ ਕੇ ਗਾਉਣ ਲਈ ਗੁਰੂ ਸਾਹਿਬਾਨ ਨੇ ਰਬਾਬ, ਸਿਰੰਦਾ, ਤਾਊਸ, ਦਿਲਰੁਬਾ ਅਤੇ ਤਾਨਪੁਰਾ ਦੀ ਵਰਤੋਂ ਕੀਤੀ। ਇਨ੍ਹਾਂ ਦੇ ਨਾਲ ਸੁਰਾਂ ਨੂੰ ਤਾਲ ਦੇਣ ਲਈ ਮ੍ਰਿਦੰਗ, ਪਖਾਵਜ ਅਤੇ ਢੋਲਕ ਵਰਤੇ ਜਾਂਦੇ ਰਹੇ ਇਹ ਸਾਰੇ ਸਾਜ਼ ਤਾਰ (ਤੰਤੀ) ਨਾਲ ਵਜਾਉਣ ਵਾਲੇ ਹੋਣ ਕਾਰਨ 'ਤੰਤੀ ਸਾਜ਼' ਅਖਵਾਏ। ਗੁਰੂ ਸਾਹਿਬਾਨ ਤੋਂ ਮਗਰੋਂ ਰਾਗੀ ਸਿੰਘ ਤੰਬੂਰਾ, ਦੋਤਾਰਾ, ਸਿਤਾਰ ਅਤੇ ਚੋਤਾਰਾ ਦੀ ਵਰਤੋਂ ਵੀ ਕਰਦੇ ਰਹੇ ਪਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੰਸਰੀ, ਅਲਗੋਜ਼ੇ, ਇਕਤਾਰਾ ਅਤੇ ਸਾਰੰਗੀ ਵਰਗੇ ਸਾਜ਼ ਵਜਾਉਣ ਦੀ ਸ਼ੁਰੂ ਤੋਂ ਮਨਾਹੀ ਹੈ।

## ਕੀਰਤਨ ਦੀ ਮਹਿਮਾ

ਕੀਰਤਨ ਸੁਣਨ ਨਾਲ ਮਨ ਛੇਤੀ ਕਾਬੂ ਵਿੱਚ ਆ ਜਾਂਦਾ ਹੈ। ਜਦੋਂ ਸੰਗੀਤ ਦੀਆਂ ਧੁਨਾਂ ਤੇ ਗੁਰੂ ਦੀ ਬਾਣੀ ਗਾਈ ਜਾਂਦੀ ਹੈ। ਮਨ ਇਕਾਗਰ ਹੋ ਜਾਂਦਾ ਹੈ। ਪਤਾ ਹੀ ਨਹੀਂ ਲੱਗਦਾ ਸਮਾਂ ਕਿਵੇਂ ਲੰਘ ਜਾਂਦਾ ਹੈ। ਜਦੋਂ ਕੋਈ ਰੂਹ ਤੋਂ ਭਿੱਜ ਕੇ ਕੀਰਤਨ ਕਰਦੀ ਹੈ ਤਾਂ ਉਹ ਸੁਰ ਸ਼ਬਦ ਸੁਣਨ ਵਾਲਿਆਂ ਦੀ ਮਾਨਸਿਕ ਅਵਸਥਾ ਤੇ ਜਰੂਰ ਅਸਰ ਕਰਦੀ ਹੈ ਜਾਂ ਜਦੋਂ ਕੋਈ ਮਾਨਸਿਕ, ਪਰਿਵਾਰਿਕ ਪਰੇਸ਼ਾਨੀ ਹੋਵੇ ਤਾਂ ਉਸ ਅਕਾਲ ਪੁਰਖ ਨੂੰ ਯਾਦ ਕੀਤਾ ਜਾਵੇ, ਰੂਹ ਤੜਫਦੀ ਹੋਵੇ, ਤਾਂ ਇਉਂ ਲੱਗਦਾ, ਜਿਵੇਂ ਗੁਰਬਾਣੀ ਸਾਡੇ ਹੀ ਦਰਦ ਨੂੰ ਬਿਆਨ ਕਰ ਰਹੀ ਹੈ ਅਤੇ ਸਾਨੂੰ ਸਮਝਾ ਰਹੀ ਹੈ।

ਗੱਲ ਉਸ ਸਮੇਂ ਦੀ ਹੈ ਜਦੋਂ ਮੇਰੇ ਪੁੱਤਰ ਦੀ ਸਿਹਤ ਬਹੁਤ ਹੀ ਖ਼ਰਾਬ ਹੋ ਗਈ ਸੀ, ਮਨ ਬਹੁਤ ਡੋਲ ਰਿਹਾ ਸੀ ਗੁਰੂ ਘਰ ਜਾ ਕੇ ਅਰਦਾਸ ਜੋਦੜੀ ਕਰਨੀ ਅੱਖਾਂ ਵਿੱਚੋਂ ਨੀਰ ਵਹਿ ਤੁਰਨਾ। ਗੁਰੂ ਘਰ ਕੀਰਤਨੀਆਂ ਪਾਸੋਂ ਸ਼ਬਦ ਸੁਣਿਆ ਤੇਰੇ ਭਰੋਸੇ ਪਿਆਰੇ ਮੈਂ ਲਾਡ ਲਡਾਇਆ। ਮੇਰੀ ਉਸ ਸਮੇਂ ਮਾਨਸਿਕ ਅਵਸਥਾ ਅਜਿਹੀ ਬਣੀ ਹੋਈ ਸੀ, ਕਿ ਅਰਦਾਸ ਕੀਤੀ ਹੇ ਵਾਹਿਗੁਰੂ ਤੁਸੀਂ ਮੈਨੂੰ ਇਹ ਦਾਤ ਦਿੱਤੀ, ਤੁਹਾਡੇ ਸਹਾਰੇ ਮੈਂ ਉੱਡੀ ਫਿਰਦੀ ਹਾਂ, ਬੱਚਿਆਂ ਨਾਲ ਲਾਡ ਲਡਾਉਂਦੇ ਜੀਵਨ ਬਤੀਤ ਕਰਦੇ ਹਾਂ, ਸਾਡੇ ਤੋਂ ਹੋਈਆਂ ਭੁੱਲਾਂ ਲਈ ਸਾਨੂੰ ਬਖਸ਼ ਦੇ ਸਾਨੂੰ ਭੁੱਲਿਆਂ ਨੂੰ ਰਾਹ ਦਿਖਾਓ ਬਖਸ਼ ਲਓ। ਕੀਰਤਨ ਸੁਣਦੇ ਹੋਏ ਪਤਾ ਨਹੀਂ ਕੀ ਹੋਇਆ ਅੱਖੀਆਂਵਿਚੋਂ ਨੀਰ ਵਹਿ ਰਹੇ ਸਨ, ਜੋ ਰੁਕਣ ਦਾ ਨਾਂ ਹੀ ਨਹੀਂ ਲੈ ਰਹੇ ਸਨ। ਇਹ ਮੇਰੀ ਰੋਜ਼ ਦੀ ਅਵਸਥਾ ਬਣ ਗਈ। ਕੀਰਤਨ ਸੁਣ ਕੇ ਮਨ ਐਵੇਂ ਹੌਲਾ ਹੋ ਜਾਂਦਾ, ਜਿਵੇਂ ਕਿੰਨਾ ਭਾਰ ਮਨੋ ਲੈ ਗਿਆ ਹੋਵੇ।

ਇਹ ਦੁੱਖ ਅਜਿਹਾ ਆਇਆ ਕਿ ਨਾਮ ਦਾਰੂ ਬਣ ਗਿਆ ਉਸ ਨੂੰ ਭੁੱਲੇ ਵਿਸਰੇ ਫਿਰਦੇ ਸਾਂ ।ਕੀਰਤਨ ਸੁਣ ਕੇ ਆਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ ਤਾਂ ਕੀਰਤਨ ਕਰਨ ਵਾਲੇ ਕੀਰਤਨੀ ਸਿੰਘ ਦੀ ਪਦਵੀ ਕਿੰਨੀ ਉੱਚੀ ਅਤੇ ਸਤਿਕਾਰਯੋਗ ਹੈ। ਗੁਰੂ ਘਰਾਂ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਗ੍ਰੰਥੀ, ਢਾਡੀ, ਪ੍ਰਚਾਰਕ ਆਦਿ ਗੁਰੂ ਘਰ ਦੇ ਵਜ਼ੀਰ ਹਨ। ਇਹ ਉਪਾਧੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੂੰ ਦਿੱਤੀ ਸੀ। ਸਾਨੂੰ ਚਾਹੀਦਾ ਹੈ ਕਿ ਅਸੀਂ ਇਹਨਾਂ ਗੁਰੂ ਘਰਾਂ ਦੀ ਵਜ਼ੀਰਾਂ ਦਾ ਸਤਿਕਾਰ ਕਰੀਏ। ਉਨਾਂ ਨੂੰ ਬਣਦਾ ਮਾਣ ਸਨਮਾਨ ਦੇ ਕੇ ਨਿਵਾਜੀਏ।

ਅਜੋਕੀ ਹਾਲਤ ਉਹ ਹੈ ਕਿ ਅਸੀਂ ਇੱਕ ਗੀਤ ਗਾਉਣ ਵਾਲੇ ਨੂੰ ਲੱਖਾਂ ਰੁਪਏ ਭੇਟਾ ਕਰਦੇ ਹਾਂ ਪਰ ਗੁਰੂ ਦੇ ਕੀਰਤਨ ਕਰਨ ਵਾਲੇ ਕੀਰਤਨੀਏ ਨੂੰ ਅਸੀਂ ਬਣਦਾ ਮਾਨ ਸਨਮਾਨ ਵੀ ਨਹੀਂ ਦਿੰਦੇ। ਉਹ ਗੁਰੂ ਘਰ ਦੇ ਵਜ਼ੀਰ ਸਾਡੇ ਬੱਚਿਆਂ ਦੀਆਂ ਅਰਦਾਸਾਂ ਕਰਦੇ ਹਨ। ਅਸੀਂ ਸੋਚਦੇ ਹਾਂ ਕਿ ਇਹ ਗੁਰੂ ਘਰ ਦੇ ਤਨਖਾਈਏ ਹਨ ਇਹਨਾਂ ਨੂੰ ਕਾਹਦੀਆਂ ਭੇਟਾਂਵਾ। ਅਸੀਂ ਰੋਜਾਨਾ ਖਬਰਾਂ ਵਿੱਚ ਪੜਦੇ ਹਾਂ ਸੁਣਦੇ ਹਾਂ ਕਿ ਗੁਰੂ ਘਰਾਂ ਦੇ ਵਿੱਚ ਬਹੁਤ ਗਲਤ ਕੰਮ ਹੁੰਦੇ ਹਨ ਗੁਰੂ ਘਰਾਂ ਵਿੱਚ ਕੰਮ ਕਰਦੇ ਇਹਨਾਂ ਵਜ਼ੀਰਾਂ ਦਾ ਚਰਿਤਰ ਡਿੱਗ ਚੁੱਕਾ ਹੈ । ਪਰ ਕੀ ਇਹ ਸਾਰੇ ਗੁਰੂ ਘਰਾਂ ਦੇ ਵਜ਼ੀਰਾਂ ਦੇ ਉੱਤੇ ਗੱਲ ਢੁੱਕਦੀ ਹੈ। ਕੋਈ ਇੱਕ ਦੋ ਪ੍ਰਤੀਸ਼ਤ ਵਿਅਕਤੀ ਅਜਿਹੇ ਹੋ ਸਕਦੇ ਹਨ ਪਰ ਸਾਰੇ ਨਹੀਂ। ਅਸੀਂ ਕਰਤੇ ਬਣ ਕੇ ਫੈਸਲੇ ਕਰਦੇ ਹਾਂ। ਇਹ ਕਰਮਾਂ ਦੀ ਖੇਡ ਹੈ ਸਾਨੂੰ ਇਸ ਨੂੰ ਉਸ ਅਕਾਲ ਪੁਰਖ ਤੇ ਛੱਡ ਦੇਣਾ ਚਾਹੀਦਾ ਹੈ। ਇਹ ਗੁਰੂ ਘਰ ਦੇ ਵਜ਼ੀਰ ਵੀ ਆਪਣੇ ਬੱਚਿਆਂ ਦੀ ਚੰਗੀ ਪਾਲਣਾ ਪੋਸ਼ਣਾ ਦੀ ਕਾਮਨਾ ਲੋਚਦੇ ਹਨ ਇਹ ਆਪਣੇ ਬੱਚਿਆਂ ਦੀ ਪਾਲਣ ਪੋਸ਼ਣ ਲਈ ਹੀ ਤਨਖਾਹ ਤੇ ਕੰਮ ਕਰਦੇ ਹਨ ਤਾਂ ਇਸ ਵਿੱਚ ਗਲਤ ਕੀ ਹੈ। ਅਸੀਂ ਸਾਰੇ ਕਿਰਤ ਕਰਦੇ ਹਾਂ, ਸਗੋਂ ਇਹਨਾਂ ਵਜ਼ੀਰਾਂ ਦੀ ਕਿਰਤ ਸਾਡੇ ਸਭ ਤੋਂ ਉੱਚੀ ਹੈ। ਜੋ ਨਿਤ ਗੁਰੂ ਦੀ ਸੇਵਾ ਵਿੱਚ ਲੱਗੇ ਰਹਿੰਦੇ ਹਨ। ਬਾਣੀ ਪੜ੍ਹਦੇ ਹਨ। ਰਸਨਾ ਤੇ ਵਾਹਿਗੁਰੂ ਹੈ, ਸਾਡੇ ਪਰਿਵਾਰਾਂ ਦੀ ਖੁਸ਼ੀ ਲਈ ਭਲਾ ਮੰਗਦੇ ਹਨ। ਪਰ ਇਨ੍ਹਾਂ ਗੁਰੂ ਘਰਾਂ ਦੇ ਵਜ਼ੀਰਾਂ ਦੀ ਤਨਖ਼ਾਹ ਆਮ ਵਿਅਕਤੀ ਨਾਲੋਂ ਵੀ ਬਹੁਤ ਘੱਟ ਹੈ। ਫਿਰ ਵੀ ਅਸੀਂ ਇਹਨਾਂ ਦਾ ਤ੍ਰਿਸਕਾਰ ਕਰਦੇ ਹਾਂ। ਜਦੋਂ ਕਿ ਇਹਨਾਂ ਦਾ ਦਰਜਾ ਬਹੁਤ ਉੱਚਾ ਹੈ। ਜੇਕਰ ਕਿਸੇ ਦਾ ਵਿਰਤੀ ਕਰਮ ਗਲਤ ਹੋਵੇਗਾ ਵੀ ਤਾਂ ਅਸੀਂ ਕੌਣ ਹਾਂ ਕਿਸੇ ਵੀ ਵਜ਼ੀਰ ਨੂੰ ਕੁਝ ਕਹਿਣ ਜਾਂ ਉਸ ਪ੍ਰਤੀ ਧਾਰਨਾ ਬਣਾਉਣ ਵਾਲੇ ਇਹ ਕੰਮ ਉਸ ਅਕਾਲ ਪੁਰਖ ਵਾਹਿਗੁਰੂ ਦਾ ਹੈ ਜੋ ਸਭ ਨੂੰ ਆਪਣੇ ਆਪਣੇ ਕਰਮਾਂ ਦਾ ਫਲ ਦਿੰਦਾ ਹੈ।

ਮੈਂ ਇਸ ਗੱਲ ਨੂੰ ਮਹਿਸੂਸ ਕਰ ਰਹੀ ਹਾਂ, ਕਿ ਇਹਨਾਂ ਗੁਰੂ ਘਰਾਂ ਦੇ ਵਜ਼ੀਰਾਂ ਨੂੰ ਆਪਣਾ ਅਮਲੀ ਜੀਵਨ ਉੱਚਾ ਬਣਾਉਣਾ ਚਾਹੀਦਾ ਹੈ । ਇਹ ਨਦਰ ਗੁਰੂ ਹਰ ਕਿਸੇ ਤੇ ਨਹੀਂ ਕਰਦਾ ਹੈ, ਇਹ ਉਸ ਤੇ ਹੀ ਹੁੰਦੀ ਹੈ ਜਿਸ ਨੂੰ ਉਹ ਸਭ ਤੋਂ ਵੱਧ ਪਿਆਰ ਅਤੇ ਮਾਣ ਦਿੰਦਾ ਹੈ ਜਿਵੇਂ ਬਾਬਾ ਬੁੱਢਾ ਜੀ ਨੂੰ ਮਿਲਿਆ। ਇਸ ਦੇ ਨਾਲ ਹੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਗੁਰੂ ਘਰਾਂ ਦੇ ਵਜ਼ੀਰਾਂ ਪ੍ਰਤੀ ਸਤਿਕਾਰ ਨੂੰ ਵਧਾਉਣ ਲਈ ਪਰਸਪਰ ਯਤਨ ਕਰਨੇ ਚਾਹੀਦੇ ਹਨ।ਅਸਲ ਵਿੱਚ ਗੁਰੂ ਅਕਾਲ ਪੁਰਖ ਅਤੇ ਸੰਗਤ ਕੀਰਤਨੀ ਨੂੰ ਨਦਰ-ਏ-ਮਹਿਰਮਤ ਕਰਕੇ ਕੀਰਤਨੀਆ ਬਣਾਉਂਦੀ ਹੈ। ਅਸਲ ਵਿੱਚ ਕੀਰਤਨੀਆ ਗੁਰੂ ਦੀ ਵਡਿਆਈ ਗਾਉਂਦੇ ਹੋਣ ਕਰਕੇ ਹਮੇਸ਼ਾ ਨਿਮਰਤਾ ਵਿੱਚ ਰਹਿੰਦੇ ਹਨ ਕੀਰਤਨ ਕਰਕੇ ਮੇਰੀ ਵਡਿਆਈ ਨੂੰ ਗੁਰੂ ਦੀ ਵਡਿਆਈ ਹੀ ਮੰਨਿਆ ਜਾਣਾ ਚਾਹੀਦਾ ਹੈ। ਕਲਯੁਗ ਦੀ ਇਸ ਹਨੇਰੀ ਵਿੱਚ ਕੀਰਤਨ ਹੀ ਪ੍ਰਧਾਨ ਹੈ ਗੁਰੂ ਮੁੱਖ ਵਾਕ ਹੈ :-

ਕਲਜੁਗ ਮਹਿ ਕੀਰਤਨ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥
(ਅੰਗ-੧੦੭੫)

ਨਿਰਬਾਣ ਕੀਰਤਨ ਦੀ ਸ਼ਰਤ ਇਹ ਹੈ ਕਿ ਰਸਨਾ ਸ਼ਬਦ ਗਾਇਨ ਕਰੇ, ਹਿਰਦਾ ਗਾਹਕ ਹੋਵੇ ਅਤੇ ਸੁਰਤ ਬਿਰਤੀ ਦੀ ਚਾਹਕ ਵਾਲੀ ਹੋਵੇ। ਜਦੋਂ ਗੁਰਮਤਿ, ਸੰਗੀਤ ਤੇ ਗੁਰੂ ਸ਼ਬਦ ਮਿਲ ਜਾਣ ਤਾਂ ਕੀਰਤਨ ਦਾ ਇੱਕ ਵਿਲੱਖਣ ਰੂਪ ਪੈਦਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਜੀ ਤੋਂ ਲੈ ਕੇ ਹੁਣ ਤੱਕ ਜੋ ਰੱਬੀ ਕੀਰਤਨ ਹੈ, ਉਹ ਸਭ ਦੇ ਹਿਰਦਿਆਂ ਨੂੰ ਠਾਰਦਾ ਹੈ। ਚਾਹੇ ਉਹ ਇਨਸਾਨ ਹੈ ਜਾਂ ਜੀਵ। ਜਦੋਂ ਅੱਖਾਂ ਬੰਦ ਕਰਕੇ ਸੁਰਤ ਟਿਕਾਉਣ ਦਾ ਯਤਨ ਕਰਦੇ ਹਾਂ, ਉਸ ਸਮੇਂ ਆਨੰਦ ਪ੍ਰਾਪਤ ਹੁੰਦਾ ਹੈ। ਬਹੁਤੇ ਲੋਕਾਂ ਲਈ ਇਹ ਵਾਦ ਵਿਵਾਦ ਦਾ ਵਿਸ਼ਾ ਹੈ। ਪਰ ਜੋ ਕਿਰਪਾ ਦ੍ਰਿਸ਼ਟੀ ਦੇ ਪਾਤਰ ਹਨ ਉਹਨਾਂ ਲਈ ਇਹ ਆਨੰਦ ਦੀ ਅਵਸਥਾ ਹੈ, ਮਨ ਦੀ ਸ਼ਾਂਤੀ ਅਤੇ ਟਿਕਾਉ ਦੀ ਅਵਸਥਾ ਹੈ।

# ਸ. ਪਾਲ ਸਿੰਘ ਪੁਰੇਵਾਲ ਜੀ ਨੂੰ ਯਾਦ ਕਰਦਿਆਂ

– ਲੇਖਕ–
ਸਰਵਜੀਤ ਸਿੰਘ ਸੈਕਰਾਮੈਂਟੋ



ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ, ਸ. ਪਾਲ ਸਿੰਘ ਪੁਰੇਵਾਲ ਜੀ ਦਾ ਜਨਮ ਉਨ੍ਹਾਂ ਦੇ ਨਾਨਕੇ ਪਿੰਡ ਬਿਲਗਾ (ਜਿਲਾ ਜਲੰਧਰ) ਵਿਖੇ 23 ਨਵੰਬਰ 1932 ਨੂੰ ਹੋਇਆ ਸੀ। ਉਨ੍ਹਾਂ ਨੇ ਆਪਣੇ ਪਿੰਡ ਸ਼ੰਕਰ (ਜ਼ਿਲ੍ਹਾ ਜਲੰਧਰ) ਦੇ ਖਾਲਸਾ ਹਾਈ ਸਕੂਲ ਵਿੱਚੋਂ 1948 ਈ: 'ਚ ਦਸਵੀਂ ਪਾਸ ਕੀਤੀ। ਉਸ ਤੋਂ ਬਾਅਦ ਵ.ਸ਼ਚ. ਅਤੇ ਡੀ.ਏ.ਵੀ. ਕਾਲਜ ਜਲੰਧਰ ਤੋਂ ਭ.ਸ਼ਚ. ਕਰਨ ਉਪ੍ਰੰਤ ਭ.ਠ. ਕੀਤੀ। ਸ: ਪੁਰੇਵਾਲ ਨੇ ਆਪਣੇ ਹੀ ਪਿੰਡ ਦੇ ਖ਼ਾਲਸਾ ਹਾਈ ਸਕੂਲ ਸ਼ੰਕਰ ਵਿੱਚ ਕਈ ਸਾਲ ਸਾਇੰਸ ਮਾਸਟਰ ਦੇ ਤੌਰ 'ਤੇ ਨੌਕਰੀ ਕੀਤੀ। ਪੜ੍ਹਾਈ 'ਚ ਹੁਸ਼ਿਆਰ ਹੋਣ ਦੇ ਨਾਲ-ਨਾਲ ਉਹ, ਬਾਸਕਟਬਾਲ ਅਤੇ ਸ਼ਤਰੰਜ ਦੇ ਵੀ ਚੰਗੇ ਖਿਡਾਰੀ ਰਹੇ ਸਨ।

ਸ: ਪਾਲ ਸਿੰਘ ਪੁਰੇਵਾਲ, ਸੰਨ 1965 ਈ: 'ਚ ਸਿੱਖਿਆ ਵਿਭਾਗ ਤੋਂ ਛੁੱਟੀ ਲੈ ਕੇ ਇੰਗਲੈਂਡ ਚਲੇ ਗਏ ਪਰ, ਭਾਰਤ-ਪਾਕਿਸਤਾਨ ਜੰਗ ਲੱਗਣ ਕਾਰਨ ਛੁੱਟੀ ਰੱਦ ਹੋ ਜਾਣ 'ਤੇ ਵਾਪਸ ਆਉਣਾ ਪਿਆ। ਸੰਨ 1966 ਈ: 'ਚ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਪੱਕੇ ਤੌਰ 'ਤੇ ਇੰਗਲੈਂਡ ਚਲੇ ਗਏ। ਟੈਕਸਾਸ ਇੰਸਟਰੂਮੈਂਟਸ ਵਿੱਚ ਨੌਕਰੀ ਆਰੰਭ ਕਰ ਦਿੱਤੀ। ਸੰਨ 1974 'ਚ ਉਹ ਕੈਨੇਡਾ ਚਲੇ ਗਏ ਅਤੇ ਆਈ.ਟੀ. ਵਿੱਚ ਕੰਪਿਊਟਰ ਪ੍ਰੋਗਰਾਮਿੰਗ ਵਿਭਾਗ ਦੇ ਮੁੱਖ ਪ੍ਰਬੰਧਕ ਦੀਆਂ ਸੇਵਾਵਾਂ ਨਿਭਾਈਆਂ। ਸ: ਪਾਲ ਸਿੰਘ ਪੁਰੇਵਾਲ ਨੂੰ ਵਿਦਿਆਰਥੀ ਜੀਵਨ ਤੋਂ ਹੀ ਕੈਲੰਡਰ ਵਿਸ਼ੇ 'ਚ ਬਹੁਤ ਦਿਲਚਸਪੀ ਸੀ। ਇਸ ਲਈ ਉਹ ਹਰ ਸਾਲ ਜੰਤਰੀ ਖਰੀਦਦੇ ਸਨ। ਜੰਤਰੀ ਵਿੱਚ ਦਰਜ ਤਿੱਥ, ਘੜੀ, ਪਲ, ਨਛੱਤਰ, ਯੋਗ ਆਦਿ ਨੂੰ ਜਾਣਣ/ ਸਮਝਣ ਸਬੰਧੀ ਦਿਲਚਸਪੀ ਵੱਧਦੀ ਗਈ ਤਾਂ ਹੋਰ ਕਿਤਾਬਾਂ ਪੜ੍ਹਨੀਆਂ ਆਰੰਭ ਦਿੱਤੀਆਂ। ਉਨ੍ਹਾਂ ਨੇ ਕੈਲੰਡਰ ਸਬੰਧੀ, ਸੂਰਜ ਸਿਧਾਂਤ', 'ਗ੍ਰਹ ਲਾਘਮ' 'ਮਕਰੰਦ ਸਾਰਣੀ' ਆਦਿ ਕਿਤਾਬਾਂ ਦਾ ਅਧਿਐਨ ਕੀਤਾ। ਸ: ਪਾਲ ਸਿੰਘ ਜੀ ਨੇ ਇਨ੍ਹਾਂ ਕਿਤਾਬਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ, ਘੋਖਿਆ ਅਤੇ ਕੈਲੰਡਰ ਦੇ ਨਾਲ-ਨਾਲ ਟੇਵੇ/ ਜਨਮ ਪੱਤਰੀਆਂ ਬਣਾਉਣ ਅਤੇ ਉਨ੍ਹਾਂ ਦੀ ਪਰਖ-ਪੜਚੋਲ ਕਰਨ ਦੀ ਯੋਗਤਾ ਵੀ ਹਾਸਲ ਕਰ ਲਈ। 1985 ਈ: ਵਿੱਚ ਉਨ੍ਹਾਂ ਨੇ ਕੰਪਿਊਟਰ ਪ੍ਰੋਗਰਾਮ ਤਿਆਰ ਕੀਤਾ, ਜਿਸ ਦੀ ਮਦਦ ਨਾਲ ਕੋਈ ਵੀ ਤਾਰੀਖ਼ ਇੱਕ ਤੋਂ ਦੂਸਰੀ ਪੱਧਤੀ 'ਚ ਆਸਾਨੀ ਨਾਲ ਬਦਲੀ ਜਾ ਸਕਦੀ ਹੈ।

ਇਤਿਹਾਸ ਪੜ੍ਹਦਿਆਂ ਉਨ੍ਹਾਂ ਵੇਖਿਆ ਕਿ ਇਤਿਹਾਸਕਾਰ ਆਪਣੀਆਂ ਪੁਸਤਕਾਂ ਵਿੱਚ ਇੱਕੋ ਘਟਨਾ ਦੀਆਂ ਵੱਖ-ਵੱਖ ਤਾਰੀਖਾਂ ਲਿਖਦੇ ਹਨ। ਇਨ੍ਹਾਂ 'ਚ ਕਿਹੜੀ ਤਾਰੀਖ ਸਹੀ ਮੰਨੀ ਜਾਵੇ, ਇਸ ਵਖਰੇਵੇਂ ਦੀ ਪੜਤਾਲ ਕੀਤੀ ਤਾਂ ਇਸ ਸਿੱਟੇ 'ਤੇ ਪਹੁੰਚੇ ਕਿ ਸਿੱਖ ਇਤਿਹਾਸ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਅਤੇ ਹਿਜਰੀ ਕੈਲੰਡਰ ਦੀਆਂ ਤਾਰੀਖ਼ਾਂ 'ਚ ਲਿਖਿਆ ਮਿਲਦਾ ਹੈ,




**ਸ: ਪਾਲ ਸਿੰਘ ਜੀ ਪੁਰੇਵਾਲ ਜੀ ਨੇ 500 ਸਾਲਾਂ ਜੰਤਰੀ (1469-2000) ਦੇ ਨਾਲ-ਨਾਲ, ਹਿਜਰੀ ਕੈਲੰਡਰ ਤਿਆਰ ਕੀਤਾ। ਉਨ੍ਹਾਂ ਦੀ ਇਹ ਵੱਡ ਅਕਾਰੀ ਕਿਤਾਬ, ਪਾਕਿਸਤਾਨ 'ਚ 2007 ਈ 'ਚ ਛਪੀ। ਇਸ ਖੋਜ ਭਰਪੂਰ ਪੁਸਤਕ ਲਈ ਸ: ਪਾਲ ਸਿੰਘ ਪੁਰੇਵਾਲ ਨੂੰ 'ਜੀਵਨ ਭਰ ਦੀ ਪ੍ਰਾਪਤੀ' ਪੁਰਸਕਾਰ ਮਿਲਿਆ ਅਤੇ ਦਿਆਲ ਸਿੰਘ ਕਾਲਜ ਲਾਹੌਰ ਦੀ ਲਾਇਬਰੇਰੀ 'ਚ ਵਿਸ਼ੇਸ਼ ਤੌਰ 'ਤੇ ਪੁਰੇਵਾਲ ਕੌਰਨਰ ਬਣਾਇਆ ਗਿਆ, ਜਿਥੇ ਉਨ੍ਹਾਂ ਦੀ ਫ਼ੋਟੋ ਲੱਗੀ ਹੋਈ ਹੈ। ਅਗਸਤ 2022 ਈ: ਵਿੱਚ, ਉਨ੍ਹਾਂ ਦੀ ਨਵੀ ਕਿਤਾਬ, "Nanakshaih Calendar iwth Calendar Converison Tables for 632 Years" (1469-2100 ਈ:) ਛਪੀ ਸੀ। ਇਨ੍ਹਾਂ ਤਿੰਨਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਖੋਜ ਪੱਤਰ ਯੂਨੀਵਰਸਿਟੀਆਂ ਦੇ ਸੈਮੀਨਾਰਾਂ 'ਚ ਪੜ੍ਹੇ ਅਤੇ Journals 'ਚ ਛਾਪੇ ਗਏ।**

ਪਰ ਅੰਗਰੇਜਾਂ ਦੇ ਰਾਜ ਵੇਲੇ, ਬਹੁਤੇ ਇਤਿਹਾਸਕਾਰਾਂ ਨੇ ਅੰਗਰੇਜੀ ਤਾਰੀਖਾਂ (ਜੂਲੀਅਨ ਅਤੇ ਗਰੈਗੋਰੀਅਨ) ਲਿਖਣੀਆਂ ਆਰੰਭ ਕਰ ਦਿੱਤੀਆਂ। ਇਕ ਕੈਲੰਡਰ ਤੋਂ ਦੂਜੇ ਕੈਲੰਡਰ ਵਿੱਚ, ਤਾਰੀਖਾਂ ਦੀ ਅਦਲਾ-ਬਦਲੀ ਕਰਨ ਦਾ ਕੋਈ ਠੋਸ ਸਾਧਨ ਨਾ ਹੋਣ ਕਾਰਨ ਗਲਤੀਆਂ ਦਰ ਗਲਤੀਆਂ ਹੁੰਦੀਆਂ ਗਈਆਂ। ਇਸ ਸਮੱਸਿਆ ਦੇ ਹੱਲ ਲਈ ਉਨ੍ਹਾਂ ਨੇ 500 ਸਾਲਾ ਜੰਤਰੀ (1469 ਈ: ਤੋਂ 2000 ਈ:) ਤਿਆਰ ਕੀਤੀ। ਜਿਸ ਦੀ ਸਹਾਇਤਾ ਨਾਲ, ਬਿਕ੍ਰਮੀ ਕੈਲੰਡਰ (ਵਦੀ-ਸੁਦੀ ਅਤੇ ਪ੍ਰਵਿਸ਼ਟੇ), ਹਿਜਰੀ ਕੈਲੰਡਰ ਅਤੇ ਅੰਗਰੇਜੀ ਕੈਲੰਡਰ ਦੀਆਂ ਤਾਰੀਖਾਂ ਅਤੇ ਦਿਨ ਦੀ ਪੜਤਾਲ ਕਰਨੀ ਸੰਭਵ ਹੋ ਗਈ।

ਸਿੱਖ ਇਤਿਹਾਸਕ ਦੇ 34 ਵਸੀਲਿਆਂ 'ਚ ਸਾਰੀਆਂ ਇਤਿਹਾਸਕ ਤਾਰੀਖਾਂ ਦੀ ਸੂਚੀ ਤਿਆਰ ਕਰਕੇ, ਉਨ੍ਹਾਂ ਦੀ ਪੜਤਾਲ ਕਰਨ ਉਪ੍ਰੰਤ ਸਿੱਖ ਇਤਿਹਾਸ ਦੀਆ ਸਹੀ ਤਾਰੀਖਾਂ ਦੀ ਇਕ ਸੂਚੀ ਤਿਆਰ ਕੀਤੀ। ਸਿੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਨਾਲ ਕਈ ਸਾਲ ਵਿਚਾਰ ਵਟਾਂਦਰਾ ਕਰਨ ਉਪ੍ਰੰਤ 1998 ਈ: ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ। ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਸ ਕਰਨ ਉਪ੍ਰੰਤ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਾਗੂ ਕਰਨ ਲਈ ਪ੍ਰਵਾਨਗੀ ਦਿੱਤੀ ਗਈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 1999 ਤੋਂ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਨਾਨਕਸ਼ਾਹੀ ਕੈਲੰਡਰ ਵਿੱਚ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ, ਅਸਲ ਪ੍ਰਵਿਸ਼ਟਿਆਂ ਮੁਤਾਬਕ ਦਰਜ ਕੀਤੇ ਗਏ ਸਨ। ਸਾਲ ਦੀ ਲੰਬਾਈ ਗੁਰਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ" ਅਧਾਰਿਤ, ਰੁੱਤੀ ਸਾਲ ਦੇ ਬਰਾਬਰ ਰੱਖੀ ਗਈ। ਸਾਲ ਦੀ ਲੰਬਾਈ ਰੁੱਤੀ ਸਾਲ ਦੀ ਹੋਣ ਕਾਰਨ, ਇੱਕ ਵਾਰ ਨਿਸ਼ਚਿਤ ਕੀਤੇ ਪ੍ਰਵਿਸ਼ਟੇ ਹਰ ਸਾਲ ਉਨ੍ਹਾਂ ਹੀ ਤਾਰੀਖ਼ਾਂ ਨੂੰ ਆਉਣਗੇ। ਜਿਵੇਂ ਨਵਾਂ ਸਾਲ ਅਤੇ ਹੋਲਾ ਮਹੱਲਾ, ਹਰ ਸਾਲ 1 ਚੇਤ/ 14 ਮਾਰਚ, ਵੈਸਾਖੀ 1 ਵੈਸਾਖ/ 14 ਅਪ੍ਰੈਲ, ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 2 ਹਾੜ/ 16 ਜੂਨ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 11 ਮੱਘਰ/ 24 ਨਵੰਬਰ, ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ/ 21 ਦਸੰਬਰ, ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ; ਹਰ ਸਾਲ 13 ਪੋਹ/ 26 ਦਸੰਬਰ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਹਰ ਸਾਲ 23 ਪੋਹ/ 5 ਜਨਵਰੀ ਨੂੰ ਹੀ ਆਉਣਗੇ।

ਇਸ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ ਗੁਰਬਾਣੀ ਮੁਤਾਬਕ ਹੋਣ ਕਾਰਨ, ਗੁਰੂ ਅਰਜਨ ਸਾਹਿਬ ਜੀ ਵੱਲੋਂ ਉਚਾਰਨ ਕੀਤੀ ਗਈ ਬਾਣੀ, ਰੁੱਤੀ ਸਲੋਕ (ਰਾਮਕਲੀ ਰਾਗ) 'ਚ ਦਰਜ ਛੇ ਰੁੱਤਾਂ ਦਾ ਸਬੰਧ, ਨਾਨਕਸ਼ਾਹੀ ਕੈਲੰਡਰ ਦੇ ਮਹੀਨਿਆਂ ਦੀਆਂ ਰੁੱਤਾਂ ਨਾਲ ਹਮੇਸ਼ਾ ਲਈ ਉਹੀ ਰਹਿਣ ਗੀਆ, ਜਿਹੜੀਆਂ ਅੱਜ ਕੱਲ੍ਹ ਦੇ ਮਹੀਨਿਆਂ 'ਚ ਚੱਲ ਰਹੀਆਂ ਹਨ ਜਦੋਂ ਕਿ ਬਿਕ੍ਰਮੀ ਕੈਲੰਡਰ ਦੇ ਮਹੀਨਿਆਂ ਦੀਆਂ ਰੁੱਤਾਂ ਦਾ ਸੰਬੰਧ ਨਿਰੰਤਰ ਟੁੱਟ ਰਿਹਾ ਹੈ।

ਨਾਨਕਸ਼ਾਹੀ ਕੈਲੰਡਰ ਦੀ ਐਨੀ ਸਪੱਸ਼ਟਤਾ, ਸਰਲਤਾ ਅਤੇ ਸਮਝਣ 'ਚ ਆਸਾਨ ਹੋਣ ਦੇ ਬਾਵਜੂਦ ਕੁਝ ਲੋਕਾਂ ਨੇ ਬੇਸਮਝੀ ਕਾਰਨ ਵਾਦ-ਵਿਵਾਦ ਦਾ ਵਿਸ਼ਾ ਬਣਾ ਲਿਆ ਤੇ ਇਸ 'ਤੇ ਅਮਲ ਰੋਕ ਦਿੱਤਾ ਗਿਆ। ਪੰਥਕ ਵਿਦਵਾਨਾਂ ਅਤੇ ਵੱਖ-ਵੱਖ ਜਥੇਬੰਦੀਆਂ ਦੀਆਂ ਕਈ ਮੀਟਿੰਗਾਂ ਹੋਣ ਉਪਰੰਤ ਲਏ ਫੈਸਲੇ ਤੋਂ ਬਾਅਦ 2003 ਈ: 'ਚ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ। ਕੁਝ ਤਾਕਤਾਂ ਨਹੀਂ ਚਾਹੁੰਦੀਆਂ ਹਨ ਕਿ ਸਿੱਖਾਂ ਦਾ ਆਪਣਾ ਕੋਈ ਵੱਖਰਾ ਕੈਲੰਡਰ ਹੋਵੇ ਜਿਹੜਾ ਕੈਲੰਡਰ ਵਿਗਿਆਨ, ਗੁਰਬਾਣੀ ਅਤੇ ਇਤਿਹਾਸਕ ਤੱਥਾਂ 'ਤੇ ਪੂਰਾ ਉਤਰਦਾ ਹੋਵੇ। ਉਨ੍ਹਾਂ ਨੇ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਤੇ ਅੰਤ ਮਾਰਚ 2010 ਈ: ਵਿੱਚ ਸੋਧਾਂ ਦੇ ਨਾਂ 'ਤੇ ਫਿਰ ਮਿਲਗੋਭਾ ਕੈਲੰਡਰ , ਸੂਰਜੀ ਬਿਕ੍ਰਮੀ (ਦ੍ਰਿਕ ਗਣਿਤ ਸਿਧਾਂਤ) ਕੌਮ ਦੇ ਸਿਰ ਮੜ੍ਹ ਦਿੱਤਾ।

ਸ: ਪਾਲ ਸਿੰਘ ਜੀ ਪੁਰੇਵਾਲ ਜੀ ਨੇ 500 ਸਾਲਾਂ ਜੰਤਰੀ (1469-2000) ਦੇ ਨਾਲ-ਨਾਲ, ਹਿਜਰੀ ਕੈਲੰਡਰ ਤਿਆਰ ਕੀਤਾ। ਉਨ੍ਹਾਂ ਦੀ ਇਹ ਵੱਡ ਅਕਾਰੀ ਕਿਤਾਬ, ਪਾਕਿਸਤਾਨ 'ਚ 2007 ਈ 'ਚ ਛਪੀ। ਇਸ ਖੋਜ ਭਰਪੂਰ ਪੁਸਤਕ ਲਈ ਸ: ਪਾਲ ਸਿੰਘ ਪੁਰੇਵਾਲ ਨੂੰ 'ਜੀਵਨ ਭਰ ਦੀ ਪ੍ਰਾਪਤੀ' ਪੁਰਸਕਾਰ ਮਿਲਿਆ ਅਤੇ ਦਿਆਲ ਸਿੰਘ ਕਾਲਜ ਲਾਹੌਰ ਦੀ ਲਾਇਬਰੇਰੀ 'ਚ ਵਿਸ਼ੇਸ਼ ਤੌਰ 'ਤੇ ਪੁਰੇਵਾਲ ਕੌਰਨਰ ਬਣਾਇਆ ਗਿਆ, ਜਿਥੇ ਉਨ੍ਹਾਂ ਦੀ ਫ਼ੋਟੋ ਲੱਗੀ ਹੋਈ ਹੈ। ਅਗਸਤ 2022 ਈ: ਵਿੱਚ, ਉਨ੍ਹਾਂ ਦੀ ਨਵੀ ਕਿਤਾਬ, "Nanakshaih Calendar iwth Calendar Converison Tables for 632 Years" (1469-2100 ਈ:) ਛਪੀ ਸੀ। ਇਨ੍ਹਾਂ ਤਿੰਨਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਖੋਜ ਪੱਤਰ ਯੂਨੀਵਰਸਿਟੀਆਂ ਦੇ ਸੈਮੀਨਾਰਾਂ 'ਚ ਪੜ੍ਹੇ ਅਤੇ Journals 'ਚ ਛਾਪੇ ਗਏ। ਨਵੀ ਛਪੀ ਕਿਤਾਬ ਨੂੰ ਜਿਉਂਦੇ ਜੀ ਉਹ ਆਪਣੇ ਅੱਖੀਂ ਵੇਖ ਤਾਂ ਗਏ, ਪਰ ਰਸਮੀ ਤੌਰ 'ਤੇ ਰੀਲੀਜ਼ ਕਰਨ ਲਈ, ਕਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ ਵੱਲੋਂ ਸਰੀ ਵਿਖੇ ਰੱਖੇ ਸਮਾਗਮ (23 ਸਤੰਬਰ 2022 ਈ) ਤੋਂ ਇਕ ਦਿਨ ਪਹਿਲਾ, ਉਹ 22 ਸਤੰਬਰ 2022 ਦਿਨ ਵੀਰਵਾਰ ਨੂੰ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਇੱਕ ਪਾਸੇ ਇਸਲਾਮ ਜਗਤ ਹੈ, ਜਿਨ੍ਹਾਂ ਨੇ ਸ. ਪਾਲ ਸਿੰਘ ਜੀ ਪੁਰੇਵਾਲ ਦੀ ਖੋਜ ਦੀ ਕਦਰ ਕੀਤੀ, ਦੂਜੇ ਪਾਸੇ ਸਿੱਖ ਜਗਤ ਹੈ, ਜਿਸ ਦੇ ਚੌਧਰੀਆਂ ਨੇ ਸਿਆਸੀ ਹਿੱਤਾਂ ਖਾਤਰ ਸੋਧਾਂ ਦੇ ਨਾਂ ਹੇਠ ਮੁੜ (ਮਾਰਚ 2010 ਈ) ਬਿਕ੍ਰਮੀ ਕੈਲੰਡਰ (ਦ੍ਰਿਕ ਗਣਿਤ ਸਿਧਾਂਤ) ਲਾਗੂ ਕਰ ਦਿੱਤਾ। ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਧਰਮ ਦੇ ਉੱਪਰ ਸਿਆਸਤ ਭਾਰੂ ਹੋ ਚੁੱਕੀ ਹੈ, ਜਿਸ ਕਾਰਨ ਸਹੀ ਫੈਸਲੇ ਲੈਣ ਦੀ ਥਾਂ, ਸਿਆਸੀ ਹਿੱਤਾਂ ਨੂੰ ਮੁੱਖ ਰੱਖਿਆ ਜਾਂਦਾ ਹੈ।

23 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

## 29 ਸਤੰਬਰ ਲਈ ਕਾਮਾਗਾਟਾਮਾਰੂ ਸਾਕੇ 'ਤੇ ਵਿਸ਼ੇਸ਼

# ਜਦੋਂ ਨਿਹੱਥੇ ਮੁਸਾਫਰਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਿਆ-ਸਾਕਾ ਬਜਬਜਘਾਟ



ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਤੋਂ ਪਹਿਲਾਂ ਅਜਿਹਾ ਹੀ ਇਕ ਹੋਰ ਖ਼ੂਨੀ ਸਾਕਾ ਹਿੰਦੁਸਤਾਨ ਦੀ ਧਰਤੀ 'ਤੇ ਵਾਪਰਿਆ। ਇਸ ਸਾਕੇ ਨੂੰ ਬਜਬਜਘਾਟ ਦੇ ਖ਼ੂਨੀ ਸਾਕੇ ਵਜੋਂ ਹਰ ਦੇਸ਼ ਵਾਸੀ ਯਾਦ ਕਰਦਾ ਹੈ। ਇਹ ਖ਼ੂਨੀ ਸਾਕਾ ਹੁਗਲੀ ਨਦੀ ਦੇ ਕਿਨਾਰੇ ਬਜਬਜਘਾਟ ਨਾਂਅ ਦੀ ਬੰਦਰਗਾਹ 'ਤੇ 29 ਸਤੰਬਰ, 1914 ਨੂੰ ਵਾਪਰਿਆ। ਇਸ ਖ਼ੂਨੀ ਸਾਕੇ ਸਮੇਂ ਜਿਸ ਜੁਝਾਰੂ ਸਿੱਖ ਆਗੂ ਦੀ ਅਗਵਾਈ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੇ ਦੇਸ਼ ਦੀ ਅਜ਼ਾਦੀ ਲਈ ਨਵੀਂ ਚੇਤਨਾ ਪੈਦਾ ਕਰਨ ਲਈ ਕੁਰਬਾਨੀਆਂ ਦਿੱਤੀਆਂ। ਉਸ ਮਹਾਨ ਸਿੱਖ ਆਗੂ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਨਾਂਅ ਨਾਲ ਹਰ ਬਸ਼ਰ ਯਾਦ ਕਰਦਾ ਹੈ। ਬਾਬਾ ਗੁਰਦਿੱਤ ਸਿੰਘ ਦਾ ਜਨਮ ਪਿੰਡ ਸਰਹਾਲੀ ਜ਼ਿਲ੍ਹਾ ਤਰਨ-ਤਾਰਨ ਵਿਖੇ 1861 ਈ: ਨੂੰ ਹੋਇਆ। ਇਨ੍ਹਾਂ ਦੇ ਪਿਤਾ ਜੀ ਸ. ਹੁਕਮ ਸਿੰਘ ਸੰਧੂ ਖੇਤੀਬਾੜੀ ਦਾ ਧੰਦਾ ਕਰਦੇ ਸਨ। ਬਾਬਾ ਜੀ ਨੇ ਮੁੱਢਲੀ ਸਿੱਖਿਆ ਤੋਂ ਪਿੱਛੋਂ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਆਰੰਭ ਕੀਤਾ। ਪਰ ਇਹ ਕਿੱਤਾ ਹੁਣ ਵਾਂਗ ਉਦੋਂ ਵੀ ਲਾਭਕਾਰੀ ਨਹੀਂ ਸੀ। ਬਾਬਾ ਜੀ ਦੇ ਮਨ ਵਿੱਚ ਵਿਉਪਾਰ ਕਰਨ ਦੀ ਲਗਨ ਸੀ। ਇਸੇ ਲਗਨ ਨੂੰ ਲੈ ਕੇ ਬਾਬਾ ਜੀ ਪਹਿਲਾਂ ਮਲਾਇਆ ਪਹੁੰਚ ਕੇ ਇਸ ਤੋਂ ਪਿੱਛੋਂ ਹਾਂਗਕਾਂਗ ਚਲੇ ਗਏ। ਬਾਬਾ ਜੀ ਨੇ ਵਪਾਰ ਕਰਨ ਦੇ ਆਸ਼ੇ ਨੂੰ ਰੱਖ ਕੇ ਕੁਝ ਸਮੇਂ ਲਈ ਠੇਕੇਦਾਰੀ ਦਾ ਕਿੱਤਾ ਕੀਤਾ। ਥੋੜ੍ਹਾ ਸਮਾਂ ਠੇਕੇਦਾਰੀ ਕਰਨ ਤੋਂ ਪਿੱਛੋਂ ਉਨ੍ਹਾਂ ਇਕ ਸਮੁੰਦਰੀ ਜਹਾਜ ਕਾਮਾਗਾਟਾਮਾਰੂ ਕਿਰਾਏ 'ਤੇ ਲੈ ਲਿਆ।

ਬਾਬਾ ਜੀ ਬੜੀ ਤੇਜ਼ ਤਰਾਰ ਬੁੱਧੀ ਦੇ ਮਾਲਕ ਸਨ। ਉਨ੍ਹਾਂ ਦੇ ਮਨ ਵਿੱਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੀ ਆਰਥਿਕ ਮੰਦਹਾਲੀ ਦਾ ਦੁੱਖ ਅਤੇ ਗੁਲਾਮ ਹੋਣ ਦੀ ਲਾਹਨਤ ਤੋਂ ਇਲਾਵਾ ਅੰਗ੍ਰੇਜ਼ ਸਰਕਾਰ ਦੀ ਲੁੱਟ ਖਸੁੱਟ ਦੀ ਮਾਰੂ ਨੀਤੀ ਘਰ ਕਰ ਚੁੱਕੀ ਸੀ। ਇਨ੍ਹਾਂ ਸਾਂਝੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 376 ਮੁਸਾਫਰਾਂ ਸਮੇਤ ਇਕ ਜਹਾਜ਼ ਨੂੰ ਕੈਨੇਡਾ ਲਿਜਾਣ ਦਾ ਪ੍ਰੋਗਰਾਮ ਬਣਾ ਲਿਆ। ਇਨ੍ਹਾਂ ਪੰਜਾਬੀ ਮੁਸਾਫਰਾਂ ਵਿੱਚ ਕੇਵਲ 30 ਗੈਰ ਸਿੱਖ ਯਾਤਰੂ ਸਨ। ਬਾਕੀ ਸਾਰੇ ਸਿੱਖ ਸਨ। ਉਨ੍ਹਾਂ ਇਸ ਜਹਾਜ ਦਾ ਨਾਂਅ ਕਾਮਾਗਾਟਾਮਾਰੂ ਦੀ ਥਾਂ 'ਤੇ ਗੁਰੂ ਨਾਨਕ ਜਹਾਜ਼ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਇਸ ਜਹਾਜ਼ ਵਿੱਚ ਕੀਤਾ। ਵਪਾਰਕ ਨਜ਼ਰੀਏ ਨਾਲ ਕੁਝ ਕੋਲਾ ਵੀ ਇਸ ਜਹਾਜ਼ ਵਿੱਚ ਭਰਿਆ ਗਿਆ। ਜਹਾਜ਼ ਨੂੰ ਰਵਾਨਾ ਕਰਨ ਤੋਂ ਪਹਿਲਾਂ ਇਥੇ ਹਕੂਮਤ ਕਰ ਰਹੀ ਅੰਗ੍ਰੇਜ਼ ਸਰਕਾਰ ਨੇ ਬਹੁਤ ਸਾਰੀਆਂ ਰੁਕਾਵਟਾਂ ਪਾਈਆਂ। ਇਨ੍ਹਾਂ ਸਾਰੀਆਂ ਤੰਗੀਆਂ ਤੁਰਸ਼ੀਆਂ ਨੂੰ ਝੱਲਦਿਆਂ ਆਖਰ ਇਹ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਲਈ 4 ਅਪ੍ਰੈਲ, 1914 ਈ: ਨੂੰ ਰਵਾਨਾ ਹੋਇਆ। ਸਮੁੰਦਰੀ ਸਫ਼ਰ ਤੈਅ ਕਰਕੇ 22 ਮਈ, 1914 ਈ: ਨੂੰ ਇਹ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਦਿਆਂ ਆਖਰ ਇਸ ਜਹਾਜ਼ ਨੂੰ ਬੰਦਰਗਾਹ ਤੋਂ ਪਿੱਛੇ ਹੀ ਰੋਕ ਲਿਆ ਗਿਆ। ਇਸ ਜਹਾਜ਼ ਵਿੱਚ ਸਫਰ ਕਰ ਰਹੇ ਮੁਸਾਫਰਾਂ ਵਿੱਚੋਂ ਕੇਵਲ ਉਨ੍ਹਾਂ ਯਾਤਰੂਆਂ ਨੂੰ ਉਤਰਨ ਦੀ ਆਗਿਆ ਦਿੱਤੀ ਗਈ, ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ। ਬਾਕੀ ਸਾਰੇ ਮੁਸਾਫਿਰ ਲਗਪਗ ਦੋ ਮਹੀਨੇ (23 ਜੁਲਾਈ ਤੱਕ) ਸਮੁੰਦਰ ਵਿੱਚ ਸਖ਼ਤ ਪਹਿਰੇ ਹੇਠ ਰੋਕੀ ਰੱਖੇ। ਇਨ੍ਹਾਂ ਦੋ ਮਹੀਨਿਆਂ ਦੌਰਾਨ ਸਮੁੰਦਰ ਜਹਾਜ਼ ਵਿੱਚ ਰਾਸ਼ਨ ਆਦਿ ਵੀ ਖ਼ਤਮ ਹੋ ਗਿਆ। ਸਮੁੰਦਰ ਵਿੱਚ ਰਹਿਣ ਕਰਕੇ ਬਹੁਤ ਸਾਰੇ ਮੁਸਾਫਰ ਅਨੇਕਾਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਗਏ।

ਅਨੇਕਾਂ ਕਠਿਨਾਈਆਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਇਹ ਮੁਸਾਫਿਰ 29 ਸਤੰਬਰ, 1914 ਈ: ਨੂੰ ਬਾਬਾ ਜੀ ਦੀ ਅਗਵਾਈ ਵਿੱਚ ਹੁਗਲੀ ਬੰਦਰਗਾਹ 'ਤੇ ਪਹੁੰਚੇ। ਇਸ ਘਾਟ ਦਾ ਨਾਂਅ ਬਜਬਜਘਾਟ ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿੱਚ ਰਾਜ ਕਰ ਰਹੀ ਅੰਗ੍ਰੇਜ਼ ਸਰਕਾਰ ਨੂੰ ਇਹ ਸਾਰੇ ਮਰਜੀਵੜੇ ਵਿਦਰੋਹੀ ਨਜ਼ਰ ਆਉਂਦੇ ਸਨ, ਕਿਉਂਕਿ ਤਕਰੀਬਨ ਸਾਢੇ ਪੰਜ ਮਹੀਨੇ ਪਿੱਛੋਂ ਇਹ ਭਾਰਤੀ ਬੰਦਰਗਾਹ 'ਤੇ ਪੁੱਜੇ ਸਨ। ਇਨ੍ਹਾਂ ਨੂੰ ਜਹਾਜ ਤੋਂ ਉਤਰਨ ਤੋਂ ਪਹਿਲਾਂ ਸਾਰੇ ਜਹਾਜ਼ ਦੀ ਤਲਾਸ਼ੀ ਲਈ ਗਈ। ਸਰਕਾਰ ਨੇ ਫੈਸਲਾ ਕੀਤਾ ਕਿ ਇਨ੍ਹਾਂ ਭੁੱਖ ਅਤੇ ਬਿਮਾਰੀਆਂ ਤੋਂ ਤੰਗ ਆਏ ਸਾਰੇ ਬਾਗੀ ਮੁਸਾਫਿਰਾਂ ਨੂੰ ਇਕ ਬੰਦ ਰੇਲ ਗੱਡੀ ਰਾਹੀਂ ਪੰਜਾਬ ਭੇਜਿਆ ਜਾਵੇ। 17 ਮੁਸਲਮਾਨ ਮੁਸਾਫਿਰ ਸਰਕਾਰ ਦਾ ਹੁਕਮ ਮੰਨ ਕੇ ਗੱਡੀ ਵਿੱਚ ਸਵਾਰ ਹੋ ਗਏ। ਬਾਕੀ ਸਾਰੇ ਮੁਸਾਫਿਰ ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਜਲੂਸ ਦੀ ਸ਼ਕਲ ਵਿੱਚ ਪੈਦਲ ਚਲ ਪਏ। ਉਨ੍ਹਾਂ ਪਲੇਟਫਾਰਮ 'ਤੇ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਆਰੰਭ ਕੀਤਾ। ਏਨੇ ਨੂੰ ਫੌਜ ਅਤੇ ਪੁਲਸ ਦੀਆਂ ਟੁੱਕੜੀਆਂ ਨੇ ਇਨ੍ਹਾਂ ਜੁਝਾਰੂ ਪੰਜਾਬੀਆਂ ਉੱਤੇ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਯਾਤਰੂ ਗ੍ਰਿਫ਼ਤਾਰ ਕਰ ਲਏ ਗਏ। ਸਰਕਾਰੀ ਰਿਕਾਰਡ ਮੁਤਾਬਕ 18 ਮੁਸਾਫਿਰ ਸ਼ਹਾਦਤ ਦਾ ਜਾਮ ਪੀ ਗਏ। ਇਸ ਬਜਬਜਘਾਟ ਦੇ ਖ਼ੂਨੀ ਸਾਕੇ ਨੇ ਦੇਸ਼ ਭਗਤਾਂ ਅੰਦਰ ਅਜ਼ਾਦੀ ਦੀ ਚਿਣਗ ਨੂੰ ਹੋਰ ਤਿੱਖਾ ਕੀਤਾ।

ਇਸ ਖ਼ੂਨੀ ਸਾਕੇ ਸਮੇਂ ਬਾਬਾ ਗੁਰਦਿੱਤ ਸਿੰਘ ਆਪਣੇ ਹੋਰ 28 ਸਾਥੀਆਂ ਸਮੇਤ ਇਸ ਜਗ੍ਹਾਂ ਤੋਂ ਬਚ ਕੇ ਨਿਕਲ ਜਾਣ ਵਿੱਚ ਕਾਮਯਾਬ ਹੋ ਗਏ। ਇਹ ਜੁਝਾਰੂ ਬਾਬਾ ਛੇ ਸਾਲ ਤੱਕ ਗੁਪਤਵਾਸ ਵਿੱਚ ਰਿਹਾ। ਇਸ ਤੋਂ ਪਿੱਛੋਂ ਉਹ ਲੋਕਾਂ ਸਾਹਮਣੇ ਆਏ। ਕਈ ਵਾਰ ਇਸ ਦੇਸ਼ ਭਗਤ ਬਾਬੇ ਨੂੰ ਸਖ਼ਤ ਕੈਦ ਕੱਟਣੀ ਪਈ। ਉਹ ਹੁਣ ਪੂਰੀ ਤਰ੍ਹਾਂ ਰਾਸ਼ਟਰੀ ਅੰਦੋਲਨ ਵਿੱਚ ਸ਼ਾਮਿਲ ਹੋ ਚੁੱਕਾ ਸੀ। ਇਸ ਦੌਰਾਨ ਅਜ਼ਾਦੀ ਲਈ ਘੋਲ ਕਰ ਰਹੇ ਰਾਸ਼ਟਰੀ ਆਗੂਆਂ ਨੂੰ ਗੁਪਤਵਾਸ ਦੌਰਾਨ ਮਿਲਦਾ ਵੀ ਰਿਹਾ। 1926 ਈ: ਵਿੱਚ ਜਦੋਂ ਸ. ਸਰਮੁੱਖ ਸਿੰਘ ਝਬਾਲ ਜੇਲ੍ਹ ਚਲਾ ਗਿਆ ਤਾਂ ਬਾਬਾ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ। 1926 ਈ: ਵਿੱਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਨੇ ਗੁਹਾਟੀ ਸੈਸ਼ਨ ਵਿੱਚੋਂ 50 ਸਿੱਖ ਡੈਲੀਗੇਟਾਂ ਸਮੇਤ ਵਾਕਆਊਟ ਕੀਤਾ, ਕਿਉਂਕਿ ਉਸ ਸਮੇਂ ਸਬਜੈਕਟ ਕਮੇਟੀ ਨੇ ਆਪਣੇ ਪਾਸ ਹੋਣ ਵਾਲੇ ਮਤਿਆਂ ਵਿੱਚ ਮਹਾਰਾਜਾ ਨਾਭਾ ਸ. ਰਿਪੁਦਮਨ ਸਿੰਘ ਨੂੰ ਅੰਗ੍ਰੇਜ਼ਾਂ ਵੱਲੋਂ ਗੱਦੀ ਤੋਂ ਵੱਖ ਕਰਨ ਦੀ ਬੇਇਨਸਾਫੀ ਵਿਰੁੱਧ ਮਤਾ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਪਿੱਛੋਂ 1931 ਤੋਂ 1933 ਈ: ਤੱਕ ਬਾਬਾ ਜੀ ਨੂੰ ਰਾਜਨੀਤਿਕ ਗਤੀਵਿਧੀਆਂ ਕਾਰਨ ਤਿੰਨ ਵਾਰ ਜੇਲ੍ਹ ਜਾਣਾ ਪਿਆ। 1937 ਈ: ਵਿੱਚ ਕਾਂਗਰਸ ਵੱਲੋਂ ਵਿਧਾਇਕ ਦੀ ਚੋਣ ਲੜੀ, ਪਰ ਹਾਰ ਗਏ। ਇਹ ਮਹਾਨ ਜੁਝਾਰੂ ਸਿੱਖ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ 94 ਵਰ੍ਹਿਆਂ ਦੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ 24 ਜੁਲਾਈ, 1954 ਨੂੰ ਅਕਾਲ ਚਲਾਣਾ ਕਰ ਗਏ। ਬਜਬਜਘਾਟ ਦੇ ਖ਼ੂਨੀ ਸਾਕੇ ਦੀ ਬਣੀ ਹੋਈ ਸ਼ਹੀਦੀ ਯਾਦਗਾਰ ਅੱਜ ਵੀ ਬਾਬਾ ਜੀ ਦੀ ਅਗਵਾਈ ਵਿੱਚ ਵਾਪਰੇ ਇਸ ਖ਼ੂਨੀ ਸਾਕੇ ਦੀ ਯਾਦ ਨੂੰ ਤਾਜ਼ਾ ਕਰ ਰਹੀ ਹੈ।

# ਗਲਾਸਗੋ ਵਿੱਚ ਬੱਚਿਆਂ ਦਾ ਇੱਕ ਦਿਨਾ ਖੇਡ ਸਮਾਰੋਹ ਕਰਵਾਇਆ ਗਿਆ



ਖੇਡਾਂ ਵਿੱਚ ਭਾਗ ਲੈਂਦੇ ਬੱਚੇ ਅਤੇ ਖੇਡ ਦਿਨ ਸਮਾਰੋਹ ਦੇ ਪ੍ਰਬੰਧਕ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ) - ਗਲਾਸਗੋ ਦੀ ਸਮਾਜ ਸੇਵੀ ਸੰਸਥਾ ਸਕਾਟਿਸ਼ ਨਸਲੀ ਘੱਟ ਗਿਣਤੀ ਸਪੋਰਟਸ ਐਸੋਸੀਏਸ਼ਨ (ਸੈਮਸਾ) ਵੱਲੋਂ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਅਤੇ ਖੇਡਾਂ ਦੁਆਰਾ ਸਰੀਰ ਨੂੰ ਤੰਦਰੁਸਤ ਰੱਖਣ ਤੇ ਅਨੁਸ਼ਾਸਨ ਸਿਖਾਉਣ ਦੇ ਮਨੋਰਥ ਨਾਲ ਗਲਾਸਗੋ ਦੇ ਕੈਲਵਿਨਗਰੋਵ ਪਾਰਕ 'ਚ ਇੱਕ ਰੋਜ਼ਾ ਖੇਡ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਨੇ ਆਪਣੇ ਮਾਤਾ ਪਿਤਾ ਅਤੇ ਪਰਿਵਾਰਾਂ ਸਮੇਤ ਸ਼ਿਰਕਤ ਕੀਤੀ। ਬੱਚਿਆਂ ਨੇ ਫੁੱਟਬਾਲ, ਕ੍ਰਿਕਟ, ਬੈਡਮਿੰਟਨ, ਰੱਸਾ-ਕੱਸੀ, ਤੀਰਅੰਦਾਜ਼ੀ, ਟੀਨ ਕੈਨ ਚੈਲੇਂਜ, ਠੱਗ ਆਫ਼ ਵਾਰ ਆਦਿ ਖੇਡਾਂ ਵਿੱਚ ਭਾਗ ਲਿਆ। ਰੁਝੇਵਿਆਂ ਭਰੀ ਜ਼ਿੰਦਗੀ 'ਚ ਇਹ ਇੱਕ ਅਜਿਹਾ ਦਿਨ ਸੀ ਜਿਸ ਦਿਨ ਬੱਚਿਆਂ ਦੇ ਮਾਪਿਆਂ, ਦਾਦਾ-ਦਾਦੀ, ਨਾਨਾ-ਨਾਨੀ ਸਮੇਤ ਤਿੰਨਾਂ ਪੀੜੀਆਂ ਨੇ ਇਕੱਠਿਆਂ ਖੇਡਾਂ ਦਾ ਅਨੰਦ ਮਾਣਿਆ ਅਤੇ ਬੱਚਿਆਂ ਦੀ ਹੌਸਲਾ ਅਫਜਾਈ ਵੀ ਕੀਤੀ। ਸੰਸਥਾ ਦੇ ਸਰਗਰਮ ਮੈਂਬਰ ਕਮਲਜੀਤ ਕੌਰ ਮਿਨਹਾਸ ਨੇ ਦੱਸਿਆ ਕਿ ਸੈਮਸਾ ਅਜਿਹੇ ਸਮਾਗਮਾਂ ਦਾ ਆਯੋਜਨ ਕਰਕੇ ਏਸ਼ੀਆਈ ਭਾਈਚਾਰੇ ਦੇ ਬੱਚਿਆਂ ਦੀ ਬਰਤਾਨਵੀ ਖੇਡਾ ਵਿੱਚ ਕੌਮੀ ਪੱਧਰ 'ਤੇ ਸਰਗਰਮੀ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



# ਮੂਰਖ ਲੋਕ ਸਦਾ ਸੁਖੀ ਸੌਂਦੇ ਕਿੱਡੀ ਡੂੰਘੀ ਸੋਚ ਦੀ ਤੁਕ ਹੈ

ਪਰ ਸੱਚਾਈ ਵੱਲ ਝਾਤੀ ਮਾਰੀਏ ਤਾਂ ਭਾਵ ਸਮਝ ਆਵੇਗਾ ਕਿ ਉਹ ਲੋਕ ਤਾਂ ਸਭ ਤੋਂ ਸਿਆਣੇ ਹਨ, ਜੋ ਪ੍ਰਭੂ ਪ੍ਰਮੇਸ਼ਰ ਦੀ ਦੇਣ ਅਤੇ ਹੋਂਦ ਨੂੰ ਮੰਨਦੇ ਨੇ, ਮੂਰਖ ਤਾਂ ਅਸੀਂ ਹਾਂ ਜੋ ਉਨ੍ਹਾਂ ਨੂੰ ਮੂਰਖ ਆਖਦੇ ਤੇ ਮੰਨਦੇ ਹਾਂ, ਸੰਸਾਰੀ ਜੀਵਨ ਵਿੱਚ ਅਸੀਂ ਜੋ ਸਾਨੂੰ ਦਿੱਤਾ ਅਸੀਂ ਉਹਨੂੰ ਨਾ ਤਾਂ ਮਾਣਦੇ ਹਾਂ ਤੇ ਨਾ ਹੀ ਉਹਦੇ ਲਈ ਧੰਨਵਾਦੀ ਹਾਂ, ਸਗੋਂ ਹੋਰ, ਹੋਰ ਦੀ ਧੁਨ ਵਿੱਚ ਮਘਨ ਹੋ ਕੇ ਕੋਲ ਹੁੰਦੇ ਨੂੰ ਭੀ ਵਰਤਦੇ ਨਹੀਂ, ਕਈ ਵਾਰੀ ਤਾਂ ਬੰਦਾ ਲਾਲਚ ਲੋਭ ਵਿੱਚ ਫੱਸ ਕੇ ਜ਼ਿੰਦਗੀ ਦੁੱਭਰ ਬਣਾਈ ਜਾਂਦਾ ਹੈ, ਘੱਟ ਉਮਰ ਫੂਕ ਭੀ ਨਿਕਲ ਜਾਂਦੀ ਹੈ, ਮੇਰੇ ਨਾਲ ਇਕ ਗੁਜਰਾਤੀ ਸਖੀ ਕੰਮ ਕਰਦੀ ਸੀ, ਬਰੇਕ 'ਤੇ ਬੈਠੇ ਗੱਲ ਸਨਾਉਣ ਲੱਗ ਪਈ ਕਹਿੰਦੀ ਸਾਡਾ ਗੁਜੂ ਭਾਈ ਦੋ ਦੁਕਾਨਾਂ ਦਾ ਮਾਲਕ ਸੀ, ਸਵਾਸ ਨਿਕਲ ਗਏ, ਧਰਮਰਾਜ਼ ਗਏ ਨੂੰ ਪੁੱਛਣ ਲੱਗਾ ਮੈਂ ਇਤਨਾ ਕੁਝ ਦਿੱਤਾ ਜਗਤ ਨੂੰ ਕੀ ਚੰਗਾ ਲੱਗਾ, ਅੱਗੋਂ ਗੁਜੂ ਭਾਈ ਬੋਲਿਆ, ਦੋ ਦੁਕਾਨੇਂ ਖੋਹਲੀ ਤੀਜੀ ਖੋਹਲਣ ਲੱਗਾ ਆਪ ਨੇ ਬੁਲਾ ਲਿਆ, ਧਰਮਰਾਜ ਕਹਿੰਦਾ ਇੰਨੂ ਮੋੜੋ ਪਿੱਛੇ ਐਥੇ ਭੀ ਦੁਕਾਨਾਂ ਖੋਹਲਣ ਲੱਗ ਜਾਊਗਾ, ਸਾਡਾ ਯਾਨੀ ਸੰਸਾਰੀ ਜੀਵਾਂ ਦਾ ਇਹ ਹਾਲ ਹੈ ਨਾ ਤਾਂ ਧਰਮ ਦਾ ਕੋਈ ਅਸਰ ਨਾ ਸਬਰ ਸੰਤੋਖ, ਜੀਹਦੇ ਕਰਕੇ ਦੁਨੀਆਂ 'ਤੇ ਹਨੇਰਗਰਦੀ, ਭੱਜ ਨੱਠ, ਆਪੋ ਧਾਪੀ ਪਈ ਹੋਈ ਹੈ, ਸਾਡੇ ਭੀ ਧਰਮ ਪ੍ਰਚਾਰਕ ਮਾਇਆ ਨੂੰ ਨਿੰਦਕੇ ਆਪਣੀ ਝੋਲੀ ਅੱਡ ਲੈਂਦੇ ਨੇ ਇਹਦੇ ਵਿੱਚ ਪਾ ਦਿਉ ਤੁਸੀਂ ਬੱਚ ਜਾਵੋਂਗੇ ਜੀਹਨੂੰ ਮਰਜੀ ਪੁੱਛ ਲਵੋ ਸਭ ਪ੍ਰਚਾਰਕਾਂ ਤੋਂ ਔਖੇ ਤੇ ਮਾਣ-ਮੱਤੇ ਨਹੀਂ, ਅੱਜ ਸਮਾਗਮ ਮਨੋਰੰਜਨ ਦੇ ਸਾਧਨ ਲੰਗਰ ਵਧੀਆ ਬੈਠੋ ਪੱਕੀ ਪਕਾਈ 15 ਸਤੰਬਰ ਨੂੰ ਸਾਡੇ ਸ਼ਹਿਰ ਮੁਸਲਮਾਨ ਭਾਈਚਾਰੇ ਵੱਲੋਂ ਉਨ੍ਹਾਂ ਦੇ ਬਾਨੀ ਰਹਿਬਰ ਹਜ਼ਰਤ ਮੁਹੰਮਦ ਦੀ ਆਮਦ 'ਤੇ ਜਲੂਸ ਸੀ, ਕੋਈ ਸੜਕਾਂ ਨੀ ਬੰਦ, ਬੱਸਾਂ ਨੀ ਬੰਦ, ਲੋਕੀ ਥੋੜ੍ਹੀ ਬਹੁਤੀ ਦੇਰੀ ਨਾਲ ਫੇਰ ਭੀ ਆਪਣੇ ਕੰਮ-ਕਾਰਾਂ 'ਤੇ ਜਾਂਦੇ ਸਨ, ਮੈਂ ਹਰ ਵਰਗ, ਭਾਈਚਾਰੇ ਵਿੱਚ ਵਿਚਰਨ ਦੀ ਆਦੀ ਹਾਂ, ਭਾਵੇਂ ਹੁਣ ਸਾਰਾ ਰਸਤਾ ਨਾਲ ਤੁਰਨ ਦੀ ਹਿੰਮਤ ਨਹੀਂ ਪਰ ਆਪਣੀ ਹਾਜਰੀ ਲੁਆਈ ਉਥੇ ਸਾਬਕਾ ਕੌਂਸਲਰ ਸ੍ਰੀ ਮਤੀ ਨੂਰੀ ਮਿਲੀ ਬੜੀ ਖੁਸ਼ ਹੋਈ ਫੋਟੋਆਂ ਭੀ ਖਿੱਚੀਆਂ, ਮੇਰੀ ਬੇਟੀ ਕਹਿੰਦੀ ਮੰਮੀ ਤੇਰੀ ਦਿਲੀ ਇੱਛਾ ਪੂਰੀ ਹੋ ਗਈ ਤੂੰ ਖੁਸ਼ ਹੋ ਗਈ ਕਿ ਸਾਂਝ ਪਾਲੀ ਕੋਈ ਖਾਣ ਪੀਣ ਦੇ ਸਟਾਲ ਆਦਿ ਨਹੀਂ ਸੀ, ਆਪਣੇ ਪੈਗੰਬਰ ਦੇ ਗੁਣਵਾਨ ਹੋ ਕੇ ਠਰੰਮੇ ਨਾਲ ਤੁਰੇ ਜਾਂਦੇ ਸਨ, ਸਾਡੀ ਤਰ੍ਹਾਂ ਭੱਜੋ ਨੱਠੋ ਨਹੀਂ ਤੇ ਸਟਾਲਾਂ ਤੋਂ ਕੱਚਾ ਪੱਕਾ ਲਵੋ ਕੁਝ ਖਾਵੋ ਕੁਝ ਸਿੱਟੋ ਲੋਕਾਂ ਨੂੰ ਤੰਗ ਕਰੋ ਨਗਰ ਕੀਰਤਨ ਦਾ ਨਾਉਂ, ਨਾ ਕੀਰਤਨ ਸੁਣੀਦਾ ਹੈ ਨਾ ਕੋਈ ਅਨੁਸ਼ਾਸ਼ਣ, ਬੱਸ ਧੱਕਮ, ਧੱਕੇ ਤੇ ਅੰਤ ਧੱਕੇ ਬੱਸਾਂ ਦੀ ਉਡੀਕ ਵਿੱਚ ਦੁਖੀ, ਪੁਲਸ ਤੇ ਪ੍ਰਬੰਧਕ ਕੌਂਸਲ ਕੋਈ ਸੂਚਨਾ ਨਹੀਂ ਹਾਂ 80 ਹਜ਼ਾਰ ਪੌਂਡ ਜ਼ਰੂਰ ਦਸਵੰਧ ਦਾ ਸੌਂਪਦੇ ਨੇ ਜੇਕਰ ਐਨੇ ਸਾਲਾਂ ਵਿੱਚ ਨਗਰ-ਕੀਰਤਨ ਨਾਲ ਸੰਗਤਾਂ ਵਿੱਚ ਧਰਮ ਪ੍ਰਵੇਸ਼ ਨਹੀਂ ਹੋ ਸਕਿਆ? ਜੇਕਰ ਕੋਈ ਸਾਧਨ ਕਾਰਗਰ ਨਾ ਹੋਣ ਤਾਂ ਤੌਰ ਤਰੀਕੇ ਬਦਲਣੇ ਪੈਂਦੇ ਨੇ, ਹੁਣ ਦਿਨੋ ਦਿਨ ਚੈਨਲਾਂ ਰਾਹੀਂ ਧਰਮ ਦੀ ਸੂਰਤ ਮੂਰਤ ਹੀ ਪਛਾਨਣ ਤੋਂ ਰਹਿਤ ਹੋਗੀ, ਸਾਧਾਂ ਦਾ ਗਲਬਾ ਵੱਧਦਾ ਜਾ ਰਿਹਾ ਹੈ, ਪਰਚਾ ਹੁਣ ਅੱਗੇ ਵਧੋ ਸੁਧਾਰ ਵੱਲ ਪ੍ਰੇਰੇ ਜ਼ਰੂਰ ਪ੍ਰਬੰਧਕ ਭੀ ਮਜਬੂਰਨ ਸੰਗਤ ਮੁਹਾਰ ਦੇਖ ਸੋਚਣ ਲੱਗ ਜਾਣਗੇ।

**ਬੀਬੀ ਸਾਡੀ ਬੜੀ ਸਿਆਣੀ ਰਿੱਧੇ ਪੱਕੇ ਪਾਵੇ ਪਾਣੀ,** ਯਿਹੀ ਹਵਾਲ ਹੋਏਂਗੇ ਤੇਰੇ, ਅੱਗੋਂ ਸਾਡੀ ਔਲਾਦ ਬੇਵੱਸ ਹੋ ਜਾਣੀ ਹੈ ਕੇਵਲ ਆਹ ਲਹਿਰੀ ਭੋਂਕੇ ਹੀ ਲਾਹੇ ਲੈ ਲੈ ਭਵਿੱਖ ਧੁੰਦਲਾ ਕਰੀ ਜਾਣਗੇ, ਸਮਾਗਮ ਧਰਮ ਲਈ ਨਹੀਂ ਹਨ ਵਪਾਰਾਂ ਲਈ ਹਨ, ਚਿੰਤਕ ਪੜਚੋਲ ਕਰੋ, ਆਹ ਸਾਧਾਂ ਮਹੰਤਾਂ ਦੇ ਹੌਂਸਲੇ ਵਧਗੇ ਸਿੱਖਾਂ ਨੂੰ ਲਾਹਣਤਾਂ, ਸ਼ਰਮ ਆਦਿ ਅੱਖਰ। ਨੰਦੇੜ (ਹਜ਼ੂਰ ਸਾਹਬ) ਕਦੋਂ ਮਰਿਯਾਦਾ ਸੀ? ਕੀ ਉਥੇ ਕੋਈ ਸਿੱਖ ਪਰੰਪਰਾਵਾਂ ਲਾਗੂ ਸਨ, ਆਪ ਨਿਤਾਰੇ ਕਰੋ। ਕੀ ਫੇਰ ਅਕਾਲ ਤਖ਼ਤ ਦਾ ਸਿਧਾਂਤ ਸੀ? ਝਗੜੇ ਝਮੇਲੇ ਤਾਂ ਕਦੀਮ ਅਤੇ ਗੁਰੂਆਂ ਵਿੱਚ ਨਹੀਂ ਹਟੇ, ਆਪਸੀ ਧੜੇਬੰਦੀ ਵਿੱਚ ਹੀ ਗੁਰਤਾ ਗੱਦੀਆਂ ਸਥਾਪਤ, ਪੰਜ ਵਰਿਆਂ ਦੇ ਬਾਲਕ ਨੂੰ ਗੱਦੀ ਨਸ਼ੀਨ ਕਿਸ ਕਰਕੇ ਥਾਪਿਆ, ਹਾਂ ਜਦੋਂ ਸਮਾਂ ਬੀਤ ਜਾਂਦਾ ਹੈ ਅਸੀਂ ਉਹਨੂੰ ਵਧੀਆ ਮੰਨਦੇ ਹਾਂ, ਬਹੁਤ ਕੁਝ ਆਦਿ ਜੁਗਾਦ ਜੋੜਦੇ ਹਾਂ, ਜੀ ਗੁਰੂ ਕਾਲ ਵਿੱਚ ਆਹ, ਹਾਲਾਂਕਿ (ਗੁਰੂ ਨਾਨਕ ਦੇਵ) ਜੀਵਨ ਵਿੱਚ ਗੁਰੂ ਨਹੀਂ ਸਨ ਨਾ ਕੋਈ ਹੱਥ ਲਿਖਤ ਹੈ, ਕਿਸੇ ਭੀ ਗੁਰੂ ਸਾਹਿਬ ਦੀ ਆਪਣੀ ਹੱਥ ਲਿਖਤ ਸੁਸ਼ੋਭਿਤ ਨਹੀਂ, ਭਾਈ ਗੁਰਦਾਸ ਪੰਡਤਾਂ ਦਾ ਵਿੱਦਿਆਰਥੀ ਵੇਦਾਂ, ਉਪਨਿਸ਼ਦਾਂ ਦਾ ਪ੍ਰਾਨਾ ਧਨੀ ਸੀ, ਲੇਖਕ ਸੀ ਪਰ ਉਹਦੀ ਪੰਜਾਬੀ ਹੈ, ਪੰਜਾਬ ਹੀ ਨਹੀਂ ਸੀ ਪੰਜਾਬੀ ਕਿਥੋਂ ਗੁਰਮੁਖੀ ਆਖੀ ਹਾਲਾਂਕਿ ਮੁਖੀ ਦਾ ਮਾਅਨਾ ਮੂੰਹੋ ਬੋਲੀ, ਸਾਰੇ ਗੁਰੂਆਂ ਦੀ ਭਾਖਿਆ? ਚਲੋ ਹੋਰ ਪੋਥੀਆਂ ਤੋਂ ਕਿਤੇ ਮਗਰੋਂ ਜਾ ਕੇ ਬੀੜ, ਫੇਰ ਸੰਗ੍ਰਹਿ ਆਦਿ ਗ੍ਰੰਥ, ਗ੍ਰੰਥ, ਫੇਰ (ਗੁਰੂ ਗ੍ਰੰਥ) ਫੇਰ ਸੀ ਗੁਰੂ ਹੁਣ (ਸ੍ਰੀ ਗੁਰੂ ਗ੍ਰੰਥ ਸਾਹਿਬ, ਸੀ ਅਤੇ ਸਾਹਬ ਮਨੁੱਖ ਨਾਲ ਲੱਗਦਾ ਹੈ, ਹੁਣ ਰੁਮਾਲੇ, ਚੌਰ, ਗੁਰੂ ਘਰ ਸਭ ਸਾਹਬ ਨੇ।

ਹੈੱਡ ਲਾਈਨਜ਼ ਕੁਝ ਕੌੜੀਆਂ ਤੇ ਕੁਝ ਦੇਣ ਤੋਂਣੀਆਂ ਪੁਰਾਣੇ ਸਹਿਕਾਰੀ ਜਦੋਂ ਭੀ ਕਿਸੇ ਸਮਾਗਮ ਵਿਆਹ ਸ਼ਾਦੀ 'ਤੇ ਮਿਲੀਏ ਪਾਸੇ ਬੈਠ ਵਟਾਂਦਰੇ ਵਿੱਚ ਮਘਨ ਹੋਰ ਅਸੀਂ ਹੁਣ ਟੱਪਣ ਜੋਗੇ ਤਾਂ ਹਾਂ ਨਹੀਂ ਪੜ੍ਹਿਆ ਲਿਖਿਆ (ਇਥੋਂ ਦਾ) ਪਿੱਛੇ ਹੁਸ਼ਿਆਰਪੁਰ ਜਲੰਧਰ ਵੱਲੋਂ ਦੱਸੇ ਸਾਡੇ ਪਿੰਡ ਗੁਰਦੁਆਰਾ ਤਾਂ ਹੈ ਨਹੀਂ ਸੀ ਰਾਧਾ ਸੁਆਮੀਆਂ ਦਾ ਛੋਟਾ ਜਿੰਨਾ ਡੇਰਾ ਸੀ, ਮਗਰੋਂ ਵਿਸ਼ਾਲ ਬਣਿਆ, ਮੈਂ ਕਿਹਾ ਜੀ ਸਾਡੇ ਪਿੰਡ ਭੀ ਬਾਵਾ ਡੇਰਾ ਬਹੁਤ ਜ਼ਮੀਨ ਵਾਲਾ ਸੀ ਮਹੰਤ ਬਜਰੰਗ ਹੋ ਰਿਹਾ ਸੀ ਪਰ ਹਾਲੇ ਸੰਗਰਾਂਦ ਨੂੰ (ਗੁਰੂ ਗ੍ਰੰਥ) ਦਾ ਪਾਠ ਭੋਗ, ਖੰਡ ਦੀ ਦੇਗ, ਗੁੜ ਦਾ ਕੜਾਹ, ਲੰਗਰ ਨਹੀਂ ਹੁੰਦਾ ਸੀ, ਸਾਡੀ ਦਾਦੀ ਮਾਂ ਜੀ ਦੀ ਸਵਾ ਰੁਪੈ ਦੀ ਦੇਗ ਹਰ ਵਾਰ ਲਾਈ ਹੋਈ ਸੀ, ਦੇਗ ਕੜਾਹ ਪੰਡਤ ਹੰਸ ਰਾਜ (ਹੰਸੂ) ਬਣਾਇਆ ਕਰਦੇ ਸਨ, ਉਹ ਹਲਵਾਈ ਭੀ ਸੀ ਹੱਟੀ ਭੀ ਕਰਿਆਨੇ ਦੀ ਖਲ ਵੜੇਮੇ ਆਦਿ ਭੀ, ਸਾਡੇ ਘਰ ਸਾਰਾ ਸੌਦਾ ਦਿੰਦੇ ਸਨ, ਅਸੀਂ ਤਾਇਆ ਜੀ ਆਖਦੇ ਸਾਂ ਉਹ ਮਾਜੀ ਨੂੰ ਤਾਈ ਪ੍ਰਸ਼ਾਦ ਖੰਡ ਦਾ ਖਾਣ ਲਈ ਮੈਨੂੰ ਮਾਂਜੀ ਕੋਲੀ ਲਿਜਾਂਦੀ ਸੀ, ਮਗਰੋਂ ਤਾਇਆ ਜੀ ਹੰਸੂ ਘਰ ਦੋ ਸੇਰ ਕੜਾਹ ਦੇ ਕੇ ਭੀ ਜਾਂਦੇ ਸੀ ਦੇਗ ਕਰਕੇ, ਇਕ ਸ਼ਾਮ ਪਹਿਲਾਂ ਮਾਂਜੀ ਬਾਵਾ ਡੇਰੇ ਦੇਗ ਪੈਸੇ ਦੇਣ ਜਾਂਦੀ ਸੀ ਬਾਵਾ ਜੀ ਨੇ ਪਤਾਸੇ ਖਿੱਲਾਂ ਮੈਨੂੰ ਖੀਸੇ ਵਿੱਚ ਪਾ ਦੇਣੀਆਂ ਕਿਸੇ ਦਿਨ ਤਿਹਾਰ 'ਤੇ ਕੜਾਹ ਵਾਧੂ ਬਣਾਇਆ ਜਾਂਦਾ ਸੀ ਤੇ ਫੇਰ ਘਰ ਪੰਜ ਸੱਤ ਸੇਰ ਦੇਣ ਤਾਇਆ ਜੀ ਨੇ ਆਉਣਾ ਮੈਨੂੰ ਕਹਿਣਾ ਪੁੱਤ ਪੰਗਤ ਕਰ, ਵੰਡੋ ਆਸ ਗੁਆਂਢ, 60ਵਿਆਂ ਬਾਵਾ ਜੀ ਚੜਾਈ ਤੋਂ ਪਹਿਲਾਂ ਗੱਦੀ ਸੌਂਪ ਗਏ ਉਹ ਬਾਵਾ ਭਾਪ ਕੇ ਕਿ ਹੁਣ ਸਿੱਖ ਜ਼ਮੀਨ ਜ਼ਬਤ ਨਾ ਕਰ ਲੈਣ ਵੇਚ ਕੇ ਚਲਾ ਗਿਆ ਤਾਂ ਸਾਡੇ ਪਿਤਾ ਨੇ ਭੱਠਾ ਲਾਇਆ ਤੇ ਇੱਟ ਫਰੀ ਦਿੱਤੀ ਤਾਂ ਗੁਰ-ਦੁਆਰਾ ਬਣਿਆ, ਉਦੋਂ ਹਰ ਪਿੰਡ ਵਿੱਚ ਗੁਰਦੁਆਰੇ ਨਹੀਂ ਸਨ ਹੁੰਦੇ, ਅੱਜ ਹਰ ਗੁਰਦੁਆਰਾ ਇਤਿਹਾਸਕ, ਗੁਰਦੁਆਰੇ ਤਾਂ ਸ਼ੇਰੇ-ਪੰਜਾਬ ਦੀ ਦੇਣ ਨੇ ਅੱਜ ਦੇਖੋ ਮਹਾਰਾਜਾ ਦੇ ਯੁਵਕ ਨੂੰ ਭੀ ਮਹਾਰਾਜਾ ਦਲੀਪ ਸਿੰਘ ਆਖੀ ਜਾਂਦੇ ਨੇ, ਸੰਧੀ ਦੀ ਕਾਪੀ ਹੋਵੇ ਤਾਂ ਅੰਗ੍ਰੇਜ਼ਾਂ ਦੇ ਮੱਥੇ ਮਾਰੋ ਆਪਣਾ ਰਾਜ ਭਾਗ ਤੇ ਵਸਤਾਂ ਮੰਗੋ, ਆਹ ਨਵਾਂ ਅਡੰਬਰ ਜੀ ਅਸੀਂ ਲਾਹੌਰ ਤੋਂ ਮਿੱਟੀ ਲੈ ਕੇ ਆਏ ਹਾਂ, ਚੈਨਲ ਵਾਲਾ ਸਮਾਧ ਨੂੰ ਸਮਾਧੀ ਦੱਸੇ, ਸਿੱਧ ਕਰੀ ਜਾਂਦੇ ਨੇ ਕਿ ਅਸੀਂ ਸਤਿ ਦੇ ਪਹਿਰੇਦਾਰ ਹਾਂ, ਸਾਰਾ ਦਿਨ ਸਤਿ ਸ੍ਰੀ ਅਕਾਲ ਦੀ ਧੁਨ ਪਰ ਸੋਚ ਸਾਡੇ ਨੇੜ ਨਹੀਂ ਹੈ। ਮਹੰਤਾਂ ਨਾਲੋਂ ਵੱਧ ਹੁਣ ਚੈਨਲ ਮਹੰਤ ਨੇ ਜਰਾ ਜਿੰਨੀ ਆਮਦਨ ਘਟਦੀ ਦੇਖ ਕਿਸੇ ਹਰਿ-ਦੁਆਰ ਦੇ ਜੋਗੀ ਨੂੰ ਫੜ ਬੈਠਦੇ ਨੇ ਆਹ ਜੀ ਫਲਾਣੇ ਥਾਂ ਬੜੀ ਵੱਡੀ ਥਾਂ ਹਸਪਤਾਲ, ਡੇਰਾ, ਸਰਾਂ ਬਣਾ ਰਹੇ ਹਨ, ਗੱਡੀਆਂ ਦੀ ਪਾਰਕਿੰਗ ਬੱਸ ਜੀ ਸਵਰਗ ਬਣੂ ਤੇ ਮਾਇਆ ਦਿਉ ਦਿਲ ਖੋਲ੍ਹ ਕੇ ਜੀਵਨ ਸਫਲਾ ਕਰੋ (ਸੁਖ ਨਾਹੀ ਬਹੁਤਾ ਧਨ ਖਾਟੇ) ਸਾਨੂੰ ਨੀ ਸਮਝ ਇਸ ਤੁੱਕ ਦੇ ਕੀ ਅਰਥ ਹਨ, ਅਸੀਂ ਜੱਗ ਜਿੱਤਣਾ ਹੈ, ਪਰ (ਗੁਰੂ ਗ੍ਰੰਥ) ਨੂੰ ਮੂਹਰੇ ਰੱਖ ਕੇ, ਹੈ ਕੋਈ ਪ੍ਰਚਾਰਕ, ਲੇਖਕ ਜੋ ਜੋ ਸੱਚ ਬੋਲੇ ਤੇ ਲਿਖੇ ਨਾ ਜੀ ਨਾਂ ਪੁਸਤਕਾਂ ਵੇਚੋ, ਧਨ ਸੁੱਭਰੋ।

ਅਦਾਰੇ ਭੀ ਪਿੱਛੇ ਨਹੀਂ, ਸੁਪਰੀਮ ਸਿੱਖ ਕੌਂਸਲ ਸਿਖਸ ਇਨਲਾਅ, ਕੀ ਗੁਰੂ ਘਰਾਂ ਦੇ ਝਗੜੇ ਨਿਬੜੇ, ਕੀ ਹੁਣ ਕਚਹਿਰੀਆਂ ਨਹੀਂ ਜਾਣਗੇ, ਆਹ ਵਕੀਲਾਂ ਦੀ ਸੰਸਥਾ ਸੁਣੇਗੀ ਕੇਸ, ਸਾਡਾ ਭੀ ਗੁਰਦੁਆਰਾ ਹੁਣ ਟਰੱਸਟੀ ਬਣਾਏ ਗੈਰ ਵਿਧਾਨਕ (ਢੰਗ) ਪ੍ਰਬੰਧਕ ਸੁਨਣ ਨੂੰ ਤਿਆਰ ਨਹੀਂ ਕੇਸ ਕਚਹਿਰੀ ਜਾਣਗੇ, ਕੀ ਫੇਰ ਆਹ ਅਦਾਰੇ ਨਿੱਜੀ ਲਾਭ ਨਹੀਂ, ਕਿਉਂਕਿ ਸਰਕਾਰੇ ਦਰਬਾਰੇ ਪੁੱਛ ਦੱਸ ਤਗਮੇ, ਪਾਰਟੀਆਂ ਵਿੱਚ ਸ਼ਮੂਲੀਅਤ ਕੌਂਸਲਰ ਐਮ.ਪੀ. ਆਦਿ, ਜੇਕਰ ਪ੍ਰਬੰਧਕ ਦਰਜਨ ਆਪਣੇ ਤੇ ਅੱਧੀ ਦਰਜਨ ਵਿਰੋਧੀਆਂ ਨੂੰ ਦੇ ਦੇਣ ਤਾਂ ਨਾ ਤਾਂ ਝਗੜਾ ਹੋਵੇ ਨਾ ਕੇਸ ਹੋਣ ਪਰ ਹਰ ਗੁਰੂ ਘਰ ਵਿੱਚ ਪ੍ਰਬੰਧਕਾਂ ਦੀ ਹਕੂਮਤ ਹੈ, ਇਹ ਸੇਵਾਦਾਰ ਨਹੀਂ ਹਨ, ਧਰਮ-ਆਤਮਾ ਭੀ ਨਹੀਂ ਹੈ। ਟਿੱਡੀ ਦਲ ਵਾਂਗੂੰ ਫੈਲਿਆ ਪਿਆ ਹੈ, ਪਸ਼ੂ-ਪੰਛੀ ਭੀ ਨਸਲ ਦੇ ਨਹੀਂ ਲੱਭਦੇ ਬੰਦੇ ਭੀ ਦ੍ਰਿੜ ਘੁੱਗ ਅਗਾਂਹ ਵੱਧ ਸੋਚ ਪ੍ਰਬਲ ਗੰਭੀਰ ਰੂਪ ਵਿੱਚ ਚੁਫੇਰੇ ਝਾਤ ਮਾਰੀਏ ਕਿ ਅੱਜ ਦੇ ਬੱਚੇ ਕਿੰਨੇ ਤੇ ਕਿੰਨੀਆਂ ਬੀਮਾਰੀਆਂ ਜਾਂ ਘਾਟਾਂ ਦਾ ਸ਼ਿਕਾਰ ਹਨ, ਲੰਮੇਰਾ ਸਮਾਂ ਹੋਇਆ ਸਰਵੇਖਣ ਨੇ ਸੂਚੀ ਦਿੱਤੀ ਕਿ ਜਦੋਂ ਖ਼ੂਨ ਦੇ ਰਿਸ਼ਤੇ ਵਿੱਚ ਵਿਆਹ ਹੋਣ ਤਾਂ ਬੱਚੇ ਨਾਰਮਲ ਨਹੀਂ ਹੁੰਦੇ (ਸਾਰੇ ਨਹੀਂ) ਪਰ ਇਸ ਪਾਸੇ ਕਿਸੇ ਭੀ ਭਾਈਚਾਰੇ ਨੇ ਗੌਰ ਨਹੀਂ ਕੀਤਾ, ਹੁਣ ਮੁਸੀਬਤ ਵੱਧਦੀ ਜਾ ਰਹੀ ਹੈ ਪਰ ਹਾਲੇ ਭੀ ਕਾਰਨ ਲੱਭਣ ਦੀ ਰੁਚੀ ਨਹੀਂ ਇਹ ਕਿਸੇ ਇਕ ਵਰਗ ਦੀ ਸਮੱਸਿਆ ਨਹੀਂ ਸਾਰੇ ਵਰਗ, ਨਸਲਾਂ, ਭਾਈਚਾਰੇ ਪੀੜਤ ਹਨ, ਖੁਰਾਕਾਂ ਭੀ ਜਿੰਮੇਵਾਰ ਹਨ, ਦਵਾਈਆਂ ਭੀ, ਵਾਤਾਵਰਣ ਭੀ ਤੇ ਗੈਰ-ਕੁਦਰਤੀ ਢੰਗ ਅਪਨਾਉਣੇ ਆਦਿ, ਇਕ ਬੱਚੇ ਨਾਲ ਜਾਂ ਦੋ ਨਾਲ ਸਬਰ ਨਹੀਂ ਆਦਿ।

**ਚਲੋ ਜਰਾ ਹੁਣ ਪੰਜਾਬ ਗੇੜ੍ਹੀ ਲਾ ਆਈਏ** : ਕਿੰਨੀਆਂ ਬੈਠਕਾਂ, ਵਿਹੜੇ ਤੇ ਧਰਨੇ, ਪਿੱਟ ਸਿਆਪੇ ਰੋਣ ਧੋਣ ਸੁਣੀਏ, ਬੇਅਦਬੀ ਦੀ ਪੀੜਾ, ਚੰਭੇ ਦਾ ਇਕੱਠ, ਫੇਰ ਬਰਗਾੜੀ, ਕਰਿਸ਼ਨ ਭਗਵਾਨ ਦੇ ਪੁੱਤਰ ਦਾ ਮੋਟਰ ਵੇਅ 'ਤੇ (ਗੁਰੂ ਗ੍ਰੰਥ) ਪ੍ਰਕਾਸ਼ ਤੇ ਲੋਕੀ ਨਤਮਸਤਕ ਹੋਣ ਕੋਈ ਬੇਅਦਬੀ ਨਹੀਂ। ਕਿਸਾਨਾਂ ਨੇ ਜਾ ਬਾਰਡਰ ਘੇਰੇ, ਬੜੀਆਂ ਰੌਣਕਾਂ ਲਾਈਆਂ ਅੰਤ ਕਾਲੇ ਕਾਨੂੰਨ ਰੱਦ ਭੰਗੜੇ ਪਉਂਦੇ ਆਏ ਹੁਣ ਕਹਿੰਦੇ ਠੱਗੇ ਗਏ, ਦੋ ਅੱਡ ਦੀਆਂ ਯੂਨੀਅਨਾਂ ਨੇ ਬਾਰਡਰ ਮੱਲੇ, ਇਨਸਾਫੀਏ ਅੱਡ ਕਹਿੰਦੇ ਜੀ ਅਕਾਲ ਤਖ਼ਤ ਦੇ ਬਰਾਬਰ ਜਥੇਦਾਰ ਦਾ ਹੁਕਮ, ਰਹਿੰਦੀ ਕਸਰ ਬਾਗੀ ਅਕਾਲੀ, ਸਧਾਰੀਏ ਦੂਹੋ ਦੂਹੀ ਪੋਸਟਾਂ ਪਾ ਪਾ ਜੀ ਦੇਖੋ ਭੈਣੋ ਉਂਗਲੀ ਕਿੰਨਾ ਇਕੱਠ, ਅਸੀਂ ਵਿਚਾਰ ਕੀਤਾ ਕਿ ਇਹ ਮਾਜਰਾ ਕੀ ਹੈ। ਖੋਜ ਨੇ ਯਾਨੀ ਗੂਗਲ ਭਾਈਏ ਨੇ ਹਾਂਕ ਮਾਰੀ ਕਿ ਭਾਈ ਇਹ ਸਾਰਾ ਨਾਨਕਾ ਮੇਲ ਯੂਨੀਅਨਾਂ ਦਾ, ਕਾਂਗਰਸ ਦਾ ਮੇਲਾ ਹੈ ਹੁਣ ਬਾਗੀਆਂ ਵਿੱਚ ਭੂਰੀ ਤੇ ਇਕੱਠ, ਸਭ ਕਾਂਗਰਸ ਨੇ ਭੇਜੇ ਤੇ (ਆਪ) ਤੋਂ ਰੁੱਸੇ ਸਭ ਜਾ ਬੈਠੇ ਜੀ ਦੇਖੋ ਬਾਗੀਆਂ ਦੀ ਸੁਧਾਰ ਲਹਿਰ ਵਿੱਚ ਕਿੰਨੇ ਅਕਾਲੀ ਬਣ ਗਏ,

ਬਾਕੀ ਹਿਸਾ ਸਫਾ 46 ਤੇ ਪੜ੍ਹੋ →

45 ਸਫ਼ੇ ਦੀ ਬਾਕੀ

ਫੋਟੋਆਂ ਖਿੱਚ ਕੇ ਰੱਖਿਓ ਪਛਾਣ ਲਈ, ਫੇਰ ਮੈਂਬਰ ਬਨਾਉਣ ਵੇਲੇ ਕੰਮ ਸੁੱਚਾ ਸਿੰਘ ਛੋਟੇਪੁਰ ਭੀ ਜਥੇਦਾਰ ਹੁਣ ਭਾਵੇਂ ਵਿਦਾਵਾ ਦੇ (ਆਪ) ਵਿੱਚ ਭਗਵੰਤ ਮਾਨ ਨੇ ਕਿਹਾ ਐਧਰ ਆ ਅਕਾਲੀਆ ਹਿਸਾਬ ਦੇਹ ਨਹੀਂ ਤਾਂ ਚੱਕ ਲੈ ਬਿਸਤਰਾ ਹੁਣ ਬਾਗੀ ਕਹਿੰਦੇ ਵਫ਼ਾਦਾਰ, ਭਾਈ ਇਸ ਬੰਦੇ ਨੇ ਤਾਂ (ਸਵ: ਜਥੇਦਾਰ ਮੋਹਣ ਸਿੰਘ ਤੁੜ) ਜੋ ਯੂ.ਕੇ. ਫੇਰੀ ਸਮੇਂ ਸਾਡੇ ਗ੍ਰਹਿ ਵਿਖੇ ਅਕਾਲੀ ਇਕੱਤਰਤਾ ਨਾਲ ਚਰਨ ਪਾ ਗਏ ਜੋ ਸਰਿਆ ਸਨਮਾਨ ਕੀਤਾ ਇਹਨੂੰ ਤਾਂ ਉਸ ਜਰਨੈਲ ਦਾ ਭੀ ਮਾਣਮੱਤਾ ਹੋਣ ਲਈ ਅੰਦਰਲਾ ਨਾ ਟੁੰਭਿਆ, ਹੁਣ ਸੁਧਾਰ ਵਿੱਚ ਰੰਗ ਲਾ ਦੇਊ, ਐਸੇ ਹੀ ਬਾਕੀ ਅਕਾਲੀ ਸੁਹਿਰਦ ਨੇ ਡੰਗ ਟਪਾਉ ਕੌਮ ਨੂੰ ਤਮਾਸ਼ਬੀਨ ਬਣਾਉ, ਜੱਗ ਮਿੱਠਾ।

**ਜੱਟੀਏ ਦੇਹ ਦਬਕਾ, ਜੱਟ ਫੇਰ ਨਾ ਬਰਾਬਰ ਬੋਲੇ**: ਪੰਜਾਬ ਦਾ ਹਾਲ ਹੈ। ਹੁਣ ਕਹਿੰਦੇ ਪੱਤਰਕਾਰ ਨੂੰ ਮਾਲਵਿੰਦਰ ਸਿੰਘ ਮਾਲੀ (ਪਟਿਆਲਾ) ਸੀ.ਆਈ.ਏ. ਨੇ ਗ੍ਰਿਫਤਾਰ ਕਰ ਲਿਆ ਹੈ, ਪਰ ਕਾਰਨ ਨਹੀਂ ਪਤਾ ਕੀ ਹਨ, ਬੂ-ਦੁਹਾਈ: ਵਿਰੋਧੀ ਭਾਵੇਂ ਉਹ ਸੀ ਤਾਂ ਕਾਂਗਰਸੀ ਸਫਾ ਦਾ ਪਰ ਸਾਡਾ ਬਿਕਰਮ ਸਿੰਘ ਮਜੀਠਾ ਭੀ ਆਪਣੀ ਨਿੱਜੀ ਕਿੜ ਕਿ ਭਗਵੰਤ ਮਾਨ ਨੇ ਉਹਨੂੰ ਜੇਲ੍ਹੀਂ ਸਿੱਟਿਆ ਹਾਲੇ ਭੀ ਨਿਉਂਦੇ ਦਿਵਾਈ ਜਾਂਦਾ ਹੈ, ਸੁਖਪਾਲ ਖਹਿਰਾ ਭੀ ਇਸੇ ਕੜੀ ਵਿੱਚ, ਕਾਂਗਰਸ ਨੇ ਤਾਂ ਸਾਰਾ ਤਾਣ ਲਾਇਆ ਹੈ ਕਿ ਜਿਮਨੀ ਜਿੱਤਣੀ ਹੈ। ਦੂਜਾ ਕਰਿਸ਼ਨ ਭਗਵਾਨ ਸਪੂਤ ਸੁਖਰਾਜ ਸਿੰਘ ਨੂੰ ਐਨ.ਆਈ.ਏ. ਨਿਵਾਜਿਆ ਹੈ, ਕਹਿੰਦੇ ਪਤਾ ਨੀ ਕਾਹਦੇ ਲਈ ਪਤਾ ਤਾਂ ਹੈ ਕਿ ਐਨੀ ਦੇਰ ਮੋਰਚਾ ਮਾਰੋ ਮਾਰ ਫੰਡ ਕਿਥੋਂ? ਕਲਮ ਮੰਗ ਕਰਦੀ ਹੈ ਕਿ ਨਿਰਪੱਖ ਹੋਵਾਂ, ਭਗਵੰਤ ਮਾਨ ਨੂੰ ਹਰ ਪਹਿਲੂ 'ਤੇ ਘੇਰਨਾ ਦਿਆਨਤਦਾਰੀ ਨਹੀਂ ਅਕਸਰ ਸੂਬੇ, ਦੇਸ਼ ਦੀਆਂ ਖੁਫੀਆ ਏਜੰਸੀਆਂ ਹੋਰ ਦਾਣੇ ਚੱਬਣ ਲਈ ਹੁੰਦੀਆਂ ਨੇ ਜੇਕਰ ਖੋਜ ਨਾ ਕਰਨ ਇਨ੍ਹਾਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ ਹੁੰਦੀ ਹੀ ਹੈ। ਕਿਸਾਨਾਂ ਦੇ ਘਰੀਂ ਛਾਪੇ, ਅੰਮ੍ਰਿਤਪਾਲੀਆਂ ਦੇ ਘਰੀਂ ਛਾਪੇ ਭੀ ਇਸੇ ਸੰਦਰਭ ਵਿੱਚ ਹਨ, ਲੋਕੀ ਭੀ ਸਭ ਜਾਣਦੇ ਹਨ ਤਾਂ ਹੀ ਨੱਠ ਨੱਠ ਚੋਣਾਂ ਵਿੱਚ ਖੜ੍ਹੇ ਹੋ ਰਹੇ ਹਨ ਕਿ ਅਸੀਂ ਆਖਾਂਗੇ ਸਾਨੂੰ ਤਾਂ ਭਗਵੰਤ ਮਾਨ ਫੜਾ ਰਿਹੈ, ਧਰਨੇ, ਮੋਰਚੇ ਭੁੱਖੇ ਰਹਿ ਕੇ ਨਹੀਂ ਲੱਗਦੇ, ਦਿਹਾੜੀਦਾਰ ਕਿਵੇਂ ਗੁਜ਼ਾਰਾ ਚਲਾ ਲੈਣਗੇ, ਆਪ ਅਨੁਮਾਨ ਲਾਵੋ, ਪੰਜਾਬ ਵਿੱਚ ਤਾਂ ਗਵਰਨਰੀ ਰਾਜ ਹੀ ਲਾਗੂ ਹੋਵੇ ਸਿੱਖਾਂ ਨੂੰ ਤਾਂ ਮੁੱਦੇ ਰੱਬ ਝੋਲੇ ਭਰਕੇ ਦਿੰਦਾ ਹੈ, ਆਹ ਕੰਗਣਾ ਰਣੌਤ ਦਾ ਫਿਲਮੀ ਬਿਆਨ 'ਤੇ ਵਿਵਾਦ ਗੂੜਾ ਹੋ ਰਿਹਾ ਹੈ, ਇਤਰਾਜ਼ਯੋਗ ਸੀਨ ਸ਼ਿਕਾਇਤ ਕਰਕੇ ਸੈਂਸਰ ਬੋਰਡ ਗੋਚਰੇ ਚੰਡੀਗੜ੍ਹ ਕੋਰਟ ਵਿੱਚ ਕੇਸ, ਫੈਸਲਾ ਉਡੀਕ ਪਰ ਹੋਰ ਬਿਆਨ ਜੋ ਉਹਨੇ ਸੰਤ ਭਿੰਡਰਾਂਵਾਲਿਆਂ ਪ੍ਰਤੀ ਦੇ ਦਿੱਤਾ ਕਿ ਸੰਤ ਨਹੀਂ ਸਨ ਏ.ਕੇ. ਅਸਲਾ ਸੰਤਗਿਰੀ ਨਹੀਂ ਆਦਿ, ਆਉ ਆਪਾਂ ਸਭ ਤੋਂ ਪਹਿਲਾਂ (ਸੰਤ) ਅੱਖਰ ਦੀ ਘੋਖ ਕਰੀਏ, ਈਸਾਈ ਮੱਤ ਵਿੱਚੋਂ ਹੈ (Saint) ਪੁਰਾਤਨ ਸਮੇਂ ਸੰਤ ਪ੍ਰਭੂ ਪ੍ਰਮੇਸ਼ਰ ਦੇ ਵਰੋਸਾਏ ਭੇਜੇ ਦੇਵਤਾ ਰੂਪ, ਦਿਆਨਤ-ਦਾਰ, ਦੁਨੀਆਂਦਾਰੀ ਰਹਿਤ, ਕੁਦਰਤ ਦੇ ਪਾਲਕ ਸਨ।

(ਗੁਰੂ ਗ੍ਰੰਥ) ਬਨਾਰਸ ਕੇ ਠੱਗ, ਉਨ੍ਹਾਂ ਨੂੰ ਤਾਂ ਕੁਝ ਜੁੜ ਗਿਆ ਖਾਂਦੇ ਲੱਭ ਗਿਆ ਉਹੜਦੇ ਝੱਖੜ, ਧੁੱਪ, ਠੰਡ, ਗਰਮੀ ਸਭ ਏਕ ਕੋਈ ਅਰਾਮ ਆਦਿ ਦੀ ਤਾਂ ਪ੍ਰਥਾ ਹੀ ਨਹੀਂ ਸੀ, ਹੁਣ ਸੰਤ-ਮਹੰਤ ਨੇ ਜੋ ਰੜਕੇ ਲਈ ਧਨ ਹੂੰਝਣ ਦੇ ਮਗਰ, ਸ਼ਸਤਰਾਂ ਨਾਲ ਨਹੀਂ ਸੀ ਸਰਦਾ ਹਥਿਆਰ ਚੁੱਕੇ, ਕਤਲ ਆਦਿ। ਕੰਗਣਾ ਸੰਦਰਭ ਵਿੱਚ ਸੰਤ ਭਿੰਡਰਾਂਵਾਲਿਆਂ ਦੇ ਪੈਰੋਕਾਰ, ਪ੍ਰਸ਼ੰਸਕ ਤੇ ਅਭਿਲਾਸ਼ੀ (ਕੁਝ ਲਾਹੇਵੰਦ) ਬਹੁਤ ਦੁਖੀ ਹਨ ਲਿਖਦੀ ਜਾਵਾਂ ਸਾਰਾ ਸਿੱਖ ਜਗਤ ਤਾਂ ਕਿਸੇ ਭੀ ਵਿਅਕਤੀ ਦਾ ਸੋਭਾਦਾਰ ਨਹੀਂ ਹੁੰਦਾ, ਹਰ ਇਕ ਦਾ ਆਪਣਾ ਇਸ਼ਟ ਹੈ, ਮੈਂ ਕੇਵਲ ਪ੍ਰਮਾਤਮਾਂ ਨੂੰ ਹੀ ਮੰਨਦੀ ਹਾਂ, ਕਿਸੇ ਨੂੰ ਮਜਬੂਰ ਨਹੀਂ ਕਰ ਸਕਦੇ ਮਨੌਤ ਲਈ, ਕੋਈ ਵਿਅਕ-ਤੀ ਜਦੋਂ ਸਿਆਸੀ ਖਾੜੇ ਵਿੱਚ ਨਿੱਤਰੇ ਚੰਗੇ ਕੰਮ ਸਲਾਹੇ ਜਾਂਦੇ ਨੇ ਮਾੜੇ ਟਿੱਪਣੀ, ਅਲੋਚਨਾ ਦਾ ਰੂਪ ਧਾਰ ਲੈਂਦੇ ਨੇ, ਬੱਸ ਆਹ ਨੇ ਝਗੜੇ ਦਾ ਕਰਨ, ਪਰ ਧਮਕੀਆਂ ਦੇਣੀਆਂ ਲਾਹੇਬੰਦ ਨਹੀਂ ਹੁੰਦੀਆਂ, ਸਿੱਟੇ ਮਾੜੇ ਨਿਕਲਦੇ ਨੇ, ਫੇਰ ਪਛਤਾਵੇ ਤੇ ਜੇਲ੍ਹਾਂ, ਭਾਜਪਾ ਕਿਉਂ ਰੋਕੂ ਕੰਗਣਾ ਨੂੰ ਜਦੋਂ ਸਿੱਖਾਂ ਦਾ ਵੈਰ ਹੈ, ਬਹੁਤਾ ਸਿਆਪਾ ਕਿਸਾਨ ਆਗੂਆਂ ਦਾ ਹੈ ਕਾਂਗਰਸ ਹਮਾਇਤੀ ਕਰਕੇ ਭਾਜਪਾ ਔਖੀ ਹੈ। ਚਲੋ ਪੰਜਾਬ ਦਾ ਤਾਂ ਤਕੀਆ ਹੀ ਡਾਵਾਂਡੋਲ ਹੈ, ਸ਼੍ਰੋਮਣੀ ਕਮੇਟੀ ਪ੍ਰਧਾਨ, ਵਿਰਸਾ ਸਿੰਘ ਵਲਟੋਹਾ ਸੰਤਾਂ ਦੀ ਸਫਾਂ ਵਿੱਚੋਂ ਹਨ ਨਾਲੇ ਹੁਣ ਭਾਜਪਾ ਤੋਂ ਔਖੇ ਹਨ ਜਥੇਦਾਰ ਭੀ ਸਿਆਸੀ ਬਿਆਨਬਾਜੀ 'ਤੇ ਹਨ ਹੱਲ ਲੱਭਦਾ ਨਹੀਂ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਜਥੇਦਾਰ ਧਰਮ ਦਾ ਝੰਜਟ ਤਾਂ ਸੰਭਾਲ ਨਹੀਂ ਸਕਦੇ ਸਿਆਸਤ ਸਾਂਭਣ ਤੁਰੇ ਵੇ ਨੇ, ਗਿਆਨੀ ਹਰਪ੍ਰੀਤ ਸਿੰਘ ਦੀ ਧੂੰਆਂ ਧਾੜ ਤਰਕੀਰਾਂ ਕੁਝ ਸੰਕੇਤ ਨੇ, ਫਿਲਮ ਵਿੱਚ ਸੰਤਾਂ ਬਾਰੇ ਬਿਆਨ ਬਾਰੇ ਦਮਦਮੀ ਟਕਸਾਲ ਬੋਲੇ ਹੁਣ ਜਰਾ ਅੱਜ ਦਾ ਧੜੱਲੇਦਾਰ ਪੰਥ ਦੀ ਦਮਗਜੀ ਦੇਖੋ ਸਰਬਜੀਤ ਸਿੰਘ ਖਾਲਸਾ ਐਮ.ਪੀ., ਅੰਮ੍ਰਿਤਪਾਲ ਐਮ.ਪੀ. ਖਾਲਸਾ ਸ਼ਹੀਦ ਬਿਅੰਤ ਸਿੰਘ ਦੀ ਖੱਟੀ ਅੰਮ੍ਰਿਤਪਾਲ ਕੀਹਦੀ? ਸਿਮਰਨਜੀਤ ਸਿੰਘ ਮਾਨ ਨੇ ਵਾਰਸ ਬਣਾ ਕੇ ਆਪਣੀ ਪਿੱਠ ਵਿੱਚ ਕਿੱਲ ਗਡਾ ਲਿਆ।

ਚੰਗੀ ਵਫ਼ਾਦਾਰੀ ਨਿਭਾਈ ਤੇ ਹੁਣ ਦੀਪ ਸਿੱਧੂ ਦਾ ਭਰਾ ਚੋਣ ਲਈ ਅੰਮ੍ਰਿਤਪਾਲ ਤੇ ਸਰਬਜੀਤ ਨਾਲ ਕੱਟੇ ਵੱਛੇ, ਮੈਂ ਕਾਂਗਰਸ ਸਮਰਥੱਕ ਨਹੀਂ ਪਰ ਰਵਨੀਤ ਸਿੰਘ ਬਿੱਟੂ ਪੋਤਾ ਸਵ: ਬੇਅੰਤ ਸਿੰਘ ਗੁੱਸੇ ਵਿੱਚ ਨਹੀਂ ਆ ਸਕਦਾ ਕਿ ਉਹਦਾ ਦਾਦਾ ਭੀ ਪਾਰਟੀ ਦਾ ਤਾਂ ਸ਼ਹੀਦ ਹੀ ਹੈ, ਤੁਸੀਂ ਬੁੱਚੜ ਆਖੀ ਜਾਵੋ ਸ਼ਹੀਦ ਕੇਵਲ ਉਹ ਹੀ ਨਹੀਂ ਜੀਹਨੂੰ ਅੱਜ ਦੇ ਆਹ ਚਿੱਚੜ ਚਿਮੜੇ ਗਰਦਾਨਣ ਮਾਨਤਾ ਤੇ ਮਹਾਨਤਾ ਦੋ ਅੱਡ ਪਹਿਲੂ ਨੇ, ਇਨ੍ਹਾਂ ਨੂੰ ਮਾਨਤਾ ਮਿਲੀ ਜਾਂਦੀ ਹੈ ਮਹਾਨਤਾ ਨੀ, ਕੱਲ੍ਹ ਸੁਰਿੰਦਰ ਛੱਲ ਹੋਰਾਂ ਦੇ ਭਾਸ਼ਨ ਵਿੱਚ ਸੁਣਦੇ ਉਹ ਬਾਦਲ ਸਾਹਬ ਬਾਰੇ ਕੀ ਆਖਦੇ ਸਨ ਕਿ ਬੜਾ ਸੂਝਵਾਨ ਸੀ ਤੁਸੀਂ ਆਹ ਨੂੰਹੇ ਉਥੇ ਗੁਹਾਰਾ ਲਾ ਕੇ ਆਪਣੀ ਪ੍ਰਭਤਾ ਬਣਾ ਰਹੇ ਨੇ ਭਾਵੇਂ ਧਰਮ ਕੌਮ ਦਾ ਤਾਂ ਥੱਲਾ ਲਾ ਰਹੇ ਨੇ ਅੰਮ੍ਰਿਤਪਾਲ ਕੀਤੀ ਪਾ ਰਿਹਾ ਹੈ, ਸਰਬਜੀਤ ਭੀ ਆ ਜੂ ਅੜਿੱਕੇ ਕਿਸੇ ਦਿਨ ਧੂਤੂ ਬਣਦਾ ਦੁੱਖਦਾਈ ਕਿ ਧਾਰਮਿਕ ਲੇਖਕ ਧਰਮ ਨੂੰ ਇਕ ਪਾਧਾ ਕਥਾ ਬਣਾ ਰਹੇ ਨੇ, ਇਤਿਹਾਸ ਦਾ ਅੱਡਰਾ ਪੱਖ ਹੈ ਪਰ ਧਰਮ ਨੂੰ ਮਿਥਹਾਸ ਬਣਾ ਕੇ ਭਵਿੱਖ ਧੁੰਦਲਾ, ਪਨੀਰੀ ਦੂਰ (ਗੁਰੂ-ਸਾਹਿਬ) ਮਨੁੱਖੀ ਜਾਮਾ ਵਿੱਚ ਆਏ ਤੇ ਸਮਾਜ ਵਿੱਚ ਵਿਚਰਦੇ ਅਗਵਾਈ ਕਰਦੇ ਰਹੇ ਹਨ, ਹਾਂ ਦਸਮੇ ਗੁਰੂ ਜਰੂਰ ਬੀਰ, ਬਹਾਦਰ ਤੇ ਜੰਗਜੂ ਸਨ, ਸਿੱਖ ਗੁਰੂ ਮੰਨਦੇ ਹਨ ਪਰ ਦੂਜੇ ਉਨ੍ਹਾਂ ਨੇ ਮੁਕਾਬਲੇ ਨਾਲ ਜੰਗਾਂ ਲੜੀਆਂ ਮੰਨਦੇ ਪਰ ਅੱਜ ਸਾਧਾਂ ਦੇ ਪੈਰੋਕਾਰ ਜੋਤਾਂ ਆਦਿ ਨਾਲ ਜੋੜ ਕੇ ਅਧੁਨਿਕ ਯੁੱਗ ਵਿੱਚ ਦੁਭਿਧਾ ਨਾਲ ਭੁਲੇਖੇ ਪਾ ਰੱਲ੍ਹ ਗੱਡ ਕਰਦੇ ਨੇ, ਬਹੁਤ ਵੱਡੀ ਵਿਚਾਰ ਵਟਾਂਦਰੇ ਲਈ ਰਾਹ ਖੋਲ੍ਹ ਰਹੇ ਹਨ। ਜਦੋਂ ਕਿ ਸਿੱਖ ਧਰਮ ਵਿਚਰਨ ਤੇ ਜੀਵਨ ਪੰਧ ਨਾਲ ਜੋੜਨ ਵਾਲਾ ਹੈ, ਪਰ ਸਾਧਾਂ ਦਾ ਰੰਗ ਚੜ੍ਹਾ ਰਹੇ ਹਨ, ਵਿਦੇਸ਼ੀ ਬਹੁਤੇ ਭਾਗੀਦਾਰ ਹਨ, ਬਹੁਤਾ ਧਨ ਮੱਤ ਮਾਰਦਾ ਹੈ ਪੰਜਾਬ ਵਿੱਚ ਜਾਤਾਂ ਦੀ ਭਰਮਾਰ ਧਰਮ, ਕੌਮ ਲਈ ਮਾਰੂ।

**ਵਿਸ਼ੇਸ਼ ਪੰਨਾ** :- ਇੰਟਰਨੈਸ਼ਨਲ ਸਿੱਖ ਸੇਵਕ ਸੋਸਾਇਟੀ ਦੇ ਸੰਚਾਲਕ ਪ੍ਰੋਫੈਸਰ ਖਾਲਸਾ ਸਾਹਬ ਜੀ ਵੱਲੋਂ ਸੁਰਖੀ, ਗੁਨਾਹ-ਗਾਰ ਤੇ ਪ੍ਰਵਾਰਵਾਦੀ ਲੀਡਰ ਸਿੱਖ ਤੋਂ ਸਿੱਖ ਪੰਥ ਤੋਂ ਮੁਕਤੀ ਦਿਵਾਉਣ ਜਥੇਦਾਰ : ਵਾਹ ਜੀ ਵਾਹ ਖ਼ਾਲਸਾ ਜੀ ਰੰਗ ਲਾਤਾ ਨਿਖਾਲਸਿਆਂ ਨੂੰ ਭੇਜੋ ਕਾਲੇ ਪਾਣੀ:- ਖਾਲਸਾ ਜੀ ਕ੍ਰਿਪਾ ਕਰਕੇ ਖ਼ਾਲਸਿਆਂ ਨੂੰ ਕਿਧਰੇ ਅੱਡ ਦਾ ਪੰਥ ਬਣਾ ਲਵੋ ਤਾਂ ਮੁਕਤੀ ਹੀ ਮੁਕਤੀ, ਨਾ ਰਵਿਦਾਸੀਆ, ਨਾ ਬਾਲਮੀਕ ਭਾਈਚਾਰਾ ਗਰਿਹਣ ਹਨ ਨਾ ਕੋਈ ਹੋਰ ਤੁਸੀਂ ਆਹ ਦੋਨੋ ਖਾਲਸੇ ਅੰਮ੍ਰਿਤਪਾਲ, ਸਰਬਜੀਤ ਸਿੰਘ ਪ੍ਰਵਾਰ ਨਵੇਂ ਗਵਰਨਰ ਬਣੇ ਕੀ ਗੁਲ ਖਿਲਾਰ ਰਹੇ ਹਨ ਕਿਉਂ ਚੁੱਪ ਹੋ। ਗਿੱਦੜਬਾਹਾ ਵਿੱਚ ਕਬੱਡੀ ਮੈਚ ਬਣਾ ਤਾਂ ਬੋਲੋ, ਅਕਾਲ ਤਖ਼ਤ ਜਥੇਦਾਰ ਤਾਂ ਹੁਣ ਹੁਕਮ ਮੰਨਣ 'ਤੇ ਬਣਾ ਤੇ ਕੋਈ ਅਕਾਲੀ ਜਾਂ ਜੱਟ ਰਹਿਣ ਨਾ ਤਲਬ ਹੋਣ ਤੋਂ, ਕੀ ਮੈਂ ਲਿਖ ਸਕਦੀ ਹਾਂ ਕਿ ਆਹ ਦੋ ਤਿੰਨ ਪ੍ਰੋਫੈਸਰ ਸੇਵਾ ਕਰਨ (ਮੁਫ਼ਤ) ਸ਼ਿਕਾਇਤਾਂ ਦੀ ਰਜਿਸਟਰਾਂ ਵਿੱਚ ਦਰਜ ਕਰਕੇ ਕਿਤਾਬਚਾ ਬਣਾ ਦੇਣ ਸਦਾ ਲਈ ਰਿਕਾਰਡ ਤੁਹਾਡੀ ਸੇਵਾ ਧਰਮ ਕੌਮ ਦਾ ਜਨਾਜ਼ਾ ਤੁਸੀਂ ਸਲਾਮਤ ਸਹੀ ਸ਼ਾਹਦੀ ਤੁਸੀਂ ਲੋਕ ਅਕਾਲੀ ਦਲ ਬਾਦਲਾਂ ਦੇ ਤੇ ਜੱਟਾਂ ਦੇ ਵੈਰੀ ਕੀ ਪ੍ਰਵਾਰਵਾਦ ਮਾੜੀ ਪ੍ਰਥਾ ਹੈ? ਰੱਬ ਮਿਹਰਾਂ ਕਰੇ ਸਿੱਖ ਪ੍ਰਵਾਰ ਵੱਧਣ ਨਾ ਕਿ ਜਾਤਾਂ ਵੱਧਣ, ਈਰਖਾ ਦੀ ਭੱਠੀ ਸੜਨ ਵਾਲੇ ਜੀ ਬਾਦਲ ਸਾਹਬ ਤੋਂ ਫਖਰੇ ਕੌਮ ਖੋਹਵੋ ਪੰਜ ਵਾਰੀ ਮੁੱਖ ਮੰਤਰੀ ਨਿਕਾਰੋ? ਕਈ ਬੰਦੇ ਢੀਠ ਹੁੰਦੇ ਨੇ ਲਾਹਣਤਾਂ ਪੈਣ 'ਤੇ ਭੀ ਰੱਟ ਲਾਈ ਜਾਣਗੇ ਹਰ ਬੰਦੇ ਤੋਂ ਗਲਤੀ ਗੁਨਾਹ ਹੁੰਦੇ ਨੇ ਭੁੱਲਾਂ ਬਖ਼ਸ਼ਾਈਆਂ ਜਾਂਦੀਆਂ ਨੇ ਬਰੀ, ਖਿਮਾਂ ਤੇ ਸਵੀਕਾਰੇ ਜਾਂਦੇ ਨੇ, ਅਕਾਲ ਤਖ਼ਤ ਦੇ ਜਥੇਦਾਰ ਭੀ ਜਾਤ ਬਰਾਦਰੀਏ ਹਨ ਤਾਂ ਹੀ ਕੌਮ ਦਾ ਤਕੀਆ ਡੋਲ ਗਿਆ, ਕੀ ਬਣੂ ਜੇਕਰ ਸਮਾਂ ਆ ਜਾਵੇ ਕਿ ਅਗਲੇ ਆਖਣ ਅਸੀਂ ਨਹੀਂ ਪੇਸ਼ ਹੋਣਾ ਕਰ ਦਿਉ ਹੁਕਮ ਜੋ ਕਰਨਾ ਹੈ, ਅੜਾਈ ਮੱਝ ਵਾੜ ਟੱਪੂ, ਆਹ ਦੇਖ ਹੀ ਲਿਆ ਹੋਰ ਬਰਾਬਰ ਤੰਬੂ ਲਾਈ ਬੈਠੇ ਨੇ, ਅਮਰੀਕ ਸਿੰਘ ਅਜਨਾਲਾ, ਦਾਦੂਵਾਲ ਸਗੋਂ ਲਤਾੜਦੇ ਫਿਰਦੇ ਨੇ ਕੀ ਕਰ ਲਿਆ ਧਿਆਨ ਸਿੰਘ ਮੰਡ ਅਕਾਲ ਤਖ਼ਤ ਤੋਂ ਹੁਕਮਨਾਮੇ, ਤੁਸੀਂ ਉਥੇ ਨੀ ਬੋਲਦੇ? ਬੱਸ ਜੀ ਇਥੇ ਹੀ, ਟਿਕੀਏ, ਨਾਨਕ ਸੱਚ ਸਵਾਰਨ ਹਾਰਾ।

## ਪਾਠਕਾਂ ਦੇ ਪੱਤਰ, ਸੰਪਾਦਕ ਅੱਗੇ ਬੇਨਤੀ ਸੁਝਾਅ, ਦਲੀਲ, ਵਕੀਲ ਅਤੇ ਅਪੀਲ, ਰਿਣੀ ਬਣਾਉ

ਅੱਜ ਧਰਮ ਦਾ ਹੁਲੀਆ ਮੁਹਾਂਦਰਾ ਵਿਗੜ ਗਿਆ ਹੈ, ਵਿਹਲੜ, ਮਖੱਟੂ, ਲੋਟੂ ਤੇ ਸਭ ਲੰਡੀ ਬੁੱਚੀ ਬਸਤਰ, ਸ਼ਸਤਰ, ਬਾਣੇ ਪਾ ਕੇ ਅੰਮ੍ਰਿਤ ਸ਼ਕਾਉਣ ਵਾਲੀਆਂ ਦੁਕਾਨਾਂ ਕੰਪਨੀਆਂ ਤੋਂ ਸਰਟੀਫਿਕੇਟ ਲੈ ਕੇ ਊਧਮ ਮਚਾ ਕੇ ਨਾਲੇ ਤਾਂ ਜਥੇਬੰਦੀਆਂ, ਨੂੰ ਭੰਗ ਕਰ ਰਹੇ ਹਨ, ਕੰਮ ਕਰਨਾ ਨਹੀਂ, ਬੇਅਦਬੀਆਂ, ਲੁੱਟਾਂ, ਗੁਰੂ-ਗੋਲਕਾਂ ਵੱਲ ਵੱਧਣਾ ਨਾਲੇ ਸਾਧਾਂ-ਸੰਤਾ ਦੇ ਚੇਲੇ ਬਣਕੇ ਮੁੜ ਅਸ਼ਲੀਲ ਘਿਨਾਉਣੇ ਅਤੇ ਸਮਾਜ ਗਰਕਣੇ ਕਿਤੇ ਸਾਹਮਣੇ ਲੈ ਕੇ ਉਨ੍ਹਾਂ ਤੋਂ ਪੈਸੇ ਮੰਗਣੇ, ਕਿੱਤਾ ਬਣਾਈ ਤੁਰੇ ਫਿਰਦੇ ਨੇ, ਇਹ ਨਾ ਤਾਂ ਧਰਮੀ ਹਨ ਨਾ ਭਲੇਮਾਣਸ ਅਤੇ ਨਾ ਕੌਮੀ ਬੱਸ ਮਖੌਟੇ, ਧਰਮ ਹੀ ਨਹੀਂ ਸਮਾਜ ਤੇ ਭਾਈਚਾਰੇ ਦੀ ਹੇਠੀ ਦਾ ਕਾਰਨ ਬਣ ਰਹੇ ਹਨ, ਮੇਰੀ ਸੰਪਾਦਕ ਜੀ ਅੱਗੇ ਬੇਨਤੀ ਹੈ ਕਿ ਆਪ ਜੀ ਦਾ ਵਾਹ ਵਾਸਤਾ ਪ੍ਰਚਾਰਕ ਜਥੇਬੰਦੀਆਂ, ਸਾਧਾਂ ਮੋਰਚੀਏ, ਧਰਨਾਕਾਰੀਆਂ ਨਾਲ ਹੈ, ਕਿਸਾਨਾਂ ਨੇ ਤਾਂ ਧਮੱਚੀ ਚੱਕੀ ਹੀ ਰੱਖਣੀ ਹੈ ਜਦੋਂ ਤੱਕ ਕਿ ਕਾਂਗਰਸ ਨੂੰ ਸਤਾ ਨਹੀਂ ਮਿਲਦੀ, ਵਾਸਤਾ ਹੈ ਕਿ ਪੁਰਾਣਾ ਸਮਾਂ 80, 84 ਇਹ ਭਸੂੜੀ ਲਹਿਰ ਨੇ ਪਾਈ ਸੀ, ਸਭ ਸਮਾਜ ਨਸ਼ਟੀ ਸੰਤਾਂ ਦੇ ਚੇਲੇ ਕਾਮਰੇਡ ਨਕਸਲੀ ਪ੍ਰੋਫੈਸਰ ਤੱਕ ਭੀ ਪੁਲਸੀਆ ਤਾਂ ਧਿਰ ਸਨ ਤਾਂ ਹੀ ਤਾਂ ਫੈਲੀ ਸੀ ਲਹਿਰ, ਏਜੰਸੀਆਂ ਤੱਤਪਰ ਸਨ ਹੁਣ ਵਾਂਗੂੰ ਅੰਤ ਕੀ ਕਹਿਰ ਝੱਲਿਆ, ਪਰ ਝੱਲਿਆ ਵਾਸੀਆਂ ਨੇ ਅਤਿਵਾਦੀ ਤਾਂ ਵਿਦੇਸ਼ੀ ਕੱਢ ਧਰੇ, ਇਥੇ ਆ ਕੇ ਫੇਰ ਉਹੀ ਕੰਮ ਫੜ ਲਏ, ਇਥੇ ਭੀ ਬੜਾ ਖੜਦੁੰਭ ਖੜਾ ਕੀਤਾ, ਕਬਜ਼ੇ ਕਰ ਕਰ ਕਤਲ, ਧਮਕੀਆਂ, ਅਖੀਰ ਠੱਲ ਪਈ ਪਰ ਗਤੀਵਿਧੀਆਂ ਤਾਂ ਜਾਰੀ ਹਨ, ਹੁਣ ਅੰਮ੍ਰਿਤਪਾਲੀਏ ਭਸੂੜੀ ਪਾ ਕੇ ਪੰਥ ਨੂੰ ਖੇਰੂੰ ਖੇਰੂੰ ਕਰਨ 'ਤੇ ਨੇ, ਪੁੱਤ-ਭਰਾ, ਭਾਣਜੇ ਭੀ ਸ਼ਹੀਦ ਬਣੀ ਜਾਂਦੇ ਨੇ ਚੋਣਾਂ ਲੜਨ ਲਈ, ਜਥੇਦਾਰ ਸਿਆਸੀ ਬਿਆਨਾਂ 'ਤੇ ਨੇ, ਅਤਿ ਮਾੜੀ ਹੁੰਦੀ ਹੈ, ਤਬਾਹੀ ਸਿੱਖਾਂ ਦੀ ਹੀ ਨਹੀਂ ਸੂਬੇ ਦੀ ਹੋਣੀ ਹੈ, ਕਿਰਪਾ ਕਰਕੇ ਸਾਰੀਆਂ ਧਿਰਾਂ ਨੂੰ ਰਾਹੇ ਪਾਵੋ, ਭਲਾ ਕੰਮ ਹੈ, ਸੇਵਾ ਦਾ ਫਲ ਮਿਲੂ ਹੰਭਲਾ ਮਾਰੋ। ਧੰਨਵਾਦ।

ਬਲਵਿੰਦਰ ਕੌਰ ਚਾਹਲ

* * * * *

# 10ਵੀਂ ਯੂ ਕੇ ਰਾਸ਼ਟਰੀ ਗੱਤਕਾ ਚੈਂਪੀਅਨਸ਼ਿੱਪ ਡਰਬੀ ਵਿਖੇ 29 ਸਤੰਬਰ ਨੂੰ ਹੋਵੇਗੀ - ਐਮ ਪੀ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਗੱਤਕਾ ਫੈਡਰੇਸ਼ਨ ਨਾਲ ਸਬੰਧਤ ਗੱਤਕਾ ਫੈਡਰੇਸ਼ਨ ਯੂ ਕੇ ਵੱਲੋਂ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਸਹਿਯੋਗ ਨਾਲ ਆਗਾਮੀ ਯੂ.ਕੇ. ਦੀ 10ਵੀਂ ਕੌਮੀ ਗੱਤਕਾ ਚੈਂਪੀਅਨਸ਼ਿਪ 29 ਸਤੰਬਰ ਨੂੰ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਕਰਵਾਈ ਜਾ ਰਹੀ ਹੈ। ਜਿਸ ਵਿੱਚ ਬਰਤਾਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਗੱਤਕਾ ਅਖਾੜੇ (ਟੀਮਾਂ) ਭਾਗ ਲੈਣਗੇ।

ਸਲੋਹ ਤੋਂ ਸੰਸਦ ਮੈਂਬਰ ਅਤੇ ਗੱਤਕਾ ਫੈਡਰੇਸ਼ਨ ਯੂ ਕੇ ਦੇ ਸੰਸਥਾਪਕ ਪ੍ਰਧਾਨ ਤਨਮਨਜੀਤ ਸਿੰਘ ਢੇਸੀ ਨੇ ਦੱਸਿਆ ਕਿ ਇਸ ਸਾਲਾਨਾ ਕੌਮੀ ਚੈਂਪੀਅਨਸ਼ਿਪ ਦੌਰਾਨ ਵੱਖ-ਵੱਖ ਉਮਰ ਵਰਗਾਂ ਦੇ ਲੜਕੇ ਅਤੇ ਲੜਕੀਆਂ, ਮਰਦ ਤੇ ਔਰਤਾਂ ਦੀਆਂ ਗੱਤਕਾ ਟੀਮਾਂ ਆਪਣੇ ਜੌਹਰ ਦਿਖਾਉਣਗੀਆਂ। ਉਨ੍ਹਾਂ ਦੱਸਿਆ ਕਿ ਗ੍ਰੇਵਜ਼ੈਂਡ


ਐਮ ਪੀ ਤਨਮਨਜੀਤ ਸਿੰਘ ਢੇਸੀ

ਵਿੱਚ 2013 ਤੋਂ ਸ਼ੁਰੂ ਹੋਈ ਇਹ ਚੈਂਪੀਅਨਸ਼ਿਪ ਡਰਬੀ, ਸਾਊਥਾਲ, ਸਮੈਦਿਕ (ਬ੍ਰਮਿੰਘਮ), ਇਲਫੋਰਡ, ਸਲੋਹ, ਵੁਲਵਰਹੈਂਪਟਨ, ਲੇਮਿੰਗਟਨ ਸਪਾ ਅਤੇ ਹੇਜ਼ ਵਿਖੇ ਸਫਲਤਾਪੂਰਵਕ ਆਯੋਜਿਤ ਕੀਤੀ ਜਾ ਚੁੱਕੀ ਹੈ। ਐਮ ਪੀ ਢੇਸੀ ਨੇ ਕਿਹਾ ਕਿ ਗੱਤਕਾ ਫੈਡਰੇਸ਼ਨ ਯੂ ਕੇ ਦੇ ਸਕੱਤਰ ਹਰਮਨ ਸਿੰਘ ਜੌਹਲ, ਸਿੱਖ ਮਿਊਜ਼ੀਅਮ ਦੇ ਚੇਅਰਮੈਨ ਸ" ਰਾਜਿੰਦਰ ਸਿੰਘ ਪੁਰੇਵਾਲ ਅਤੇ ਸਮੁੱਚੀ ਪ੍ਰਬੰਧਕੀ ਟੀਮ ਪ੍ਰਬੰਧਾਂ ਵਿੱਚ ਜੁਟੀ ਹੋਈ ਹੈ। ਉਨ੍ਹਾਂ ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਸਿੱਖਾਂ ਦੇ ਇਸ ਅਣਮੁੱਲੇ ਵਿਰਸੇ ਨੂੰ ਸੰਭਾਲਣ ਲਈ ਯਤਨ ਕਰਨ ਦੀ ਲੋੜ ਹੈ, ਜਿਸ ਲਈ ਬੱਚਿਆਂ ਅਤੇ ਪ੍ਰੀਵਾਰਾਂ ਸਮੇਤ ਗੱਤਕਾ ਚੈਂਪੀਅਨਸ਼ਿਪ 'ਤੇ ਪਹੁੰਚੋ।

# ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਤੇ ਨਿਊਯਾਰਕ ਚ ਹੋਏ ਵਿਰੋਧ ਪ੍ਰਦਰਸ਼ਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਸੈਸ਼ਨ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਯੁਕਤ ਰਾਜ ਅਮਰੀਕਾ ਦੌਰੇ ਤੇ ਨਿਊਯਾਰਕ ਚ ਵਿਰੋਧ ਪ੍ਰਦਰਸ਼ਨ ਹੋਏ। ਇਸ ਵਿਰੋਧ ਪ੍ਰਦਰਸ਼ਨ ਵਿਚ ਵਡੀ ਗਿਣਤੀ ਅੰਦਰ ਸਿੱਖ, ਕਸ਼ਮੀਰੀ ਅਤੇ ਹੋਰ ਧਰਮਾਂ ਦੇ ਲੋਕ ਸ਼ਾਮਿਲ ਸਨ। ਪ੍ਰਦਰਸ਼ਨਕਾਰੀਆਂ ਨੇ ਭਾਰਤ ਦੇ ਜੰਮੂ-ਕਸ਼ਮੀਰ, ਕੈਨੇਡਾ ਅਤੇ ਅਮਰੀਕਾ ਸਮੇਤ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਹੋਈਆਂ ਆਜ਼ਾਦੀ ਪਸੰਦ ਸਿੱਖ ਅਤੇ ਹੋਰ ਲੋਕਾਂ ਦੀਆਂ ਹੱਤਿਆਵਾਂ ਵਿੱਚ ਨਰਿੰਦਰ ਮੋਦੀ ਦੀ ਸ਼ਮੂਲੀਅਤ ਦੀ ਨਿੰਦਾ ਕੀਤੀ। ਪੁਲਿਸ ਦੁਆਰਾ ਲਗਾਏ ਗਏ ਬੈਰੀਕੇਡ ਦੇ ਪਾਰ, ਵਡੀ ਗਿਣਤੀ ਅੰਦਰ ਸਿੱਖਾਂ ਦਾ ਇੱਕ ਵੱਖਰਾ ਵਿਰੋਧ ਪ੍ਰਦਰਸ਼ਨ ਖਾਲਿਸਤਾਨ ਦੀ ਸਿਰਜਣਾ ਦੀ ਵਕਾਲਤ ਕਰ ਰਿਹਾ ਸੀ । ਉੱਥੇ, ਕੁਝ ਲੋਕਾਂ ਨੇ ਮੋਦੀ ਦਾ ਪੁਤਲਾ ਫੂਕਿਆ।

ਕੁਝ ਲੋਕਾਂ ਨੇ ਫ਼ਲਦਤੋਮੋਦੀ: ਹਿੰਦੂ ਦਹਿਸ਼ਤ ਦਾ ਚਿਹਰਾਫ਼ਰਦਤੋ ਦੇ ਨਾਅਰੇ ਵਾਲੇ ਚਿੰਨ੍ਹ ਫੜੇ ਹੋਏ ਸਨ। ਕੈਨੇਡਾ ਤੋਂ ਵਿਰੋਧ ਪ੍ਰਦਰਸ਼ਨ ਵਿਚ ਹਾਜ਼ਿਰੀ ਭਰਨ ਲਈ ਉਚੇਚੇ ਤੌਰ ਤੇ ਪੁੱਜੇ ਪੰਥਕ ਸੇਵਾਦਾਰ ਅਤੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਕਮੇਟੀ ਦੇ ਮੈਂਬਰ ਭਾਈ ਨਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਈ ਸਿੱਖ ਅਤੇ ਕਸ਼ਮੀਰੀ ਵੱਖਵਾਦੀ ਕਾਰਕੁਨਾਂ ਨੂੰ ਮਾਰਿਆ ਹੈ, ਜਿਨ੍ਹਾਂ ਨੂੰ ਉਹ ਅੱਤਵਾਦੀ ਅਤੇ ਕੱਟੜਪੰਥੀ ਕਰਾਰ ਦਿੰਦੇ ਹਨ, ਜਿਸ ਵਿੱਚ ਕੈਨੇਡਾ ਦੇ ਇੱਕ ਸਿੱਖ ਕਾਰਕੁਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਨੂੰ ਗੋਲੀ ਮਾਰ ਕੇ ਮਾਰਨਾ ਅਤੇ ਅਮਰੀਕਾ ਵਿੱਚ ਇੱਕ ਸਿੱਖ ਕਾਰਕੁਨ, ਇੱਕ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪਨੂੰ, ਦੀ ਹੱਤਿਆ ਦੀ ਕੋਸ਼ਿਸ਼ ਸ਼ਾਮਲ ਹੈ।



## ਮਜੀਠੀਆ ਨੇ ਘੇਰਿਆ ਮੁੱਖ ਮੰਤਰੀ ਮਾਨ ਨੂੰ

# ਤੁਸੀਂ ਤਾਂ ਕਹਿੰਦੇ ਸੀ ਪਿੰਡ ਦਾ ਸਰਪੰਚ ਬੀਏ ਹੋਵੇ ! 'ਮੰਤਰੀ ਫਿਰ ਕਿਉਂ 10ਵੀਂ ਪਾਸ ਕਿਉਂ ਚੁਣੇ !'



**ਅੰਮ੍ਰਿਤਸਰ**-ਪੰਜਾਬ ਵਿੱਚ ਪੰਚਾਇਤੀ ਚੋਣਾਂ ਦਾ ਐਲਾਨ ਕਿਸੇ ਵੇਲੇ ਵੀ ਹੋ ਸਕਦਾ ਹੈ। ਅਜਿਹੇ ਵਿੱਚ ਕੈਬਨਿਟ ਵਿੱਚ ਹੋਏ ਫੇਰਬਦਲ ਵਿੱਚ ਸਿੱਖਿਆ ਦਾ ਜਿਹੜਾ ਪੈਮਾਨਾ ਰੱਖਿਆ ਗਿਆ ਹੈ ਉਸ ਨੂੰ ਲੈਕੇ ਵਿਰੋਧੀ ਧਿਰ ਮੁਖ ਮੰਤਰੀ ਮਾਨ ਨੂੰ ਉਨ੍ਹਾਂ ਦੇ ਦਾਅਵੇ 'ਤੇ ਹੀ ਘੇਰ ਲਿਆ ਹੈ।

ਬੀਤੇ ਦਿਨੀਂ 5 ਮੰਤਰੀਆਂ ਵਿੱਚੋ 3 ਮੰਤਰੀ 10 ਤੋਂ 12ਵੀਂ ਪਾਸ ਹਨ, ਸਿਰਫ਼ ਇੱਕ ਹੀ ਮੰਤਰੀ ਰਵਜੋਤ ਸਿੰਘ ਹੀ ਪੇਸ਼ੇ ਤੋਂ ਡਾਕਟਰ ਹਨ। ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਇਸ ਨੂੰ ਲੈ ਕੇ ਮੁੱਖ ਮੰਤਰੀ ਮਾਨ 'ਤੇ ਤੰਜ ਕੱਸ ਦੇ ਹੋਏ ਲਿਖਿਆ ਹੈ ਤੁਸੀਂ ਤਾਂ ਕਹਿੰਦੇ ਸੀ ਪਿੰਡ ਦਾ ਸਰਪੰਚ ਬੀਏ ਪਾਸ ਹੋਣਾ ਚਾਹੀਦਾ ਹੈ ਪਰ ਆਪਣੇ ਮੰਤਰੀਆਂ ਲਈ ਮੁੱਖ ਮੰਤਰੀ ਦਾ ਅਸੂਲ ਕਿੱਥੇ ਗਿਆ?

ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕਰਦੇ ਹੋਏ ਲਿਖਿਆ ਆਪਣੇ ਮੰਤਰੀਆਂ ਲਈ ਮੁੱਖ ਮੰਤਰੀ ਸਾਹਿਬ ਦੇ ਅਸੂਲ ਕੁਝ ਹੋਰ ਹਨ, ਹਾਲ ਹੀ ਵਿੱਚ ਕੈਬਨਿਟ ਵਿੱਚ ਪੰਜ ਨਵੇਂ ਮੰਤਰੀ ਸ਼ਾਮਿਲ ਕੀਤੇ ਗਏ ਹਨ,ਜਿਨ੍ਹਾਂ ਵਿੱਚੋਂ ਇੱਕ ਬਾਰ੍ਹਵੀਂ ਪਾਸ ਹਨ ਤੇ ਉਨ੍ਹਾਂ ਨੂੰ ਪੰਚਾਇਤ, ਗ੍ਰਾਮੀਣ ਵਿਕਾਸ, ਉਦਯੋਗ ਵਰਗੇ ਮਹੱਤਵਪੂਰਨ ਮਹਿਕਮੇ ਦਿੱਤੇ ਗਏ ਹਨ।

ਦੂਜਾ ਦਸਵੀਂ ਪਾਸ ਹੈ, ਜਿਨ੍ਹਾਂ ਨੂੰ ਆਪਦਾ ਪ੍ਰਬੰਧਨ, ਮੁੜ ਵਸੇਬਾ ਅਤੇ ਸ਼ਹਿਰੀ ਵਿਕਾਸ ਵਰਗੇ ਵਿਭਾਗ ਦਿੱਤੇ ਗਏ ਹਨ। ਤੀਜਾ ਮੰਤਰੀ ਦਸਵੀਂ ਪਾਸ ਹਨ ਜਿਨ੍ਹਾਂ ਨੂੰ ਰੱਖਿਆ ਸੇਵਾ ਕਲਿਆਣ, ਸੁਤੰਤਰਤਾ ਸੈਨਾਨੀ ਅਤੇ ਬਾਗ਼ਬਾਨੀ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਜਿਹੜਾ ਨਿਯਮ ਪਿੰਡਾਂ ਦੇ ਸਰਪੰਚਾਂ 'ਤੇ ਲਾਗੂ ਕਰਨਾ ਚਾਹੁੰਦੇ ਹੋ ਉਹੀ ਨਿਯਮ ਪਹਿਲਾਂ ਆਪਣੇ ਮੰਤਰੀ ਮੰਡਲ 'ਤੇ ਵੀ ਲਾਗੂ ਕਰਕੇ ਦਿਖਾਓ।

# ਮੋਦੀ ਵੱਲੋਂ ਨਿਊਯਾਰਕ ਵਿਚ ਸਿੱਖਾਂ ਦੇ ਵਫ਼ਦ ਨਾਲ ਕੀਤੀ ਮੁਲਾਕਾਤ

## ✪ ਸਿੱਖ ਵਫਦ ਨੇ ਧਾਲੀਵਾਲ ਦੀ ਅਗਵਾਈ ਵਿਚ ਮੋਦੀ ਦੇ ਗੁਣ ਗਾਇਨ ਕੀਤੇ



**ਵਾਸ਼ਿੰਗਟਨ**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਫੇਰੀ ਦੇ ਤੀਜੇ ਤੇ ਆਖਰੀ ਦਿਨ ਨਿਊਯਾਰਕ ਵਿਚ ਸਿੱਖਾਂ ਦੇ ਵਫ਼ਦ ਨਾਲ ਮੁਲਾਕਾਤ ਕੀਤੀ। ਸਿੱਖ ਵਫ਼ਦ ਨੇ ਮੋਦੀ ਸਰਕਾਰ ਵੱਲੋਂ ਸਿੱਖਾਂ ਵਾਸਤੇ ਕੀਤੇ ਕੰਮਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ। 'ਸਿੱਖਸ ਆਫ਼ ਅਮਰੀਕਾ' ਜਥੇਬੰਦੀ ਦੇ ਜਸਦੀਪ ਸਿੰਘ ਜੱਸੀ ਨੇ ਸ੍ਰੀ ਮੋਦੀ ਨਾਲ ਮੁਲਾਕਾਤ ਮਗਰੋਂ ਕਿਹਾ, 'ਅਸੀਂ ਬਹੁਤ ਖ਼ੁਸ਼ ਹਾਂ ਤੇ ਬੈਠਕ ਉਪਰੰਤ ਸਾਨੂੰ ਸਕਾਰਾਮਤਕ ਅਹਿਸਸ ਹੋਇਆ ਹੈ। ਜਿਵੇਂ ਹੀ ਪ੍ਰਧਾਨ ਮੰਤਰੀ ਤੁਰ ਕੇ ਕਮਰੇ ਵਿਚ ਆਏ ਅਸੀਂ ਸਿੱਖਾਂ ਦੇ ਰਵਾਇਤੀ ਜੈਕਾਰੇ 'ਜੋ ਬੋਲੇ ਸੋ ਨਿਹਾਲ' ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ ਸਤਿ ਸ੍ਰੀ ਅਕਾਲ ਨਾਲ ਇਸ ਦਾ ਜਵਾਬ ਦਿੱਤਾ।' ਵਿਸਕੌਨਸਿਨ ਤੋਂ ਉੱਘੇ ਸਿੱਖ ਆਗੂ ਦਰਸ਼ਨ ਸਿੰਘ ਧਾਲੀਵਾਲ ਨੇ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ। ਜੱਸੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, 'ਸਾਡੀ ਉਨ੍ਹਾਂ ਨਾਲ ਬਹੁਤ ਵਧੀਆ ਗੱਲਬਾਤ ਹੋਈ।

ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਬਹੁਤ ਕੁਝ ਕੀਤਾ ਹੈ। ਮੈਨੂੰ ਨਹੀਂ ਲੱਗਦਾ ਕਿ ਭਾਰਤ ਦੇ ਇਤਿਹਾਸ ਵਿਚ ਕਿਸੇ ਹੋਰ ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਇੰਨਾ ਕੁਝ ਕੀਤਾ ਹੋਵੇਗਾ, ਜਿੰਨਾ ਸ੍ਰੀ ਮੋਦੀ ਕਰ ਰਹੇ ਹਨ। ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ, ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨ ਮਨਾਏ, ਸਿੱਖਾਂ, ਜੋ ਭਾਰਤ ਨਹੀਂ ਜਾ ਸਕਦੇ ਸਨ, ਦੀ ਕਾਲੀ ਸੂਚੀ ਖ਼ਤਮ ਕੀਤੀ, ਕਾਂਗਰਸ ਸਰਕਾਰ ਵੇਲੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ਼ ਯਕੀਨੀ ਬਣਾਇਆ।'

ਜੱਸੀ ਨੇ ਕਿਹਾ, 'ਸਿੱਖਾਂ ਲਈ ਕੀਤੇ ਕੰਮਾਂ ਵਾਸਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਅਸੀਂ ਜਲਦੀ ਹੀ ਇਕ ਹੋਰ ਵਫ਼ਦ ਲੈ ਕੇ ਭਾਰਤ ਜਾਵਾਂਗੇ ਤੇ ਉਨ੍ਹਾਂ ਨਾਲ ਹੋਰ ਕਈ ਮੁੱਦੇ ਵਿਚਾਰਾਂਗੇ।'

# ਕੈਨੇਡਾ ਵਿੱਚ ਪੰਜਾਬੀਆਂ ਦਾ ਭਵਿੱਖ ਸੁਰੱਖਿਅਤ ਕਿਉਂ ਨਹੀਂ, ਕਿਉਂ ਦਿਮਾਗਾਂ ਦਾ ਤਣਾਅ ਵਧਦਾ ਜਾ ਰਿਹਾ ਹੈ ?


ਪ੍ਰਿੰ. ਵਿਜੈ ਕੁਮਾਰ



ਪਾਰਕਾਂ ਵਿੱਚ ਜਨਤਕ ਥਾਵਾਂ 'ਤੇ ਬੈਠੇ ਅਤੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਦੇ ਕੈਨੇਡਾ ਵਿੱਚ ਕੱਚੇ ਅਤੇ ਪੱਕੇ ਤੌਰ 'ਤੇ ਵਸਦੇ ਹਰ ਪ੍ਰਵਾਸੀ ਦੇ ਮੂੰਹੋਂ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਹੁਣ ਇਹ ਕੈਨੇਡਾ ਪਹਿਲਾਂ ਵਰਗਾ ਕੈਨੇਡਾ ਨਹੀਂ ਰਿਹਾ, ਅਸੀਂ ਜੋ ਕੁਝ ਕੈਨੇਡਾ ਬਾਰੇ ਸੁਣਿਆ ਸੀ, ਉਸ ਤਰ੍ਹਾਂ ਦਾ ਕੈਨੇਡਾ ਤਾਂ ਹੈ ਹੀ ਨਹੀਂ। ਅਸੀਂ ਤਾਂ ਇਸ ਮੁਲਕ ਵਿੱਚ ਆ ਕੇ ਫਸ ਹੀ ਗਏ ਹਾਂ। ਪਹਿਲਾਂ ਅਤੇ ਹੁਣ ਵਾਲੇ ਕੈਨੇਡਾ ਵਿੱਚ ਲੋਕਾਂ ਨੂੰ ਫਰਕ ਇਸ ਲਈ ਲੱਗ ਰਿਹਾ ਹੈ ਕਿਉਂਕਿ ਅੱਜ ਤੋਂ ਵੀਹ ਪੱਚੀ ਸਾਲ ਪਹਿਲਾਂ ਇਸ ਮੁਲਕ ਵਿੱਚ ਰੋਜ਼ਗਾਰ ਅਸਾਨੀ ਨਾਲ ਮਿਲ ਜਾਂਦਾ ਸੀ। ਅਬਾਦੀ ਘੱਟ ਸੀ, ਸਾਫ ਸਫਾਈ ਦੀ ਵਿਵਸਥਾ ਬਹੁਤ ਕਮਾਲ ਦੀ ਸੀ। ਰਹਿਣ ਲਈ ਮਕਾਨਾਂ ਦੀ ਸਮੱਸਿਆ ਨਹੀਂ ਸੀ। ਮਹਿੰਗਾਈ ਬਹੁਤ ਘੱਟ ਸੀ। ਸਿਹਤ ਸੇਵਾਵਾਂ ਬਹੁਤ ਚੰਗੀਆਂ ਸਨ। ਜੁਰਮ, ਹੇਰਾਫੇਰੀਆਂ, ਧੋਖਾਧੜੀਆਂ, ਚੋਰੀਆਂ, ਫ਼ਿਰੌਤੀਆਂ, ਲੁੱਟਾਂ ਖੋਹਾਂ ਸੜਕ ਦੁਰਘਟਨਾਵਾਂ, ਮਾਰ ਮਰਾਈ ਅਤੇ ਨਸ਼ਿਆਂ ਵਰਗੀਆਂ ਬੁਰਾਈਆਂ ਨਾ ਮਾਤਰ ਹੀ ਸਨ ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਦੂਜੇ ਦੇਸ਼ਾਂ ਤੋਂ ਪ੍ਰਵਾਸੀ ਲੋਕਾਂ ਨੂੰ ਬਿਨਾਂ ਸੋਚੇ ਸਮਝੇ ਧੜਾਧੜ ਬੁਲਾਉਣਾ ਸ਼ੁਰੂ ਕਰ ਦਿੱਤਾ। ਸਰਕਾਰਾਂ ਨੇ ਦੂਜੇ ਦੇਸ਼ ਤੋਂ ਪ੍ਰਵਾਸੀ ਲੋਕਾਂ ਨੂੰ ਬੁਲਾਉਣ ਤੋਂ ਪਹਿਲਾਂ ਇਹ ਸੋਚਿਆ ਹੀ ਨਹੀਂ ਕਿ ਇਸ ਮੁਲਕ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਸਮੱਸਿਆ ਵੀ ਖੜ੍ਹੀਆਂ ਹੋ ਸਕਦੀਆਂ ਹਨ। ਬੁਲਾਏ ਜਾਣ ਵਾਲੇ ਲੋਕਾਂ ਲਈ ਲੋੜੀਂਦੇ ਪ੍ਰਬੰਧ ਵੀ ਕਰਨੇ ਹਨ। ਦੇਸ਼ ਨੂੰ ਸੁੱਚਜੇ ਢੰਗ ਨਾਲ ਚਲਾਉਣ ਲਈ ਪੁਲਿਸ, ਜੱਜਾਂ, ਅਦਾਲਤਾਂ ਅਤੇ ਹੋਰ ਸੇਵਾਵਾਂ ਦਾ ਪ੍ਰਬੰਧ ਵੀ ਕਰਨਾ ਹੈ।

ਕਾਨੂੰਨਾਂ ਵਿੱਚ ਸੋਧ ਵੀ ਕਰਨੀ ਹੈ। ਅੱਜ ਇਸ ਮੁਲਕ ਵਿੱਚ 162 ਦੇਸ਼ਾਂ ਦੇ 42 ਮਿਲੀਅਨ ਯਾਨੀ ਕਿ 5 ਕਰੋੜ ਲੋਕ ਰਹਿ ਰਹੇ ਹਨ। ਅੱਜ ਇਸ ਮੁਲਕ ਵਿੱਚ 25% ਭਾਰਤੀ ਅਤੇ 40% ਚੀਨ ਦੇ ਲੋਕ ਵਸ ਰਹੇ ਹਨ। ਇਹ ਮੁਲਕ ਇਮਾਨਦਾਰੀ, ਵਿਸ਼ਵਾਸ, ਸ਼ਾਂਤੀ, ਕੁਦਰਤ ਦੇ ਨਿਯਮਾਂ, ਇਨਸਾਨੀਅਤ, ਕਾਨੂੰਨਾਂ ਤੇ ਉੱਚ ਪੱਧਰ ਦੀਆਂ ਨੈਤਿਕ ਕਦਰਾਂ ਦਾ ਪੁਜਾਰੀ ਹੈ।

ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਉਨ੍ਹਾਂ ਮੁਲਕਾਂ ਦੇ ਲੋਕਾਂ ਨੂੰ ਵੀ ਬਹੁਗਿਣਤੀ ਵਿੱਚ ਬੁਲਾ ਲਿਆ ਹੈ, ਜਿਨ੍ਹਾਂ ਮੁਲਕਾਂ ਵਿੱਚ ਕਾਨੂੰਨ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ, ਜਿਨ੍ਹਾਂ ਮੁਲਕਾਂ ਵਿੱਚ ਨੈਤਿਕ ਕਦਰਾਂ ਨੂੰ ਤਰਜੀਹ ਬਹੁਤ ਘੱਟ ਦਿੱਤੀ ਜਾਂਦੀ ਹੈ। ਚੋਰੀਆਂ, ਹੇਰਾਫੇਰੀਆਂ, ਜੁਰਮਾਂ ਲੁੱਟਾਂ ਖੋਹਾਂ, ਡਕੈਤੀਆਂ, ਫ਼ਿਰੌਤੀਆਂ, ਟੈਕਸ ਦੀਆਂ ਹੇਰਾਫੇਰਾਂ, ਨਸ਼ਿਆਂ ਅਤੇ ਧੋਖਾਧੜੀਆਂ ਦੀ ਭਰਮਾਰ ਹੈ। ਉਨ੍ਹਾਂ ਮੁਲਕਾਂ ਦੇ ਲੋਕਾਂ ਨੇ ਇਸ ਮੁਲਕ ਵਿੱਚ ਆਕੇ ਵੀ ਆਪਣੀਆਂ ਉਹ ਮਾੜੀਆਂ ਆਦਤਾਂ ਨਹੀਂ ਛੱਡੀਆਂ। ਉਨ੍ਹਾਂ ਲੋਕਾਂ ਨੇ ਇਸ ਮੁਲਕ ਦੇ ਹਾਲਾਤ ਵੀ ਵਿਗਾੜ ਦਿੱਤੇ। ਕੈਨੇਡਾ ਦੇ ਵਿਗੜ ਰਹੇ ਇਨ੍ਹਾਂ ਹਾਲਾਤ ਨੂੰ ਵੇਖਕੇ ਇੱਥੇ ਵਸ ਰਹੇ ਲੋਕਾਂ ਦਾ ਇਹ ਸੋਚਕੇ ਕਿ ਉਨ੍ਹਾਂ ਦਾ ਇਸ ਮੁਲਕ ਵਿੱਚ ਭਵਿੱਖ ਕੀ ਹੋਵੇਗਾ, ਦਿਮਾਗੀ ਤਣਾਅ ਵਧ ਰਿਹਾ ਹੈ। ਕਿਸੇ ਵੀ ਮੁਲਕ ਦਾ ਸਾਰਾ ਦਾਰੋਮਦਾਰ, ਖੁਸ਼ਹਾਲੀ, ਸ਼ਾਂਤੀ ਵਿਵਸਥਾ, ਵਪਾਰ ਅਤੇ ਆਰਥਿਕ ਮਜ਼ਬੂਤੀ ਉਸ ਮੁਲਕ ਦੇ ਰੋਜ਼ਗਾਰ ਦੇ ਸਾਧਨਾਂ ਨਾਲ ਜੁੜੇ ਹੋਏ ਹੁੰਦੇ ਹਨ। ਕੈਨੇਡਾ ਵਿੱਚ ਸਭ ਤੋਂ ਵੱਧ ਤਣਾਅ ਵਿੱਚ ਦੂਜੇ ਮੁਲਕਾਂ ਤੋਂ ਆਏ ਵਿਦਿਆਰਥੀ ਹਨ। ਕੋਈ ਵੀ ਵਿਦਿਆਰਥੀ ਕੈਨੇਡਾ ਵਿੱਚ ਆਪਣਾ ਮੁਲਕ ਛੱਡਕੇ ਤੇ ਆਪਣੇ ਮਾਪਿਆਂ ਦਾ 30-35 ਲੱਖ ਰੁਪਇਆ ਖਰਚ ਕਰਕੇ ਪੜ੍ਹਨ ਲਈ ਨਹੀਂ, ਸਗੋਂ ਰੋਜ਼ਗਾਰ ਹਾਸਲ ਕਰਨ ਹੀ ਆਉਂਦਾ ਹੈ ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਲੱਖਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਬੁਲਾ ਤਾਂ ਲਿਆ ਪਰ ਉਸ ਗਿਣਤੀ ਮੁਤਾਬਿਕ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਅਤੇ ਭਵਿੱਖ ਵਿੱਚ ਵੀ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੇ ਆਸਾਰ ਵਿਖਾਈ ਨਹੀਂ ਦੇ ਰਹੇ। ਇੱਕ ਪਾਸੇ ਮਾਪਿਆਂ ਦੇ ਸਿਰ ਬੈਂਕਾਂ ਦਾ ਕਰਜ਼ਾ, ਕਾਲਜਾਂ ਦੀਆਂ ਫੀਸਾਂ, ਮਕਾਨਾਂ ਦੇ ਕਿਰਾਏ 'ਤੇ ਹੋਰ ਖਰਚੇ ਪਰ ਦੂਜੇ ਪਾਸੇ ਰੋਜ਼ਗਾਰ ਮਿਲਣ ਦੀ ਕੋਈ ਸੰਭਾਵਨਾ ਨਹੀਂ। ਕੈਨੇਡਾ ਸਰਕਾਰਾਂ ਵੱਲੋਂ ਵਿਦਿਆਰਥੀਆਂ ਦੇ ਵਰਕ ਪਰਮਿਟ ਬੰਦ ਕਰਨ ਅਤੇ ਉਨ੍ਹਾਂ ਨੂੰ ਆਪਣੇ ਮੁਲਕ ਵਿੱਚੋਂ ਵਾਪਸ ਭੇਜਣ ਦੇ ਨਵੇਂ ਨਵੇਂ ਫੈਸਲੇ ਲਏ ਜਾ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਉਹ ਨਾ ਆਪਣੇ ਘਰ ਨੂੰ ਮੁੜਨ ਜੋਗੇ ਤੇ ਨਾ ਇੱਥੇ ਵਸਣ ਜੋਗੇ। ਇਹੋ ਜਿਹੇ ਹਾਲਤ ਉਨ੍ਹਾਂ ਦੇ ਦਿਮਾਗ ਦਾ ਤਣਾਅ ਵਧਾ ਰਹੇ ਹਨ। ਉਹ ਨਸ਼ਿਆਂ, ਖੁਦਕੁਸ਼ੀਆਂ ਤੇ ਹਾਰਟ ਅਟੈਕ ਦਾ ਸ਼ਿਕਾਰ ਹੋ ਰਹੇ ਹਨ।



ਜਿਹੜੇ ਲੋਕ ਆਪਣੇ ਮੁਲਕ ਨੂੰ ਛੱਡਕੇ ਲੰਬੇ ਸਮੇਂ ਤੋਂ ਆਪਣੇ ਬੱਚਿਆਂ ਨਾਲ ਇਸ ਮੁਲਕ ਵਿੱਚ ਵਸ ਰਹੇ ਹਨ, ਉਨ੍ਹਾਂ ਲੋਕਾਂ ਦਾ ਦਿਮਾਗੀ ਤਣਾਅ ਇਸ ਲਈ ਵਧ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਹੁਣ ਇਸ ਮੁਲਕ ਵਿੱਚ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਨਜ਼ਰ ਆ ਰਿਹਾ ਹੈ। ਇਸ ਮੁਲਕ ਦੀ ਸਰਕਾਰ ਦੂਜੇ ਦੇਸ਼ਾਂ ਤੋਂ ਮੁੰਡੇ ਕੁੜੀਆਂ ਤੇ ਹੋਰ ਲੋਕਾਂ ਨੂੰ ਬੁਲਾਉਣਾ ਘਟਾ ਰਹੀ ਹੈ। ਇੱਥੇ ਪੜ੍ਹਨ ਆਏ ਮੁੰਡੇ ਕੁੜੀਆਂ ਨੂੰ ਵਾਪਸ ਭੇਜਣ ਲਈ ਨਵੇਂ ਫੈਸਲੇ ਕਰ ਰਹੀ ਹੈ। ਲੋਕ ਇਸ ਮੁਲਕ ਦੇ ਮਾੜੇ ਹਾਲਾਤ ਕਾਰਨ ਆਪਣੇ ਆਪ ਇਸ ਨੂੰ ਛੱਡਕੇ ਜਾ ਰਹੇ ਹਨ। ਇਸ ਕਾਰਨ ਇਸ ਮੁਲਕ ਦੇ ਰੀਅਲ ਇਸਟੇਟ ਦਾ ਕੰਮ ਕਰਨ ਵਾਲੇ, ਵਪਾਰੀ ਵਰਗ ਅਤੇ ਕੰਪਨੀਆਂ ਦੇ ਮਾਲਕਾਂ ਦੇ ਦਿਮਾਗਾਂ ਦਾ ਤਣਾਅ ਵਧ ਰਿਹਾ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਵਿਵਸਥਾ ਦੀ ਹਾਲਤ ਬਹੁਤੀ ਚੰਗੀ ਨਾ ਹੋਣ ਕਾਰਨ ਇੱਥੇ ਵਸਦੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦਾ ਤਣਾਅ ਵਧਦਾ ਜਾ ਰਿਹਾ ਹੈ।

ਨਵੇਂ ਮੁੰਡੇ ਕੁੜੀਆਂ ਨੂੰ ਤਾਂ ਨੌਕਰੀਆਂ ਕੀ ਮਿਲਣੀਆਂ, ਜਿਹੜੇ ਨੌਕਰੀਆਂ ਕਰਦੇ ਵੀ ਹਨ, ਉਨ੍ਹਾਂ ਦੀਆਂ ਨੌਕਰੀਆਂ ਵੀ ਖਤਰੇ ਵਿੱਚ ਨਜ਼ਰ ਆ ਰਹੀਆਂ ਹਨ। ਕੰਪਨੀਆਂ ਆਰਥਿਕ ਸੰਕਟ ਦੀਆਂ ਆੜ ਵਿਚ ਤਿੰਨਾਂ ਚਾਰ ਵਿਅਕਤੀਆਂ ਦਾ ਕੰਮ ਇੱਕ ਵਿਅਕਤੀ ਤੋਂ ਲੈਣ ਲਈ ਆਨੇ ਬਹਾਨੇ ਆਪਣੇ ਮੁਲਾਜ਼ਮਾਂ ਨੂੰ ਨੌਕਰੀਆਂ ਵਿੱਚੋਂ ਕੱਢ ਰਹੀਆਂ ਹਨ। ਜਿਨ੍ਹਾਂ ਮੁਲਾਜ਼ਮਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ, ਜਾਂ ਜਿਨ੍ਹਾਂ ਨੂੰ ਨੌਕਰੀਆਂ ਜਾਣ ਦਾ ਖਤਰਾ ਹੈ, ਉਨ੍ਹਾਂ ਦਾ ਦਿਮਾਗੀ ਤਣਾਅ ਇਸ ਲਈ ਵਧ ਰਿਹਾ ਹੈ ਕਿ ਉਹ ਮਕਾਨਾਂ, ਗੱਡੀਆਂ ਤੇ ਹੋਰ ਸਮਾਨ ਲਈ ਲਏ ਹੋਏ ਕਰਜ਼ਿਆਂ ਦੀਆਂ ਕਿਸ਼ਤਾਂ ਕਿੱਥੋਂ ਦੇਣਗੇ, ਬੱਚਿਆਂ ਦੀਆਂ ਫੀਸਾਂ ਕਿੱਥੋਂ ਦੇਣਗੇ, ਘਰ ਦੇ ਖਰਚੇ ਕਿਵੇਂ ਕਰਨਗੇ ? ਉਹ ਨਾ ਤਾਂ ਆਪਣੇ ਮੁਲਕ ਵਾਪਸ ਜਾਣ ਜੋਗੇ ਰਹੇ ਹਨ ਅਤੇ ਨਾ ਇੱਥੇ ਵਸਣ ਜੋਗੇ ਰਹੇ।

ਜਿਹੜੇ ਲੋਕ ਆਪਣੇ ਮੁਲਕ ਨੂੰ ਛੱਡਕੇ ਲੰਬੇ ਸਮੇਂ ਤੋਂ ਆਪਣੇ ਬੱਚਿਆਂ ਨਾਲ ਇਸ ਮੁਲਕ ਵਿੱਚ ਵਸ ਰਹੇ ਹਨ, ਉਨ੍ਹਾਂ ਲੋਕਾਂ ਦਾ ਦਿਮਾਗੀ ਤਣਾਅ ਇਸ ਲਈ ਵਧ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਹੁਣ ਇਸ ਮੁਲਕ ਵਿੱਚ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਨਜ਼ਰ ਆ ਰਿਹਾ ਹੈ। ਇਸ ਮੁਲਕ ਦੀ ਸਰਕਾਰ ਦੂਜੇ ਦੇਸ਼ਾਂ ਤੋਂ ਮੁੰਡੇ ਕੁੜੀਆਂ ਤੇ ਹੋਰ ਲੋਕਾਂ ਨੂੰ ਬੁਲਾਉਣਾ ਘਟਾ ਰਹੀ ਹੈ। ਇੱਥੇ ਪੜ੍ਹਨ ਆਏ ਮੁੰਡੇ ਕੁੜੀਆਂ ਨੂੰ ਵਾਪਸ ਭੇਜਣ ਲਈ ਨਵੇਂ ਫੈਸਲੇ ਕਰ ਰਹੀ ਹੈ। ਲੋਕ ਇਸ ਮੁਲਕ ਦੇ ਮਾੜੇ ਹਾਲਾਤ ਕਾਰਨ ਆਪਣੇ ਆਪ ਇਸ ਨੂੰ ਛੱਡਕੇ ਜਾ ਰਹੇ ਹਨ। ਇਸ ਕਾਰਨ ਇਸ ਮੁਲਕ ਦੇ ਰੀਅਲ ਇਸਟੇਟ ਦਾ ਕੰਮ ਕਰਨ ਵਾਲੇ, ਵਪਾਰੀ ਵਰਗ ਅਤੇ ਕੰਪਨੀਆਂ ਦੇ ਮਾਲਕਾਂ ਦੇ ਦਿਮਾਗਾਂ ਦਾ ਤਣਾਅ ਵਧ ਰਿਹਾ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਵਿਵਸਥਾ ਦੀ ਹਾਲਤ ਬਹੁਤੀ ਚੰਗੀ ਨਾ ਹੋਣ ਕਾਰਨ ਇੱਥੇ ਵਸਦੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦਾ ਤਣਾਅ ਵਧਦਾ ਜਾ ਰਿਹਾ ਹੈ।

ਮਹਿੰਗਾਈ, ਬੇਰੋਜ਼ਗਾਰੀ, ਕੈਨੇਡਾ ਸਰਕਾਰ ਵੱਲੋਂ ਟੈਕਸਾਂ ਦਾ ਬੋਝ ਵਧਾਉਣ, ਤਨਖਾਹਾਂ ਵਿੱਚ ਵਾਧਾ ਨਾ ਕਰਨ, ਇਸ ਮੁਲਕ ਦੀ ਆਰਥਿਕ ਮੰਦਹਾਲੀ, ਪਰਿਵਾਰਾਂ ਦੇ ਚੰਗੇ ਗੁਜ਼ਾਰੇ ਲਈ ਪਤੀ ਪਤਨੀ ਦੋਹਾਂ ਨੂੰ ਨੌਕਰੀ ਨਾ ਮਿਲਣ, ਮਕਾਨਾਂ ਦੇ ਕਿਰਾਏ ਵਧਣ, ਬੱਚਿਆਂ ਦੇ ਪਾਲਣ ਪੋਸਣ,ਬੇਸਮੈਂਟਾਂ ਦੀ ਮਾੜੀ ਜ਼ਿੰਦਗੀ, ਬੱਚਿਆਂ ਤੇ ਬਜ਼ੁਰਗਾਂ ਦੇ ਟਕਰਾਅ, ਬਜ਼ੁਰਗਾਂ ਦੀਆਂ ਬਿਮਾਰੀਆਂ, ਬਜ਼ੁਰਗਾਂ ਦਾ ਸਮਾਂ ਪਾਸ ਨਾ ਹੋਣ, ਮੁੰਡੇ ਕੁੜੀਆਂ ਦੇ ਵਿਆਹ ਨਾ ਹੋਣ ਵਜੋਂ ਉਨ੍ਹਾਂ ਦੀ ਵਧ ਰਹੀ ਉਮਰ, ਪਤੀ ਪਤਨੀ ਦੇ ਹੋਣ ਵਾਲੇ ਝਗੜਿਆਂ ਅਤੇ ਤਲਾਕਾਂ ਕਾਰਨ ਇਸ ਮੁਲਕ ਵਿੱਚ ਵਸ ਰਹੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦੇ ਤਣਾਅ ਵਿੱਚ ਵਾਧਾ ਹੋ ਰਿਹਾ ਹੈ। ਕੈਨੇਡਾ ਦੀ ਸਰਕਾਰ ਨੂੰ ਆਪਣੇ ਜ਼ਿਹਨ ਵਿੱਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਲੈਣੀ ਚਾਹੀਦੀ ਹੈ ਕਿ ਉਸ ਨੂੰ ਦੂਜੇ ਮੁਲਕਾਂ ਤੋਂ ਇਸ ਮੁਲਕ ਵਿੱਚ ਵਸੇ ਹੋਏ ਪ੍ਰਵਾਸੀ ਲੋਕਾਂ ਪ੍ਰਤੀ ਆਪਣੀ ਨੀਅਤ ਅਤੇ ਨੀਤੀ ਸਾਫ ਰੱਖਣੀ ਪਵੇਗੀ। ਕਿਉਂਕਿ ਇਸ ਮੁਲਕ ਦੀ ਆਰਥਿਕਤਾ ਵਿਦੇਸ਼ੀ ਮੁਲਕਾਂ ਤੋਂ ਆਕੇ ਇੱਥੇ ਆਕੇ ਵਸਣ ਵਾਲੇ ਪ੍ਰਵਾਸੀ ਲੋਕਾਂ ਉੱਤੇ ਹੀ ਨਿਰਭਰ ਕਰਦੀ ਹੈ। ਦੂਜੇ ਮੁਲਕਾਂ ਤੋਂ ਇਸ ਮੁਲਕ ਵਿੱਚ ਲੋਕ ਤਾਂ ਹੀ ਆਉਣਗੇ ਜੇਕਰ ਇੱਥੇ ਰੋਜ਼ਗਾਰ ਦੇ ਮੌਕੇ ਹੋਣਗੇ। ਇਸਦੀ ਆਰਥਿਕਤਾ ਮਜ਼ਬੂਤ ਹੋਵੇਗੀ। ਇੱਥੇ ਅਮਨ ਸ਼ਾਂਤੀ ਵਾਲਾ ਮਾਹੌਲ ਹੋਵੇਗਾ। ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਗੇ। ਮੁਲਾਜ਼ਮਾਂ, ਵਿਦਿਆਰਥੀ ਵਰਗ, ਵਪਾਰੀਆਂ ਤੇ ਕੰਪਨੀਆਂ ਨੂੰ ਆਪਣਾ ਭਵਿੱਖ ਉੱਜਲ ਵਿਖਾਈ ਦੇਵੇਗਾ।

# ਕਾਵਿ-ਕਿਆਰੀ

## ਓਦੋਂ ਫਿਰ

ਪੁੱਤ ਨਾ, ਜਦ, ਆਪਣੇ, ਫਰਜ਼, ਪਛਾਣੇ
ਮਾਪਿਆਂ ਦੀ ਕਹੀ ਗੱਲ ਇੱਕ ਨਾ ਜਾਣੇ

ਧੀ ਵੀ ਜਦ ਲੈ ਜਾਏ, ਕਚਹਿਰੀ- ਥਾਣੇ,
ਫਿਰ-ਬਾਪੂ ਵੀ, ਮਨ ਕੇ-ਰੱਬ ਦੇ, ਭਾਣੇ

ਵੇਖ, ਔਲਾਦ ਦੀਆਂ ਗੰਦੀਆਂ,ਕਰਤੂਤਾਂ
ਗੋਡਿਆਂ ਦੇ ਵਿੱਚ--ਸਿਰ ਲੈ ਬਹਿੰਦਾ

ਕਹਿੰਦੇ-ਓਦੋਂ--ਫਿਰ--ਲੋਕੋ ਓ
ਬੰਦਾ--- ਜਿਉਂਦਾ ਹੀ-ਮਰ ਜਾਂਦਾ,

ਪੁੱਤ-ਬਣ, ਕਪੁੱਤ, ਜਦ- ਹੱਥ ਪਾਵੇ
ਬਾਪ ਦੀ ਦਾੜ੍ਹੀ-ਜਾਂ ਫਿਰ ਗਲ਼ਾਵੇਂ ਨੂੰ,

ਕਹਿੰਦੇ, ਵੰਡ-ਵੰਡਾਈਆਂ-ਘਰ ਦਾ
ਖਤਮ ਕਰ ਜਾਂਦਾ- ਚਲਦੇ, ਲਾਣੇ ਨੂੰ,

ਵਿੱਚ ਪੰਚਾਇਤ ਦੇ ਬੈਠਾ ਹੋਇਆ ਬੰਦਾ
ਫਿਰ, ਕਹੀ-ਸੁਣੀ- ਸਭ, ਜ਼ਰ ਲੈਂਦਾ

ਕਹਿੰਦੇ--ਓਦੋਂ--ਫਿਰ- ਲੋਕੋ ਓ
ਬੰਦਾ-- ਜਿਉਂਦਾ ਹੀ- ਮਰ ਜਾਂਦਾ

ਲਾਡਾਂ ਦੇ ਨਾਲ, ਪਾਲੀ, ਧੀ-ਧਿਆਣੀ
ਜਦ, ਲੱਭ ਲਵੇ, ਖੁਦ ਹੀ--ਹਾਣੀ ਨੂੰ

ਮਿੱਟੀ ਦੇ ਵਿੱਚ, ਮਿਲਾ ਦੇਵੇ-ਇੱਜ਼ਤਾਂ
ਲੁਕ-ਛਿਪ ਕੇ ਮਿਲਦੀ ਫਿਰੇ ਹਾਣੀ ਨੂੰ,

ਬਾਪੂ-ਵੀਰਾਂ ਦੀ--ਚਿੱਟੀ-ਪੱਗ ਨੂੰ,
ਫਿਰ, ਦਾਗ ਜਿਹਾ ਤਾ ਲੱਗ ਹੀ ਜਾਂਦਾ

ਕਹਿੰਦੇ--ਓਦੋਂ--ਫਿਰ--ਲੋਕੋ ਓ
ਬੰਦਾ---ਜਿਉਂਦਾ ਹੀ- ਮਰ ਜਾਂਦਾ,

ਦੁੱਧ-ਦਹੀਆਂ ਦੇ ਨਾਲ, ਪਾਲਿਆ ਪੁੱਤ
ਜਦ-ਬਾਹਾਂ ਵਿੱਚ, ਲਾਵੇ-ਸਰਿੰਜਾਂ ਨੂੰ

ਡਿਗਦਾ-ਢਹਿੰਦਾ, ਓਹ ਵੇਖ ਨਾ, ਹੋਵੇ
ਨਸ਼ੇ ਦੀ ਸਿਉਂਕ-ਖਾ ਜਾਵੇ, ਜਿੰਦਾਂ ਨੂੰ

ਵੇਖ, ਹਾਲਾਤ-ਮਨ ਦੀਆਂ, ਆਸਾਂ ਤੇ
ਫਿਰ ਤਾਂ-ਪਾਣੀ ਜਿਹਾ-ਫਿਰ ਜਾਂਦਾ

ਕਹਿੰਦੇ- ਓਦੋਂ--ਫਿਰ--ਲੋਕੋ ਓ
ਬੰਦਾ--ਜਿਉਂਦਾ ਹੀ,--ਮਰ ਜਾਂਦਾ,

ਜੋ-ਯਾਰ-ਦੋਸਤ ਦੇ ਘਰ--ਜਾ ਕੇ
ਟੇਢੀ ਅੱਖ ਨਾਲ ਵੇਖੇ ਉਪਰੀ ਨਾਰੀ ਨੂੰ

ਬਹਿ, ਇੱਕੋ ਥਾਲੀ ਦੇ ਵਿੱਚ, ਖਾ ਪੀ ਕੇ
ਜੋ ਬੰਦਾ-ਭੁੱਲਾ ਜਾਵੇ ਲੱਗੀ ਯਾਰੀ ਨੂੰ

ਜੋ ਬੰਦਾ ਕਰੇ ਯਾਰ ਨਾਲ, ਯਾਰ ਮਾਰ
ਪੱਗ ਵਟਾ ਕੇ, ਅੱਖ ਮੈਲੀ, ਕਰ ਜਾਂਦਾ

ਕਹਿੰਦੇ--ਓਦੋਂ --ਫੇਰ--ਲੋਕੋ ਓ
ਬੰਦਾ--ਜਿਉਦਾ ਹੀ- -ਮਰ ਜਾਂਦਾ

**ਦੀਪ ਰੱਤੀ**

## ਮੇਰੀ ਫੱਤੋ

ਕਈ ਭੈੜੇ ਭੈੜੇ ਯਾਰ ਨੇ ਮੇਰੀ ਫੱਤੋ ਦੇ,
ਅਫਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਦੇਖਣ ਨੂੰ ਤਾਂ ਸੂਰਤ ਬੜੀ ਹੀ ਭੋਲ਼ੀ ਹੈ,
ਪਰ ਅੰਦਰੋਂ ਜ਼ਹਿਰ ਦੀ ਸਮਝੋ ਮਿੱਠੀ ਗੋਲ਼ੀ ਹੈ।
ਕਈ ਗੱਲਾਂ ਬਾਤਾਂ ਕਰਨ ਚ ਬੜੀ ਹੀ ਲੋਹਲੀ ਹੈ,
ਕਹਿਣੀ ਤੇ ਕਰਨੀ ਵਿੱਚ ਬੜੀ ਹੀ ਛੋਹਲੀ ਹੈ।
ਕੁੱਝ ਸ਼ੱਕੀ ਜਿਹੇ ਇਕਰਾਰ ਨੇ ਮੇਰੀ ਫੱਤੋ ਦੇ,
ਅਫ਼ਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਕਈ ਐਰਿਆਂ ਗੈਰਿਆਂ ਨਾਲ ਇਹ ਯਾਰੀ ਪਾ ਬਹਿੰਦੀ,
ਬਿਨਾ ਸੋਚੇ ਸਮਝੇ ਪੁਆੜੇ ਹੋਰ ਵਧਾ ਲੈਂਦੀ,
ਰਾਹ ਜਾਂਦੀਆਂ ਕਈ ਬਲਾਵਾਂ ਅਪਣੇ ਗਲ਼ ਪਾ ਲੈਂਦੀ,
ਅਣਭੋਲ ਜਿਹੇ ਵਿੱਚ ਚੱਕਰ ਕਈ ਚਲਾ ਬਹਿੰਦੀ।
ਕਈ ਵੱਖਰੇ ਜਿਹੇ ਵਿਚਾਰ ਨੇ ਮੇਰੀ ਫੱਤੋ ਦੇ,
ਅਫ਼ਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਅਕਲ ਦੀ ਗੱਲ ਸਮਝਾਵਾਂ ਅੱਗੋਂ ਹੈ ਲੜਦੀ,
ਖੋਪਰੀ ਵਿੱਚ ਚੰਗੀ ਗੱਲ ਸਹਿਜੇ ਨਹੀਂ ਵੜਦੀ,
ਹਰ ਗਲੀ ਵਿੱਚ ਭਾਗੋ ਦੇ ਵਾਂਗੂ ਜਾ ਖੜ੍ਹਦੀ,
ਕਸੂਰ ਆਪਣਾ ਦੂਜੇ ਦੇ ਗਲ਼ ਨਿੱਤ ਮੜ੍ਹਦੀ।
ਐਸੇ ਗੁਣ ਬੇ ਸ਼ੁਮਾਰ ਨੇ ਮੇਰੀ ਫੱਤੋ ਦੇ,
ਅਫ਼ਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਪੰਜ ਨਵਾਜ਼ਾਂ ਪੜ੍ਹ ਕੇ ਖੁਦਾ ਧਿਆ ਲੈਂਦੀ,
ਮੁਸੱਲੇ ਦੀਆਂ ਚੀਕਾਂ ਖ਼ੂਬ ਕਢਾ ਲੈਂਦੀ,
ਤਸਬੀ ਤਾਈਂ ਵਖ਼ਤ ਬੜਾ ਹੀ ਪਾ ਲੈਂਦੀ,
ਮੌਲਵੀਆਂ ਦੀ ਤੋਬਾ ਖ਼ੂਬ ਕਰਾ ਲੈਂਦੀ।
ਉਹ ਮੱਥੇ ਲੱਗਣੋਂ ਇਨਕਾਰ ਨੇ ਮੇਰੀ ਫੱਤੋ ਦੇ,
ਅਫ਼ਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਹਰ ਮੰਦਰ ਗੁਰਦਵਾਰੇ ਉਸ ਦਾ ਗੇੜਾ ਹੈ,
ਭਾਈਆਂ ਪੰਡਤਾਂ ਨਾਲ ਨਿੱਤ ਝਗੜਾ ਝੇੜਾ ਹੈ,
ਨਾ ਜਾਣੀਏ ਉਸ ਦਾ ਰਾਮ ਤੇ ਵਾਹਿਗੁਰੂ ਕਿਹੜਾ ਹੈ,
ਅਸੂਲਾਂ ਨਾਲ ਹਮੇਸ਼ਾਂ ਉਸ ਦਾ ਬਖੇੜਾ ਹੈ,
ਕਈ ਭਲਿਆਂ ਨਾਲ ਤਕਰਾਰ ਨੇ ਮੇਰੀ ਫੱਤੋ ਦੇ,
ਅਫ਼ਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਭਲਾ ਬੰਦਾ ਰਾਹ ਛੱਡ ਕੇ ਉਸ ਤੋਂ ਤੁਰਦਾ ਹੈ,
ਪਰ ਬੁਰਾ ਸੌ ਵਲ਼ ਪਾਕੇ ਉਸ ਤੱਕ ਪੁੱਜਦਾ ਹੈ,
ਮਾੜੀ ਢਾਣੀ ਵਿੱਚ ਉਸਦਾ ਹੀ ਜੱਸ ਪੁੱਗਦਾ ਹੈ,
ਲਫੰਗਾ ਲਾਣਾ ਉਸ ਦੀ ਝੋਲੀ ਚੁੱਕਦਾ ਹੈ।
ਕਈ ਗੁੰਡਿਆਂ ਦੇ ਸਰਦਾਰ ਨੇ ਮੇਰੀ ਫੱਤੋ ਦੇ,
ਅਫ਼ਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਕਈ ਲੱਲੂ ਪੰਜੂ ਉਸਦੇ ਬੜੇ ਹੀ ਡੰਗੇ ਹੋਏ,
ਪਿਆਰ ਦੀ ਸੂਲ਼ੀ ਉੱਤੇ ਅਜੇ ਵੀ ਟੰਗੇ ਹੋਏ,
ਕਈ ਮੁੜ ਸੁਧਰਨ ਦੀ ਹੱਦ ਤੋਂ ਬੱਸ ਲੰਘੇ ਹੋਏ,
ਕਈ ਮੁੜ ਪੈਰੀਂ ਨਹੀਂ ਆਏ ਉਸਦੇ ਝੰਬੇ ਹੋਏ।
ਕਈ ਦਰ ਤੇ ਖੜੇ ਬੀਮਾਰ ਨੇ ਮੇਰੀ ਫੱਤੋ ਦੇ।
ਅਫ਼ਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।



ਕਈ ਭੈੜੇ ਭੈੜੇ ਯਾਰ ਨੇ ਮੇਰੀ ਫੱਤੋ ਦੇ,
ਅਫਸਾਨੇ ਕਈ ਹਜ਼ਾਰ ਨੇ ਮੇਰੀ ਫੱਤੋ ਦੇ।

ਰਵਿੰਦਰ ਸਿੰਘ
ਕੁੰਦਰਾ
ਕੋਵੈਂਟਰੀ ਯੂ ਕੇ

## ਰਿਸ਼ਤਾ

ਕਰਨਾ ਪਏ ਕਿਨਾਰਾ ਜੇ ਕੋਈ ਕਹਿਰ ਗੁਜ਼ਾਰੇ ਰਿਸ਼ਤਾ।
ਡੋਬਣ ਵਾਲਾ ਹੁੰਦਾ, ਕੋਈ ਪਾਰ ਉਤਾਰੇ ਰਿਸ਼ਤਾ।

ਰੱਬ ਵਰਗਾ ਜੇ ਕਹਿ ਦੇਈਏ ਤਾਂ ਅੱਤਕਥਨੀ ਨਾ ਕੋਈ,
ਕੱਕਰ ਦੇ ਵਿਚ ਨਿੱਘ ਦੇਵੇ ਜੋ, ਲੂ ਵਿਚ ਠਾਰੇ ਰਿਸ਼ਤਾ।

ਐਸਾ ਵੀ ਕੋਈ ਰਿਸ਼ਤਾ ਹੁੰਦਾ, ਚੰਨ ਜਿਵੇਂ ਚੜ੍ਹ ਜਾਵੇ,
ਕਈ ਵੇਰੀ ਦਿਖਲਾ ਦਿੰਦਾ ਹੈ, ਦਿਨੇ ਈ ਤਾਰੇ ਰਿਸ਼ਤਾ।

ਰਿਸ਼ਤੇ ਤੋਂ ਰਿਸ਼ਤੇ ਦੀ ਗੱਲ ਤਾਂ, ਬੜੀ ਅਨੋਖੀ ਹੁੰਦੀ,
ਲਾਡ ਲਡਾਵੇ ਪਸ਼ੂਆਂ ਨੂੰ, ਕੋਈ ਬੰਦੇ ਚਾਰੇ ਰਿਸ਼ਤਾ।

ਕਹਿੰਦੇ ਗੱਜਣੇ ਵਾਲੇ ਭਾਵੇਂ ਵਰ੍ਹਦੇ ਤਾਂ ਨਹੀਂ ਹੁੰਦੇ,
ਉਹਦੇ ਡੰਗ ਤੋਂ ਬਚਣਾ ਚੰਗਾ, ਜੋ ਫੁੰਕਾਰੇ ਰਿਸ਼ਤਾ।

ਕਿਸੇ ਕਿਸੇ ਰਿਸ਼ਤੇ ਦੇ ਤੋੜ ਨਿਭਣ ਦਾ ਮਾਣ ਵੀ ਹੁੰਦਾ,
ਮਸੀਂ ਹੀ ਡੰਗ ਟਪਾਉਂਦਾ ਕੋਈ ਲਾ ਕੇ ਲਾਰੇ ਰਿਸ਼ਤਾ।

ਕੇਵਲ ਲਹੂ ਮਾਸ ਦਾ ਨਹੀਂ, ਇਹ ਮੰਨਣ 'ਤੇ ਵੀ ਹੁੰਦਾ,
ਓਹੀ ਪੱਕਾ ਹੋ ਜਾਂਦਾ ਜੋ ਜੀਅ ਵਿਚ ਧਾਰੇ ਰਿਸ਼ਤਾ।


ਸੱਚੇ ਸੁੱਚੇ ਰਿਸ਼ਤੇ ਵਿਚ ਤਾਂ ਜਿੱਤ ਹਾਰ ਨਹੀਂ ਹੁੰਦੀ,
ਧੱਕੇ ਦੇ ਨਾਲ ਜੇਤੂ ਹੋਇਆ, ਹਾਰੇ ਈ ਹਾਰੇ ਰਿਸ਼ਤਾ।

ਅੰਦਰੋਂ ਮਿਲੇ ਹੁੰਗਾਰਾ ਬੰਦਾ ਮੋਇਆ ਵੀ ਜੀਅ ਉੱਠੇ,
ਵਿਗੜ ਜਾਏ ਜੇ ਆਪਣੇ ਨਾਲ ਤਾਂ ਜੀਂਦੇ ਮਾਰੇ ਰਿਸ਼ਤਾ।

ਦਿਲ ਨੂੰ ਦਿਲ ਦੇ ਰਾਹਾਂ ਬਾਰੇ ਤੁਰਿਆ ਰਾਹੀ ਜਾਣੇ,
ਧੁ ਪਉਂਦਾ ਹੀ ਰਹਿੰਦਾ ਹੈ, ਜੋ ਦਿਲੋਂ ਪੁਕਾਰੇ ਰਿਸ਼ਤਾ।

ਭੌਜਲ ਚੋਂ ਤਰਨੇ ਲਈ 'ਦੇਸੀ' ਕਰੀਂ ਪਕੜ ਤੂੰ ਉਹਦੀ,
ਗੁਰੂ ਪੀਰ ਦਾ ਕਰ ਦੇਵੇ ਜੋ, ਵਾਰੇ ਨਿਆਰੇ ਰਿਸ਼ਤਾ।

ਕੁਲਵੰਤ ਸਿੰਘ ਢੇਸੀ, ਯੂ ਕੇ




## ਨੇਤਾ

ਲਾਰੇ ਲਾ ਕੇ ਨੌਜਵਾਨਾਂ ਨੂੰ ਨੌਕਰੀਆਂ ਦੇ,
ਉਨ੍ਹਾਂ ਦੀਆਂ ਜੇਬਾਂ 'ਚੋਂ ਪੈਸੇ ਕਢਾਉਣ ਨੇਤਾ।
ਇਕ ਪਾਸੇ ਕਹਿੰਦੇ, "ਰਿਸ਼ਵਤ ਨੂੰ ਠੱਲ੍ਹ ਪਾਉਣੀ,"
ਦੂਜੇ ਪਾਸੇ ਆਪੇ ਰਿਸ਼ਵਤ ਵਧਾਉਣ ਨੇਤਾ।
ਪਹਿਲਾਂ ਲਾ ਕੇ ਨਸ਼ਿਆਂ ਨੂੰ ਮੁੰਡੇ, ਕੁੜੀਆਂ,
ਫਿਰ "ਫੜੋ ਓਏ, ਫੜੋ" ਦਾ ਰੌਲਾ ਪਾਉਣ ਨੇਤਾ।
ਲੋਕਾਂ ਸਾਮ੍ਹਣੇ ਡਟ ਕੇ ਬੋਲਣ ਇਕ, ਦੂਜੇ ਖਿਲਾਫ,
ਅੰਦਰ ਵੜ ਕੇ ਘੁੱਟ ਕੇ ਜੱਫੀਆਂ ਪਾਉਣ ਨੇਤਾ।
ਵੱਖ, ਵੱਖ ਜ਼ਾਤਾਂ ਦੇ ਲੋਕਾਂ ਨੂੰ ਆਪਸ 'ਚ ਲੜਾ ਕੇ,
ਦੂਰ ਖੜ੍ਹੇ ਹੋ ਕੇ ਆਪ ਮੁਸਕਰਾਉਣ ਨੇਤਾ।
ਸੰਸਦ ਵਿੱਚ ਇਕ, ਦੂਜੇ ਨਾਲ ਬਾਹਾਂ ਕੱਢ ਲੜ ਕੇ,
ਲੋਕਾਂ ਦੇ ਬੜੇ ਖੈਰ-ਖੁਆਹ ਕਹਾਉਣ ਨੇਤਾ।
ਆਪਣੇ ਪੁੱਤਰਾਂ ਨੂੰ ਗੱਦੀ 'ਤੇ ਬਿਠਾਉਣ ਖਾਤਰ,
ਵੱਡਿਆਂ, ਵੱਡਿਆਂ ਨੂੰ ਖੁੰਜੇ ਲਾਉਣ ਨੇਤਾ।
'ਮਾਨ' ਉਨ੍ਹਾਂ ਦਾ ਇਕ ਦਿਨ ਕਾਮ ਤਮਾਮ ਹੋਣਾ,
ਜਿਹੜੇ ਕਿਰਤੀਆਂ ਨੂੰ ਦਿਨ-ਰਾਤ ਸਤਾਉਣ ਨੇਤਾ।

ਮਹਿੰਦਰ ਸਿੰਘ ਮਾਨ
ਫੋਨ 9915803554





**MATRIMONIAL**

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)

# ਹਲਦੀ ਦੇ ਸੇਵਨ ਨਾਲ ਸਰੀਰ ਨੂੰ ਹੁੰਦੇ ਅਨੇਕਾਂ ਫਾਇਦੇ



ਹਲਦੀ ਵਿਚ ਬਹੁਤ ਸਾਰੇ ਗੁਣ ਹੁੰਦੇ ਹਨ ਜਿਵੇਂ ਕਿ ਫਾਈਬਰ, ਪੋਟਾਸ਼ੀਅਮ, ਵਿਟਾਮਿਨ ਸੀ, ਮੈਗਨੀਸ਼ੀਅਮ ਅਤੇ ਵਿਟਾਮਿਨ ਬੀ-6 ਹੁੰਦੇ ਹਨ। ਇਹ ਆਸਾਨੀ ਨਾਲ ਹਰ ਕਿਸੇ ਦੀ ਰਸੋਈ 'ਚ ਮਿਲ ਜਾਂਦੀ ਹੈ। ਹਲਦੀ 'ਚ ਕੈਂਸਰ ਵਿਰੋਧੀ ਤੱਤ ਮੌਜੂਦ ਹੁੰਦੇ ਹਨ, ਜੋ ਸਰੀਰ ਨੂੰ ਕੈਂਸਰ ਵਰਗੀ ਬੀਮਾਰੀ ਤੋਂ ਦੂਰ ਰੱਖਦੇ ਹਨ। ਇਸਦੇ ਇਲਾਵਾ ਹਲਦੀ ਕੈਂਸਰ ਨੂੰ ਵਧਣ ਤੋਂ ਰੋਕਣ 'ਚ ਰਾਮਬਾਣ ਵਾਂਗ ਕੰਮ ਕਰਦੀ ਹੈ।

ਰੋਜ਼ਾਨਾ ਹਲਦੀ ਦੀ ਵਰਤੋਂ ਕਰਨ ਨਾਲ ਦਿਮਾਗ ਸੁਰੱਖਿਅਤ ਰਹਿੰਦਾ ਹੈ। ਇਸ ਨਾਲ ਦਿਮਾਗ ਦੀਆਂ ਨਾੜੀਆਂ ਦੇ ਸੁੰਗੜਣ ਵਰਗੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਦਾ ਹੈ।

ਹਲਦੀ 'ਚ ਮੌਜੂਦ ਤੱਤ ਕੋਲੈਸਟਰੋਲ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਇਸਦੇ ਇਲਾਵਾ ਇਹ ਖ਼ੂਨ ਨੂੰ ਜੰਮਣ ਤੋਂ ਰੋਕਦੇ ਹਨ। ਇਸ ਲਈ ਹਲਦੀ ਨੂੰ ਆਪਣੇ ਭੋਜਨ 'ਚ ਜ਼ਰੂਰ ਸ਼ਾਮਲ ਕਰੋ।

ਹਲਦੀ 'ਚ ਐਂਟੀ-ਮਾਈਕਰੋਬੀਅਲ ਗੁਣ ਹੁੰਦੇ ਹਨ। ਇਸ ਲਈ ਇਸ ਨੂੰ ਗਰਮ ਦੁੱਧ ਦੇ ਨਾਲ ਲੈਣ ਨਾਲ ਦਮਾ, ਫੇਫੜਿਆਂ 'ਚ ਰੇਸ਼ਾ ਆਦਿ ਬੀਮਾਰੀਆਂ ਤੋਂ ਆਰਾਮ ਮਿਲਦਾ ਹੈ।

ਹਲਦੀ 'ਚ ਕੈਲਸ਼ੀਅਮ ਅਤੇ ਮਿਨਰਲਸ ਜਿਹੇ ਕਈ ਪੌਸ਼ਕ ਤੱਤ ਮੌਜੂਦ ਹੁੰਦੇ ਹਨ, ਜੋ ਭਾਰ ਘਟਾਉਣ 'ਚ ਮਦਦਗਾਰ ਹੁੰਦੇ ਹਨ। ਇਸਦੀ ਵਰਤੋਂ ਕਰਨ ਨਾਲ ਸਰੀਰ 'ਚ ਚਰਬੀ ਘੱਟ ਹੁੰਦੀ ਹੈ। ਇਸ ਲਈ ਜੋ ਲੋਕ ਮੋਟਾਪੇ ਦੀ ਸਮੱਸਿਆ ਤੋਂ ਪ੍ਰੇਸ਼ਾਨ ਰਹਿੰਦੇ ਹਨ ਉਨ੍ਹਾਂ ਨੂੰ ਇਸ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਹਲਦੀ ਪਾਚਨ ਸ਼ਕਤੀ ਨੂੰ ਮਜ਼ਬੂਤ ਕਰਨ 'ਚ ਵੀ ਸਹਾਈ ਹੁੰਦੀ ਹੈ। ਇਸ ਤੋਂ ਇਲਾਵਾ ਇਹ ਪੇਟ ਸੰਬੰਧੀ ਸਮੱਸਿਆਵਾਂ ਜਿਵੇਂ ਗੈਸ, ਐਸਿਡਿਟੀ, ਕਬਜ਼ ਆਦਿ ਨੂੰ ਦੂਰ ਕਰਦੀ ਹੈ।

## ਹਲਦੀ ਦੇ ਨੁਕਸਾਨ

ਹਲਦੀ ਬਹੁਤ ਹੀ ਗੁਣਕਾਰੀ ਅਤੇ ਲਾਭਦਾਇਕ ਹੁੰਦੀ ਹੈ। ਜੇਕਰ ਹਲਦੀ ਦਾ ਜ਼ਿਆਦਾ ਮਾਤਰਾ ਵਿੱਚ ਸੇਵਨ ਕੀਤਾ ਜਾਵੇ ਤਾਂ ਇਸ ਦੇ ਨੁਕਸਾਨ ਵੀ ਹੁੰਦੇ ਹਨ। ਗਰਭਅਵਸਥਾ ਦੇ ਦੌਰਾਨ ਹਲਦੀ ਦਾ ਸੇਵਨ ਘੱਟ ਕਰੋ। ਜ਼ਿਆਦਾ ਹਲਦੀ ਦੇ ਸੇਵਨ ਨਾਲ ਗੁਰਦੇ ਦੀ ਪੱਥਰੀ ਹੋ ਸਕਦੀ ਹੈ ਇਸ ਲਈ ਗੁਰਦੇ ਦੀ ਪੱਥਰੀ ਦੇ ਮਰੀਜ਼ ਡਾਕਟਰ ਦੀ ਸਲਾਹ ਤੇ ਹੀ ਹਲਦੀ ਲੈਣ। ਜਿਆਦਾ ਹਲਦੀ ਦਾ ਸੇਵਨ ਕਰਨ ਨਾਲ ਜੀ ਮਚਲਾਉਣਾ, ਚੱਕਰ ਆਉਣੇ ਅਤੇ ਦਸਤ ਦੀ ਸਮੱਸਿਆ ਹੋ ਸਕਦੀ ਹੈ। ਇਸ ਤਰ੍ਹਾਂ ਹਲਦੀ ਦਾ ਜ਼ਿਆਦਾ ਸੇਵਨ ਕਰਨ ਨਾਲ ਸਰੀਰ ਨੂੰ ਬਹੁਤ ਸਾਰੇ ਨੁਕਸਾਨ ਵੀ ਹੁੰਦੇ ਹਨ। ਇਸ ਲਈ ਹਮੇਸ਼ਾ ਹਲਦੀ ਦਾ ਥੋੜ੍ਹੀ ਮਾਤਰਾ ਵਿੱਚ ਹੀ ਸੇਵਨ ਕਰੋ।

# ਕੈਲਫੋਰਨੀਆ ਵਿਚ ਅੱਗ ਬੁਝਾਉਣ ਵਾਲਾ ਮੁਲਾਜ਼ਮ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਹੈਰਾਨੀਜਨਕ ਘਟਨਾ ਵਿਚ ਕੈਲੀਫੋਰਨੀਆ ਦੇ ਇਕ ਫਾਇਰ ਫਾਈਟਰ ਨੂੰ ਪਿਛਲੇ 6 ਮਹੀਨਿਆਂ ਦੌਰਾਨ ਰਾਜ ਵਿਚ 5 ਵੱਖ ਵੱਖ ਥਾਵਾਂ 'ਤੇ ਕਥਿੱਤ ਤੌਰ 'ਤੇ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਏਜੰਸੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇੰਜੀਨੀਅਰ ਰਾਬਰਟ ਹਰਨਾਂਡੇਜ਼ (38) ਨੂੰ ਮੈਂਡੋਸਿਨੋ ਕਾਊਂਟੀ, ਕੈਲੀਫੋਰਨੀਆ ਵਿਚ ਇਕ ਫਾਇਰ ਸਟੇਸ਼ਨ ਤੋਂ ਕੈਲੀਫੋਰਨੀਆ ਫਾਇਰ ਲਾਅ ਇਨਫੋਰਸਮੈਂਟ ਅਫਸਰਾਂ ਨੇ ਜੰਗਲ ਨੂੰ ਅੱਗ ਲਾਉਣ ਦੇ ਸ਼ੱਕ ਤਹਿਤ ਗ੍ਰਿਫਤਾਰ ਕੀਤਾ ਹੈ। ਕੈਲੀਫੋਰਨੀਆ ਅੱਗ ਬੁਝਾਊ ਵਿਭਾਗ ਦੇ ਡਾਇਰੈਕਟਰ ਤੇ ਮੁੱਖੀ ਜੋ ਟਾਇਲਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਹੈ ਕਿ ਇਕ ਸਾਡਾ ਮੁਲਾਜ਼ਮ ਵੀ ਜਨਤਾ ਦਾ ਭਰੋਸਾ ਤੋੜ ਸਕਦਾ ਹੈ।

**ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ–ਵਿਸ਼ਵਾਸ ਫੈਲਾਉਣ ਵਾਲੇ ਅਖੌਤੀ ਨਜ਼ੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।**

**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# –ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਉਪਰ ਰੋਕ ਲਾਉਣ ਦੀ ਆਖਰੀ ਅਪੀਲ ਕੀਤੀ ਰੱਦ–

## ਅਮਰੀਕਾ ਵਿਚ ਇਕ ਸਟੋਰ ਵਿਚ ਲੁੱਟਮਾਰ ਦੌਰਾਨ ਗੋਲੀ ਮਾਰ ਕੇ ਕੀਤੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਅਮਰੀਕਾ ਦੇ ਦੱਖਣੀ ਕੈਰੋਲੀਨਾ ਰਾਜ ਵਿਚ ਮੌਤ ਦੀ ਸਜ਼ਾ ਪ੍ਰਾਪਤ 46 ਸਾਲਾ ਫਰੈਡੀ ਓਨਜ ਨਾਮੀ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾ ਦਿੱਤਾ ਗਿਆ। ਦੱਖਣੀ ਕੈਰੋਲੀਨਾ ਰਾਜ ਵਿਚ ਪਿਛਲੇ 13 ਸਾਲਾਂ ਦੌਰਾਨ ਇਹ ਪਹਿਲੀ ਫਾਂਸੀ ਹੈ। ਓਨਜ ਨੂੰ 1 ਨਵੰਬਰ 1997 ਨੂੰ ਗਰੀਨਵਿਲੇ (ਦੱਖਣੀ ਕੈਰੋਲੀਨਾ) ਵਿਚ ਇਕ ਸਟੋਰ ਵਿੱਚ ਲੁੱਟਮਾਰ ਦੌਰਾਨ ਕਲਰਕ ਈਰੇਨ ਗਰੇਵਸ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਸੀ ਤੇ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਸ ਸਮੇ ਓਨਜ ਦੀ ਉਮਰ 19 ਸਾਲ ਸੀ। ਗੋਲੀਬਾਰੀ ਵਿਚ ਮਾਰੀ ਗਈ 41 ਸਾਲਾ ਗਰੇਵਸ 3 ਬੱਚਿਆਂ ਦੀ ਮਾਂ ਸੀ ਤੇ ਜਿਸ ਸਮੇ ਉਸ ਨੂੰ ਗੋਲੀ ਮਾਰੀ ਗਈ ਉਹ ਸਟੋਰ ਵਿਚ ਰਾਤ ਵਾਲੀ ਸ਼ਿਫਟ ਵਿੱਚੇ ਕੰਮ ਕਰ ਰਹੀ ਸੀ। ਜੇਲ ਵਿਭਾਗ ਅਨੁਸਾਰ ਘਟਨਾ ਦੇ ਦੋ ਸਾਲ ਬਾਅਦ 1999 ਵਿਚ ਓਨਜ ਨੂੰ ਹੱਤਿਆ, ਹੱਥਿਆਰਬੰਦ ਲੁੱਟਮਾਰ ਤੇ ਅਪਰਾਧਕ ਸਾਜਿਸ਼ ਦੇ ਦੋਸ਼ਾਂ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਤੋਂ ਬਾਅਦ ਲੰਬੀ ਕਾਨੂੰਨੀ ਲੜਾਈ ਲੜੀ ਗਈ। ਦੱਖਣੀ ਕੈਰੋਲੀਨਾ ਦੀ ਸੁਪਰੀਮ ਕੋਰਟ ਨੇ ਬੀਤੇ ਵੀਰਵਾਰ ਉਸ ਦੀ ਸਜ਼ਾ ਉਪਰ ਰੋਕ ਲਾਉਣ ਦੀ ਮੰਗ ਰੱਦ ਕਰ ਦਿੱਤੀ ਸੀ ਤੇ ਹੈਨਰੀ ਗਵਰਨਰ ਮੈਕਮਾਸਟਰ ਨੇ ਵੀ ਰਹਿਮ ਦੀ ਅਪੀਲ ਠੁਕਰਾਅ ਦਿੱਤੀ ਸੀ। ਮੌਤ ਦੀ ਸਜ਼ਾ ਲਈ ਤੈਅ ਸਮੇ ਤੋਂ ਕੁਝ ਘੰਟੇ ਪਹਿਲਾਂ ਆਖਰੀ ਅਪੀਲ ਵਿਚ ਓਨਜ ਦੇ ਵਕੀਲਾਂ ਨੇ ਮੰਗ ਕੀਤੀ ਸੀ ਕਿ ਉਸ ਦੀ ਸਜ਼ਾ ਉਪਰ ਰੋਕ ਲਾਈ ਜਾਵੇ ਕਿਉਂਕਿ ਦੱਖਣੀ ਕੈਰੋਲੀਨਾ ਦੇ ਜੇਲ ਵਿਭਾਗ ਨੇ ਓਨਜ ਨੂੰ ਜ਼ਹਿਰ ਦੇ ਟੀਕਾ ਬਾਰੇ ਬੁਨਿਆਦੀ ਜਾਣਕਾਰੀ ਨਾ ਦੇ ਕੇ ਪ੍ਰਕ੍ਰਿਆ ਦੀ ਉਲੰਘਣਾ ਕੀਤੀ ਹੈ। ਸੁਪਰੀਮ ਕੋਰਟ ਨੇ ਵਕੀਲਾਂ ਦੀ ਇਸ ਦਲੀਲ ਵੱਲ ਕੋਈ ਤਵਜ਼ੋਂ ਨਹੀਂ ਦਿੱਤੀ ਤੇ ਅਪੀਲ ਮੂਲੋਂ ਹੀ ਰੱਦ ਕਰ ਦਿੱਤੀ।

# MANAK SOLICITORS



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk

**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)** **Surinder Singh Manak LLB (Hons)**




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

– ਲੇਖਕ –
ਇਕਬਾਲ ਸਿੰਘ
ਲਾਲਪੁਰਾ
ਫੋਨ: 91 97800 03333




# "EVERYONE KNOWS HOW TO BE CAUGHT; HARDLY ANYONE KNOWS HOW TO ESCAPE.""-

"Fasan ki bidh sab koi jaane, chhutan ki bidh koi" (Everyone knows how to be caught, but hardly anyone knows how to escape). According to Sri Guru Granth Sahib, people know how to get trapped but only a few know the way out, accurately describing Punjab's situation. 'The state of Punjab, and Sikhs in particular, are trapped and suffering. History reveals that no person or party has taken Punjab and Sikhs seriously. British historians noted that Punjabis were divided along communal lines to solidify British rule in India. The Sikh kingdom was seized fraudulently, with false allegations against the Lahore royal family. To demoralize Sikhs, their Gurdwaras were captured through Mahants, and conversion attempts to Christianity began with Maharaja Duleep Singh. Reconversion movements, like Shudi Karan, isolated the Sikh community further. During the 1920-25 Gurdwara Sudhar Movement, new Sikh leadership emerged, known as Akalis, who politically supported the Congress. party. Britishers had their support base in Sikh Princes and landlords. Post-India's partition and independence, Congress failed to fulfill promises made to Akali leadership before independence. Akali resorted to agitation to gain politicalpower. The Akali Party's seventy-year agitation for Punjab's political power exploited Sikh sentiments on several issues, resulting in losses in human resources, economy, political power, and global reputation, halting Sikhism's organized preaching. In Punjab, Akali gained power in 1967, partnering with the Union government under leaders like Master Tara Singh and Parkash Singh Badal, but failed to resolve issues. Mismanaged Gurdwaras and use as launch pads for agitation gave the government opportunities to enter these sacred places and-cause harassment and humiliation to the Sikh community. Demoralized by failed agitations and leader betrayals, some Sikhs abandoned their identity; others resorted to violent means. The militancy was curbed with an iron fist, but no solution has been proposed for the Sikh 'community's welfare, justice, and Punjab's development. From the agitator's side, the reasons for failure can be summarized as: Failure to negotiate benefitsFailure to maintain peaceful agitation Failure to keep agitation non-communal, as Sikhism respects all religions and their God/ Goddess/ Pir but accuses none. Colonial divisions, isolation, and failure to differentiate friend from foe led to continued blame games and turned communal instead of Punjabi, thereby losing support for genuine demands. Since 1996, pro-Sikh politicians have emerged on the national scene. Shri Atal Bihari Bajpai started the process of assuaging Sikh sentiments and developing Punjab. However, this was used for personal and family promotion instead of community.There seems to be a total failure on the part of Sikh leadership to leverage benefits from Sikh-favorable Prime Minister Narendra Modi for the community by giving him due honor and appreciation. This continuous failure has resulted in demoralization ofthe community and loss to Punjab.Now, the key issues for the Sikh community are: Absence from legislature Judiciary Bureaucracy Unemployment Non-profitable farming This isn't a religious problem. Emergence of leadership who intend to further exploit Sikhs and help forces inimical to India. Religiously, ritualistic practices by priests are prohibited in Sikhism, and this religion of converting ordinary human beings to angels is losing shine, giving opponents opportunities to fraudulently convert them to their faith.

The situation is complicated by : Violation of human rightsIgnoring Gurmukhi Interference in Sikh religion All those who love Punjab, Punjabiat, peace, and prosperity must discussa way out. Let's find a solution.

* * * * * *

# WE SHALL BECOME YOUR VOICE IN PARLIAMENT--- RAHUL GANDHI TELLS PEOPLE OF J AND K



Assembly Elections in J and K are on and Mr. Rahul Gandhi, leaderof the Opoositions of India in the Parliament of India was assuringthe people of J and K. This is the first time when in campaigns, thepm designates spoke like this. Usually candidates are noinated bycontesting groups and when the PM designates come in the area and hadbeen speaking, theyusually had been assuring the people hat pleasegive this man your votes to strengthen my hands. Till date none spokelike this. It is on recdord that even candidates could not peak like this.Actually all the candidates are nominated by contesting groups andthey work for the contesting groups in Parliament and never had beenthe Representatives of the people. Even in Parliament, supporters andoppositions are allotted seats supporters and oppositions and onegroup of supporters does not speak and the group of opposition oftenspeak, but none hears. Mr. Rahul Gandhi could come forward and could tell the peoplethat the candidates they elect shall become their Representatives andlet this be a tradition in all the elections in future. As perprovisions in the Constitution of India, people elect not suporter andoppositions, but actually people elect their own Representatives andthey must work fior the people of their areas and work fro theirwelfare. And this assurance given to people in our Constitution couldnot be attained in spite of repeated elections for the last more thanseven decads. If assurance given by Rahul jee is actually followed in theParliament, we shall be putting first step here in establishing truedemocracy in india. And Mr. Rahul Gandjhi who had been speaking ondemocracy in India shall be founder of real democracy in India.

- dalip singh wasan, Advocat

# ਸਿੱਖ ਸਮਾਜ ਦੇ ਬੱਚਿਆਂ ਨੂੰ ਊੜੇ ਤੇ ਜੂੜੇ ਨਾਲ ਜੋੜਨ ਲਈ ਗੁਰਦੁਆਰਾ ਸਿੰਘ ਸਭਾ ਪੁਰਾਣੀ ਇਮਾਰਤ ਪੁਨਤੀਨੀਆਂ ਵਿਖੇ ਲੱਗਾ 2 ਮਹੀਨੇ ਦਾ ਖਾਲਸਾ ਕੈਂਪ,ਨੰਨੇ ਬੱਚਿਆਂ ਬੁਲਾਏ ਜੈਕਾਰੇ



ਰੋਮ ਇਟਲੀ–(ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ ਸਿੱਖ ਫੁੱਲਬਾੜੀ ਮਹਿਕਾਉਣ ਲਈ, ਨੰਨੇ ਮੁੰਨੇ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਊੜੇ ਤੇ ਜੂੜੇ ਨਾਲ ਜੋੜਨ ਹਿੱਤ ਇਟਲੀ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਸੰਸਥਾਵਾਂ ਦਿਨ–ਰਾਤ ਸੇਵਾ ਨਿਭਾਅ ਰਹੀਆਂ ਹਨ ਇਸ ਮਿਸ਼ਨ ਤਹਿਤ ਹੀ ਲਾਸੀਓ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸਿੰਘ ਸਭਾ ਪੁਰਾਣੀ ਇਮਾਰਤ ਪੁਨਤੀਨੀਆਂ (ਲਾਤੀਨਾ) ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਸਮਾਜ ਦੇ ਬੱਚਿਆਂ ਨੂੰ ਊੜੇ ਤੇ ਜੂੜੇ ਨਾਲ ਜੋੜਨ ਲਈ ਵਿਸ਼ੇਸ ਖਾਲਸਾ ਕੈਂਪ 2 ਮਹੀਨੇ ਲਈ ਲਗਾਇਆ ਗਿਆ ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ,ਮਹਾਨ ਸਿੱਖ ਧਰਮ ਦੇ ਕੁਰਬਾਨੀਆਂ ਨਾਲ ਭਰੇ ਲਾਸਾਨੀ ਇਤਿਹਾਸ ਦੀ ਵਿਸਥਾਰਪੂਰਵਕ ਜਾਣਕਾਰੀ ,ਕਵੀਸ਼ਰੀ ਕਲਾ ਦਾ ਗਿਆਨ ਤੇ ਪੰਜਾਬੀ ਮਾਂ ਬੋਲੀ ਪੜ੍ਹਾਉਣ ਲਈ ਵਿਸ਼ੇਸ ਕਲਾਸਾਂ ਲੱਗੀਆਂ ਤੇ ਇਸ ਦੇ ਨਾਲ ਹੀ ਸਿੱਖ ਮਾਰਸ਼ਲ ਆਰਟ ਗੱਤਕਾ ਕਲਾ ਦੀਆਂ ਬਾਰੀਕੀ ਦਾ ਵੀ ਗਿਆਨ ਦਿੱਤਾ ਗਿਆ।ਬੱਚਿਆਂ ਨੂੰ ਖਾਲਸਾ ਕੈਂਪ ਵਿੱਚ ਸਿੱਖਿਆ ਦੇਣ ਦੀ ਜਿੰਮੇਵਾਰੀ ਭਾਈ ਹਰਜੋਤ ਸਿੰਘ ਖਾਲਸਾ ਲਵੀਨਿਓ ਵਾਲਿਆਂ ਨੇ ਦਿੱਤੀ ।ਇਸ ਖਾਲਸਾ ਕੈਂਪ ਵਿੱਚ ਕਰੀਬ 40 ਬੱਚਿਆਂ ਨੇ ਭਾਗ ਲਿਆ ਜਿਹਨਾਂ ਨੇ ਕੈਂਪ ਦੇ ਆਖ਼ਰੀ ਦਿਨ ਕੈਂਪ ਦੌਰਾਨ ਲਈ ਸਿੱਖਿਆ ਦੀ ਵੀ ਸੰਗਤਾਂ ਨਾਲ ਸਾਂਝ ਪਾਈ।ਜਿਹਨਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਅਦ ਵਿੱਚ ਸਨਮਾਨ ਚਿੰਨ ਦੇ ਕੇ ਸਨਮਾਨਿਤ ਕਰਦਿਆਂ ਇਸ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਮਾਪਿਆ ਦਾ ਵਿਸ਼ੇਸ ਧੰਨਵਾਦ ਕਰਦਿਆਂ ਕਿਹਾ ਇਟਲੀ ਵਿੱਚ ਜਨਮੇਂ ਸਿੱਖ ਸਮਾਜ ਦੇ ਸਾਰੇ ਬੱਚਿਆਂ ਨੂੰ ਊੜੇ ਤੇ ਜੂੜੇ ਨਾਲ ਜੋੜਨ ਲਈ ਸਭ ਮਾਪਿਆਂ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ ਤੇ ਲਗ ਰਹੇ ਖਾਲਸਾ ਕੈਂਪਾਂ ਵਿੱਚ ਵੱਧ ਤੋਂ ਵੱਧ ਬੱਚਿਆਂ ਨੂੰ ਸਿੱਖਿਅਕਤ ਕਰਨ ਲਈ ਮੁਹਰੇ ਹੋ ਤੁਰਨਾ ਚਾਹੀਦਾ ਹੈ।ਇਸ ਖਾਲਸਾ ਕੈਂਪ ਮੌਕੇ ਨੰਨੇ ਮੁੰਨੇ ਬੱਚਿਆਂ ਦਾ ਜਜ਼ਬਾ ਦੇਖਣਯੋਗ ਸੀ।ਇਹਨਾਂ ਬੱਚਿਆਂ ਨੇ ਸਮਾਗਮ ਦੌਰਾਨ ਖਾਲਸੇ ਦੀ ਚੜ੍ਹਦੀ ਕਲਾ ਦੇ ਜੈਕਾਰੇ ਵੀ ਬੁਲਾਏ ਤੇ ਮਾਰਸ਼ਲ ਆਰਟ ਗੱਤਕਾ ਕਲਾ ਦੇ ਜੌਹਰ ਦਿਖਾ ਸੰਗਤਾਂ ਦੀ ਵਾਹ–ਵਾਹ ਖੱਟੀ।

# ਭਾਈ ਰਜਿੰਦਰ ਸਿੰਘ ਬੱਬਰ ਦੀ ਦੇ ਮਾਤਾ ਜੀ ਦੀ ਯਾਦ ਵਿੱਚ ਕੋਲਨ ਜਰਮਨੀ ਵਿੱਚ ਹੋਏ ਸ਼ਰਧਾਂਜਲੀ ਸਮਾਗਮ






ਜਰਮਨੀ – ਪਿਛਲੇ ਤੀਹ ਸਾਲਾਂ ਤੋਂ ਜਰਮਨੀ ਵਿੱਚ ਜਲਾਵਤਨੀ ਦਾ ਜੀਵਨ ਬਸਰ ਕਰ ਰਹੇ ਭਾਈ ਰਜਿੰਦਰ ਸਿੰਘ ਬੱਬਰ ਜੀ ਦੇ ਮਾਤਾ ਬੀਬੀ ਗੁਰਦਿਆਲ ਕੌਰ ਜੀ, ਸੁਪਤਨੀ ਸਵਰਗਵਾਸੀ ਮਾਸਟਰ ਮੇਵਾ ਸਿੰਘ ਜੀ, ਜੋ ਕਿ ਪਿਛਲੇ ਦਿਨੀਂ ਪੰਜਾਬ ਦੇ ਜ਼ਿਲ੍ਹਾ ਰੋਪੜ ਦੇ ਪਿੰਡ ਚਤਾਮਲੀ ਵਿੱਚ ਆਪਣੇ ਗ੍ਰਹਿ ਵਿਖੇ ਅਕਾਲ ਪੁਰਖ ਵਾਹਿਗੁਰੂ ਜੀ ਵੱਲੋਂ ਬਖਸ਼ੇ ਸੁਵਾਸਾ ਦੀ ਪੂਜੀ ਨੂੰ ਭੋਗਦੇ ਹੋਏ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ ।

ਉਹਨਾਂ ਦੀ ਯਾਦ ਵਿੱਚ ਭਾਈ ਰਜਿੰਦਰ ਸਿੰਘ ਬੱਬਰ ਵੱਲੋਂ ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਕੋਲਨ ਜਰਮਨੀ ਵਿਖੇ ਰਖਵਾਏ ਸ੍ਰੀ ਸਹਿਜ ਪਾਠ ਜੀ ਦੇ ਭੋਗ 22 ਸਤੰਬਰ 2024 ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਰੱਬੀ ਇਲਾਹੀ ਬਾਣੀ ਦੇ ਕੀਰਤਨ ਹੋਏ ਜਿਸ ਵਿੱਚ ਗੁਰੂ ਘਰ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਭਾਈ ਗੁਰਪਰੀਤ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਜੀ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਜਗਜੀਤ ਸਿੰਘ ਜੀ ਨੇ ਸ਼ਬਦ ਕੀਰਤਨ ਉਪਰੰਤ ਗੁਰਬਾਣੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਤੇ ਮਾਤਾ ਗੁਰਦਿਆਲ ਕੌਰ ਜੀ ਦੇ ਪਰਿਵਾਰ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਜਿੱਥੇ ਸ਼ਹੀਦ ਭਾਈ ਬਲਦੇਵ ਸਿੰਘ ਹਵਾਰਾ ਜੀ ਦੀ ਮਹਾਨ ਕੁਰਬਾਨੀ ਤੇ ਹਮੇਸ਼ਾਂ ਮਾਣ ਰਹੇਗਾ ਉਥੇ ਭਾਈ ਬਲਦੇਵ ਸਿੰਘ ਹਵਾਰਾ ਦੇ ਰੂਪੋਸ਼ ਜੀਵਨ ਸਮੇਂ ਵਿੱਚ ਪਰਿਵਾਰ ਨੂੰ ਭਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਉਪਰੰਤ ਬੱਬਰ ਖਾਲਸਾ ਜਰਮਨੀ ਦੇ ਮੁੱਖੀ ਜਥੇਦਾਰ ਰੇਸ਼ਮ ਸਿੰਘ ਬੱਬਰ ਨੇ ਮਾਤਾ ਜੀ ਸ਼ਰਧਾਂਜਲੀਆਂ ਭੇਟ ਕਰਦਿਆਂ ਪਰਿਵਾਰ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਤੋਂ ਤੀਹ ਸਾਲ ਪਹਿਲਾਂ ਭਾਈ ਜਗਤਾਰ ਸਿੰਘ ਹਵਾਰਾ ਨੇ ਟੈਲੀਫੋਨ ਕਰਕੇ ਕਿਹਾ ਕਿ ਸਾਡਾ ਸਿੰਘ ਆ ਰਿਹਾ ਹੈ ਉਸ ਨੂੰ ਮਿਲਣਾ ਤੇ ਭਾਈ ਰਜਿੰਦਰ ਸਿੰਘ ਸਾਡੇ ਕੋਲ ਆਇਆ ਅੱਜ ਤੀਹ ਸਾਲਾਂ ਤੋਂ ਵੀ ਵੱਧ ਸਮਾਂ ਹੋ ਗਿਆ ਸਾਡੇ ਨਾਲ ਪੰਥ ਕੌਮ ਦੀ ਸੇਵਾ ਵਿੱਚ ਨਿਰੰਤਰ ਡਟੇ ਹੋਏ ਹਨ। ਅੱਜ ਜਦੋਂ ਮਾਤਾ ਜੀ ਹਮੇਸ਼ਾਂ ਲਈ ਵਿਛੜ ਗਏ ਹਨ ਵੀਰ ਰਜਿੰਦਰ ਸਿੰਘ ਬੱਬਰ ਆਪਣੀ ਕੌਮ ਦੀ ਸੇਵਾ ਵਿੱਚ ਜੁੜਦੇ ਹੋਣ ਕਾਰਨ ਮਾਂ ਦੇ ਅੰਤਿਮ ਦਰਸ਼ਨਾਂ ਤੇ ਸੰਸਕਾਰ ਤੋਂ ਵੀ ਵਾਂਝੇ ਰਹੇ। ਉਹਨਾਂ ਕਿਹਾ ਕੌਮ ਲਈ ਜੂਝਣ ਵਾਲਿਆਂ ਸੂਰਬੀਰਾਂ ਨੂੰ ਹਮੇਸ਼ਾ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਅਤੇ ਜਲਾਵਤਨੀਆਂ ਹੀ ਹਿੱਸੇ ਆਈਆਂ ਹਨ ।

ਇਸ ਮੌਕੇ ਸਿੱਖ ਫੇਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ ਨੇ ਮਾਤਾ ਗੁਰਦਿਆਲ ਕੌਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਭਾਈ ਬਲਦੇਵ ਸਿੰਘ ਜੀ ਹਵਾਰਾ ਦੇ ਰੂਪੋਸ਼ ਜੀਵਨ ਦੌਰਾਨ ਭਾਈ ਰਾਜਿੰਦਰ ਸਿੰਘ ਅਤੇ ਪ੍ਰੀਵਾਰ ਨੇ ਅਣਮਨੁੱਖੀ ਤਸ਼ੱਦਦ ਦਾ ਸਾਹਮਣਾ ਕੀਤਾ ਅਤੇ ਮਾਤਾ ਨੇ ਵੀ ਉਸ ਸਾਰੀ ਪੀੜਾ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਜਰਮਨੀ ਦੇ ਆਗੂ ਭਾਈ ਸੁਖਵਿੰਦਰ ਸਿੰਘ ਵੱਲੋਂ ਵੀ ਮਾਤਾ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀ ਤੇ ਭਾਈ ਰਜਿੰਦਰ ਸਿੰਘ ਬੱਬਰ ਵੱਲੋਂ ਪਿਛਲੇ ਤੀਹ ਸਾਲਾਂ ਤੋਂ ਜਰਮਨੀ ਵਿੱਚ ਰਹਿੰਦੇ ਹੋਏ ਆਪਣੇ ਕੌਮੀ ਘਰ ਲਈ ਪਾਏ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਬੱਬਰ ਖਾਲਸਾ ਦੇ ਸਾਬਕਾ ਮੁਖੀ ਜਥੇਦਾਰ ਸਤਨਾਮ ਸਿੰਘ ਬੱਬਰ, ਗੁਰੂ ਘਰ ਦੇ ਸਾਬਕਾ ਪ੍ਰਧਾਨ ਭਾਈ ਸਰਦੂਲ ਸਿੰਘ ਸੇਖੋਂ, ਭਾਈ ਅਵਤਾਰ ਸਿੰਘ ਬੱਬਰ ਫਰੰਕਫੋਰਟ, ਭਾਈ ਹਰਜੋਤ ਸਿੰਘ ਬੱਬਰ, ਭਾਈ ਅਮਰਜੀਤ ਸਿੰਘ, ਭਾਈ ਬਲਜਿੰਦਰ ਸਿੰਘ, ਭਾਈ ਜਸਵੰਤ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਜਤਿੰਦਰਵੀਰ ਸਿੰਘ, ਭਾਈ ਰਾਮਪਾਲ ਸਿੰਘ, ਭਾਈ ਬਹਾਦਰ ਸਿੰਘ ਅਤੇ ਮਨਜੀਤ ਸਿੰਘ ਬੁਰਸ਼ਬਰਗ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਅੰਤ ਵਿੱਚ ਭਾਈ ਰਜਿੰਦਰ ਸਿੰਘ ਬੱਬਰ ਵੱਲੋਂ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਪੰਥਕ ਆਗੂਆਂ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

# ਗਾਇਕੀ ਦੁਨੀਆਂ ਤੇ ਟੀਵੀ ਪ੍ਰੋਗਰਾਮਾਂ ਦੇ ਬਣੇ ਨਵੇਂ ਸਟਾਰ ਰਿਹਾਨਾ ਭੱਟੀ ਤੇ ਮਨੋਹਰ ਧਾਰੀਵਾਲ




ਵਕਤ ਨਾਲ ਬਹੁਤ ਕੁੱਝ ਬਦਲ ਜਾਂਦਾ ਹੈ,ਸੋਚਿਆ ਹੋਰ ਹੁੰਦਾ ਹੈ ਹੋ ਹੋਰ ਜਾਂਦਾ ਹੈ ਪਰ ਸਿਆਣੇ ਆਖਦੇ ਨੇ ਰੱਬ ਸੋਹਣਾ ਜਿਹੜਾ ਕੁੱਝ ਕਰਦਾ ਚੰਗਾ ਹੀ ਕਰਦਾ ਹੈ। ਹੁਣ ਰਿਹਾਨਾ ਭੱਟੀ ਜਿਹੜੀ ਇਸ ਵੇਲੇ ਪੰਜਾਬ ਦੀ ਚੋਟੀ ਦੀ ਗਾਇਕਾ ਤੇ ਦੋਗਾਣਾ ਗਾਇਕਾ ਬਣ ਉੱਭਰੀ ਹੈ ਤੇ ਮਨੋਹਰ ਧਾਰੀਵਾਲ ਜਿਹੜੇ ਗਾਇਕ ਦੇ ਨਾਲ ਨਾਲ ਪੰਜ ਸੱਤ ਸਾਲ ਵਿੱਚ ਕਾਮਯਾਬ ਟੀਵੀ ਪ੍ਰੋਗਰਾਮਾਂ ਦੇ ਨਿਰਦੇਸ਼ਕ ਤੇ ਨਿਰਮਾਤਾ ਬਣੇ ਹਨ, ਦੋਵਾਂ ਸੋਚਿਆ ਹੀ ਨਹੀਂ ਸੀ ਕਿ ਕਦੇ ਇੱਕਠੇ ਗਾਉਣਗੇ, ਟੀਵੀ ਤੇ ਕੰਮ ਕਰਨਗੇ ਤੇ ਫ਼ਿਰ ਦੋਵੇਂ ਪਤੀ ਪਤਨੀ ਬਣ ਨਿੱਜੀ ਜ਼ਿੰਦਗੀ ਤੇ ਕਿੱਤੇ ਵਾਲੀ ਜ਼ਿੰਦਗੀ ਖੁਸ਼ਹਾਲ ਬਤੀਤ ਕਰਨਗੇ। ਰਿਹਾਨਾ ਭੱਟੀ ਹੋਸ਼ਿਆਰਪੁਰ ਨਾਲ ਸੰਬੰਧਿਤ ਹਨ ਤੇ ਪਿਤਾ ਬਲਰਾਮ ਭੱਟੀ ਤੇ ਮਾਤਾ ਮੰਜੂ ਭੱਟੀ ਦੇ ਬੇਟੀ ਹਨ ਜਿਹਨਾਂ ਕੋਰਸ ਫੈਸ਼ਨ ਡਿਜ਼ਾਈਨਰ ਦਾ ਕੀਤਾ ਪਰ ਗਲਾ ਹਰਕਤ ਗਾਉਣ ਦੀ ਕਰਦਾ ਸੀ ਲਿਹਾਜ਼ਾ ਪ੍ਰੋਫੈਸਰ ਭੁਪਿੰਦਰ ਸਿੰਘ ਸਰਗਮ ਸੰਗੀਤ ਕਲਾ ਕੇਂਦਰ ਜਲੰਧਰ ਦੇ ਸ਼ਾਗਿਰਦਾ ਬਣ ਹੋਰ ਗਾਇਕੀ ਵਿੱਚ ਪ੍ਰਪੱਕ ਹੋਏ। ਰਿਹਾਨਾ ਦੀ ਸੂਰਤ,ਨਕਸ਼ ਤੇ ਸਰੀਰਕ ਭਾਸ਼ਾ ਸੋਹਣੀ ਹੋਣ ਕਾਰਨ ਸਟੇਜ ਤੇ ਜਚਣਾ ਤੇ ਅੱਜ ਕਲ ਗਾਉਣ ਸੁਣਨ ਦੇ ਨਾਲ ਦੇਖਣ ਵਾਲੀ ਚੀਜ਼ ਤੇ ਵੀ ਖਰੇ ਉਤਰਦੇ ਹਨ। ਅੱਗੇ ਰਿਹਾਨਾ ਦੀਆਂ ਪ੍ਰਾਪਤੀਆਂ ਤੋ ਪਹਿਲਾਂ ਓਹਨਾਂ ਦੇ ਪਤੀ ਮਨੋਹਰ ਧਾਰੀਵਾਲ ਬਾਬਤ ਜਾਣਕਾਰੀ ਤਾਂ ਧਾਰੀਵਾਲ ਜਿਲ੍ਹਾ ਗੁਰਦਾਸਪੁਰ ਕੋਲ ਪਿੰਡ ਕੋਟ ਸੰਤੋਖ ਰਾਏ ਨਾਲ ਸੰਬੰਧ ਹੈ। ਗਾਇਕ ਚਮਨ ਲਾਲ ਗੁਰਦਾਸਪੁਰ ਦੇ ਲੜ੍ਹ ਲੱਗ ਸੰਗੀਤ ਤੇ ਗਾਇਕੀ ਵਿੱਚ ਸਿੱਖ ਕਿ ਆਏ ਮਨੋਹਰ ਧਾਰੀਵਾਲ ਨੇ, "ਪੀਲੇ ਪੀਲੇ ਲਹਿੰਗੇ ਵਾਲੀਏ" ਟੇਪ ਨਾਲ ਆਗਾਜ਼ ਕੀਤਾ। ਗਾਇਕ ਦੇ ਨਾਲ ਐਕਟਿੰਗ ਕੀਤੀ ਤੇ "ਜਿਲਣ" "ਤੇਰੀ ਮੇਰੀ ਇੱਕ ਜ਼ਿੰਦ" "ਉੱਡ ਉੱਡ" ਤੇ "ਹਲਾਤ" ਵਿੱਚ ਕੰਮ ਕਰਦੇ ਕਰਦੇ ਓਹ ਗਾਇਕ ਤੇ ਅਭਿਨੇਤਾ ਵਜੋਂ ਪ੍ਰਸਿੱਧ ਹੋਏ ਤੇ ਸਿੰਗਲ ਗੀਤ ਓਹਨਾਂ ਦੇ ਆਓਂਦੇ ਰਹੇ। ਦੂਜੇ ਪਾਸੇ ਰਿਹਾਨਾ ਭੱਟੀ ਨੇ ਸੈਂਕੜੇ ਗੀਤ ਗਾ ਲਏ ਹਨ। "ਹੱਕ" ਗੀਤ ਤੋਂ "ਚੂੜੀਆਂ" "ਸੋਚ" "ਪਾਹੁਲ" ਤੇ "ਹਾਣੀ" ਗੀਤਾਂ ਨਾਲ ਓਹਨਾਂ ਦਾ ਸੰਗੀਤ ਸੰਸਾਰ ਵਿੱਚ ਪੂਰਾ ਨਾਮ ਬਣਿਆ ਹੈ। ਮਲਕੀਤ ਧੀਰਪੁਰ, ਦੀਪ ਮੰਗਲੀ, ਪੰਛੀ ਡੱਲੇਵਾਲ ਦੇ ਲਿਖੇ ਗੀਤ ਰਿਹਾਨਾ ਦੀ ਆਵਾਜ਼ ਵਿੱਚ ਹਿੱਟ ਹੋਏ ਹਨ। ਅਨੇਕਾਂ ਹੋਰ ਗੀਤ ਰਿਹਾਨਾ ਨੇ ਗਾਏ ਨੇ ਤੇ ਹੁਣੇ ਦਰਸ਼ਨ ਬਿੱਲਾ ਨਾਲ ਦੋਗਾਣਾ "ਸਰਪੰਚੀ" ਆਇਆ ਹੈ। ਰਿਹਾਨਾ ਭੱਟੀ ਆਖਦੇ ਨੇ ਸੂਫ਼ੀ ਤੇ ਲੋਕ ਗੀਤ ਓਸ ਦੀ ਗਾਇਕੀ ਦਾ ਅਧਾਰ ਹੈ ਤੇ ਹੁਣ ਓਹ ਸੁਦੇਸ਼ ਕੁਮਾਰੀ, ਗੁਰਲੇਜ਼ ਅਖਤਰ ਤੇ ਮਿਸ ਪੂਜਾ ਦੀ ਤਰਾਂ ਵੱਖ ਵੱਖ ਕਲਾਕਾਰਾਂ ਨਾਲ ਗੀਤ ਦੋਗਾਣੇ ਰਿਕਾਰਡ ਕਰਵਾ ਵਿਸ਼ਵ ਦੀ ਨੰਬਰ ਇੱਕ ਪੰਜਾਬੀ ਗਾਇਕਾ ਬਣ ਦਿਖਾਉਣ ਲਈ ਸਰਗਰਮ ਹਨ। ਗੱਲ ਮਨੋਹਰ ਧਾਰੀਵਾਲ ਦੀ ਤਾਂ ਓਹ ਹੁਣ ਗਾਇਕੀ ਦੇ ਨਾਲ ਜਿਆਦਾ ਧਿਆਨ ਟੀਵੀ ਪ੍ਰੋਗਰਾਮ ਬਣਾਉਣ ਵੱਲ ਦੇ ਰਹੇ ਹਨ। ਪੰਜ ਸੱਤ ਸਾਲ ਤੋਂ ਓਹ ਡੀ ਡੀ ਪੰਜਾਬੀ ਲਈ ਨਵੇਂ ਸਾਲ ਦੇ ਰੰਗਾ ਰੰਗ ਪ੍ਰੋਗਰਾਮ, ਠੁਮਕੇ ਤੇ ਠੁਮਕਾ ਬਣਾ ਰਹੇ ਹਨ। ਹਰ ਸਾਲ ਓਹਨਾਂ ਦਾ ਟੀਵੀ ਪ੍ਰੋਗਰਾਮ ਕਾਮਯਾਬ ਰਹਿੰਦਾ ਹੈ। ਮਨੋਹਰ ਧਾਰੀਵਾਲ ਆਖਦੇ ਨੇ ਹੁਣ ਕੋਸਿਸ਼ ਹੈ ਕਿ ਰਿਹਾਨਾ ਭੱਟੀ ਵੱਖ ਵੱਖ ਨਾਮਵਰ ਕਲਾਕਾਰਾਂ ਨਾਲ ਗਾ ਕਿ ਵਿਸ਼ਵ ਪੱਧਰ ਦੀ ਪੰਜਾਬਣ ਗਾਇਕਾ ਬਣਨ ਤੇ ਓਹ ਇਸ ਯੋਜਨਾ ਲਈ ਆਪਣਾ ਪੂਰਾ ਸਹਿਯੋਗ ਦੇਣ ਤੇ ਨਾਲ ਹੀ ਟੀਵੀ ਸੀਰੀਅਲ, ਸ਼ੋਰਟ ਫ਼ਿਲਮਾਂ ਦੇ ਨਿਰਦੇਸ਼ਕ ਬਣ ਕਲ ਨੂੰ ਪੰਜਾਬੀ ਫ਼ਿਲਮਾਂ ਤੱਕ ਪਹੁੰਚ ਜਾਣ। ਪਤੀ ਪਤਨੀ ਦੀ ਇਹ ਕਲਾਕਾਰ ਜੋੜੀ ਜਿੰਨੀ ਮਿਹਨਤ ਕਰ ਰਹੀ ਹੈ ਤੇ ਕਾਮਯਾਬੀ ਪ੍ਰਾਪਤ ਕਰ ਰਹੀ ਹੈ ਆਓਂਦੇ ਸਾਲ ਤੱਕ ਲੱਗਦਾ ਆਪਣੇ ਮੰਤਵਾਂ ਨੂੰ ਪੂਰਾ ਕਰ ਸਟਾਰ ਕਲਾਕਾਰ ਜੋੜੀ ਹੋਏਗੀ।

-ਅੰਮ੍ਰਿਤ ਪਵਾਰ

# ਬੋਲ ਵਿਗਿਆਨ (Phonology/phonetics)

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)






ਅਵਾਜ ਨੂੰ ਧੁਨੀ (phone) ਕਿਹਾ ਜਾਂਦਾ ਹੈ ਅਤੇ ਇਕ ਸਾਰਥਿਕ ਅਵਾਜ ਨੂੰ ਧੁਨੀ ਗਰਾਮ (Phoneme)। ਮਨੁੱਖ ਜਾਂ ਜੀਵਾਂ ਦੁਆਰਾ ਉਚਾਰੀਆਂ ਗਈਆਂ ਅਵਾਜਾਂ ਦੇ ਸੰਗਲੀਬੱਧ ਪ੍ਰਬੰਧ ਨੂੰ ਬੋਲ ਕਿਹਾ ਜਾਂਦਾ ਹੈ ਤੇ ਬੋਲਾਂ ਦੇ ਵਿਧੀਵਤ ਅਧਿਐਨ ਨੂੰ ਬੋਲ ਵਿਗਿਆਨ ਦਾ ਨਾਮ ਦਿੱਤਾ ਜਾਂਦਾ ਹੈ। ਕੁਦਰਤ ਵਿਚ ਪੈਦਾ ਹੋ ਰਿਹਾ ਹਰ ਤਰਾਂ ਦਾ ਸੰਗੀਤ, ਨਦੀ ਦੇ ਪਾਣੀ ਦੀ ਕਲ ਕਲ, ਸਮੁੰਦਰ ਵਿਚਲੇ ਜਵਾਰ ਭਾਟੇ ਦੀਆਂ ਲਹਿਰਾਂ ਦੀ ਛੂਕ, ਪੰਛੀਆਂ ਦੀ ਚਹਿਕ, ਸ਼ੇਰ/ਹਾਥੀ ਅਤੇ ਚੀਤਿਆਂ ਦੀ ਦਹਾੜ, ਦੁਨੀਆਂ ਦੀਆਂ ਲਗਭਗ ਸੱਤ ਕੁ ਹਜਾਰ ਮਨੁੱਖੀ ਬੋਲੀਆਂ ਦੇ ਬੋਲ, ਵੱਖ ਵੱਖ ਪ੍ਰਕਾਰ ਦੀਆਂ ਮਸ਼ੀਨਾ ਵਿਚੋਂ ਨਿਕਲਦੀਆਂ ਆਵਾਜਾਂ, ਮੋਟਰਕਾਰਾਂ, ਰੇਲਾਂ ਅਤੇ ਜਹਾਜ਼ਾਂ ਦਾ ਸ਼ੋਰ ਆਦਿ ਸਭ ਬੋਲ ਵਿਗਿਆਨ ਦੇ ਅਧਿਐਨ ਦੇ ਘੇਰੇ ਵਿਚ ਹੀ ਆਉਂਦਾ ਹੈ। ਦੂਜੇ ਸ਼ਬਦਾਂ ਵਿਚ ਇੰਜ ਵੀ ਕਹਿ ਸਕਦੇ ਹਾਂ ਕਿ ਬ੍ਰਹਿਮੰਡ ਵਿਚਲੇ ਸੰਗੀਤ ਦਾ ਸਮੁੱਚਾ "ਸਾ ਰੇ ਗਾ ਮਾ ਪਾ" ਬੋਲ ਵਿਗਿਆਨ ਦਾ ਖੇਤਰ ਹੈ।

ਬੇਸ਼ੱਕ ਇਸ ਬ੍ਰਹਿਮੰਡ ਵਿਚ ਉਤਪਨ ਹੋਈ, ਕੋਈ ਵੀ ਅਵਾਜ ਬੇਅਰਥ ਨਹੀਂ ਹੁੰਦੀ , ਉਸ ਦੇ ਕੋਈ ਨ ਕੋਈ ਸਾਰਥਿਕ ਜਾਂ ਨਿਰਾਰਥਿਕ ਅਰਥ ਜਰੂਰ ਹੁੰਦੇ ਹਨ, ਪਰੰਤੂ ਜਦੋ ਮਨੁੱਖੀ ਅਵਾਜਾਂ ਦੇ ਵਿਧੀਵਤ ਉਚਾਰਨ ਨਾਲ ਪੈਦਾ ਹੋਏ ਬੋਲਾਂ ਦੇ ਅਧਿਐਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹਨਾਂ ਨੂੰ ਅਸਾਨੀ ਨਾਲ ਸਮਝਣ ਵਾਸਤੇ ਸਾਰਥਿਕ ਅਤੇ ਨਿਰਾਰਥਿਕ ਵਿਚ ਨਿਖੇੜ ਲਿਆ ਜਾਂਦਾ ਹੈ ਇਸ ਤਰਾਂ ਕਰਨ ਨਾਲ ਮਨੁੱਖੀ ਬੋਲਾਂ ਦੇ ਉਚਾਰ, ਸੰਚਾਰ, ਅਰਥ ਅਤੇ ਸੁਣਨ ਪ੍ਰਬੰਧ ਦਾ ਬੇਹਤਰ ਅਧਿਐਨ ਕੀਤਾ ਜਾ ਸਕਦਾ ਹੈ ਅਤੇ ਇਸ ਦੇ ਨਾਲ ਹੀ ਕਿਸੇ ਬੋਲੀ ਵਿਸ਼ੇਸ਼ ਦੀਆਂ ਅਵਾਜਾਂ/ਧੁਨੀਆਂ ਦੀ ਸਥਾਪਤੀ, ਵਰਗਵੰਡ ਤੇ ਵਰਤੋਂ ਦਾ ਪੱਧਰ ਤੇ ਪੈਮਾਨਾ ਵੀ ਨਿਰਧਾਰਤ ਕੀਤਾ ਜਾ ਸਕਦਾ ਹੈ।

ਦਰਅਸਲ ਬੋਲ ਵਿਗਿਆਨ ਦਾ ਸੰਕਲਪ ਵੀਹਵੀਂ ਸਦੀ ਦੇ ਮੁੱਢਲੇ ਦੌਰ ਵਿਚ ਹੋਂਦ ਵਿਚ ਹੋਇਆ। ਇਸ ਖੇਤਰ ਵਿਚ ਬਲੂਮਫੀਲਡ, ਕਰਟਨੇਯ, ਕੈਨੇਥ ਐਲ ਪਾਈਕ, ਪਰਿੰਸ ਨਿੱਕੋਲਾਈ ਤਰਬਜਕੋਏ, ਐਡਵਰਡ ਸੇਪੀਰ, ਜੇ ਆਰ ਫਰਥ, ਮੇਰੀਓ ਪੇਈ, ਹਾਕਿਟ, ਮਾਲਿਮਬਰਗ, ਆਰ ਐਚ, ਰੌਬਿੰਨਜ, ਡੇਨਿੱਸ ਕਰਿਸਟਲ, ਰੋਮਨ ਜੈਕਿਬਸਨ, ਹੇਲ, ਬਰਨਾਰਡ ਬਲਾਖ ਅਤੇ ਟ੍ਰੈਗਰ ਆਦਿ ਵਿਦਵਾਨਾਂ ਦੇ ਨਾਮ ਮੋਹਰੀਆਂ ਵਜੋਂ ਲਏ ਜਾ ਸਕਦੇ ਹਨ।

ਬੋਲ ਵਿਗਿਆਨ ਦੀ ਖੋਜ ਨੇ ਮਨੁੱਖੀ ਬੋਲੀਆਂ ਦੇ ਅਧਿਐਨ ਦੇ ਖੇਤਰ ਵਿਚ ਕਰਾਂਤੀਕਾਰੀ ਤਬਦੀਲੀ ਲਿਆਂਦੀ ਹੈ। ਇਸ ਵਿਗਿਆਨ ਨੇ ਅਵਾਜਾਂ ਤੋ ਪੈਦਾ ਹੋਏ ਬੋਲਾਂ ਦੀ ਵਿਧੀਵਤ ਵੰਡ ਕੀਤੀ, ਅਵਾਜਾਂ ਦੀ ਅਦਲਾ ਬਦਲੀ ਕਰਕੇ ਅਸੰਖਾ ਦੀ ਤਦਾਦ ਵਿਚ ਉਚਾਰੇ ਗਏ ਬੋਲਾਂ ਦੇ ਸਿਸਟਮ ਨੂੰ ਚੰਗੀ ਤਰਾਂ ਸਮਝਣ ਵਿਚ ਅਸਾਨੀ ਪੈਦਾ ਕੀਤੀ ਅਤੇ ਇਸ ਦੇ ਨਾਲ ਹੀ ਬੋਲ ਤੇ ਸਹਿ ਬੋਲ (Phoneme and allo- phoneme) ਦੇ ਸਮਝਣ ਵਿਚ ਅਸਾਨੀ ਪੈਦਾ ਕੀਤੀ। ਇਸ ਵਿਗਿਆਨ ਨੇ ਪਰੰਪਰਾਗਤ ਵਿਆਕਰਣਕ ਪਰਬੰਧ ਜੋ ਬੋਲੀ ਦੀ ਸਿਖਲਾਈ ਦੇਣ ਦੀ ਬਜਾਏ ਮੁਢਲੀ ਜਮਾਤ (primary school education) ਤੋਂ ਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਸਿਖਲਾਈ ਦੇ ਰਿਹਾ ਸੀ ਉਸ ਨੂੰ ਰੱਦ ਕੀਤਾ ਅਤੇ ਬੋਲ ਦੇ ਅਧਿਐਨ ਅਤੇ ਸਿਖਲਾਈ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਤਰਾਂ ਕਰਦਿਆਂ ਬੋਲ ਵਿਗਿਆਨ ਨੇ ਇਹ ਭਰਾਂਤੀ ਦੂਰ ਕੀਤੀ ਕਿ "ਊੜਾ, ਊਠ, ਐੜਾ ਅਨਾਰ ਅਤੇ ਈੜੀ ਇੰਜਣ ਆਦਿ ਪੜਾਉਣ ਨਾਲ ਕੋਈ ਵੀ ਵਿਦਿਆਰਥੀ ਆਪਣੀ ਮਾਤ ਭਾਸ਼ਾ ਨਾ ਹੀ ਚੰਗੀ ਤਰਾਂ ਸਿੱਖ ਸਕਦਾ ਹੈ ਤੇ ਨਾ ਹੀ ਸਹੀ ਰੂਪ ਵਿਚ ਬੋਲ ਜਾਂ ਲਿਖ ਸਕਦਾ ਹੈ। ਸਹੀ ਤਰਾਂ ਕਿਸੇ ਬੋਲੀ ਨੂੰ ਸਿਖਾਉਣ ਵਾਸਤੇ ਵਿਦਿਆਰਥੀਆਂ ਨੂੰ ਇਹ ਦੱਸਣਾ ਪਵੇਗਾ ਕਿ ਆਵਾਜਾਂ ਦੀ ਉਤਪਤੀ ਕਿਵੇਂ ਹੁੰਦੀ ਹੈ ਤੇ ਮਨੁੱਖੀ ਸਰੀਰ ਦੇ ਕਿਹੜੇ ਅੰਗ ਅਵਾਜ ਪਰਬੰਧ ਨੂੰ ਬੋਲਾਂ ਵਿਚ ਬਦਲਣ ਵਾਸਤੇ ਕਿਵੇਂ ਯੋਗਦਾਨ ਪਾਉਂਦੇ ਹਨ, ਮਿਸਾਲ ਵਜੋਂ ਪ,ਫ,ਬ,ਭ ਤੇ "ਮ" ਦਾ ਉਚਾਰਨ ਕਰਨ ਵਾਸਤੇ ਦੋਵੇਂ ਬੁੱਲ੍ਹਾਂ ਦਾ ਆਪਸ ਵਿਚ ਮੇਲ ਹੋ ਕੇ ਇਕ ਝਟਕੇ ਨਾਲ ਖੁੱਲ੍ਹਣਾ ਜਰੂਰੀ ਹੁੰਦਾ ਹੈ। ਇਸੇ ਤਰਾਂ ਤ,ਥ, ਦ ਅਤੇ ਧ ਉਚਾਰਨ ਵਾਸਤੇ ਜੀਭ ਦੀ ਨੋਕ ਦਾ ਉਪਰਲੇ ਜਬਾੜ੍ਹੇ ਦੇ ਪਿਛਲੇ ਪਾਸੇ ਟਕਰਾਉਣਾ ਜਰੂਰੀ ਹੁੰਦਾ ਹੈ ਅਤੇ ਚ,ਛ,ਜ ਅਤੇ ਝ ਦਾ ਉਚਾਰਨ ਉਨਾ ਚਿਰ ਸੰਭਵ ਹੀ ਨਹੀਂ, ਜਿੰਨਾ ਚਿਰ ਜੀਭ ਦੀ ਨੋਕ ਉਲਟੀ ਹੋ ਕੇ ਤਾਲੂ ਨਾਲ ਨਹੀ ਟਕਰਾਉਂਦੀ। ਇਸੇ ਤਰਾਂ ਕੁੱਝ ਆਵਾਜਾਂ ਨੱਕ ਦੀ ਸਹਾਇਤਾ ਨਾਲ ਨਿਕਲਦੀਆਂ ਹਨ ਜਿਵੇਂ ਨ, ਣ, ਬਿੰਦੀ, ਟਿੱਪੀ ਆਦਿ ਇਹਨਾਂ ਨੂੰ ਨਾਸਕੀ ਆਵਾਜਾਂ ਵੀ ਕਿਹਾ ਜਾਂਦਾ ਹੈ। ਕਹਿਣ ਦਾ ਭਾਵ ਇਥੇ ਇਹ ਹੈ ਕਿ ਜੋ ਬੋਲੀ ਅਸੀਂ ਮਾਤ ਬੋਲੀ ਵਜੋਂ ਬੋਲਦੇ ਹਾਂ, ਇਹ ਕੋਈ ਸਹਿਜ ਵਰਤਾਰਾ ਨਹੀਂ ਹੁੰਦਾ ਬਲਕਿ ਇਸ ਦੇ ਪਿਛੇ ਇਕ ਬਹੁਤ ਹੀ ਗੁੰਝਲਦਾਰ ਅਤੇ ਵਿਧੀਵਤ ਵਰਤਾਰਾ ਕੰਮ ਕਰ ਰਿਹਾ ਹੈ, ਜਿਸ ਦਾ ਪਤਾ ਉਸ ਵੇਲੇ ਲਗਦਾ ਹੈ ਜਦੋਂ ਕੋਈ ਵਿਅਕਤੀ ਆਪਣੀ ਮਾਂ ਬੋਲੀ ਤੋਂ ਇਲਾਵਾ ਕੋਈ ਦੂਸਰੀ ਬੋਲੀ ਸਿੱਖਣ ਦੀ ਕੋਸ਼ਿਸ਼ ਕਰਦਾ ਹੈ। ਇਸ ਸਥਿਤੀ ਵਿਚ ਸਿਖਾਂਦਰੂ ਨੂੰ ਸਿੱਖੀ ਜਾਣ ਵਾਲੀ ਬੋਲੀ ਦੇ ਸ਼ੁੱਧ ਬੋਲ ਉਚਾਰਨ ਵੇਲੇ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਮਿਸਾਲ ਵਜੋਂ ਕਿਸੇ ਹਿੰਦੀ ਬੋਲੀ ਦੇ ਵਕਤਾ ਤੋਂ "ਭੂੰਡ" ਦਾ ਉਚਾਰਨ ਪੁੱਛ ਲਓ ਤਾਂ ਉਹ ਅਮੂਮਨ ਹੀ ਉਕਤ ਬੋਲ ਦਾ ਉਚਾਰਨ "ਬੂੰਡ" ਕਰੇਗਾ। ਇਸ ਦਾ ਅਸਲ ਕਾਰਨ ਇਹ ਹੈ ਕਿ ਉਸ ਵਿਅਕਤੀ ਨੂੰ ਪੰਜਾਬੀ ਸੁਰ ਪਰਬੰਧ (intonation) ਅਰਥਾਤ ਉੱਚੀ, ਨੀਵੀਂ ਤੇ ਸਾਵੀਂ ਸੁਰ, ਬੱਲ ਅਤੇ ਦਬਾਅ ਦੀ ਜਾਣਕਾਰੀ ਨਹੀਂ ਹੁੰਦੀ। ਬੋਲ ਵਿਚਲੀ ਕਿਹੜੀ ਅਵਾਜ ਉੱਤੇ ਉਚਾਰਨ ਵੇਲੇ ਕਿੰਨਾ ਕੁ ਦਬਾਅ ਪਾਉਣਾ ਹੈ, ਇਹ ਸਿਰਫ ਤੇ ਸਿਰਫ ਬੋਲ ਵਿਗਿਆਨ ਦੀ ਵਿਧੀ ਦੁਆਰਾ ਹੀ ਸਿੱਖਿਆ, ਸਮਝਿਆ ਅਤੇ ਸਿਖਾਇਆ ਜਾ ਸਕਦਾ ਹੈ।

ਏਹੀ ਕਾਰਨ ਹੈ ਕਿ ਬਰਤਾਨੀਆਂ ਵਿਚਲੇ ਪੰਜਾਬੀ ਪਰਿਵਾਰਾਂ ਦੀ ਨਵੀਂ ਪੀੜ੍ਹੀ "ਘਰ" ਨੂੰ "ਕਰ੍ਹ" ਬੋਲਦੀ ਹੈ ਕਿਉਂਕਿ ਉਹਨਾਂ ਨੂੰ ਪਰੰਪਰਾਗਤ ਵਿਆਕਰਣ ਮੁਤਾਬਿਕ ਸਿੱਖਿਆ ਦਿੱਤੀ ਹੋਣ ਕਰਕੇ ਅਵਾਜਾਂ ਦੀ ਸਹੀ ਪਹਿਚਾਣ ਕਰਨ ਦੀ ਜੁਗਤ ਤੋਂ ਵੰਚਿਤ ਰੱਖਿਆ ਗਿਆ ਹੁੰਦਾ ਹੈ, ਨਵੀਂ ਪੀੜ੍ਹੀ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਅਵਾਜਾਂ ਨੂੰ ਉਚਾਰਨ ਅਤੇ ਬੋਲਾਂ ਵਿਚ ਬਦਲਣ ਵੇਲੇ ਸਰੀਰ ਦੇ ਕਿਹੜੇ ਕਿਹੜੇ ਅੰਗ ਕਿਵੇਂ ਆਪਣਾ ਅਹਿਮ ਯੋਗਦਾਨ ਪਾਉਂਦੇ ਹਨ। ਫੇਫੜਿਆਂ ਤੋਂ ਬਾਹਰ ਆਉਣ ਵਾਲੀ ਹਵਾ ਬੋਲਾਂ ਚ ਬਦਲਣ ਵੇਲੇ ਸਾਹ ਪ੍ਰਣਾਲੀ ਦੇ ਕਿਹੜੇ ਪਰੋਸੈਸ ਵਿਚੋਂ ਲੰਘਦੀ ਹੈ ਤੇ ਨੱਕ, ਗਲਾ, ਘੰਡੀ, ਕਾਂ, ਦੰਦ, ਤਾਲੂ, ਬੁਲ੍ਹ, ਵੋਕਲ ਕੌਰਡਜ ਅਤੇ ਜੀਭ ਆਵਾਜਾਂ ਨੂੰ ਬੋਲਾਂ ਵਿਚ ਬਦਲਣ ਵਾਸਤੇ ਕਿਵੇਂ ਕਾਰਜਸ਼ੀਲ ਹੁੰਦੇ ਹਨ।

ਉਂਜ ਸਾਨੂੰ ਇਹ ਸਭ ਕੁੱਝ ਇਕ ਸਹਿਜ ਵਰਤਾਰਾ ਹੀ ਲਗਦਾ ਹੈ, ਪਰ ਜਦੋਂ ਨਜਲਾ ਜੁਕਾਮ ਹੋ ਜਾਣ ਕਰਕੇ ਸਾਡੀ ਸਾਹ ਪ੍ਰਣਾਲੀ ਵਿਚ ਰੇਸ਼ਾ ਦਾ ਜਮਾਅ ਹੋ ਜਾਂਦਾ ਹੈ ਤੇ ਸਾਨੂੰ ਬੋਲਣ ਵਿਚ ਮੁਸ਼ਕਲ ਆਉਂਦੀ ਹੈ ਜਾਂ ਗਲਾ ਬੈਠ ਜਾਂਦਾ ਹੈ ਤਾਂ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਬੋਲੀ ਇਕ ਬਹੁਤ ਹੀ ਗੁੰਝਲਦਾਰ ਵਰਤਾਰਾ ਹੈ।

ਕਿਸੇ ਬੋਲੀ ਵਿਚਲੀਆਂ ਸਾਰਥਿਕ ਅਵਾਜਾਂ ਦੇ ਗਰੁੱਪ ਉਚਾਰ ਨੂੰ ਬੋਲ (Phoneme) ਕਿਹਾ ਜਾਂਦਾ ਹੈ। ਇਥੇ ਇਹ ਸ਼ਪੱਸ਼ਟ ਕਰਨਾ ਜਰੂਰੀ ਹੈ ਕਿ ਅਵਾਜ ਇਕ ਭੌਤਿਕ ਇਕਾਈ (Physical Unit) ਹੁੰਦੀ ਹੈ ਜਦ ਕਿ ਬੋਲ, ਅਵਾਜਾਂ ਨੂੰ ਕਿਸੇ ਵਿਧੀ ਵਿਚ ਉਚਾਰਨ ਤੋਂ ਬਾਅਦ ਪੈਦਾ ਹੋਏ ਬੋਲ ਕਾਰਜੀ ਇਕਾਈ (Functional Unit) ਹੁੰਦੇ ਹਨ। ਉਦਾਹਰਣ ਵਜੋਂ ਪੰਜਾਬੀ ਸ਼ਬਦ "ਪੀਰ" ਵਿਚ ਕੁੱਲ ਤਿੰਨ ਬੋਲ ਹਨ? ਪ+ਈ+ਰ = ਪੀਰ ਇਹਨਾਂ ਤਿੰਨਾਂ ਨੂੰ ਅੱਗੋਂ ਹੋਰ ਹਿੱਸਿਆਂ ਵਿਚ ਨਹੀਂ ਵੰਡਿਆ ਜਾ ਸਕਦਾ, ਜਿਸ ਕਰਕੇ ਇਹਨਾਂ ਤਿੰਨਾ ਅਵਾਜਾਂ ਨੂੰ ਸਾਰਥਿਕ ਇਕਾਈ ਮੰਨਿਆ ਜਾਵੇਗਾ। ਇਸੇ ਤਰਾਂ "ਕਲਮ" ਵਿਚਲੇ ਬੋਲ ਹਨ ਜਿਹਨਾਂ ਨੂੰ ਅਦਲ ਬਦਲ ਕਰਕੇ "ਮਲਕ, ਲਮਕ, ਕਮਲ" ਆਦਿ ਬੋਲ ਯੂਨਿਟ ਪੈਦਾ ਕੀਤੇ ਜਾ ਸਕਦੇ ਹਨ ਪਰ ਇਹਨਾ ਬੋਲਾਂ ਨੂੰ ਹੋਰ ਟੁਕੜਿਆਂ ਵਿਚ ਨਹੀਂ ਵੰਡਿਆ ਜਾ ਸਕਦਾ ਜਿਸ ਕਰਕੇ ਇਹਨਾਂ ਨੂੰ ਅਖੰਡੀ ਆਵਾਜਾਂ (Supra segmental) ਕਿਹਾ ਜਾਵੇਗਾ। ਮੁਕਦੀ ਗੱਲ ਇਹ ਕਿ ਬੋਲ ਵਿਗਿਆਨ ਆਪਣੇ ਆਪ ਵਿਚ ਇਕ ਬਹੁਤ ਹੀ ਨਵਾਂ ਅਤੇ ਵਿਗਿਆਨਕ ਵਿਸ਼ਾ ਹੈ। ਪੰਜਾਬੀ ਬੋਲੀ ਵਿਚ ਅਜੇ ਇਸ ਦੀ ਵਰਤੋਂ ਦੀ ਸ਼ੁਰੂਆਤ ਨਹੀਂ ਕੀਤੀ ਜਾ ਸਕੀ, ਜਿਸ ਦੇ ਪ੍ਰਤੀਫਲ ਪੰਜਾਬੀਆਂ ਦੀ ਨਵੀਂ ਪੀੜ੍ਹੀ ਪੰਜਾਬੀ ਬੋਲਾਂ/ਸ਼ਬਦਾਂ ਦੇ ਸਹੀ ਉਚਾਰਨ ਵੇਲੇ ਬਹੁਤ ਸਾਰੀਆਂ ਗਲਤੀਆਂ ਕਰ ਰਹੀ ਹੈ, ਸਿੱਟੇ ਵਜੋਂ ਬੋਲ ਵਿਗਾੜ ਪੈਦਾ ਹੋ ਰਿਹਾ ਹੈ, ਅਰਥਾਂ ਦਾ ਅਨਰਥ ਹੋ ਰਿਹਾ ਹੈ ਅਤੇ ਬੋਲਣ ਢੰਗ ਵਿਚ ਤਬਦੀਲੀ ਆ ਰਹੀ ਹੈ।

ਬਹੁਤ ਚੰਗੀ ਗੱਲ ਹੋਵੇਗੀ ਜੇਕਰ ਪੰਜਾਬੀ ਬੋਲੀ ਦੀ ਸਹੀ ਸਾਂਭ ਸੰਭਾਲ ਤੇ ਸਿਖਲਾਈ ਵਾਸਤੇ, ਪਰੰਪਰਾਗਤ ਵਿਆਕਰਣ ਦੀ ਬਜਾਏ, ਬੋਲ ਵਿਗਿਆਨ ਨੂੰ ਬੋਲੀ ਸਿਖਲਾਈ ਦਾ ਮਾਧਿਅਮ ਬਣਾਇਆ ਜਾਵੇ। ਇਸ ਤਰਾਂ ਕਰਨ ਨਾਲ ਪੰਜਾਬੀ ਬੋਲੀ ਵਿਚ ਬਹੁਤ ਨਿਖਾਰ ਆਵੇਗਾ ਅਤੇ ਬੋਲੀ ਤੇਜੀ ਨਾਲ ਵਿਕਾਸ ਕਰੇਗੀ, ਅਜਿਹਾ ਮੇਰਾ ਵਿਸ਼ਵਾਸ ਹੈ।

# ਫ਼ੁੱਟਬਾਲ ਦਾ ਨੋਬਲ ਲੌਰੀਏਟ ਲਿਓਨਲ ਮੈੱਸੀ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ



ਲਿਓਨਲ ਮੈੱਸੀ ਨੇ ਫ਼ੁੱਟਬਾਲ ਖੇਡਦਿਆਂ ਕਰੋੜਾਂ ਡਾਲਰ ਕਮਾਏ ਤੇ ਕਰੋੜਾਂ ਹੀ ਖਰਚੇ ਹਨ। ਉਹ ਬਿਲੀਅਨੇਅਰ ਅਥਵਾ ਅਰਬਪਤੀ ਹੈ। ਮਾਂ ਦੇ ਪੁੱਤ ਨੇ ਕਮਾਲਾਂ ਕਰ ਦਿੱਤੀਆਂ ਨੇਨਾਵਾਂ ਕਮਾਉਣ ਤੇ ਪੁੰਨ ਦਾਨ ਕਰਨ ਦੀਆਂ। ਹਾਲੇ ਕਿਹੜਾ ਬਸ ਹੈ? ਉਹ ਸੈਂਤੀ ਸਾਲਾਂ ਦੀ ਉਮਰੇ ਵੀ ਉਵੇਂ ਹੀ ਖੇਡ ਰਿਹੈ ਜਿਵੇਂ ਸਤਾਈ ਸਾਲਾਂ ਦੀ ਉਮਰੇ ਖੇਡ ਰਿਹਾ ਸੀ। ਦਰਸ਼ਕ ਐਵੇਂ ਨਹੀਂ ਉਸ ਨੂੰ ਫ਼ੁੱਟਬਾਲ ਦਾ ਜਾਦੂਗਰ ਕਹਿੰਦੇ। ਫ਼ੁੱਟਬਾਲ ਦੀ ਖੇਡ ਦਾ ਨੋਬਲ ਪ੍ਰਾਈਜ਼ ਜਿਹਾ ਵੱਡਾ ਅਵਾਰਡ ਬੈਲਨ ਡੀ ਆਰ ਹੈ ਜੋ ਕਿਸੇ ਫ਼ੁੱਟਬਾਲਰ ਨੂੰ ਮਸਾਂਨਸੀਬ ਹੁੰਦਾ। ਉਹ ਅਵਾਰਡ ਇਕ ਦੋ ਵਾਰ ਨਹੀਂ,ਲਿਓਨਲ ਆਂਦਰੇ ਮੈੱਸੀ ਨੂੰ 8 ਵਾਰ ਮਿਲ ਚੁੱਕੈ!

ਲੋਕ ਉਹਦਾ ਨਿੱਕਾ ਨਾਂ 'ਲਿਓ' ਜਾਂ 'ਮੈੱਸੀ' ਲੈਂਦੇ ਹਨ। ਉਹਦਾ ਕੱਦ ਉਸ ਤੋਂ 27 ਸਾਲ ਪਹਿਲਾਂਜੰਮੇਉਹਦੇ ਮੁਲਕ ਦੇ ਹੀ ਡਿਆਗੋ ਮਾਰਾਡੋਨਾ ਤੋਂ ਭਾਵੇਂ 2 ਇੰਚ ਲੰਮੇਰਾ ਹੈ ਪਰ ਉਸ ਤੋਂ 2 ਸਾਲ ਪਹਿਲਾਂ ਜਨਮੇ ਫ਼ੁੱਟਬਾਲ ਦੇ ਸਮਕਾਲੀ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ ਤੋਂ 7 ਇੰਚ ਛੁਟੇਰਾ ਹੈ। ਮੈੱਸੀ ਦਾ ਕੱਦ ਕੇਵਲ 5 ਫ਼ੁੱਟ 7 ਇੰਚ ਹੈ। ਪਰ ਉਹਦੇ ਜੁੱਸੇ 'ਚ ਪਤਾ ਕਿਹੋ ਜਿਹੀਆਂ ਬਿਜਲੀਆਂ ਭਰੀਆਂ ਹੋਈਆਂਕਿ ਬਾਲ ਨਾਲ ਏਨਾ ਤੇਜ਼ ਦੌੜਦੈ ਜਿੰਨਾ ਕੋਈਹੋਰ ਨਹੀਂ ਦੌੜ ਸਕਦਾ। ਹੋਰ ਤਾਂ ਕੀ, ਬਾਲ ਤੋਂ ਬਿਨਾਂ ਉਹ ਆਪ ਵੀ ਓਨਾ ਤੇਜ਼ ਨਹੀਂ ਦੌੜ ਸਕਦਾ। ਇੰਜ ਲੱਗਦੈ ਜਿਵੇਂ ਬਾਲ ਉਸ ਨੂੰ ਖਿੱਚੀ ਲਈ ਜਾਂਦੀ ਹੋਵੇ!

ਫੋਰਬਸ ਮੈਗਜ਼ੀਨ ਅਨੁਸਾਰ 2009 ਤੋਂ 2014 ਦਰਮਿਆਨ ਮੈੱਸੀ ਵਿਸ਼ਵ ਦਾ ਸਭ ਤੋਂ ਮਹਿੰਗਾ ਫ਼ੁੱਟਬਾਲਰ ਰਿਹਾ। 2019 ਤੋਂ 2022 ਤਕ ਉਸ ਨੇ ਸਭ ਤੋਂ ਵੱਧ ਪੈਸੇ ਕਮਾਏ। 2011, 2012 ਤੇ 2023 'ਚ ਉਹ ਦੁਨੀਆ ਦੀਆਂ ਸੌ ਸਿਖਰਲੀਆਂ ਸ਼ਖ਼ਸੀਅਤਾਂ ਵਿਚ ਗਿਣਿਆ ਜਾਂਦਾ ਰਿਹਾ। 2020 ਤੇ 2023 ਦਾ ਉਹ ਲੌਰੀਅਸ ਵਰਲਡ ਸਪੋਰਟਸਮੈਨ ਆਫ਼ ਦਾ ਯੀਅਰ ਐਲਾਨਿਆ ਗਿਆ। ਉਹ ਦੂਜਾ ਫ਼ੁੱਟਬਾਲਰ ਹੈ ਜਿਸ ਦੀ ਖੇਡ ਆਮਦਨ ਇਕ ਅਰਬ ਡਾਲਰਾਂ ਤੋਂ ਕਿਤੇ ਵੱਧ ਹੋਈ ਹੈ।

ਗੋਲ ਕਰਨ ਦੀ ਮਸ਼ੀਨ ਕਹੇ ਜਾਂਦੇ ਮੈੱਸੀ ਨੇ 39 ਵਾਰ ਮਸ਼ਹੂਰ ਲਾ ਲੀਗਾ ਖੇਡਦਿਆਂ 474 ਗੋਲ ਕੀਤੇ, 36 ਹੈਟ ਟ੍ਰਿਕ ਮਾਰੇ ਤੇ 18 ਗੋਲ ਕਰਨ 'ਚ ਸਹਾਇਕ ਬਣਿਆ। 109 ਗੋਲ ਇੰਟਰਨੈਸ਼ਨਲ ਮੈਚਾਂ ਵਿਚ ਕੀਤੇ। ਉੱਚ ਪੱਧਰ ਦੇ 800 ਤੋਂ ਵੱਧ ਗੋਲ ਕਰਨ ਦਾ ਰਿਕਾਰਡ ਅਜੇ ਵੀ ਉਹਦੇ ਨਾਂ ਹੈ। ਉਹ ਜ਼ਿਆਦਾਤਰ ਖੱਬੇ ਪੈਰ ਦਾ ਡ੍ਰਿਬਲਰ ਹੈ। ਡੀਗੋ ਮਾਰਾਡੋਨਾ ਉਸ ਨੂੰ ਆਪਣਾ ਵਾਰਸ ਕਿਹਾ ਕਰਦਾ ਸੀ। ਉਸ ਦੀ ਕਪਤਾਨੀ 'ਚ ਅਰਜਨਟੀਨਾ ਨੇ 2022 ਦਾ ਫ਼ੀਫਾ ਵਰਲਡ ਕੱਪ ਜਿੱਤਿਆ ਜਿਸ ਵਿਚ ਉਸ ਦੇ 7 ਗੋਲ ਸਨ। ਉਸ ਨੇ ਵਰਲਡ ਕੱਪਾਂ ਦੇ ਸਭ ਤੋਂ ਵੱਧ 26 ਮੈਚ ਖੇਡੇ ਜੋ ਅਜੇ ਤਕ ਰਿਕਾਰਡ ਹੈ। 2023 ਵਿਚ ਉਸ ਨੂੰ ਅੱਠਵਾਂ ਬੈਲਨ ਡੀ ਓਰ ਅਵਾਰਡ ਮਿਲਿਆ।



ਮੈੱਸੀ ਨੂੰ ਫ਼ੁੱਟਬਾਲ ਦੀ 'ਡ੍ਰਿਬਲਿੰਗ ਦਾ ਜਾਦੂਗਰ' ਜਿਹਾ ਜਾਂਦਾ ਹੈ ਜਿਵੇਂ ਧਿਆਨ ਚੰਦ ਨੂੰ ਹਾਕੀ ਦਾ ਜਾਦੂਗਰ ਕਿਹਾ ਜਾਂਦਾ ਸੀ। ਧਿਆਨ ਚੰਦ ਵਾਂਗ ਮੈੱਸੀ ਵੀ ਸਮੱਧਰ ਹੈ। ਛੋਟੇ ਕੱਦ ਦੀ 'ਸੈਂਟਰ ਆਫ਼ ਗ੍ਰੈਵਟੀ ਜ਼ਮੀਨ ਦੇ ਨੇੜੇ ਹੋਣ ਕਰਕੇ ਲੰਮੇਰੇ ਕੱਦ ਦੇ ਮੁਕਾਬਲੇ 'ਕੁਆਰਡੀਨੇਸ਼ਨ ਸੌਖੀ ਹੁੰਦੀ ਹੈ। ਮੈੱਸੀ ਪੰਜ ਛੇ ਖਿਡਾਰੀਆਂ ਨੂੰ ਡ੍ਰਿਬਲਿੰਗ ਦੀ ਚੁਸਤੀ ਨਾਲ ਹੀ ਮਾਤ ਪਾ ਜਾਂਦਾ ਹੈ ਤੇ ਗੋਲ ਦਾਗ ਦਿੰਦਾ ਹੈ। ਉਹ ਵਧੇਰੇ ਗੋਲ ਖੱਬੇ ਪੈਰ ਨਾਲ ਕਰਦਾ ਹੈ। ਕਾਰਨਰ ਦੀਆਂ ਕਿੱਕਾਂ, ਸਿੱਧੀਆਂ ਕਿੱਕਾਂ ਤੇ ਪੈਨਲਟੀ ਕਿੱਕਾਂ ਨਾਲ ਉਸ ਦੇ ਗੋਲ ਸਭ ਤੋਂ ਵੱਧ ਹੋਏ ਹਨ। ਪਾਸ ਦੇ ਕੇ ਵੀ ਉਹ ਹੋਰਨਾਂ ਤੋਂ ਵਧੇਰੇ ਗੋਲ ਕਰਵਾਉਣ 'ਚ ਕਾਮਯਾਬ ਰਹਿੰਦਾ ਹੈ।

ਉਸ ਦਾ ਜਨਮ 24 ਜੂਨ 1987 ਨੂੰ ਅਰਜਨਟੀਨਾ ਵਿਖੇਰੋਸਾਰੀਓਦੇ ਫ਼ੁੱਟਬਾਲ ਪ੍ਰੇਮੀ ਜੌਰਜ ਮੈੱਸੀ ਦੇ ਘਰ ਸੇਲੀਆ ਮਾਰੀਆ ਕੁਕਟੀਨੀ ਦੀ ਕੁੱਖੋਂ ਹੋਇਆ। ਜੌਰਜ ਮੈੱਸੀ ਉਦੋਂ ਸਟੀਲ ਫੈਕਟਰੀ ਦਾ ਮੈਨੇਜਰ ਸੀ ਤੇ ਉਹਦੀ ਪਤਨੀ ਸੀਲੀਆ ਮਾਰੀਆ ਮੈਗਨਟ ਬਣਾਉਣ ਵਾਲੀ ਫੈਕਟਰੀ 'ਚ ਕੰਮ ਕਰਦੀ ਸੀ। ਉਨ੍ਹਾਂ ਦੇ ਚਾਰ ਬੱਚਿਆਂ ਵਿਚਕਾਰ ਲਿਓ ਤੀਜਾ ਬੱਚਾ ਸੀ। ਉਹ ਤਿੰਨ ਭਰਾ ਹਨ ਤੇ ਇਕ ਭੈਣ। ਜੌਰਜ ਮੈੱਸੀ ਦਾ ਪਿਛੋਕੜ ਸਪੇਨੀ ਮੂਲ ਦੇ ਇਤਾਲਵੀ ਖਿੱਤੇ ਦਾ ਹੈ ਜਿਨ੍ਹਾਂ ਦੀ ਮਾਂ ਬੋਲੀ ਸਪੈਨਿਸ਼ਹੈ। ਉਹਇਟਲੀ ਤੋਂਅਰਜਨਟੀਨਾ ਦਾ ਪਰਵਾਸੀ ਬਣਿਆ ਸੀ। ਉਸ ਦੀ ਮਾਂ ਇਟਲੀ ਮੂਲ ਦੀ ਸੀ।

ਅਰਜਨਟੀਨਾ ਵਸਦਿਆਂ ਉਹ ਫ਼ੁੱਟਬਾਲ ਦੀ ਖੇਡ ਦੇ ਸ਼ੌਕੀ ਬਣ ਗਏ ਜਿਸ ਕਰਕੇ ਉਨ੍ਹਾਂ ਦੇ ਬੱਚਿਆਂ ਨੂੰ ਜਨਮ ਤੋਂ ਹੀ ਫ਼ੁੱਟਬਾਲ ਖੇਡਣ ਦਾ ਮਾਹੌਲ ਮਿਲ ਗਿਆ। ਮੈੱਸੀ ਪੈਰਾਂ 'ਤੇ ਖੜ੍ਹਾ ਹੋਣ ਸਾਰ ਆਪਣੇ ਵੱਡੇ ਭਰਾਵਾਂ ਵਾਂਗਫ਼ੁੱਟਬਾਲ ਵੱਲ ਖਿੱਚਿਆ ਗਿਆ। ਉਹ ਨਿੱਕੇ ਪੈਰਾਂ ਨਾਲ ਚੀਜ਼ਾਂ ਵਸਤਾਂ ਰੋੜ੍ਹਨ ਲੱਗਾ ਤੇ ਸਿਰਫ਼ ਚਾਰ ਸਾਲ ਦੀ ਉਮਰ 'ਚ ਲੋਕਲ ਕਲੱਬ ਗਰੈਨਡੋਲੀ ਦਾ ਮੈਂਬਰ ਬਣ ਗਿਆ। ਉਹਦੀ ਨਾਨੀ ਉਸ ਨੂੰ ਕਲੱਬ ਲੈ ਜਾਂਦੀ ਅਤੇ ਲਾਗੇ ਬੰਨੇ ਦੇ ਫ਼ੁੱਟਬਾਲ ਮੈਚਾਂ 'ਚ ਖਿਡਾ ਲਿਆਉਂਦੀ। ਉਸ ਦਾ ਬਾਪ ਜੌਰਜ ਗਾਹੇ ਬਗਾਹੇ ਕੋਚਿੰਗ ਦਿੰਦਾ ਰਹਿੰਦਾ। ਨਾਨੀ ਗੁਜ਼ਰ ਜਾਣ ਪਿੱਛੋਂ ਮੈੱਸੀਜਦੋਂ ਗੋਲ ਕਰਦਾ ਹੈ ਤਾਂ ਅਸਮਾਨ ਵੱਲ ਉਂਗਲ ਉਠਾ ਕੇ ਗੋਲ ਆਪਣੀ ਨਾਨੀ ਨੂੰ ਭੇਟ ਕਰਦਾ ਹੈ।

ਕੋਚ ਐਡਰੀਆਂ ਕੋਰੀਆ ਉਹਦੇ ਬਚਪਨ ਬਾਰੇ ਦੱਸਦਾ ਹੈ ਕਿ ਮੈੱਸੀ ਛੇ ਸਾਲ ਦਾ ਸੀ ਜਦੋਂ ਰੋਸਾਰੀਓ ਕਲੱਬ ਦਾ ਮੈਂਬਰ ਬਣਿਆ। 6 ਤੋਂ 12 ਸਾਲ ਦੀ ਉਮਰ ਵਿਚਕਾਰ ਉਸ ਨੇ ਕਲੱਬ ਵੱਲੋਂ 500 ਗੋਲ ਕੀਤੇ ਤੇ ਅਸੀਂ ਉਹਦਾ ਨਾਂ ਉਸ ਦੇ ਜਨਮ ਦਿਵਸ 'ਤੇ '87 ਦੀ ਮਸ਼ੀਨ ਰੱਖ ਲਿਆ। ਉਹ ਨਿੱਕਾ ਹੁੰਦਾ ਹੀ 'ਬਾਲ ਟ੍ਰਿਕ ਵਿਖਾ ਕੇ ਦਰਸ਼ਕਾਂ ਨੂੰ ਦੰਗ ਕਰਦਾ ਰਹਿੰਦਾ ਸੀ। ਪਰ ਕੁਦਰਤ ਵੱਲੋਂ ਉਸ ਨੂੰ ਅਜਿਹੀ ਮਾਰ ਪਈ ਕਿ ਉਹਦਾ ਫ਼ੁੱਟਬਾਲ ਕੈਰੀਅਰ ਖ਼ਤਰੇ 'ਚ ਪੈ ਗਿਆ। 10 ਸਾਲ ਦੀ ਉਮਰੇ ਉਹ 'ਗ੍ਰੋਥ ਹਾਰਮੋਨ ਡੈਫੀਸੈਂਸੀ ਦਾ ਰੋਗੀ ਪਾਇਆ ਗਿਆ। ਇਲਾਜ ਲਈ ਮਹੀਨੇ ਦੀ ਥੈਰਾਪੀ ਦਾ ਖਰਚਾ 1000 ਡਾਲਰ ਸੀ ਜੋ ਉਸ ਦੇ ਪਿਤਾ ਦੀ ਆਮਦਨੀ 'ਚੋਂ ਮੁਸ਼ਕਲ ਸੀ। ਉਸ ਵੇਲੇ ਨਿਊਵੈੱਲ ਕਲੱਬ ਨੇ ਮਦਦ ਕੀਤੀ ਪਰ ਕਲੱਬ ਲੰਮੇ ਸਮੇਂ ਲਈ ਮਦਦਗਾਰ ਨਾ ਹੋ ਸਕਿਆ।

ਮੈੱਸੀ ਦਾ ਆਦਰਸ਼ ਖਿਡਾਰੀ ਬਿਊਨਿਸ ਏਅਰਜ਼ ਦੇ 'ਰਿਵਰ ਪਲੇਟ ਕਲੱਬ ਦਾ ਪਾਬਲੋ ਐਮਾਰ ਸੀ ਪਰ ਉਹ ਬਿਮਾਰੀ ਕਾਰਨ ਰਿਵਰ ਪਲੇਟ ਦਾ ਮੈਂਬਰ ਨਾ ਬਣ ਸਕਿਆ। ਪਾਬਲੋ ਐਮਾਰ ਤੋਂ ਪਿੱਛੋਂ ਉਹ ਬ੍ਰਾਜ਼ੀਲ ਦੇ ਰੋਨਾਲਡੋ ਦਾ ਫੈਨ ਬਣ ਗਿਆ।13 ਸਾਲ ਦੀ ਉਮਰ ਵਿਚ ਉਹ ਬਾਰਸੀਲੋਨਾ ਦੀ ਯੂਥ ਅਕਾਡਮੀ 'ਲਾ ਮਾਸੀਆ ਵਿਚ ਦਾਖਲ ਹੋ ਗਿਆ ਜਿਸ ਨਾਲ ਉਹਦੀ ਖੇਡ ਵਿਚ ਹੋਰ ਨਿਖਾਰ ਆਉਣ ਲੱਗਾ। ਨਾਲ ਦੀ ਨਾਲ ਉਹ ਗ੍ਰੋਥ ਹਾਰਮੋਨ ਡੈਫੀਸੈਂਸੀ ਤੋਂ ਵੀ ਮੁਕਤ ਹੋ ਗਿਆ। ਇਕ ਸਾਲ 'ਲਾ ਮਾਸੀਆ ਅਕੈਡਮੀ 'ਚ ਟ੍ਰੇਨਿੰਗ ਲੈ ਕੇ ਫਰਵਰੀ 2002 'ਚ ਉਹ ਰਾਇਲ ਸਪੈਨਿਸ਼ ਫ਼ੁੱਟਬਾਲ ਫੈਡਰੇਸ਼ਨ ਦਾ ਮੈਂਬਰ ਬਣ ਕੇ ਫੈਡਰੇਸ਼ਨ ਦੀ ਬੀ ਟੀਮ 'ਚ ਸ਼ਾਮਲ ਹੋ ਗਿਆ। ਉਥੇ ਉਸ ਨੂੰ ਹੋਰ ਵੀ ਤਕੜੇ ਖਿਡਾਰੀਆਂ ਦੀ ਸੰਗਤ ਮਿਲੀ। 14 ਸਾਲ ਦੀ ਉਮਰ ਵਿਚ ਉਹ 'ਬੇਬੀ ਡਰੀਮ ਟੀਮ ਦਾ ਅੰਗ ਬਣ ਗਿਆ ਜੋ ਬਾਰਸੀਲੋਨਾ ਦੇ ਨਵਯੁਵਕਾਂ ਦੀ ਸਭ ਤੋਂ ਤਕੜੀ ਟੀਮ ਸੀ। 2002-3 ਦੇ ਸੀਜ਼ਨ ਵਿਚ ਉਸ ਨੇ 30 ਮੈਚਾਂ ਵਿਚ 36 ਗੋਲ ਕੀਤੇ ਜੋ ਸਭ ਤੋਂ ਵੱਧ ਸਨ। ਇਕ ਮੈਚ ਵਿਚ ਉਸ ਦੇ ਜਬਾੜੇ ਦੀ ਹੱਡੀ ਕਰੈਕ ਹੋ ਗਈ ਪਰ ਉਹ ਫਿਰ ਵੀ ਖੇਡਦਾ ਰਿਹਾ ਤੇ 10 ਮਿੰਟਾਂ 'ਚ ਦੋ ਗੋਲ ਹੋਰ ਕੀਤੇ। ਉਸ ਦੀ ਹੋਣਹਾਰੀ ਨੂੰ ਵੇਖਦਿਆਂ ਵਿਦੇਸ਼ੀ ਕਲੱਬਾਂ ਨੇ ਉਸ ਉਤੇ ਡੋਰੇ ਪਾਉਣੇ ਸ਼ੁਰੂ ਕਿੱਤੇ ਪਰ ਉਸ ਨੇ ਬਾਰਸੀਲੋਨਾ ਕਲੱਬ ਨੂੰ ਹੀ ਰੰਗਭਾਗ ਲਾਏ। ਉਸ ਦੀਆਂ ਜਿੱਤਾਂ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਹੈਰਤ ਹੁੰਦੀ ਹੈ ਕਿ 5 ਫ਼ੁੱਟ 7 ਇੰਚ ਦਾ ਮਨੁੱਖੀ ਜੁੱਸਾ ਕੀ ਦਾ ਕੀ ਕਰ ਸਕਦਾ ਹੈ!

ਮੈੱਸੀ 17 ਸਾਲਾਂ ਦਾ ਸੀ ਜਦੋਂ ਫ਼ੁੱਟਬਾਲ ਕਲੱਬ ਬਾਰਸੀਲੋਨਾ ਵੱਲੋਂ ਖੇਡਣ ਲੱਗਾ। ਉਸ ਕਲੱਬ ਵੱਲੋਂ ਉਸ ਨੇ 2004 ਤੋਂ 2021 ਤਕ 778 ਮੈਚ ਖੇਡੇ ਜਿਨ੍ਹਾਂ 'ਚ 672 ਗੋਲ ਕੀਤੇ। 268 ਗੋਲ ਕਰਨ 'ਚ ਉਹ ਸਹਾਇਕ ਬਣਿਆ। ਮਾਣ ਸਨਮਾਨ ਵਜੋਂ ਉਸ ਨੂੰ 35 ਖ਼ਿਤਾਬ ਮਿਲੇ। 10 ਵਾਰ ਉਹਨਾਂ ਦੀ ਟੀਮ ਨੇ ਲਾ ਲੀਗਾ ਟਾਈਟਲ ਜਿੱਤੇ, 7 ਵਾਰ ਕੋਪਾ ਦੈੱਲ ਰੇ, 4 ਵਾਰ ਯੁਈਐੱਫਏ ਚੈਂਪੀਅਨਜ਼ ਲੀਗ, 8 ਸਪੈਨਿਸ਼ ਸੁਪਰ ਕੱਪ, 3 ਯੂਈਐੱਫਏ ਸੁਪਰ ਕੱਪ ਤੇ 3 ਫੀਫਾ ਵਰਲਡ ਕੱਪ ਜਿੱਤੇ। 2021 ਤੋਂ 2023 ਤਕ ਮੈੱਸੀ ਪੈਰਿਸ ਸੇਂਟ-ਜਰਮਨ ਵੱਲੋਂ ਖੇਡਿਆ। ਇਸ ਦੌਰਾਨ ਮੈੱਸੀ ਨੇ 75 ਮੈਚ ਖੇਡੇ, 32 ਗੋਲ ਕੀਤੇ ਤੇ 35 ਗੋਲ ਕਰਨ 'ਚ ਸਹਾਇਕ ਬਣਿਆ। ਇਸ ਦੌਰਾਨ ਲੀਗ ਅੱਵਲ ਦੇ 2 ਟਾਈਟਲ ਜਿੱਤੇ। 1 ਟਰਾਫੀ ਦੇਸ਼ਾਂ ਦੇ ਚੈਂਪੀਅਨਜ਼ ਦੀ ਜਿੱਤੀ। 2023 ਤੋਂ ਉਹ ਇੰਟਰ ਮਿਆਮੀ ਵੱਲੋਂ ਖੇਡ ਰਿਹੈ ਜਿਸ ਵੱਲੋਂ ਉਹਦੀਆਂ ਜਿੱਤਾਂ ਦਾ ਦੌਰ ਜਾਰੀ ਹੈ।

ਕਲੱਬਾਂ ਦੇ ਨਾਲ ਨਾਲ ਉਹ ਆਪਣੇ ਮੁਲਕ ਅਰਜਨਟੀਨਾ ਵੱਲੋਂ ਵੀ 2006 ਤੋਂ ਖੇਡਦਾ ਆ ਰਿਹੈ। ਹੁਣ ਤਕ 178 ਤੋਂ ਵੱਧ ਅੰਤਰਾਸ਼ਟਰੀ ਮੈਚ ਖੇਡਦਿਆਂ 106 ਗੋਲਾਂ ਤੋਂ ਵੱਧ ਗੋਲ ਕਰ ਚੁੱਕੈ ਤੇ 53 ਤੋਂ ਵੱਧ ਗੋਲ ਕਰਨ ਵਿਚ ਮਦਦਗਾਰ ਬਣ ਚੁੱਕੈ। ਉਹ ਫ਼ੁੱਟਬਾਲ ਦਾ ਸਭ ਤੋਂ ਸਿਖਰਲਾ ਟੂਰਨਾਮੈਂਟ ਫੀਫਾ ਵਰਲਡ ਕੱਪ 2006, 2010, 2014, 2018 ਤੇ 2022 ਪੰਜ ਵਾਰ ਖੇਡ ਚੁੱਕੈ। ਚਾਰ ਸਾਲਾਂ ਬਾਅਦ ਹੁੰਦੇ ਫੀਫਾ ਵਰਲਡ ਕੱਪ 5 ਵਾਰ ਖੇਡਣਾ ਤੇ ਛੇਵੀਂ ਵਾਰ ਖੇਡਣ ਦੀ ਸੰਭਾਵਨਾ ਬਣਾਈ ਰੱਖਣੀ ਸਿਰੇ ਦਾ ਰਿਕਾਰਡ ਹੈ। ਉਹ ਨਾ ਸਿਰਫ਼ 5 ਵਾਰ ਫੀਫਾ ਵਰਲਡ ਕੱਪ ਖੇਡਿਆ ਬਲਕਿ 2022 ਦਾ ਵਰਲਡ ਕੱਪ ਜਿੱਤਿਆ ਵੀ ਹੈ। 2014 ਦੇ ਵਰਲਡ ਕੱਪ 'ਚ ਉਨ੍ਹਾਂ ਦੀ ਟੀਮ ਉਪ ਜੇਤੂ ਸੀ। 2021 ਦਾ ਕੋਪਾ ਅਮਰੀਕਾ ਕੱਪ ਵੀ ਜਿੱਤਿਆ ਅਤੇ 2007, 2015 ਤੇ 2016 ਦੇ ਅਮਰੀਕਾ ਕੱਪਾਂ ਦਾ ਉਪ ਜੇਤੂ ਰਿਹਾ। 2008 ਦੀਆਂ ਓਲੰਪਿਕ ਖੇਡਾਂ 'ਚੋਂ ਫ਼ੁੱਟਬਾਲ ਦਾ ਗੋਲਡ ਮੈਡਲ ਵੀ ਮੈੱਸੀ ਹੋਰਾਂ ਦੀ ਟੀਮ ਅਰਜਨਟੀਨਾ ਨੇ ਜਿੱਤਿਆ ਸੀ।

ਮੈੱਸੀ ਨੂੰ ਮਿਲੇ ਮਾਣ ਸਨਮਾਨ ਤੇ ਖ਼ਿਤਾਬਾਂ ਦਾ ਕੋਈ ਅੰਤ ਨਹੀਂ। ਫ਼ੁੱਟਬਾਲ ਦਾ ਸਭ ਤੋਂ ਵੱਡਾ ਅਵਾਰਡ ਬੈਲਨ ਡੀ ਓਰ ਉਸ ਨੂੰ 22 ਸਾਲ ਦੀ ਚੜ੍ਹਦੀ ਉਮਰੇ 2009 'ਚ ਮਿਲ ਗਿਆ ਸੀ ਜੋ 2010, 2011, 2012, 2015, 2019 ਤੇ 2023 ਵਿਚ ਵੀ ਮਿਲਿਆ।

ਬਾਕੀ ਹਿਸਾ ਸਫ਼ਾ 57 ਤੇ ਪੜ੍ਹੋ

## 56 ਸਫ਼ੇ ਦਾ ਬਾਕੀ ਹਿਸਾ

2009 ਵਿਚ ਉਹ ਫੀਫਾ ਵਰਲਡ ਪਲੇਅਰ ਆਫ਼ ਦਾ ਈਅਰ ਅਵਾਰਡ ਨਾਲ ਸਨਮਾਨਿਆ ਗਿਆ ਸੀ। ਇਕ ਵਾਰ ਫੀਫਾ ਵਰਡਲ ਪਲੇਅਰ ਆਫ਼ ਦਾ ਈਅਰ, ਇਕ ਵਾਰ ਗੋਲਡਨ ਫੁੱਟਬਾਲ ਅਵਾਰਡ, 6 ਵਾਰ ਯੂਰੋਪੀਅਨ ਗੋਲਡਨ ਸ਼ੂ ਅਵਾਰਡ, 3 ਵਾਰ ਯੂਈਐੱਫਏ ਬੈੱਸਟ ਪਲੇਅਰ ਇਨ ਯੂਰਪ ਅਵਾਰਡ ਅਤੇ 2014 ਤੇ 2022 ਵਿਚ ਫੀਫਾ ਵਰਲਡ ਕੱਪ ਗੋਲਡਨ ਬਾਲ ਦੇ ਅਵਾਰਡ ਮਿਲੇ। 8 ਵਾਰ ਲਾਲੀਗਾ ਟਾਪ ਸਕੋਰਰ ਦੀ ਟਰਾਫੀ ਜਿੱਤੀ ਜੋ ਹੁਣ ਤਕ ਦਾ ਰਿਕਾਰਡ ਹੈ। 6 ਵਾਰ ਉਹ ਯੂਈਐੱਫਏ ਚੈਂਪੀਅਨਜ਼ ਲੀਗ ਦਾ ਟਾਪ ਸਕੋਰਰ ਬਣਿਆ। 2021 'ਚ ਕੋਪਾ ਅਮਰੀਕਾ ਦਾ ਬੈੱਸਟ ਪਲੇਅਰ ਐਲਾਨਿਆ ਗਿਆ। ਇਕੋ ਕਲੱਬ ਵੱਲੋਂ 672 ਗੋਲ ਕਰਨ ਦਾ ਰਿਕਾਰਡ ਵੀ ਉਹਦੇ ਨਾਂ ਹੈ ਜੋ ਉਸ ਨੇ ਬਾਰਸੀਲੋਨਾ ਕਲੱਬ ਲਈ ਕੀਤੇ।

ਮੈੱਸੀ ਦਾ ਸੁਪਨਾ ਸੀ ਕਿ ਕਦੇ ਅਰਜਨਟੀਨਾ ਨੂੰ ਫੀਫਾ ਵਰਲਡ ਕੱਪ ਦਾ ਜੇਤੂ ਬਣਾ ਕੇ ਆਪਣੇ ਦੇਸ਼ ਦਾ ਮਾਣ ਰੱਖਿਆ ਜਾਵੇ। ਪਰ ਉਸ ਦਾ ਇਹ ਸੁਫ਼ਨਾ ਸਾਕਾਰ ਨਹੀਂ ਸੀ ਹੋ ਰਿਹਾ। ਆਖ਼ਰ 2022 ਵਿਚ ਕਤਰ 'ਚ ਹੋਏ ਫੀਫਾ ਵਰਲਡ ਕੱਪ 'ਚ ਉਸ ਨੇ ਆਪਣੇ ਮਨ ਦੀ ਚਿਰੋਕਣੀ ਰੀਝ ਪੂਰੀ ਕੀਤੀ। ਆਪਣੇ ਦੇਸ਼ ਅਰਜਨਟੀਨਾ ਨੂੰ ਵੱਖ ਵੱਖ ਮੈਚਾਂ 'ਚ ਜਿਤਾਉਂਦਿਆਂ ਉਸ ਨੇ 7 ਗੋਲ ਕੀਤੇ ਤੇ 3 ਗੋਲ ਕਰਨ 'ਚ ਬਾਲ ਬਣਾ ਕੇ ਦਿੱਤੀ। ਆਖ਼ਰ ਅਰਜਨਟੀਨਾ ਫੁੱਟਬਾਲ ਦਾ ਵਰਲਡ ਕੱਪ ਜਿੱਤ ਗਿਆ। ਲਿਓਨਲ ਮੈੱਸੀ ਨੂੰ ਕਤਰ ਕੱਪ ਦਾ ਸਭ ਤੋਂ ਵਧੀਆ ਖਿਡਾਰੀ ਐਲਾਨਿਆ ਗਿਆ ਤੇ ਉਸ ਨੂੰ ਗੋਲਡਨ ਬਾਲ ਨਾਲ ਨਿਵਾਜਿਆ ਗਿਆ।

2021 ਵਿਚ ਕੋਪਾ ਅਮਰੀਕਾ ਕੱਪ ਜਿੱਤ ਕੇ ਉਸ ਨੇ ਇਕ ਹੋਰ ਵੱਡੀ ਕੌਮਾਂਤਰੀ ਪ੍ਰਾਪਤ ਹਾਸਲ ਕੀਤੀ। ਉਹ ਟੂਰਨਾਮੈਂਟ ਦਾ ਟਾਪ ਸਕੋਰਰ ਤੇ ਸਰਬੋਤਮ ਖਿਡਾਰੀ ਸਿੱਧ ਹੋਇਆ। ਅੱਜਕੱਲ੍ਹ ਉਹ ਇੰਟਰ ਮਿਆਮੀ ਵੱਲੋਂ ਖੇਡ ਰਿਹੈ। ਕਲੱਬ 'ਚ ਸ਼ਾਮਲ ਹੁੰਦਿਆਂ ਪਹਿਲੀ ਵਾਰ ਲੀਗਜ਼ ਕੱਪ ਜਿਤਾਇਆ। ਉਹ ਪਕੇਰੀ ਉਮਰੇ ਇਕੋ ਟੂਰਨਾਮੈਂਟ 'ਚ 10 ਗੋਲ ਕਰ ਕੇ ਐੱਮਵੀਪੀ ਯਾਨੀ ਸਭ ਤੋਂ ਕੀਮਤੀ ਖਿਡਾਰੀ ਬਣਿਆ। ਉਸ ਦੇ ਰੱਖੇ ਰਿਕਾਰਡਾਂ 'ਤੇ ਝਾਤ ਮਾਰੀਏ ਤਾਂ 8 ਵਾਰ ਬੈਲਨ ਡੀ ਓਰ ਅਵਾਰਡ, ਇਕੋ ਸਾਲ 2012 ਵਿਚ 91 ਗੋਲ, ਲਾਲੀਗਾ ਵਿਚ 474 ਗੋਲ। ਯੂਰਪ ਦੇ ਇਕੋ ਸੀਜ਼ਨ 2011-12 'ਚ ਸਭ ਤੋਂ ਵੱਧ 91 ਗੋਲ ਦੇ ਰਿਕਾਰਡ ਅਜੇ ਵੀ ਉਹਦੇ ਨਾਂ ਹਨ।


ਮੈਰੀਡੋਨਾ ਨੇ ਫਰਵਰੀ 2006 ਵਿਚ 18 ਸਾਲ ਦੇ ਮੈੱਸੀ ਨੂੰ ਆਪਣਾ ਵਾਰਸ ਐਲਾਨਿਆ ਸੀ। ਫੀਫਾ ਵਿਸ਼ਵ ਕੱਪ 2018 ਸਮੇਂ ਰੂਸ ਵਿਚ ਮਾਰਾਡੋਨਾ ਤੇ ਮੈੱਸੀ ਦੀਆਂ ਤਸਵੀਰਾਂ ਦੇ ਝੰਡੇ ਲਹਿਰਾਏ ਗਏ ਸਨ। ਉਂਜ 2019 ਤਕ ਅਰਜਨਟੀਨਾ ਵਿਚ ਮਸ਼ਹੂਰੀ ਵਜੋਂ ਮੈੱਸੀ, ਮਾਰਾਡੋਨਾ ਤੋਂ ਪਿੱਛੇ ਸੀ। ਜਿਵੇਂ ਮੁਹੰਮਦ ਅਲੀ ਬਨਾਮ ਜੋਅ ਫਰੇਜ਼ੀਅਰ, ਫੈਡਰਰ ਤੇ ਨਡਾਲ ਅਤੇ ਬੋਰਗ ਤੇ ਮਕੈਨਰੋ ਦੇ ਮੁਕਾਬਲੇ ਚਲਦੇ ਸਨ, ਉਵੇਂ ਰੋਨਾਲਡੋ ਬਨਾਮ ਮੈੱਸੀ ਦੀ ਮਸ਼ਹੂਰੀ ਦੇ ਮੁਕਾਬਲੇ ਚੱਲ ਰਹੇ ਹਨ।

ਮੈੱਸੀ ਦੀ ਸਾਲਾਨਾ ਆਮਦਨ 2024 'ਚ 135 ਮਿਲੀਅਨ ਡਾਲਰ ਅੰਕੀ ਗਈ ਹੈ। ਰੁਪਏ ਆਪੇ ਬਣਾ ਲਓ ਕਿੰਨੇ ਬਣਦੇ ਹਨ? ਨਾਵਾਂ ਤੇ ਨਾਮਣਾ ਕਮਾਉਣ ਚ ਮੈੱਸੀ ਤੋਂ ਵੱਧ ਬੱਲੇ-ਬੱਲੇ ਪੁਰਤਗਾਲ ਦੇ ਕ੍ਰਿਸਟਿਆਨੋ ਰੋਨਾਲਡੋ ਨੇ ਕਰਵਾਈ ਹੈ। ਉਸ ਦੀ ਸਾਲਾਨਾ ਆਮਦਨ 260 ਮਿਲੀਅਨ ਡਾਲਰ ਹੈ। ਉਹ ਹੈ ਵੀ ਬਣਦਾ ਤਣਦਾ ਤੇ ਕੱਦ ਕਾਠ ਵੀ ਛੇ ਫੁੱਟ ਤੋਂ ਦੋ ਇੰਚ ਉੱਚਾ ਹੈ। ਉਸ ਨੂੰਮਸ਼ਹੂਰੀਆਂ ਵੀ ਵਧੇਰੇ ਮਿਲਦੀਆਂ ਹਨ। ਮੈੱਸੀ ਪੁੰਨ ਦਾਨ ਕਰਨ 'ਚ ਦਰਿਆ ਦਿਲ ਹੈ। ਉਸ ਨੇ ਮਾਰਚ 2010 ਤੋਂ ਯੂਨੀਸੈੱਫ ਗੁਡਵਿੱਲ ਅੰਬੈਸਡਰ ਬਣ ਕੇ ਯੂਨੀਸੈੱਫ ਨੂੰ ਮਿਲੀਅਨਜ਼ ਡਾਲਰਾਂ ਦੇ ਫੰਡ, ਆਪਣੀ ਲਿਓ ਮੈੱਸੀ ਫਾਊਂਡੇਸ਼ਨ ਨੂੰ ਫੰਡ ਅਤੇ ਸਿਹਤ ਸੰਭਾਲ, ਸਿੱਖਿਆ ਤੇ ਬੱਚਿਆਂ ਲਈ ਖੇਡਾਂ ਵਾਸਤੇ ਫੰਡ ਦੇਣੇ ਜਾਰੀ ਰੱਖੇ ਹੋਏ ਹਨ। ਰੋਨਾਲਡੋ ਵੀ ਬਥੇਰਾ ਪੁੰਨ ਦਾਨ ਕਰ ਰਿਹੈ। ਉਹ ਮੈੱਸੀ ਨਾਲੋਂ ਦੋ ਸਾਲ ਵੱਡਾ ਹੈ। ਦੋਵੇਂ ਹੀ ਸਰਗਰਮ ਖਿਡਾਰੀ ਹਨ। ਵੇਖਦੇ ਹਾਂ ਉਹ ਕਦੋਂ ਤਕ ਖੇਡਦੇ ਤੇ ਕਦੋਂ ਖੇਡਣ ਤੋਂ ਰਿਟਾਇਰ ਹੁੰਦੇ ਹਨ?

*principalsarwasingh@gmail.com*

# • ਪੰਜਾਬੀ ਫ਼ਿਲਮ ਦਰਪਣ •

### ਆਂਗੀਏ ਅੰਜਲੀ ਕਰੇ ਮਾਡਲਿੰਗ ਰਹੇ ਦੁਬਈ



ਉੱਚੀ ਤੇ ਲੰਮੀ ਦੇਖਦੇ ਕਹੋਗੇ ਕਿ ਮਾਸ਼ਾ ਅੱਲਾਹ ਕਯਾ ਮੁਟਿਆਰ ਬਣਾਈ ਹੈ ਨੀਲੀ ਛਤਰੀ ਵਾਲੇ ਨੇ ਤੇ ਇਹ ਹੈ ਅੰਗੀਏ ਅੰਜਲੀ ਜਿਸ ਦਾ ਰੱਜਵਾਂ ਸੋਹਣਾ ਰੂਪ ਤੇ ਸ਼ਰੀਰਕ ਬਣਤਰ ਵੀ ਗ਼ਜ਼ਬ ਹੈ। ਅੰਜਲੀ ਯੂ ਏ ਈ ਦੇ ਸੋਹਣੇ ਦੁਬਈ ਰਹਿੰਦੀ ਇਥੇ ਮਾਡਲਿੰਗ ਕਰ ਰਹੀ ਹੈ। ਓਸ ਨੇ ਰਮਜ਼ਾਨ ਅਲੀ ਦੇ ਗੀਤ "ਰੋਲ ਦਿੱਤਾ" : ਵਿੱਚ ਕੰਮ ਕੀਤਾ ਹੈ। ਇਸ ਤੋਂ ਇਲਾਵਾ ਓਹ ਕਾਫੀ ਐਡ ਫ਼ਿਲਮਾਂ ਵੀ ਕਰ ਰਹੀ ਹੈ। ਅੰਜਲੀ ਵਿੱਚ ਸਾਰੇ ਫ਼ਿਲਮੀ ਟਿਪਸ ਹਨ। ਉਮੀਦ ਹੈ ਕਿ ਅੰਜਲੀ ਕਲ ਨੂੰ ਪੰਜਾਬੀ ਫ਼ਿਲਮਾਂ ਵੀ ਕਰੇਗੀ। ਨੈਲਾ ਨੇ ਅੰਜਲੀ ਦੀ ਪਿਆਰੀ ਰੂਪ ਸੱਜਾ ਕਰ ਓਸ ਨੂੰ ਬਿਲਕੁਲ ਬਾਲੀਵੁੱਡ ਨਾਇਕਾ ਬਣਾ ਦਿੱਤਾ ਹੈ। ਗਰਮ ਪਾਣੀ ਦੇ ਦੇਸ਼ ਵਿੱਚ ਮਾਡਲਿੰਗ ਦੀ ਠੰਡੀ ਫੁਹਾਰ ਹੈ ਅੰਜਲੀ।


### ਰੂਪਿਨ ਕਾਹਲੋਂ ਤੇ ਮਨਜੀਤ ਪੱਪੂ ਦੇ "ਉੱਚੇ ਨਿਸ਼ਾਨੇ"

ਪੰਜਾਬੀ ਫ਼ਿਲਮਾਂ ਦੇ ਪਿੱਠਵਰਤੀ ਗਾਇਕ




ਤੇ ਸਟਾਰ ਗਾਇਕ ਰੂਪਿੰਨ ਕਾਹਲੋਂ ਦੀ ਆਵਾਜ਼ ਤੇ ਸੰਗੀਤ ਵਾਹ ਕਯਾ ਬਾਤ ਹੈ ਤੇ ਮਨਜੀਤ ਪੱਪੂ ਜਿਹਾ ਸੁਰੀਲਾ ਤੇ ਸੰਸਕ੍ਰਿਤੀ ਵਾਲਾ ਗਾਇਕ ਸੋਨੇ ਤੇ ਸੁਹਾਗਾ ਤੇ ਦੋਵੇਂ ਐਲਬਮ "ਉੱਚੇ ਨਿਸ਼ਾਨੇ" ਲਿਆ ਰਹੇ ਹਨ। ਰਾਮ ਭੋਗਪੁਰ ਦੀ ਖੁਸ ਨਸੀਬੀ ਕਿ ਮਨੀਸ਼ ਸ਼ਰਮਾ ਨੇ ਵੀਡਿਓ ਫ਼ਿਲਮ ਸਟੈਂਡਰਡ ਦੀ ਤਿਆਰ ਕੀਤੀ ਹੈ । ਸੱਤਾ ਕੋਟਕੀਵਾਲਾ ਗੀਤਕਾਰ ਹੋਏ ਤਾਂ ਫਿਰ ਬੱਲੇ ਹੀ ਬੱਲੇ। ਖ਼ੈਰ "ਉੱਚੇ ਨਿਸ਼ਾਨੇ" ਅਜਿਹੀ ਐਲਬਮ ਜਿਹੜੀ ਬਹੁਤ ਹਿੱਟ ਰਹੇਗੀ ਤੇ ਫਿਲਮਾਂ ਲਈ ਨਿਰਮਾਤਾ ਰੂਪੀਂਨ ਤੇ ਮਨਜੀਤ ਪੱਪੂ ਨੂੰ ਇੱਕਠੇ ਗੀਤ ਦੇਣਗੇ। ਬਾਬਾ ਕਮਲ ਮੰਨ ਗਿਆ ਕਿ ਮਨੀਸ਼ ਸ਼ਰਮਾ ਵੀਡਿਓ ਨੂੰ ਫਿਲਮ ਹੀ ਬਣਾ ਦਿੰਦਾ ਹੈ ਅਰਥਾਤ "ਉੱਚੇ ਨਿਸ਼ਾਨੇ" ਲਾਉਣ ਦਾ ਮਾਹਿਰ ਹੈ ।

### ਸੀਮਾ ਅਨਜਾਣ ਦੀ "ਰੀਝ" ਪਰਦੇ ਤੇ ਆਓਣ ਦੀ




ਪੰਜਾਬ ਦੀ ਲੋਕ ਪ੍ਰਿਅ ਗਾਇਕਾ ਸੀਮਾ ਅਨਜਾਣ ਅੱਜ ਕਲ ਧਾਰਮਿਕ ਗਾਇਕੀ ਵਿੱਚ ਚੋਟੀ ਤੇ ਹੈ। ਦੂਜੇ ਪਾਸੇ ਆਮ ਪੰਜਾਬੀ ਗਾਇਕੀ ਵਿੱਚ ਓਸ ਦਾ ਵਿਸ਼ਾਲ ਪੱਧਰ ਤੇ ਟਰੈਕ ਆਇਆ ਹੈ "ਰੀਝ", ਤੇ ਰਾਮ ਭੋਗਪੁਰ ਦੀ ਪੇਸ਼ਕਸ਼ ਇਹ ਟਰੈਕ ਖੂਬ ਚਰਚਿਤ ਹੋ ਰਿਹਾ ਹੈ। ਹੁਣ ਸੀਮਾ ਅਨਜਾਣ ਨੇ ਕਿਹਾ ਹੈ ਕਿ ਗਾਇਕੀ ਵਿੱਚ ਓਹ ਸਟਾਰ ਰੁਤਬੇ ਦੇ ਬਿਲਕੁਲ ਨਜ਼ਦੀਕ ਹੈ ਤੇ ਓਸ ਦੀ ਖਾਹਿਸ਼ ਪੰਜਾਬੀ ਫ਼ਿਲਮਾਂ ਵਿੱਚ ਐਕਟਿੰਗ ਕਰਨ ਦੀ ਵੀ ਹੈ ਤੇ ਜਲਦੀ ਹੀ ਓਹ ਇੱਕ ਫਿਲਮ ਕਰ ਰਹੀ ਹੈ ਜਿਸ ਵਿੱਚ ਗਾਇਕਾ ਦੀ ਜ਼ਿੰਦਗੀ ਦਾ ਜ਼ਿਕਰ ਦਿਖਾਇਆ ਜਾਏਗਾ। ਯਾਦ ਰਹੇ "ਗਾਜਰ ਵਰਗੀ " ਗੀਤ ਸੀਮਾ ਅਨਜਾਣ ਦੀ ਪਹਿਚਾਣ ਹੈ ਤੇ ਸੀਮਾ ਅਨਜਾਣ ਨੇ ਆਪਣੇ ਕੈਰੀਅਰ ਵਿੱਚ ਨੀਰਜ ਸ਼ਰਮਾ ਦੇ ਸਹਿਯੋਗ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ।


### "ਦਾ ਲੀਜੈਂਡ ਆਫ ਮੌਲਾ ਜੱਟ" ਫਿਰ ਚਰਚਾ ਵਿੱਚ

ਨਾਸਿਰ ਅਦੀਬ ਦੇ ਸੰਵਾਦ, ਨੂਰੀ ਨੱਤ



ਤੇ ਮੌਲਾ ਜੱਟ ਦੀ ਦਹਸ਼ਤ ਤੇ ਸੁਲਤਾਨ ਰਾਹੀ ਤੇ ਮੁਸਤਫ਼ਾ ਕੁਰੈਸ਼ੀ ਵਾਲੀ "ਮੌਲਾ ਜੱਟ" ਨੂੰ ਬਿੱਲਾਲ ਨੇ "ਲੀਜੈਂਡ ਆਫ ਮੌਲਾ ਜੱਟ" ਨਾਲ ਰਲੀਜ਼ ਕਰ ਬਹੁਤ ਪੈਸੇ ਕਮਾਏ ਨੇ। ਹੁਣ ਫਿਰ ਇਸ ਫਿਲਮ ਦੇ ਭਾਰਤੀ ਪੰਜਾਬ ਵਿੱਚ ਆਓਣ ਦੀ ਖ਼ਬਰ ਹੈ। ਫਵਾਦ ਖਾਨ, ਮਾਹਿਰਾ ਖਾਨ, ਹਮਜ਼ਾ ਅੱਬਾਸੀ ਇਸ ਦੇ ਮੁੱਖ ਕਲਾਕਾਰ ਹਨ। ਇਸ ਫਿਲਮ ਨੂੰ ਵਿਦੇਸ਼ਾਂ ਵਿੱਚ ਭਾਰਤੀ ਪੰਜਾਬੀਆਂ ਨੇ ਵੀ ਪੂਰਾ ਮਾਣ ਦਿੱਤਾ ਹੈ। ਇਧਰ ਚਰਚਾ ਸ਼ੁਰੂ ਹੈ ਤੇ ਹੋ ਸਕਦਾ ਹੈ ਕਿ ਧੂਮ ਧਾਮ ਨਾਲ ਇਹ ਫਿਲਮ ਆਏ। ਚਲੋ ਅਗਲੇ ਮਹੀਨੇ ਦੀ 2 ਤਰੀਕ ਦੇਖਦੇ ਜਦ ਇਸ ਫਿਲਮ ਦੇ ਆਓਣ ਦੀ ਚਰਚਾ ਹੈ।

### ਪ੍ਰੀਤ ਕੌਰ ਹਾਈ ਫਾਈ ਹੋਈ, ਲਈ ਨਵੀਂ ਗੱਡੀ



ਪੰਜਾਬੀ ਸ਼ੋਰਟ ਫ਼ਿਲਮਾਂ ਦੀ ਸਟਾਰ ਪ੍ਰੀਤ ਕੌਰ ਕਾਫੀ ਸਟੈਂਡਰਡ ਆਪਣੀ ਨਿੱਜੀ ਜ਼ਿੰਦਗੀ ਵਿੱਚ ਅਪਣਾ ਰਹੀ ਹੈ। ਕੁਲਵਿੰਦਰ ਬਿੱਲਾ ਨਾਲ ਫਿਲਮ ਕਰ ਚੁੱਕੀ ਪ੍ਰੀਤ ਕੌਰ ਨੇ ਆਪਣੀ ਨਵੀਂ ਬੀ ਐਮ ਡਬਲਯੂ ਗੱਡੀ ਲਈ ਹੈ। ਪ੍ਰੀਤ ਦੀ ਵਿਜੇ ਮੱਟੂ ਵੱਲੋਂ ਬਣਾਈ ਫਿਲਮ "ਰੰਗਲਾ ਪੰਜਾਬ" ਵਧੀਆ ਗਈ ਹੈ। ਪ੍ਰੀਤ ਦੀ ਗੱਡੀ ਦਾ ਨੰਬਰ ਵੀ ਵੀ ਆਈ ਪੀ ਨੰਬਰ ਹੈ। ਪ੍ਰੀਤ ਦੀ ਆਲੀਸ਼ਾਨ ਗੱਡੀ ਦਾ ਨੰਬਰ ਵੀ 2222 ਹੈ। ਪ੍ਰੀਤ ਨੇ ਆਪਣਾ ਨਵਾਂ ਘਰ ਵੀ ਜਲੰਧਰ ਨਜ਼ਦੀਕ ਲਿਆ ਹੈ। ਪ੍ਰੀਤ ਕੌਰ ਚੋਟੀ ਦੀ ਮਾਡਲ ਵੀ ਹੈ। ਓਸ ਨੇ ਕਿਹਾ ਨਾਇਕਾ ਨੂੰ ਅੱਜ ਕਲ ਸਟੈਂਡਰਡ ਨਾਲ ਰਹਿਣ ਲਈ ਇਹ ਸਭ ਕੁੱਝ ਕਰਨਾ ਪੈਂਦਾ ਹੈ।

### ਅਮਰਪਾਲ ਮਾਡਲ ਅਭਿਨੇਤਰੀਆਂ ਦਾ ਚਹੇਤਾ ਨਿਰਦੇਸਕ

ਅਮਰਪਾਲ ਲਈ ਇਹ ਕਿੰਨੀ ਅੱਛੀ



ਖ਼ਬਰ ਕਿ ਜਿੱਥੇ ਮਾਡਲ ਤੇ ਨਾਇਕਾ ਸਭ ਨਿਰਦੇਸ਼ਕ ਤੇ ਅੰਦਰ ਅੰਦਰ ਤੇ ਕਈ ਵਾਰ ਤਵੇ ਲਾਉਂਦੀਆਂ ਹਨ ਓਥੇ ਓਸ ਦੀ ਸਿਫਤ ਹੱਦ ਤੋਂ ਵੱਧ ਹੋ ਰਹੀ ਹੈ ।"ਮਜਾਜਣ" ਵਾਲੀ ਗੋਰੀ ਤੋਂ ਸਾਨੀਆ ਤੇ ਸੰਦੀਪ ਮੱਲ੍ਹੀ ਓਸ ਦੇ ਸੁਭਾਅ ਦੀਆਂ ਕਾਇਲ ਹਨ। ਮੰਨਤ ਸਿੰਘ ਓਸ ਨੂੰ ਪਿਆਰਾ ਨਿਰਦੇਸ਼ਕ ਆਖਦੀ ਹੈ। ਅਮਰਪਾਲ ਜਿਹੜੇ ਕਾਮਯਾਬ ਵੀਡਿਓ ਨਿਰਦੇਸ਼ਕ ਨੇ ਹੁਣ ਸਫਲ ਫ਼ਿਲਮਸਾਜ਼ ਵੀ ਬਣ ਰਹੇ ਹਨ। ਨਵੀਂ ਨਾਇਕਾ ਅੰਮ੍ਰਿਤਾ ਸੇਠੀ ਵੀ ਓਸ ਦੀ ਪ੍ਰਸੰਸਕ ਹੈ ਤੇ ਆਖਦੀ ਹੈ ਕਿ ਅਜਿਹਾ ਪਿਆਰਾ ਤੇ ਸਹਿਯੋਗ ਵਾਲਾ ਨਿਰਦੇਸ਼ਕ ਹਰ ਨਾਇਕਾ ਨੂੰ ਮਿਲੇ। ਇਹ ਗੱਲਾਂ ਅਮਰਪਾਲ ਲਈ ਉਤਸ਼ਾਹ ਦਾ ਨਵਾਂ ਵਿਟਾਮਿਨ ਹਨ। ਜਲਦੀ ਅਮਰਪਾਲ ਦੀਆਂ ਤਿੰਨ ਫ਼ਿਲਮਜ਼ ਆ ਰਹੀਆਂ ਹਨ।

-ਅੰਮ੍ਰਿਤ ਪਵਾਰ

# ਅਧਿਆਪਕਾਂ ਦੀਆਂ ਤਰੱਕੀਆਂ ਕਰਦੇ ਸਮੇਂ ਕੁਝ ਅਹਿਮ ਮੁੱਦੇ ਵਿਚਾਰੇ ਜਾਣ

ਮੇਜਰ ਸਿੰਘ ਨਾਭਾ
ਮੋਬ: 946553962





ਨਵੀਂ ਪੰਜਾਬ ਸਰਕਾਰ ਨੇ ਸਿੱਖਿਆ ਦੇ ਮੁੱਦੇ ਨੂੰ ਪਹਿਲ ਦੇ ਆਧਾਰ ਤੇ ਸੁਧਾਰ ਕਰਨ ਲਈ ਵਚਨ ਦਿੱਤਾ ਸੀ। ਸਮਾਰਟ ਸਕੂਲ ਤਾਂ ਪਹਿਲੀ ਸਰਕਾਰ ਨੇ ਹੀ ਬਣਵਾਉਣੇ ਸ਼ੁਰੂ ਕਰ ਦਿੱਤੇ ਸੀ। ਪਰ ਅਜੇ ਤੱਕ ਸਿੱਖਿਆ ਦੇ ਸੁਧਾਰ ਲਈ ਕੋਈ ਨਵੀਂ ਠੋਸ ਨੀਤੀ ਸਾਹਮਣੇ ਨਹੀਂ ਆਈ। ਉਪਰਲੀ ਪੋਚਾ ਪੋਚੀ ਜ਼ਿਆਦਾ ਕੀਤੀ ਜਾ ਰਹੀ। ਕਈ ਸੀਨੀਅਰ ਸੈਕੰਡਰੀ ਸਕੂਲਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ ਕਿਉਂ ਕਿ ਬਦਲੀਆਂ ਕਾਰਨ ਜਾਂ ਲੈਕਚਰਾਰਾਂ ਦੀ ਸੇਵਾ ਮੁਕਤੀ ਕਾਰਨ ਇਹ ਸਕੂਲ ਲੈਕਚਰਾਰਾਂ ਤੋਂ ਸੱਖਣੇ ਹੋਣ ਕਾਰਨ ਮਾਸਟਰ ਕਾਡਰ ਦੇ ਸੀਨੀਅਰ ਅਧਿਆਪਕ ਹੀ ਸਕੂਲ਼ ਇੰਚਾਰਜ਼ ਦਾ ਕੰਮ ਚਲਾਉਣ ਲਈ ਮਜਬੂਰ ਹਨ। ਕਈ ਸਕੂਲਾਂ ਨੂੰ ਸੀਨੀਅਰ ਲੈਕਚਰਾਰ ਹੀ ਪ੍ਰਿੰਸੀਪਲ ਨਾ ਹੋਣ ਕਾਰਨ ਚਲਾ ਰਹੇ ਹਨ। ਇਹੋ ਜਿਹੇ ਸਕੂਲਾਂ ਦੀ ਹਾਲਤ ਬੜੀ ਬਦੱਤਰ ਬਣ ਗਈ ਜਿਥੇ ਬੱਚੇ ਦਾਖਲੇ ਲੈ ਕੇ ਪਛਤਾਵਾ ਜਰੂਰ ਪ੍ਰਗਟ ਕਰਨਗੇ। ਹਾਈ ਵਿਭਾਗ ਅਤੇ ਸੈਕੰਡਰੀ ਵਿਭਾਗ ਦੋਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣਾ ਹੈ। ਪ੍ਰਾਇਮਰੀ ਸਕੂਲਾਂ ਵਿਚ ਇੱਕ ਅਧਿਆਪਕ ਹੀ ਪੰਜ ਕਲਾਸਾਂ ਪੜ੍ਹਾ ਰਿਹਾ ਹੈ, ਇਹ ਅਖਬਾਰਾਂ ਦੀ ਖਬਰਾਂ ਹਨ। ਇਸ ਪ੍ਰਾਇਮਰੀ ਕਾਡਰ ਦੀ ਤਰੱਕੀ ਵੀ ਅਜੇ ਹੋਣੀ ਹੈ, ਜਿਸ ਨਾਲ ਹੇਠਲੇ ਪੱਧਰ 'ਤੇ ਵੀ ਸਕੂਲਾਂ ਵਿਚ ਖਾਲੀ ਪੋਸਟਾਂ ਖਾਲੀ ਹੋ ਜਾਣਗੀਆਂ। ਪੰਜਾਬ ਦੇ ਇਸ ਤਰ੍ਹਾਂ ਦੇ ਕਿੰਨੇ ਹੀ ਅਭਾਗੇ ਸਕੂਲ ਹੋਣਗੇ ਜਿਹੜੇ ਬੱਚਿਆਂ ਦੇ ਭਵਿੱਖ ਲਈ ਸਵਾਲੀਆ ਨਿਸਾਨ ਬਣੇ ਹੋਏ ਹਨ। ਸਿੱਖਿਆ ਸੁਧਾਰ ਦੀ ਗੱਲ ਕਰ ਰਹੀ ਸਰਕਾਰ ਵਲੋਂ ਖਾਲੀ ਪੋਸਟਾਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਕਿਉਂ ਨਹੀਂ ਕੀਤੀ ਜਾ ਰਹੀ ਜੋ ਕੀਤੀ ਜਾ ਰਹੀ ਹੈ ਉਹ ਅਦਾਲਤੀ ਚੱਕਰਾਂ ਵਿਚ ਫਸ ਕੇ ਪੂਰ ਨਹੀਂ ਚੜ੍ਹ ਰਹੀ। ਭਰਤੀ ਦੀ ਪ੍ਰਕ੍ਰਿਆ 'ਚ ਕਾਨੂੰਨੀ ਪੱਖਾਂ ਨੂੰ ਚੰਗੀ ਤਰ੍ਹਾਂ ਪਹਿਲਾਂ ਹੀ ਕਿਉਂ ਨਹੀਂ ਘੋਖਿਆ ਜਾਂਦਾ।

ਆਜ਼ਾਦੀ ਤੋਂ ਬਾਅਦ ਅਜੇ ਤੱਕ ਸਕੂਲਾਂ 'ਚ ਅੰਗਰੇਜ਼ੀ ਅਧਿਆਪਕਾਂ ਦੀਆਂ ਆਸਾਮੀਆਂ ਕੁਝ ਨੂੰ ਛੱਡ ਕੇ ਨਹੀਂ ਦਿੱਤੀਆਂ ਗਈਆਂ ਜਦੋਂ ਕਿ ਅੰਗਰੇਜ਼ੀ ਜਰੂਰੀ ਵਿਸ਼ੇ ਵਜੋਂ ਸ਼ੁਰੂ ਤੋਂ ਪੜ੍ਹਾਈ ਜਾ ਰਹੀ ਹੈ। ਇਸ ਵਿਸ਼ੇ ਨੂੰ ਸਮਾਜਿਕ ਸਿੱਖਿਆ ਮਾਸਟਰ ਪੜ੍ਹਾਉਂਦੇ ਆ ਰਹੇ ਹਨ ਜਿੰਨ੍ਹਾਂ ਨੇ ਬੀ.ਏ. ਵਿੱਚ ਅੰਗਰੇਜ਼ੀ ਇਲੈਕਟਿਵ ਨਹੀਂ ਪੜ੍ਹਿਆ ਹੁੰਦਾ, ਬੀ.ਐਡ. ਵਿੱਚ ਟੀਚਿੰਗ ਆਫ ਇੰਗਲਿਸ਼ ਵੀ ਨਹੀਂ ਲਿਆ ਹੁੰਦਾ। ਪੰਜਾਬੀ, ਹਿੰਦੀ ਨਾਲ ਸੋਸ਼ਲ ਸਟੱਡੀਜ਼ ਲਿਆ ਹੁੰਦਾ। ਇਹੋ ਜਿਹੇ ਅਧਿਆਕ ਜਦੋਂ ਸ.ਸ. ਮਾਸਟਰ ਲੱਗ ਜਾਂਦੇ ਹਨ ਤਾਂ ਉਨ੍ਹਾਂ ਨੂੰ ਦਸਵੀਂ ਤੱਕ ਅੰਗਰੇਜ਼ੀ ਵੀ ਪੜ੍ਹਾਉਣੀ ਪੈਂਦੀ ਹੈ। ਇਸ ਲਈ ਇਨ੍ਹਾਂ ਅਧਿਆਪਕਾਂ ਲਈ ਪੜ੍ਹਾਉਣਾ ਔਖਾ ਵੀ ਲਗਦਾ ਅਤੇ ਬੱਚਿਆਂ ਨੂੰ ਇਨਸਾਫ ਵੀ ਨਹੀਂ ਮਿਲਦਾ। ਜੇਕਰ ਸਿੱਖਿਆ ਵਿਭਾਗ ਤਰੱਕੀ ਦੀਆਂ ਸ਼ਰਤਾਂ ਵਿੱਚ ਅਧਿਆਪਕਾਂ ਦੇ ਪੜ੍ਹਾਉਣ ਵਾਲੇ ਵਿਸ਼ੇ ਵਿਚ ਤਜ਼ਰਬੇ ਨੂੰ ਪਹਿਲਾਂ ਹੀ ਸ਼ਾਮਲ ਕੀਤਾ ਜਾਵੇ ਤਾਂ ਇਹ ਬੱਚਿਆਂ, ਅਧਿਆਪਕਾਂ ਲਈ ਲਾਹੇਬੰਦ ਹੋਵੇਗਾ, ਕੁਝ ਕੁ ਅਧਿਆਂਪਕਾਂ ਨੂੰ ਤਰੱਕੀ ਨੇੜੇ ਆਈ ਨੂੰ ਕਈ ਵਾਰ ਨਾ ਹੋਣ ਤੇ ਇੱਕ ਵਾਰੀ ਤਾਂ ਮਹਿਸੂਸ ਹੋਵੇਗਾ ਪਰ ਬਾਅਦ ਵਾਲੇ ਅਧਿਆਪਕ ਆਪਣੇ ਸਬੰਧਤ ਵਿਸ਼ੇ ਵਿਚ ਪੋਸਟ ਗਰੇਜੂਕੇਸ਼ਨ ਹੀ ਕਰਨਗੇ, ਹੋਰ ਵਿਸ਼ੇ ਵਿਚ ਕੀਤੀ ਪੜ੍ਹਾਈ ਮਾੜੀ ਨਹੀਂ, ਇਹ ਵਧੀਆ ਗੱਲ ਹੈ, ਉਂਝ ਗਿਆਨ ਵਿਚ ਵਾਧਾ ਜਰੂਰ ਕਰੇਗੀ। ਅੰਗਰੇਜ਼ੀ ਦਾ ਗਿਆਨ ਹੋਣਾ ਅੰਤਰ ਰਾਸਟਰੀ ਪੱਧਰ ਉੱਪਰ ਜਾ ਕੇ ਬਹੁਤ ਮਹੱਤਵਪੂਰਨ ਹੈ। ਹੁਣ ਜਿਵੇਂ ਧੜਾਧੜ ਬੱਚੇ ਵਿਦੇਸ਼ਾਂ ਵਿਚ ਜਾ ਰਹੇ ਹਨ ਉਹ ਅੰਗਰੇਜ਼ੀ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ ਤਾਂ ਹੀ ਆਈਲੈਟਸ ਪਾਸ ਕਰ ਸਕਦੇ ਹਨ।

ਦੇਸ਼ ਅੰਦਰ ਸਰਕਾਰੀ ਯੁਨੀਵਰਸਿਟੀਆਂ ਤੋਂ ਇਲਾਵਾ ਮਾਨਤਾ ਪ੍ਰਾਪਤ ਡੀਮਡ, ਪ੍ਰਾਈਵੇਟ ਯੁਨੀਵਰਸਿਟੀਆਂ ਕਾਲਜ ਆਦਿ ਡਿਸਟੈਂਸ ਐਜੂਕੇਸ਼ਨ ਰਾਹੀਂ ਪੜ੍ਹਾਈ ਕਰਵਾਉਂਦੀਆਂ ਹਨ ਭਾਵੇਂ ਕਿ ਇਹ ਪੜ੍ਹਾਈ ਘਰ ਬੈਠ ਕੇ ਕੀਤੀ ਹੁੰਦੀ ਹੈ। ਕਈ ਸੈਂਟਰਾਂ ਵਲੋਂ ਤਾਂ ਪੇਪਰ ਵੀ ਕਾਗਜ਼ੀ ਖਾਨਾਪੂਰਤੀ ਲਈ ਲਏ ਜਾਂਦੇ ਹਨ।

ਭਾਵੇਂ ਕਈ ਹੇਠਲੇ ਪੱਧਰ ਦੀਆਂ ਚਰਚਿਤ ਯੁਨੀਵਰਸਿਟੀਆਂ ਨੂੰ ਸਿੱਖਿਆ ਵਿਭਾਗ ਨੇ ਮੰਨਣ ਤੋਂ ਇਨਕਾਰ ਵੀ ਕੀਤਾ ਪਰ ਉੱਚ ਅਦਾਲਤਾਂ ਨੇ ਮਾਨਤਾ ਪ੍ਰਾਪਤ ਇਨ੍ਹਾਂ ਸੰਸਥਾਵਾਂ ਦੀ ਪੜ੍ਹਾਈ ਵਾਲਿਆਂ ਦੇ ਹੱਕ ਵਿਚ ਫੈਸ਼ਲੇ ਦੇ ਕੇ ਉਨ੍ਹਾ ਲਈ ਵੀ ਰਾਹ ਪੱਧਰਾ ਕਰ ਦਿਤਾ ਹੋਇਆ ਹੈ।

ਹੁਣੇ ਹੀ ਸਿੱਖਿਆ ਵਿਭਾਗ ਨੇ ਮਾਸਟਰ ਕਾਡਰ ਦੀਆਂ ਬਤੌਰ ਲੈਕਚਰਾਰ ਤਰੱਕੀਆਂ ਕੀਤੀਆਂ ਹਨ ਜੋ ਕਿ ਅਖਬਾਰਾਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਇਨ੍ਹਾਂ ਵਿਚੋਂ 25 ਅਧਿਆਕਾਂ ਦੀਆਂ ਤਰੱਕੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਰੱਦ ਕਰ ਦਿੱਤੀਆਂ ਹਨ, ਜੋ ਸਰਕਾਰ ਦੇ ਸਿੱਖਿਆ ਸੁਧਾਰ ਦੀ ਪੋਲ੍ਹ ਖੋਲਦਾ ਹੈ। ਜਿਨ੍ਹਾਂ ਵਿਚ ਅੰਗਰੇਜ਼ੀ ਵਿਸ਼ੇ ਦੇ 301 ਲੈਕਚਰਾਰਾਂ ਵਿੱਚ 298 ਅਧਿਆਪਕਾਂ ਨੇ ਅੰਗਰੇਜ਼ੀ ਨਹੀਂ ਪੜ੍ਹਾਈ ਜਿਨ੍ਹਾਂ ਵਿਚ 127 ਸਾਇੰਸ, 102 ਸੋਸ਼ਲ ਸਟੱਡੀਜ਼, 41 ਮੈਥ, 7 ਪੰਜਾਬੀ, 4 ਖੇਤੀਬਾੜੀ, 3 ਅੰਗਰੇਜ਼ੀ ਅਤੇ 1 ਸਰੀਰਕ ਸਿੱਖਿਆ ਦੇ ਅਧਿਆਪਕ ਹਨ। ਕੀ ਇਹ ਅਧਿਆਪਕ ਆਪਣੇ ਵਿਸ਼ੇ ਨਾਲ ਨਿਆਂ ਕਰ ਸਕਣਗੇ ? ਪਹਿਲਾਂ ਕਈ ਵਾਰ ਇਹ ਮਾਮਲਾ ਸਬੰਧਤ ਵਿਸ਼ੇ ਵਿਚ ਤਰੱਕੀ ਕਰਨ ਬਾਰੇ ਚਰਚਾ ਵਿੱਚ ਆਇਆ ਤਾਂ ਹੈ ਪਰ ਕੋਈ ਬਦਲਾਅ ਨਹੀਂ ਆਇਆ। ਇਸੇ ਤਰ੍ਹਾਂ ਹੋਰ ਵਿਸ਼ਿਆਂ ਦਾ ਵੀ ਇਹੋ ਹਾਲ ਹੈ। ਸਿੱਖਿਆ ਪ੍ਰਤੀ ਸਿੱਖਿਆ ਵਿਭਾਗ ਕਿੰਨਾ ਕੁ ਗੰਭੀਰ ਹੈ ਇਕੱਲੇ ਲੈਕਚਰਾਰਾਂ ਦੀਆਂ ਤਕਰੀਬਨ ਤਿੰਨ ਹਜ਼ਾਰ ਖਾਲੀ ਪੋਸਟਾਂ ਦੀਆਂ ਲਿਸਟ ਤੋਂ ਸਪਸ਼ਟ ਹੋ ਜਾਂਦਾ ਹੈ, ਹੋ ਸਕਦਾ ਕੁਝ ਪੋਸਟਾਂ ਅਜੇ ਇਨ੍ਹਾਂ ਵਿਚ ਸ਼ਾਮਲ ਨਾ ਹੋਣ। ਇਹ ਤਾਂ ਇਕੱਲੇ ਅੰਗਰੇਜ਼ੀ ਵਿਸ਼ੇ ਦਾ ਹਾਲ ਹੈ ਬਾਕੀ ਵਿਸ਼ਿਆਂ ਦਾ ਹਾਲ ਵੀ ਇਹੋ ਹੋਵੇਗਾ ਜਿ ਨਾਲ ਹੇਠਲੇ ਮਾਸਟਰ ਕਾਡਰ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਹੋ ਜਾਣੀਆਂ ਹਨ। ਸਰਕਾਰ ਪਹਿਲਾਂ ਹੀ ਕਿਉਂ ਨਹੀਂ ਨਵੀਂ ਭਰਤੀ ਪ੍ਰਕ੍ਰਿਆ ਕਰਕੇ ਸ਼ਿਲੈਕਸ਼ਨ ਲਿਸਟ ਬਣਾਉਂਦੀ, ਜਿਸ ਨਾਲ ਨਾਲੋਂ ਨਾਲ ਖਾਲੀ ਪੋਸਟਾਂ ਭਰਨ ਦਾ ਕੰਮ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਵੇਗਾ।

ਮਾਸਟਰ ਕਾਡਰ ਦੀਆਂ ਪੋਸਟਾਂ ਦਾ ਪਹਿਲਾਂ ਹੀ ਖਾਲੀ ਪਈਆਂ ਹਨ, ਹੁਣ ਗਿਣਤੀ ਵਿਚ ਤਰੱਕੀਆਂ ਕਾਰਨ ਹੋਰ ਇਜ਼ਾਫਾ ਹੋ ਜਾਵੇਗਾ। ਇਹ ਸਾਰਾ ਕੁਝ ਸਰਕਾਰ ਦੇ ਅੱਧੇ ਸਮੇਂ ਨੂੰ ਪਾਰ ਕਰ ਚੁੱਕਣ ਦੇ ਬਾਵਜੂਦ ਨਿਯੰਤਰ ਵਿਚ ਨਹੀਂ ਆਇਆ, ਹੁਣ ਤਾਂ ਸਮਾਂ ਪੁੱਠੀ ਗਿਣਤੀ ਵਾਲਾ ਸ਼ੁਰੂ ਹੋ ਗਿਆ ਹੈ। ਦਿੱਲੀ ਪੈਟਰਨ ਦੀ ਗੱਲ ਕੀਤੀ ਜਾਂਦੀ ਹੈ ਪਰ ਅਜੇ ਤੱਕ ਅਧਿਆਪਕਾਂ ਦੀ ਭਰਤੀ ਹੀ ਪੂਰੀ ਨਹੀਂ ਹੋ ਰਹੀ। ਜਦੋਂ ਤਰੱਕੀਆਂ ਕਰਨੀਆਂ ਹੋਣ ਤਾਂ ਚੰਗਾ ਹੋਵੇਗਾ ਜੇ ਪਹਿਲਾਂ ਹੀ ਖਾਲੀ ਹੋਣ ਵਾਲੀਆਂ ਆਸਾਮੀਆਂ ਲਈ ਭਰਤੀ ਪ੍ਰਕ੍ਰਿਆ ਸ਼ੁਰੂ ਕਰਕੇ ਮੈਰਿਟ ਲਿਸ਼ਟ ਤਿਆਰ ਰੱਖੀ ਜਾਵੇ ਥਾ ਜੋ ਨਾਲੋ ਨਾਲ ਖਾਲੀ ਥਾਵਾਂ ਤੁਰੰਤ ਭਰੀਆਂ ਜਾ ਸਕਣ ਜਿਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਅਧਿਆਪਕ ਦਿਵਸ਼ ਸਨਮਾਨ ਸਮਾਰੋਹ ਵਿਚ ਬੋਲਦਿਆਂ ਸਕੂਲਾਂ ਵਿੱਚ ਪੰਜਾਬੀ ਦੀਆਂ ਸਾਰੀਆਂ ਖਾਲੀ ਪੋਸਟਾਂ ਭਰਨ ਦੀ ਗੱਲ ਕਹੀ ਹੈ। ਦੂਸਰੇ ਵਿਸ਼ਿਆਂ ਦੀਆਂ ਹਜ਼ਾਰਾਂ ਖਾਲੀ ਪਈਆਂ ਪੋਸਟ ਭਰਨ ਬਾਰੇ ਚੁੱਪੀ ਕਿਉਂ ? ਸਰਕਾਰ ਨੇ ਉਂਝ ਸਿੱਖਿਆ ਦੇ ਸਧਾਰ ਨੂੰ ਪਹਿਲੇ ਮੁੱਦੇ ਵਿਚ ਸ਼ਾਮਲ ਕੀਤਾ ਹੋਇਆ ਹੈ। ਸਰਕਾਰ ਇਸ ਮੁੱਦੇ ਪ੍ਰਤੀ ਅਜੇ ਤੱਕ ਗੰਭੀਰ ਕਿਉਂ ਨਹੀਂ ?

## ਪੰਜਾਬੀ ਸਿਨੇਮਾ ਨੂੰ ਵਿਲੱਖਣਤਾਂ ਦੇ ਨਵੇਂ ਰੰਗਾਂ 'ਚ ਰੰਗੇਗੀ ਫਵਾਦ ਖਾਨ ਦੀ ਫਿਲਮ 'ਦ ਲੀਜੈਂਡ ਆਫ ਮੌਲਾ ਜੱਟ'

ਦੱਖਣੀ ਏਸ਼ੀਆਈ ਸਿਨੇਮਾ ਲਈ ਇੱਕ ਮਹੱਤਵਪੂਰਨ ਵਿਕਾਸ ਦੀ ਲੜੀ ਵਿੱਚ, ਖੇਤਰ ਦੇ ਸਭ ਤੋਂ ਵੱਡੇ ਬਲਾਕਬਸਟਰਾਂ ਵਿੱਚੋਂ ਇੱਕ, 'ਦ ਲੀਜੈਂਡ ਆਫ਼ ਮੌਲਾ ਜੱਟ', ਅਗਲੇ ਮਹੀਨੇ ਦੇ ਸ਼ੁਰੂ ਵਿੱਚ ਆਪਣੀ ਭਾਰਤੀ ਸ਼ੁਰੂਆਤ ਕਰਨ ਲਈ ਤਿਆਰ ਹੈ। ਬਿਲਾਲ ਲਾਸ਼ਾਰੀ ਦੁਆਰਾ ਨਿਰਦੇਸ਼ਤ, ਇਹ ਸਿਨੇਮੈਟਿਕ ਡਰਾਮਾ ਪਹਿਲਾਂ ਹੀ ਗਲੋਬਲ ਪ੍ਰਸ਼ੰਸਾ ਪ੍ਰਾਪਤ ਕਰ ਚੁੱਕੀ ਹੈ, ਅਤੇ ਕਿਆਸ ਲਗਾਏ ਜਾ ਰਹੇ ਹਨ ਕਿ ਜ਼ੀ ਸਟੂਡੀਓਜ਼ ਇਸ ਮਹਾਂਕਾਵਿ ਫਿਲਮ ਨੂੰ ਭਾਰਤੀ ਦਰਸ਼ਕਾਂ ਲਈ ਲਿਆਉਣ ਵਾਲਾ ਪ੍ਰਮੁੱਖ ਭਾਰਤੀ ਵਿਤਰਕ ਹੋ ਸਕਦਾ ਹੈ। ਫਵਾਦ ਖਾਨ, ਮਾਹਿਰਾ ਖਾਨ, ਹਮਜ਼ਾ ਅਲੀ ਅੱਬਾਸੀ, ਅਤੇ ਹੁਮੈਮਾ ਮਲਿਕ ਦੀ ਸਟਾਰ-ਸਟੱਡਡ ਕਾਸਟ ਹੈ, ਇਹ ਫਿਲਮ ਮੌਲਾ ਅਤੇ ਨੂਰੀ ਵਿਚਕਾਰ ਕਲਾਸਿਕ ਦੁਸ਼ਮਣੀ ਦੀ ਕਾਲਪਨਿਕ ਪੁਨਰ-ਕਲਪਨਾ ਪੇਸ਼ ਕਰਦੀ ਹੈ।



ਅਸਲ ਵਿੱਚ ਫ਼ਿਲਮ ਦਸੰਬਰ 2022 ਵਿੱਚ ਰਿਲੀਜ਼ ਹੋਣ ਲਈ ਤੈਅ ਕੀਤੀ ਗਈ ਸੀ, ਫਿਲਮ ਦੀ ਭਾਰਤੀ ਐਂਟਰੀ ਵਿੱਚ ਦੇਰੀ ਹੋ ਗਈ ਸੀ, ਪਰ ਨਵੀਨਤਮ ਚਰਚਾ ਇਹ ਸੰਕੇਤ ਦਿੰਦੀ ਹੈ ਕਿ ਉਡੀਕ ਜਲਦੀ ਹੀ ਖਤਮ ਹੋ ਸਕਦੀ ਹੈ। ਕੈਨੇਡਾ, ਅਮਰੀਕਾ ਅਤੇ ਯੂ.ਕੇ. ਸਮੇਤ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਦੇ ਨਾਲ, ਦ ਲੀਜੈਂਡ ਆਫ਼ ਮੌਲਾ ਜੱਟ ਨੂੰ ਭਾਰਤ ਵਿੱਚ ਆਪਣੀ ਸਫਲਤਾ ਜਾਰੀ ਰੱਖਣ ਦੀ ਬਹੁਤ ਉਮੀਦ ਹੈ। ਇਹ ਰਿਲੀਜ਼ ਨਾ ਸਿਰਫ਼ ਸਰਹੱਦ-ਪਾਰ ਸਿਨੇਮੈਟਿਕ ਆਦਾਨ-ਪ੍ਰਦਾਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦੀ ਹੈ ਬਲਕਿ ਫਿਲਮ ਦੀ ਸ਼ਕਤੀ ਦੁਆਰਾ ਸੱਭਿਆਚਾਰਕ ਸਬੰਧਾਂ ਨੂੰ ਵੀ ਮਜ਼ਬੂਤ ਕਰੇਗੀ।

ਹਰਜਿੰਦਰ ਸਿੰਘ 9463828000

# ਪਿਰਾਮਿਡ ਅਤੇ ਉਹਨਾਂ ਦਾ ਰਹੱਸ

ਜਸਵਿੰਦਰ ਸਿੰਘ ਰੁਪਾਲ



ਪਿਰਾਮਿਡ ਇਕ ਤਿੰਨ ਆਯਾਮ ਵਾਲੀ ਜਿਆਮਿਤੀ ਰਚਨਾ ਹੈ , ਜਿਸ ਦਾ ਆਧਾਰ ਬਹੁਭੁਜੀ ਆਕਾਰ ਦਾ ਹੁੰਦਾ ਹੈ ਅਤੇ ਇਸਦੇ ਤਿਕੋਣੀ ਪੱਖ (ਸਾਈਡਾਂ) ਇੱਕ ਸਿਰੇ (ਅਪੈਕਸ ) ਉੱਤੇ ਮਿਲਦੇ ਹਨ। ਪਿਰਾਮਿਡ ਦੇ ਆਧਾਰ ਦਾ ਆਕਾਰ ਕਿਸੇ ਵੀ ਬਹੁਭੁਜ-ਵਰਗਾਕਾਰ, ਆਇਤ, ਤਿਕੋਣ ਆਕਾਰ ਦਾ ਹੋ ਸਕਦਾ ਹੈ, ਪਰ ਜਿਆਦਾਤਰ ਪਿਰਾਮਿਡ ਦਾ ਆਧਾਰ ਚੌਰਸ ਜਾਂ ਤਿਕੋਣ ਵਾਲਾ ਹੀ ਹੁੰਦਾ ਹੈ।

ਪਿਰਾਮਿਡ ਵਿਸ਼ੇਸ਼ ਕਰਕੇ ਮਿਸਰ ਦੇ ਮਹਾਨ ਪਿਰਾਮਿਡ, ਸਦੀਆਂ ਤੋਂ ਮਨੁੱਖੀ ਰੁਚੀ ਦਾ ਕੇਂਦਰ ਬਣੇ ਹੋਏ ਹਨ। ਇਹ ਇਤਿਹਾਸਕ ਇਮਾਰਤਾਂ ਨਾ ਕੇਵਲ ਮਨੁੱਖੀ ਕਲਾ ਦਾ ਉੱਤਮ ਨਮੂਨਾ ਹਨ, ਸਗੋਂ ਇਹਨਾਂ ਨਾਲ ਜੁੜੇ ਕਈ ਰਹੱਸ ਅਜਿਹੇ ਹਨ, ਜਿਹੜੇ ਅੱਜ ਵੀ ਅਜਿਹੀਆਂ ਗੰਢਾਂ ਪਾਉਂਦੇ ਹਨ, ਜਿਹੜੀਆਂ ਖੁੱਲਣ ਦਾ ਨਾਂ ਨਹੀਂ ਲੈ ਰਹੀਆਂ। ਵਿਸ਼ਵ ਦੇ ਅੱਠ ਅਜੂਬਿਆਂ ਵਿਚੋਂ ਇੱਕ ਮਿਸਰ ਦੇ ਗੀਜਾ ਦੇ ਪਿਰਾਮਿਡ ਨੂੰ ਅਰਕੀਟੈਕਚਰ, ਵਿਗਿਆਨ ਅਤੇ ਧਾਰਮਿਕ ਵਿਸ਼ਵਾਸਾਂ ਦੇ ਪ੍ਰਤੀਕ ਵਜੋਂ ਵੇਖਿਆ ਜਾਂਦਾ ਹੈ। ਮੁੱਖ ਰੂਪ ਵਿਚ ਇਹ ਪਿਰਾਮਿਡ ਪੁਰਾਤਨ ਰਾਜਿਆਂ ਦੇ ਮ੍ਰਿਤਕ ਸਰੀਰਾਂ ਨੂੰ ਸੰਭਾਲਣ ਲਈ ਬਣਾਏ ਜਾਂਦੇ ਸਨ।

ਵਿਸ਼ਵ ਪ੍ਰਸਿੱਧ ਪਿਰਾਮਿਡ:-ਪਿਰਾਮਿਡਾਂ ਦੀਆਂ ਖੂਬੀਆਂ ਜਾਨਣ ਤੋਂ ਪਹਿਲਾਂ ਕੁਝ ਮਸ਼ਹੂਰ ਪਿਰਾਮਿਡਾਂ ਤੋਂ ਜਾਣੂ ਹੋ ਜਾਣਾ ਵਧੇਰੇ ਠੀਕ ਰਹੇਗਾ।

1. ਗੀਜਾ ਦਾ ਮਹਾਨ ਪਿਰਾਮਿਡ, ਮਿਸਰ :- ਇਹ ਮਿਸਰ ਦਾ ਸਭ ਤੋਂ ਮਸ਼ਹੂਰ ਪਿਰਾਮਿਡ ਹੈ ਅਤੇ ਸੰਸਾਰ ਦੇ ਪ੍ਰਾਚੀਨ ਅਜੂਬਿਆਂ ਵਿਚੋਂ ਇੱਕ ਹੈ। ਇਸ ਪਿਰਾਮਿਡ 4500 ਸਾਲ ਪਹਿਲਾਂ ਦਾ ਬਣਿਆ ਹੋਇਆ ਹੈ ਅਤੇ ਇਹ ਫਰਾਓ ਖੂਫੂ ਦਾ ਮਜ਼ਾਰ ਮੰਨਿਆ ਜਾਂਦਾ ਹੈ। ਇਹ 146.6 ਮੀਟਰ ਲੰਮਾ ਸੀ, ਹਾਲਾਂਕਿ ਕੁਝ ਸਾਲਾਂ ਵਿਚ ਇਸਦੀ ਉਚਾਈ ਕੁਝ ਘਟ ਗਈ ਹੈ।

2. ਚੀਚਨ ਇਤਜਾ ਦਾ ਪਿਰਾਮਿਡ, ਮੈਕਸੀਕੋ:- ਇਹ ਮੈਕਸੀਕੋ ਵਿਚ ਮਾਇਆ ਸਭਿਆਚਾਰ ਦਾ ਮਹਾਨ ਪਿਰਾਮਿਡ ਹੈ। ਇਹ ਯੁਕਾਤਾਨ ਪ੍ਰਦੇਸ਼ ਵਿਚ ਸਥਿਤ ਹੈ ਅਤੇ ਕੂਕੁਲਕਾਨ ਦੇ ਮੰਦਰ ਵਜੋਂ ਪ੍ਰਸਿੱਧ ਹੈ। ਇਸ ਪਿਰਾਮਿਡ ਵਿਚ 365 ਪੌੜੀਆਂ ਹਨ ਜੋ ਸਾਲ ਦੇ 365 ਦਿਨਾਂ ਦੀਆਂ ਪ੍ਰਤੀਕ ਹਨ।

3. ਤਿਓਤਿਹੁਆਕਾਨ ਦਾ ਪਿਰਾਮਿਡ, ਮੈਕਸੀਕੋ :- ਮੈਕਸੀਕੋ ਵਿਚ ਸਥਿਤ ਇਹ ਪਿਰਾਮਿਡ ਤਿਓਤਿਹੁਆਕਾਨ ਸ਼ਹਿਰ ਵਿਚ ਹੈ ਅਤੇ ਇਹ ਦੱਖਣੀ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਅਤੇ ਪੁਰਾਤਨ ਇਮਾਰਤਾਂ ਵਿਚੋਂ ਇਕ ਹੈ। ਇਹ ਪਿਰਾਮਿਡ ਲੱਗਭੱਗ 65 ਮੀਟਰ ਉੱਚਾ ਹੈ।

4. ਬੈਂਟ ਪਿਰਾਮਿਡ ਦਾਹਸ਼ੂਰ, ਮਿਸਰ :- ਇਹ ਪਿਰਾਮਿਡ ਮਿਸਰ ਦੇ ਦਾਹਸ਼ੂਰ ਖੇਤਰ ਵਿਚ ਸਥਿਤ ਹੈ। ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਸਦੀ ਬਣਾਵਟ ਵੱਖਰੀ ਹੈ ਕਿਉਂਕਿ ਇਸਦੀਆਂ ਕੰਧਾਂ ਅੱਧੇ ਰਸਤੇ ਤੋਂ ਤਿਰਛੀਆਂ ਹੋ ਜਾਂਦੀਆਂ ਹਨ। ਇਸ ਨੂੰ ਫ਼ਰਾਓ ਸਨੇਫਰੂ ਨੇ ਬਣਵਾਇਆ ਸੀ।

5. ਪਿਰਾਮਿਡ ਆਫ ਖਾਫਰਾ, ਮਿਸਰ :- ਗੀਜਾ ਵਿਚ ਸਥਿਤ ਇਹ ਪਿਰਾਮਿਡ ਫਰਾਓ ਖਾਫਰੇ ਦਾ ਹੈ। ਇਹ ਗੀਜਾ ਦੇ ਮਹਾਨ ਪਿਰਾਮਿਡ ਨਾਲੋਂ ਥੋੜਾ ਛੋਟਾ ਹੈ, ਪਰ ਇਸ ਦੇ ਉੱਪਰਲੇ ਹਿੱਸੇ ਤੇ ਪੱਥਰ ਦੀ ਪੁਰਾਣੀ ਕਵਚ ਜਿਆਮੀਅਤ ਅਜੇ ਵੀ ਬਚੀ ਹੋਈ ਹੈ।



6. ਨੂਬੀਆ ਦੇ ਪਿਰਾਮਿਡ, ਸੂਡਾਨ:- ਇਹ ਪਿਰਾਮਿਡ ਸੂਡਾਨ ਦੇ ਨੂਬੀਆ ਖੇਤਰ ਵਿਚ ਸਥਿਤ ਹਨ। ਮਿਸਰ ਦੇ ਪਿਰਾਮਿਡਾਂ ਦੀ ਤਰਾਂ ਇਹ ਵੀ ਮਜਾਰਾਂ ਵਜੋਂ ਬਣਾਏ ਗਏ ਸਨ, ਪਰ ਇਹਨਾਂ ਦੀ ਬਣਾਵਟ ਮਿਸਰੀ ਪਿਰਾਮਿਡਾਂ ਨਾਲੋਂ ਛੋਟੀ ਅਤੇ ਤਿੱਖੀ ਹੈ।

7. ਮੀਡੀਅਮ ਪਿਰਾਮਿਡ, ਮਿਸਰ :-ਇਹ ਮਿਸਰ ਵਿਚ ਦਾਹਸ਼ੂਰ ਤੋਂ ਦੱਖਣ ਵੱਲ ਸਥਿਤ ਹੈ। ਇਹ ਪਿਰਾਮਿਡ ਆਰੰਭਕ ਮਿਸਰੀ ਪਿਰਾਮਿਡਾਂ ਵਿਚੋਂ ਇਕ ਹੈ ਅਤੇ ਇਸਦੀ ਬਣਾਵਟ ਦੇ ਅਨੁਸਾਰ ਇਹ ਪਿਰਾਮਿਡ ਦੌਰ ਦੇ ਵਿਕਾਸ ਨੂੰ ਦਰਸਾਉਂਦਾ ਹੈ।

ਪਿਰਾਮਿਡ ਦੀ ਆਰਕੀਟੈਕਚਰ ਤੇ ਖ਼ਾਸੀਅਤਾਂ :- ਪਿਰਾਮਿਡਾਂ ਦੀ ਬਨਾਵਟੀ ਦੇ ਤਰੀਕੇ ਅਤੇ ਅਕਾਸ਼ੀ ਸੰਗਠਨਾ (alignment) ਹੈਰਾਨ ਕਰ ਦੇਣ ਵਾਲੀ ਹੈ। ਇਹ ਇਮਾਰਤਾਂ ਐਸੀ ਸੁਧਾਈ ਨਾਲ ਬਣਾਈਆਂ ਗਈਆਂ ਹਨ ਕਿ ਇਹਨਾਂ ਦੀਆਂ ਚੋਟੀਆਂ ਨਿੱਜੀ ਤੌਰ ਤੇ ਖਾਸ ਤਾਰਿਆਂ ਨਾਲ ਇੱਕ ਲਾਈਨ ਵਿਚ ਹੁੰਦੀਆਂ ਹਨ। ਸਭ ਤੋਂ ਵੱਡਾ ਪਿਰਾਮਿਡ, ਗੀਜ਼ਾ ਦਾ ਮਹਾਨ ਪਿਰਾਮਿਡ, ਤਾਕਤ,ਧਰਮ ਅਤੇ ਮਿਸਰ ਦੇ ਰਾਜੇ-ਮਹਾਰਾਜਿਆਂ ਦੀ ਮਹਾਨਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਨੂੰ ਕਿਵੇਂ ਬਣਾਇਆ ਗਿਆ, ਕਿਹੜੀਆਂ ਤਕਨੀਕਾਂ ਵਰਤੀਆਂ ਗਈਆਂ, ਇਹ ਸਭ ਅੱਜ ਵੀ ਇਕ ਰਹੱਸ ਬਣਿਆ ਹੋਇਆ ਹੈ।

ਐਂਟੋਇਨ ਬੋਵਿਸ ਅਤੇ ਪਿਰਾਮਿਡਾਂ ਦੀ ਊਰਜਾ :-ਫਰਾਂਸੀਸੀ ਵਿਗਿਆਨੀ ਅਤੇ ਪੁਰਾਤੱਤਵਕਾਰ ਐਂਟੋਇਨ ਬੋਵਿਸ ਨੇ ਪਹਿਲੀ ਵਾਰ 1930 ਵਿਚ ਪਿਰਾਮਿਡਾਂ ਦੇ ਊਰਜਾ ਗੁਣਾਂ ਦੀ ਖੋਜ ਕੀਤੀ। ਉਸ ਦੀ ਇਹ ਖੋਜ ਗੀਜਾ ਦੇ ਪਿਰਾਮਿਡ ਤੋਂ ਕੀਤੇ ਪ੍ਰੇਖਣਾਂ ਦੇ ਆਧਾਰ ਤੇ ਸੀ। ਉਸ ਨੇ ਪਾਇਆ ਕਿ ਪਿਰਾਮਿਡ ਦੇ ਅੰਦਰ ਚੀਜਾਂ ਖਰਾਬ ਨਹੀਂ ਹੁੰਦੀਆਂ, ਬਲਕਿ ਲੰਮੇ ਸਮੇਂ ਤੱਕ ਸਥਿਰ ਅਤੇ ਸੁਰੱਖਿਅਤ ਰਹਿੰਦੀਆਂ ਹਨ। ਇਸ ਖੋਜ ਦੇ ਆਧਾਰ ਤੇ ਇਹ ਮੰਨਿਆ ਜਾਂਦਾ ਹੈ ਕਿ ਪਿਰਾਮਿਡ ਦਾ ਆਕਾਰ ਕੁਦਰਤੀ ਤਾਕਤਾਂ ਨੂੰ ਕੇਂਦਰਿਤ ਕਰਨ ਵਿਚ ਸਮਰੱਥ ਹੈ, ਜਿਸ ਨਾਲ ਉਸ ਅੰਦਰ ਮੌਜੂਦ ਪਦਾਰਥਾਂ ਵਿਚ ਕੁਝ ਗੁਣਾਤਮਕ ਤਬਦੀਲੀਆਂ ਆਉਂਦੀਆਂ ਹਨ, ਜੋ ਹੋਰ ਕਿਸੇ ਢੰਗ ਨਾਲ ਨਹੀਂ ਆਉਂਦੀਆਂ।

### ਐਂਟੋਇਨਬੋਵਿਸ ਦੀਆਂ ਖੋਜਾਂ ਦੇ ਮੁੱਖ ਨੁਕਤੇ

1. ਜੈਵਿਕ ਪਦਾਰਥਾਂ ਦਾ ਸੰਰਖਣ :- (Preservation of Organic Matter):-ਬੋਵਿਸ ਨੇ ਪਿਰਾਮਿਡਾਂ ਦੇ ਅੰਦਰ ਪਾਇਆ ਕਿ ਛੋਟੇ ਜਾਨਵਰਾਂ ਦੀਆਂ ਲਾਸ਼ਾਂ ਖਰਾਬ ਨਹੀਂ ਹੁੰਦੀਆਂ। ਇਨ੍ਹਾਂ ਲਾਸ਼ਾਂ ਨੂੰ ਦੇਖ ਕੇ ਬੋਵਿਸ ਨੇ ਸਿੱਟਾ ਕੱਢਿਆ ਕਿ ਪਿਰਾਮਿਡ ਦੇ ਅੰਦਰ ਇਕ ਵਿਸ਼ੇਸ਼ ਊਰਜਾ ਖੇਤਰ ਬਣਦਾ ਹੈ ਜੋ ਵਿਕਾਸ ਰਹਿਤ ਪਦਾਰਥਾਂ ਨੂੰ ਡੀ ਕੰਪੋਜ਼ ਹੋਣ ਤੋਂ ਰੋਕਦਾ ਹੈ।

2. ਪਾਣੀ ਅਤੇ ਸਰੀਰਕ ਚੀਜਾਂ ਤੇ ਪ੍ਰਭਾਵ :- ਉਸ ਨੇ ਪਾਣੀ ਅਤੇ ਹੋਰ ਪਦਾਰਥਾਂ ਤੇ ਵੀ ਪ੍ਰਭਾਵੀ ਤਬਦੀਲੀਆਂ ਦਾ ਅਧਿਐਨ ਕੀਤਾ। ਬੋਵਿਸ ਦੇ ਅਨੁਸਾਰ, ਪਿਰਾਮਿਡ ਦੇ ਅੰਦਰ ਪਾਇਆ ਗਿਆ ਪਾਣੀ ਵਧੀਕ ਪਵਿੱਤਰ ਅਤੇ ਮੈਡੀਟੇਟਿਵ ਹੋ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਪਿਰਾਮਿਡ ਦੇ ਆਕਾਰ ਦੇ ਕਾਰਨ ਇਹ ਪਾਣੀ ਦੇ ਮਾਲੀਕਿਊਲਾਂ ਨੂੰ ਸੰਭਾਲ ਕੇ ਰੱਖਦਾ ਹੈ ਜਿਸ ਨਾਲ ਪਾਣੀ ਦਾ ਸਵਾਦ ਅਤੇ ਗੁਣਵੱਤਾ ਬਿਹਤਰ ਹੋ ਜਾਂਦੀ ਹੈ।

3. ਧਿਆਨ ਅਤੇ ਓਰਟ ਦਾ ਪ੍ਰਤੀਕਰਮ:-ਬੋਵਿਸ ਨੇ ਖੋਜ ਕੀਤੀ ਕਿ ਪਿਰਾਮਿਡ ਦੇ ਅੰਦਰ ਬੈਠ ਕੇ ਲੋਕਾਂ ਨੂੰ ਬਹੁਤ ਹੀ ਗਹਿਰਾ ਧਿਆਨ ਅਤੇ ਆਤਮਿਕ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਕਈ ਅਧਿਆਤਮਕ ਵਿਗਿਆਨੀਆਂ ਨੇ ਮੰਨਿਆ ਕਿ ਪਿਰਾਮਿਡਾਂ ਵਿਚ ਬੈਠਣਾ ਧਿਆਨ ਦੀ ਸਮਰੱਥਾ ਨੂੰ ਵਧਾ ਸਕਦਾ ਹੈ ਅਤੇ ਸਰੀਰ ਵਿਚ ਅਨੋਖੀ ਊਰਜਾ ਪੈਦਾ ਕਰਦਾ ਹੈ।

4. ਪਿਰਾਮਿਡ ਦੀ ਜਿਆਮੀਅਤ ਅਤੇ ਤਾਕਤ :-ਬੋਵਿਸ ਦੀ ਖੋਜ ਇਹ ਸਿਫਾਰਸ਼ ਕਰਦੀ ਹੈ ਕਿ ਪਿਰਾਮਿਡਾਂ ਦਾ ਖਾਸ ਸਮਰੱਥਾ ਦੇ ਨਾਲ ਮਾਪਿਆ ਗਿਆ ਜਿਆਮੀਅਤ (geometry) ਇਨ੍ਹਾਂ ਦੇ ਖਾਸ ਗੁਣਾਂ ਲਈ ਜਿੰਮੇਵਾਰ ਹੈ। ਇਸ ਦੇ ਚਾਰ ਚੋਟੀਆਂ ਅਤੇ ਮੱਧ ਬਿੰਦੂ ਨਾਲ ਇਕ ਖਾਸ ਊਰਜਾ ਤਬਦੀਲੀ ਹੁੰਦੀ ਹੈ, ਜੋ ਸਿਰਜਣਾਤਮਕ ਤਾਕਤਾਂ ਨੂੰ ਪੇਸ਼ ਕਰਦੀ ਹੈ।

### ਵਿਗਿਆਨਕ ਵਿਸ਼ਲੇਸ਼ਣ

1. ਆਕਰਸ਼ਕ ਊਰਜਾ ਖੇਤਰ :- ਬੋਵਿਸ ਦੀਆਂ ਖੋਜਾਂ ਨੇ ਕਈ ਵਿਗਿਆਨਕਾਂ ਨੂੰ ਇਸ ਗੱਲ ਤੇ ਸੋਚਣ ਲਈ ਮਜਬੂਰ ਕੀਤਾ ਕਿ ਪਿਰਾਮਿਡਾਂ ਦੇ ਵਿਸ਼ੇਸ਼ ਆਕਾਰ ਇਕ ਬਿਜਲ-ਚੁੰਬਕੀ ਖੇਤਰ ਬਣਾ ਸਕਦਾ ਹੈ, ਜੋ ਇਨ੍ਹਾਂ ਚੀਜ਼ਾਂ ਦੇ ਖਾਸ ਗੁਣਾਂ ਲਈ ਜਿੰਮੇਵਾਰ ਹੋ ਸਕਦਾ ਹੈ। ਇਹ ਊਰਜਾ ਖੇਤਰ ਪ੍ਰਸੰਨਤਾ, ਸਰੀਰਕ ਸੰਰਖਣ ਅਤੇ ਆਤਮਕ ਤਾਕਤ ਵਿਚ ਬਿਹਤਰੀ ਪੈਦਾ ਕਰ ਸਕਦਾ ਹੈ।

2. ਵਿਗਿਆਨਕ ਟੈਸਟਿੰਗ :- ਕਈ ਵਿਗਿਆਨਕਾਂ ਨੇ ਬੋਵਿਸ ਦੀਆਂ ਖੋਜਾਂ ਨੂੰ ਟੈਸਟ ਕੀਤਾ। ਪਿਰਾਮਿਡ ਦੇ ਆਕਾਰ ਨੂੰ ਛੋਟੇ ਪੈਮਾਨੇ ਤੇ ਦੁਹਰਾਉਣ ਦੀ ਕੋਸ਼ਿਸ਼ ਕੀਤੀ। ਕੁਝ ਟੈਸਟਾਂ ਦੇ ਨਤੀਜੇ ਇਨ੍ਹਾਂ ਗੁਣਾਂ ਦੀ ਪੁਸ਼ਟੀ ਕਰਦੇ ਹਨ, ਜਿਵੇਂ ਜੈਵਿਕ ਪਦਾਰਥਾਂ ਦਾ ਸੰਰਖਣ। ਪਰ ਕੁਝ ਵਿਗਿਆਨੀਆਂ ਨੇ ਇਨ੍ਹਾਂ ਖੋਜਾਂ ਨੂੰ ਸਿਰਫ ਅਧਿਆਤਮਕ ਵਿਸ਼ਵਾਸ ਹੀ ਕਿਹਾ ਹੈ।

ਧਾਰਮਿਕ ਪ੍ਰਤੀਕ ਅਤੇ ਸੂਖਮ ਵਿਚਾਰਧਾਰਾ:- ਪਿਰਾਮਿਡਾਂ ਨੂੰ ਕੇਵਲ ਇਕ ਇਮਾਰਤ ਵਜੋਂ ਨਹੀਂ, ਸਗੋਂ ਧਾਰਮਿਕ ਪ੍ਰਤੀਕ ਵਜੋਂ ਵੀ ਵੇਖਿਆ ਜਾਂਦਾ ਹੈ। ਕਈ ਲੋਕਾਂ ਦਾ ਮੰਨਣਾ ਹੈ ਕਿ ਪਿਰਾਮਿਡ, ਮਿਸਰ ਦੇ ਰਾਜਿਆਂ ਦੇ ਸਰੀਰਾਂ ਨੂੰ ਨਹੀਂ, ਸਗੋਂ ਉਨ੍ਹਾਂ ਦੀਆਂ ਆਤਮਾਵਾਂ ਨੂੰ ਸੁਰੱਖਿਅਤ ਰੱਖਣ ਲਈ ਬਣਾਏ ਗਏ ਸਨ। ਇਸ ਵਿਚਾਰਧਾਰਾ ਅਨੁਸਾਰ ਪਿਰਾਮਿਡਾਂ ਦੀ ਅਦੁੱਤੀ ਆਕਰਸ਼ਕ ਆਕ੍ਰਿਤੀ, ਰੂਹਾਨੀ ਤਾਕਤਾਂ ਨੂੰ ਸਾਂਭ ਕੇ ਰੱਖਣ ਲਈ ਵਰਤੀ ਜਾਂਦੀ ਹੈ।

ਆਧੁਨਿਕ ਸਮੇਂ ਵਿਚ ਪਿਰਾਮਿਡਾਂ ਅਤੇ ਉਹਨਾਂ ਦੀ ਮਹੱਤਤਾ :- ਆਧੁਨਿਕ ਸਮੇਂ ਵਿਚ ਵੀ ਪਿਰਾਮਿਡਾਂ ਦੀ ਰਚਨਾ ਕੀਤੀ ਜਾ ਰਹੀ ਹੈ। ਭਾਵੇ ਇਹਨਾਂ ਦਾ ਉਦੇਸ਼ ਪ੍ਰਾਚੀਨ ਪਿਰਾਮਿਡਾਂ ਵਾਲਾ ਨਹੀਂ ਹੈ ਅਜੋਕੇ ਸਮੇਂ ਵਿਚ ਇਹਨਾਂ ਦਾ ਵੱਖ ਵੱਖ ਉਦੇਸ਼ਾਂ ਲਈ ਇਸਤੇਮਾਲ ਕੀਤਾ ਜਾਂਦਾ ਹੈ -

1. ਰੂਹਾਨੀ ਅਤੇ ਧਿਆਨ ਸਥਾਨ :-ਕਈ ਲੋਕ ਆਧੁਨਿਕ ਪਿਰਾਮਿਡਾਂ ਨੂੰ ਰੂਹਾਨੀ ਧਿਆਨ ਅਤੇ ਉਪਚਾਰ ਲਈ ਵਰਤ ਰਹੇ ਹਨ। ਇਨ੍ਹਾਂ ਦਾ ਮੰਨਣਾ ਹੈ ਕਿ ਪਿਰਾਮਿਡਾਂ ਦਾ ਵਿਸ਼ੇਸ਼ ਆਕਾਰ ਧਿਆਨ ਵਿਚ ਗਹਿਰਾਈ ਅਤੇ ਆਤਮਿਕ ਸ਼ਾਂਤੀ ਪੈਦਾ ਕਰਨ ਵਿਚ ਮੱਦਦ ਕਰਦਾ ਹੈ।

2. ਚਿਕਿਤਸਾ ਅਤੇ ਥੀਰੈਪੀ ਸੈਂਟਰ :- ਕਈ ਥੀਰੈਪੀ ਸੈਂਟਰ ਪਿਰਾਮਿਡ ਦੇ ਆਕਾਰ ਵਿਚ ਬਣਾਏ ਜਾ ਰਹੇ ਹਨ, ਜਿੱਥੇ ਲੋਕ ਊਰਜਾਤਮਕ ਥੀਰੈਪੀ ਅਤੇ ਮਨੋਵਿਗਿਆਨਕ ਸਿਹਤ ਸੰਭਾਲ ਲਈ ਜਾਂਦੇ ਹਨ। ਇੱਥੇ ਧਿਆਨ, ਯੋਗਾ ਅਤੇ ਹੋਰ ਉਪਚਾਰਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ।

3. ਆਰਕੀਟੈਕਚਰ ਅਤੇ ਆਧੁਨਿਕ ਇਮਾਰਤਾਂ :-ਕਈ ਆਧੁਨਿਕ ਇਮਾਰਤਾਂ ਅਤੇ ਸਮਾਰਕਾਂ ਨੂੰ ਪਿਰਾਮਿਡ ਦੇ ਆਕਾਰ ਵਿਚ ਬਣਾਇਆ ਜਾ ਰਿਹਾ ਹੈ। ਜਿਵੇਂ ਕਿ ਲਾਸ ਵੇਗਾਸ ਵਿਚ ਲੁਕਸਰ ਹੋਟਲ, ਜੋ ਪਿਰਾਮਿਡ ਦੇ ਆਕਾਰ ਚ' ਹੈ। ਇਹ ਇਮਾਰਤਾਂ ਆਧੁਨਿਕ ਇੰਜੀਨੀਅਰਿੰਗ ਦੀਆਂ ਨਵੀਆਂ ਤਕਨਾਲੋਜੀਆਂ ਨਾਲ ਬਣਾਈਆਂ ਜਾ ਰਹੀਆਂ ਹਨ।

ਪਿਰਾਮਿਡਾਂ ਦਾ ਭਵਿੱਖ ਅਤੇ ਅਜੋਕੀਆਂ ਖੋਜਾਂ :- ਪਿਰਾਮਿਡਾਂ ਤੇ ਅਜੇ ਵੀ ਵਿਗਿਆਨਕ ਖੋਜਾਂ ਚੱਲ ਰਹੀਆਂ ਹਨ। ਕਈ ਖੋਜਕਾਰ ਇਸ ਗੱਲ ਤੇ ਧਿਆਨ ਦੇ ਰਹੇ ਹਨ ਕਿ ਇਹ ਪੁਰਾਤਨ ਇਮਾਰਤਾਂ ਸਿਰਫ ਮਜ਼ਾਰ ਨਹੀਂ, ਸਗੋਂ ਉਹ ਕਿਸੇ ਵਿਗਿਆਨਕ ਜਾਣਕਾਰੀ ਦਾ ਭੰਡਾਰ ਹਨ। ਕਈ ਖੋਜਾਂ ਦਾ ਮੰਨਣਾ ਹੈ ਕਿ ਪਿਰਾਮਿਡਾਂ ਦੀ ਬਣਾਵਟ ਅਤੇ ਇਮਾਰਤਾਂ ਦੇ ਹਿੱਸੇ ਇਕ ਵਿਸ਼ੇਸ਼ ਕਿਸਮ ਦੀ ਤਾਕਤ ਨੂੰ ਕੇਂਦਰਿਤ ਕਰਨ ਦੇ ਯੋਗ ਹਨ, ਜੋ ਅਜਿਹੀ ਤਕਨਾਲੋਜੀ ਦਾ ਹਿੱਸਾ ਹੈ, ਜਿਸਦੀ ਸੂਝ ਅਜੇ ਵੀ ਅਧੂਰੀ ਹੈ। ਇਸ ਤਰਾਂ ਪਿਰਾਮਿਡਾਂ ਦੇ ਰਹੱਸ ਦਾ ਸੰਸਾਰ ਅਜੇ ਵੀ ਖੋਜਾਂ ਲਈ ਖੁੱਲ੍ਹਾ ਹੈ।

# ਬਹੁ ਪੱਖੀ ਸ਼ਖ਼ਸੀਅਤ ਦਾ ਮਾਲਕ ਗਿਆਨੀ ਸੋਹਣ ਸਿੰਘ ਸੀਤਲ

## ਬਰਸੀ ’ਤੇ ਵਿਸ਼ੇਸ਼

**ਰਮੇਸ਼ ਬੱਗਾ ਚੋਹਲਾ**

ਮਾਨਸ ਜਨਮ ਨੂੰ ਦੁਰਲੱਭ ਕਹਿ ਕੇ ਵਡਿਆਇਆ ਅਤੇ ਸਲਾਹਿਆ ਗਿਆ ਹੈ। ਗੁਰਬਾਣੀ ਦੇ ਨਿਰਣੇ ਮੁਤਾਬਕ ਇਸ ਦੀ ਜਨਮ ਦੀ ਦੁਰਲੱਭਤਾ ਕਾਰਨ ਹੀ ਇਸ ਦੀ ਪ੍ਰਾਪਤੀ ਲਈ ਦੇਵੀ-ਦੇਵਤੇ ਅਤੇ ਰਿਸ਼ੀ-ਮੁਨੀ ਵੀ ਤਰਸਦੇ ਰਹਿੰਦੇ ਹਨ। ਪਰ ਬਹੁਤ ਸਾਰੇ ਮਨੁੱਖ ਅਜਿਹੇ ਵੀ ਹੁੰਦੇ ਜੋ ਇਸ ਜਨਮ ਦੀ ਕਦਰ ਨਾ ਕਰਦੇ ਹੋਏ ਇਸ ਦਾ ਭਰਪੂਰ ਲਾਹਾ ਨਹੀਂ ਲੈਂਦੇ। ਆਪਣੇ ਪਰਿਵਾਰਕ ਅਤੇ ਸੰਸਾਰਿਕ ਝਮੇਲਿਆਂ ਵਿੱਚ ਉਲਝ ਕੇ ਉਹ ਆਪਣੇ ਜੀਵਨ ਦੇ ਬੇਸ਼ਕੀਮਤੀ ਪਲਾਂ ਨੂੰ ਅਜਾਂਈ ਹੀ ਗੁਆ ਦਿੰਦੇ ਹਨ। ਇਸ ਤਰ੍ਹਾਂ ਗੁਆਏ ਹੋਏ ਪਲ ਬਦਕਿਸਮਤੀ ਦੇ ਖਾਤੇ ਵਿੱਚ ਡਿਪਾਜ਼ਿਟ ਹੋ ਜਾਂਦੇ ਹਨ ਅਤੇ ਬੰਦਾ ਆਪਣੇ ਆਪ ਨੂੰ ਕੋਸਦਾ ਹੋਇਆ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਂਦਾ ਹੈ। ਮਨੁੱਖੀ ਜਨਮ ਦੀ ਮੁੜ ਪ੍ਰਾਪਤੀ ਨਾ ਹੋਣ ਕਰਕੇ ਹੀ ਭਗਤ ਕਬੀਰ ਜੀ ਜੀਵ ਨੂੰ ਸਮਝਾਉਣਾ ਕਰਦੇ ਹੋਏ ਲਿਖਦੇ ਹਨ:-


ਕਬੀਰ ਮਾਨਸ ਜਨਮ ਦੁਲੰਭ ਹੈ
ਹੋਇ ਨਾ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ
ਗਿਰਹਿ ਬਹੁਰਿ ਨ ਲਾਗਹਿ ਡਾਰ ॥

ਇਨ੍ਹਾਂ ਸਤਰਾਂ ਦੀ ਰੋਸ਼ਨੀ ਵਿੱਚ ਜੇਕਰ ਦੇਖਿਆ ਜਾਵੇ ਤਾਂ ਇਨਸਾਨੀ ਜ਼ਿੰਦਗੀ ਦਾ ਮਨੋਰਥ ਕੇਵਲ ਖਾਣ-ਪੀਣ ਅਤੇ ਐਸ਼ ਕਰਨ ਤੱਕ ਹੀ ਸੀਮਤ ਨਹੀਂ ਰਹਿ ਜਾਂਦਾ ਸਗੋਂ ਇਸ ਦਾ ਇੱਕ ਉੱਚਾ ਅਤੇ ਸੁੱਚਾ ਮਨੋਰਥ ਖ਼ਲਕਤ ਦੀ ਸੇਵਾ ਕਰਨਾ ਵੀ ਹੁੰਦਾ ਹੈ। ਇਸ ਮਨੋਰਥ ਨੂੰ ਤਸਦੀਕ ਕਰਦੇ ਹੋਏ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਫ਼ੁਰਮਾਉਂਦੇ ਹਨ:-

ਆਪੁ ਗਵਾਇ ਸੇਵਾ ਕਰੇ,
ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ,
ਲਗਾ ਸੋ ਪਰਵਾਨੁ ॥

ਇਸੇ ਤਰ੍ਹਾਂ ਹੀ ਆਪਣਾ ਆਪ ਗੁਆ (ਸਖਤ ਮਿਹਨਤ ਕਰਕੇ) ਕੇ ਲੋਕਾਈ ਦਾ ਪਿਆਰ ਤੇ ਸਤਿਕਾਰ ਹਾਸਲ ਕਰਨ ਵਾਲਿਆਂ ਵਿੱਚ ਸ਼ਾਮਲ ਹੈ ਪੰਥਕ ਢਾਡੀ ਅਤੇ ਉੱਚਕੋਟੀ ਦੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਮ। ਇਹ ਪਿਆਰ ਅਤੇ ਸਤਿਕਾਰ ਕਿਸੇ ਵਿਅਕਤੀ ਵਿਸ਼ੇਸ਼ ਦੀ ਜ਼ਿੰਦਗੀ ਦਾ ਵੱਡਮੁੱਲਾ ਸਰਮਾਇਆ ਹੁੰਦਾ ਹੈ ਜਿਸ ਨੂੰ ਹਾਸਲ ਕਰਨ ਲਈ ਉਸ ਵਿਅਕਤੀ ਨੂੰ ਵਿਸ਼ੇਸ਼ ਘਾਲਣਾ ਘਾਲਣੀ ਪੈਂਦੀ ਹੈ। ਗਿਆਨੀ ਸੋਹਣ ਸਿੰਘ ਸੀਤਲ ਨੂੰ ਵੀ ਆਮ ਤੋਂ ਖਾਸ ਵਿਅਕਤੀ ਦਾ ਸਫ਼ਰ ਤਹਿ ਕਰਨ ਲਈ ਇੱਕ ਲੰਮੀ ਅਤੇ ਅਣਥੱਕ ਘਾਲਣਾ ਘਾਲਣੀ ਪਈ ਹੈ।

ਬਹੁਪਰਤੀ ਸ਼ਖ਼ਸੀਅਤ (ਢਾਡੀ, ਕਵੀ, ਪ੍ਰਚਾਰਕ, ਕਹਾਣੀਕਾਰ, ਗੀਤਕਾਰ, ਨਾਵਲ-ਕਾਰ, ਨਾਟਕਕਾਰ ਅਤੇ ਇੱਕ ਖੋਜੀ ਇਤਿਹਾਸਕਾਰ) ਦੇ ਮਾਲਕ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ 1909 ਈ. ਨੂੰ ਪਿੰਡ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿੱਚ ਸ.ਖੁਸ਼ਹਾਲ ਸਿੰਘ ਪੰਨੂ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਭਾਵੇਂ ਰਸਮੀ ਤਲੀਮ ਹਾਸਲ ਕਰਨ ਲਈ ਸੀਤਲ ਦੇ ਮਨ ਵਿੱਚ ਇੱਕ ਤੀਬਰ ਤਾਂਘ ਸੀ ਪਰ ਉਸ ਸਮੇਂ ਸੰਸਥਾਗਤ ਵਿਦਿਆ (ਖਾਸ ਕਰਕੇ ਪਿੰਡਾਂ ’ਚ) ਦੀ ਕਾਫੀ ਘਾਟ ਸੀ। ਇਸ ਘਾਟ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣੀ ਇਸ ਤਾਂਘ ਨੂੰ ਮੱਠੀ ਨਹੀਂ ਪੈਣ ਦਿੱਤਾ। ਕੁੱਝ ਵਿਸ਼ੇਸ਼ ਯਤਨਾਂ ਸਦਕਾ ਸੀਤਲ ਨੇ ਆਪਣੇ ਪਿੰਡ ਦੇ ਸਾਧੂ/ਗ੍ਰੰਥੀ ਹਰੀ ਦਾਸ ਪਾਸੋਂ ਗੁਰਮੁੱਖੀ ਵਰਣਾਂ ਦੀ ਪਹਿਚਾਣ ਕਰਨੀ ਸਿੱਖ ਲਈ। ਇਸ ਪਹਿਚਾਣ ਨੇ ਉਸ ਦੇ ਹੌਂਸਲੇ ਨੂੰ ਅਜਿਹਾ ਵਧਾਇਆ ਕਿ ਉਹ ਕੁੱਝ ਵਡੇਰੀ (14 ਸਾਲ ਦੀ) ਉਮਰ ਦਾ ਹੋ ਜਾਣ ਦੇ ਬਾਵਜੂਦ ਵੀ ਗੁਆਂਢੀ ਪਿੰਡ ‘ਵਰਨ’ ਦੀ ਪਾਠਸ਼ਾਲਾ ਵਿੱਚ ਪ੍ਰਵੇਸ਼ ਕਰ ਗਿਆ। ਪੜ੍ਹਾਈ ਵਿੱਚ ਉਸ ਦੀ ਲਗਨ ਨੂੰ ਦੇਖਦਿਆਂ ਪਾਠਸ਼ਾਲਾ ਦੇ ਸੰਚਾਲਕਾਂ ਵੱਲੋਂ ਉਸ ਨੂੰ ਕੁਝ ਜਮਾਤਾਂ ਸਾਲਾਂ ਦੀ ਬਜਾਏ ਛਿਮਾਹੀਆਂ ਵਿੱਚ ਹੀ ਪੂਰੀਆਂ ਕਰਵਾ ਦਿੱਤੀਆਂ। ਉਸਤਾਦ ਲੋਕਾਂ ਵੱਲੋਂ ਮਿਲੇ ਵਿਸ਼ੇਸ਼ ਸਹਿਯੋਗ ਸਦਕਾ ਸੀਤਲ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਅੱਵਲ ਦਰਜੇ ਵਿੱਚ ਰਹਿ ਕੇ ਪਾਸ ਕਰ ਲਈ। ਉਸ ਸਮੇਂ ਮੈਟ੍ਰਿਕ ਵਿਚ ਇਹ ਦਰਜਾ ਕਿਸੇ ਵਿਰਲੇ-ਟਾਵੇਂ ਵਿਦਿਆਰਥੀ ਨੂੰ ਹੀ ਨਸੀਬ ਹੋਇਆ ਕਰਦਾ ਸੀ।



ਇਸ ਸਿੱਖਿਆ ਪ੍ਰਾਪਤੀ ਦੇ ਦੌਰ (ਅੱਠਵੀਂ ਜਮਾਤ ਵਿੱਚ) ਦੌਰਾਨ ਹੀ ਗਿਆਨੀ ਸੋਹਣ ਸਿੰਘ ਸੀਤਲ ਦੇ ਮਾਪਿਆਂ ਵੱਲੋਂ ਉਸ ਨੂੰ ਸਮਾਜਿਕ/ਪਰਿਵਾਰਕ ਜ਼ਿੰਮੇਵਾਰੀ ਦੀ ਪੰਡ ਚੁਕਾਉਂਦੇ ਹੋਏ ਉਸ ਦਾ ਵਿਆਹ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭੜਾਣਾ ਦੀ ਵਸਨੀਕ ਬੀਬੀ ਕਰਤਾਰ ਕੌਰ ਨਾਲ ਕਰ ਦਿੱਤਾ। ਇਨ੍ਹਾਂ ਦੇ ਘਰ ਦੋ ਪੁੱਤਰਾਂ (ਰਘਵੀਰ ਸਿੰਘ ਅਤੇ ਸੁਰਜੀਤ ਸਿੰਘ) ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਹੁਣ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਸੀਤਲ ਨੂੰ ਆਪਣੇ ਘਰ-ਪਰਿਵਾਰ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪੈਂਦਾ। ਇਸ ਧਿਆਨ ਦੇ ਵੱਧ ਜਾਣ ਕਾਰਣ ਉਨ੍ਹਾਂ ਦਾ ਪੜ੍ਹਾਈ ਵਿਚਲਾ ਧਿਆਨ ਕੁੱਝ ਪਿੱਛੇ ਪੈਣ ਲੱਗ ਪਿਆ। ਇਸ ਪਿਛੇਤਰ ਕਾਰਨ ਉਹ ਉਚੇਰੀ ਵਿਦਿਆ ਦੇ ਤੌਰ ’ਤੇ ਸਿਰਫ ਗਿਆਨੀ ਦਾ ਇਮਤਿਹਾਨ ਹੀ ਪਾਸ ਕਰ ਸਕਿਆ।

ਗਿਆਨੀ ਸੋਹਣ ਸਿੰਘ ਸੀਤਲ ਕੁੱਝ ਸਮਾਂ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀ ਬਾੜੀ ਨਾਲ ਵੀ ਜੁੜਿਆ ਰਿਹਾ। ਇਸ ਕਿੱਤੇ ਨੂੰ ਕਰਦਿਆਂ ਹੀ ਉਸ ਦੇ ਅੰਦਰ ਕੁੱਝ ਵੱਖਰਾ ਕਰਕੇ ਦਿਖਾਉਣ ਦੀ ਇੱਛਾ ਵੀ ਜਵਾਨ ਹੁੰਦੀ ਗਈ। ਜੋਬਨ ਉੱਤੇ ਆਈ ਉਸ ਦੀ ਇਸ ਇੱਛਾ ਨੇ ਇੱਕ ਦਿਨ ਉਸ ਨੂੰ ਢਾਡੀ ਕਲਾ ਵੱਲ ਨੂੰ ਮੋੜ ਦਿੱਤਾ। ਇਸ ਮੋੜ ਵੱਲ ਮੁੜਦਿਆਂ ਉਸ ਨੇ ਆਪਣਿਆਂ ਸਾਥੀਆਂ ਗੁਰਚਰਨ ਸਿੰਘ, ਅਮਰੀਕ ਸਿੰਘ ਅਤੇ ਹਰਨਾਮ ਸਿੰਘ ਨੂੰ ਨਾਲ ਲੈ ਲਿਆ ਅਤੇ ਲਲਿਆਣੀ ਦੇ ਭਰਾਈ ਬਾਬਾ ਚਿਰਾਗਦੀਨ ਕੋਲੋਂ ਸਾਰੰਗੀ ਅਤੇ ਢੱਡ ਵਜਾਉਣੀ ਸਿੱਖਣ ਲੱਗ ਪਏ। ਉਸਤਾਦ ਜੀ ਕੋਲੋਂ ਢਾਡੀ-ਕਲਾ ਦੀਆਂ ਬਰੀਕੀਆਂ ਤੋਂ ਚੰਗੀ ਤਰ੍ਹਾਂ ਗਿਆਤ ਹੋ ਕੇ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਦੂਰ-ਦੁਰਾਡੇ ਦੀਵਾਨਾਂ ਵਿੱਚ ਆਪਣੀ ਹਾਜ਼ਰੀ ਭਰਨ ਲੱਗ ਪਿਆ। ਉਸ ਵਕਤ ਢਾਡੀ ਕਲਾ ਦੇ ਖੇਤਰ ਵਿੱਚ ਸੋਹਣ ਸਿੰਘ ਘੁੱਕੇਵਾਲੀਆ, ਬਾਬਾ ਕਿਸ਼ਨ ਸਿੰਘ, ਸੋਹਣ ਸਿੰਘ ਭੀਲ਼ਾ ਅਤੇ ਨਿਰਵੈਰ ਸਿੰਘ ਦੁਆਬੀਆ ਆਦਿ ਦੇ ਜਥੇ ਪ੍ਰਮੁੱਖ ਰੂਪ ਵਿੱਚ ਵਿਚਰ ਰਹੇ ਸਨ। ਸਿੱਖ ਸੰਗਤਾਂ ਵਿੱਚ ਇਨ੍ਹਾਂ ਜਥਿਆਂ ਦੀ ਚੰਗੀ ਭਲ ਸੀ। ਸ੍ਰੋਤਿਆਂ/ ਦਰਸ਼ਕਾਂ ਦਾ ਧਿਆਨ ਇਨ੍ਹਾਂ ਜਥਿਆਂ ਵੱਲੋਂ ਹਟਾ ਕੇ ਆਪਣੇ ਵੱਲ ਲਗਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਪਰ ਇਹ ਚਮਤਕਾਰ ਗਿਆਨੀ ਜੀ ਦੇ ਜਥੇ ਨੇ ਥੋੜ੍ਹੇ ਹੀ ਸਮੇਂ ਵਿੱਚ ਕਰ ਦਿਖਾਇਆ। ਇਸ ਚਮਤਕਾਰ ਦੇ ਕਾਰਨਾਂ ਵਿੱਚ ਸੀਤਲ ਦਾ ਵਧੇਰੇ ਤਲੀਮ-ਯਾਫ਼ਤਾ ਹੋਣਾ ਅਤੇ ਵਿਆਖਿਆ ਦੇ ਨਵੇਕਲੇ ਅਤੇ ਨਿਰਾਲੇ ਢੰਗ ਅਪਣਾਉਣਾ ਸੀ। ਦੇਸ਼ ਵਿਦੇਸ਼ ਵਿੱਚ ਇਸ ਢਾਡੀ ਜਥੇ ਦੀ ਇੰਨੀ ਵਡਿਆਈ ਹੋਈ ਕਿ ਸ਼ਰੀਕਾਂ ਦੀ ਨਫ਼ਰਤ ਵੀ ਪਿਆਰ ਵਿੱਚ ਬਦਲ ਗਈ। ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਨਾਲ ਲੱਗਭਗ ਛੇ ਦਹਾਕਿਆਂ ਤੱਕ ਪੰਥ ਅਤੇ ਪੰਜਾਬ ਦੀ ਰੱਜਵੀਂ ਸੇਵਾ ਕੀਤੀ ਲੋਕਾਂ ਨੂੰ ਆਪਣੇ ਵਿਰਸੇ ਤੋਂ ਵਾਕਿਫ਼ ਕਰਵਾਇਆ।

ਮਨੋਵਿਗਿਆਨੀਆਂ ਨੇ ਕਿਸ਼ੋਰ ਅਵਸਥਾ ਨੂੰ ਇੱਕ ਤੂਫ਼ਾਨੀ ਅਵਸਥਾ ਮੰਨਿਆ ਹੈ। ਇਸ ਅਵਸਥਾ ਵਿੱਚ ਜਵਾਨੀ ਅੱਥਰੀ ਹੋ ਜਾਂਦੀ ਹੈ ਅਤੇ ਕਈ ਵਾਰ ਲੀਹੋਂ ਵੀ ਲਹਿ ਜਾਂਦੀ ਹੈ। ਪਰ ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਤੂਫ਼ਾਨੀ ਅਵਸਥਾ ਨੂੰ ਠੱਲ੍ਹ ਪਾਉਣ ਲਈ ਕਲਮ ਦਾ ਸਹਾਰਾ ਲੈ ਲਿਆ। ਇਸ ਕਲਮ ਨੇ ਸੀਤਲ ਦੀਆਂ ਭਾਵਨਾਵਾਂ ਨੂੰ ਕਵਿਤਾ ਵਿੱਚ ਪਰੋ ਦਿੱਤਾ। ਉਸ ਦੀ ਪਹਿਲੀ ਕਵਿਤਾ 1924 ਈ. ਨੂੰ ‘ਅਕਾਲੀ’ ਅਖਬਾਰ ਵਿੱਚ ਛਪ ਗਈ। ਇਸ ਕਵਿਤਾ ਦੇ ਨਾਲ ਹੀ ਸੀਤਲ ਦੇ ਸਾਹਿਤਕ ਸਫ਼ਰ ਦਾ ਆਗਾਜ਼ ਹੋ ਜਾਂਦਾ ਹੈ। ਇਸ ਸਫ਼ਰ ਦੇ ਸਿੱਟੇ ਵਜੋਂ ਉਸ ਨੇ ਇੱਕ ਕਾਵਿ ਸੰਗ੍ਰਿਹ ‘ਸੱਜਰੇ ਹੰਝੂ’ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਦਿੱਤਾ। ਕਵਿਤਾ ਦੇ ਨਾਲ-ਨਾਲ ਸੋਹਣ ਸਿੰਘ ਸੀਤਲ ਨੇ ਕੁੱਝ ਕਹਾਣੀਆਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ ‘ਕਦਰਾਂ ਬਦਲ ਗਈਆਂ’, ‘ਅਜੇ ਦੀਵਾ ਬਲ ਰਿਹਾ ਸੀ’ ਅਤੇ ‘ਜੇਬ ਕੱਟੀ ਗਈ’ ਕਾਫੀ ਚਰਚਿਤ ਹੋਈਆਂ ਹਨ। ਇਹ ਸਿਰਜਣਾ ਭਾਵੇ ਉਨ੍ਹਾਂ ਦੇ ਸਾਹਿਤਕ ਜੀਵਨ ਦੇ ਪ੍ਰਾਇਮਰੀ ਪੜਾਅ ਦੀ ਹੀ ਸੀ ਪਰ ਉਸ ਦੇ ਚੰਗੇਰੇ ਅਤੇ ਪਕੇਰੇ ਕੱਲ੍ਹ ਨੂੰ ਤਸਦੀਕ ਕਰਦੀ ਸੀ।

ਇੱਕ ਨਾਵਲਕਾਰ ਦੇ ਤੌਰ ’ਤੇ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਮਹਾਨ ਦੇਣ ਰਹੀ ਹੈ। ਉਸ ਦੁਆਰਾ ਲਿਖੇ ਨਾਵਲਾਂ ਦੀ ਤਦਾਦ ਦੋ ਦਰਜ਼ਨਾਂ ਦੇ ਕਰੀਬ ਬਣਦੀ ਹੈ। ਸੈਕੰਡਰੀ ਜਮਾਤਾਂ ਨੂੰ ਇੱਕ ਪਾਠਕ੍ਰਮ ਦੇ ਤੌਰ ’ਤੇ ਪੜ੍ਹਾਇਆ ਗਿਆ ਉਨ੍ਹਾਂ ਦਾ ਨਾਵਲ ‘ਤੂਤਾਂ ਵਾਲਾ ਖੂਹ’ ਆਪਣੀ ਮਿਸਾਲ ਆਪ ਹੈ ਜੋ ਦੇਸ਼ ਦੀ ਵੰਡ ਨੂੰ ਕੁਰਣਾਮਈ ਢੰਗ ਨਾਲ ਬਿਆਨ ਕਰਦਾ ਹੈ। ‘ਜੁੱਗ ਬਦਲ ਗਿਆ’ ਸੀਤਲ ਦਾ ਇੱਕ ਹੋਰ ਚਰਚਿਤ ਨਾਵਲ ਹੈ ਜਿਸ ਨੂੰ 1974 ਈ. ਵਿਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰਿਤ ਕੀਤਾ ਗਿਆ ਸੀ। ਇਨ੍ਹਾਂ ਦੋ ਨਾਵਲਾਂ ਤੋਂ ਛੁੱਟ ‘ਮੁੱਲ ਦਾ ਮਾਸ’, ‘ਜੰਗ ਜਾਂ ਅਮਨ, ‘ਈਚੋਗਿਲ ਦੀ ਨਹਿਰ ਤੱਕ’, ‘ਵਿਯੋਗਣ’, ਅਤੇ ‘ਅੰਨੀ ਸੁੰਦਰਤਾ’ਆਦਿ ਸੀਤਲ ਦੁਆਰਾ ਰਚਿਤ ਨਾਵਲ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਦਾ ਮਾਣ ਵਧਾਇਆ ਹੈ। ਸੀਤਲ ਦੇ ਨਾਵਲਾਂ ਦੀ ਇਹ ਵੀ ਇੱਕ ਵਿਸ਼ੇਸ਼ਤਾ ਰਹੀ ਹੈ ਕਿ ਉਸ ਦੇ ਨਾਵਲਾਂ ਦੇ ਪਾਤਰ ਕਿਸੇ ਕਲਪਨਾ ਦੇ ਕਾਰਖਾਨੇ ਵਿੱਚ ਤਿਆਰ ਨਾ ਹੋ ਕਿ ਹਕੀਕੀ ਹਲਾਤਾਂ ’ਚੋ ਉਪਜਦੇ ਹਨ।

ਇੱਕ ਖੋਜੀ (ਸਿੱਖ) ਇਤਿਹਾਸਕਾਰ ਦੇ ਤੌਰ ’ਤੇ ਸੋਹਣ ਸਿੰਘ ਸੀਤਲ ਦਾ ਇੱਕ ਅਹਿਮਤਰੀਨ ਸਥਾਨ ਹੈ। ਉਸ ਨੇ ਪਹਿਲਾਂ ਆਪ ਨਿੱਠ ਕੇ ਸਿੱਖ ਇਤਿਹਾਸ ਦਾ ਵਿਸ਼ਲੇਸ਼ਣ ਕੀਤਾ ਬਾਅਦ ਵਿੱਚ ਕੁਝ ਨਵੀਆਂ ਛੋਹਾਂ ਦੇ ਕੇ ਕਿਤਾਬੀ ਰੂਪ ਵਿਚ ਮੁੜ ਪ੍ਰਕਾਸ਼ਿਤ ਕਰਵਾਇਆ। ਉਸ ਦੇ ਇਸ ਉਪਰਾਲੇ ਨੇ ਜਿਥੇ ਸਿੱਖ ਇਤਿਹਾਸ ਬਾਰੇ ਪਾਏ ਜਾਂਦੇ ਕੁਝ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਉਥੇ ਸਿੱਖ ਇਤਿਹਾਸ ਨੂੰ ਨਵੀਂ ਦਿੱਖ ਵੀ ਪ੍ਰਦਾਨ ਕੀਤੀ। ਸੀਤਲ ਦੀਆਂ ਇਤਿਹਾਸਕ ਲਿਖਤਾਂ ਵਿੱਚ ‘ਸਿੱਖ ਰਾਜ ਕਿਵੇਂ ਗਿਆ’ ਇੱਕ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। ‘ਦੁਖੀਏ ਮਾਂ ਦੇ ਪੁੱਤ’ ‘ਬੰਦਾ ਸਿੰਘ ਸ਼ਹੀਦ’, ‘ਸਿੱਖ ਮਿਸਲਾਂ ਦੇ ਸਰਦਾਰ ਘਰਾਣੇ’, ‘ਸਿੱਖ ਰਾਜ ਅਤੇ ਸ਼ੇਰੇ ਪੰਜਾਬ’ ਅਤੇ ‘ਸਿੱਖ ਸ਼ਹੀਦ ਅਤੇ ਯੋਧੇ’ ਉਸ ਦੀਆਂ ਵਰਨਣਯੋਗ ਇਤਿਹਾਸਕ ਕਿਤਾਬਾਂ ਹਨ। ਸੋਹਣ ਸਿੰਘ ਸੀਤਲ ਦਾ ਵਧੇਰੇ ਤਪੱਸਵੀ ਅਤੇ ਖੋਜ ਭਰਪੂਰ ਕੰਮ ‘ਸਿੱਖ ਇਤਿਹਾਸ ਦੇ ਸੋਮੇ’, ਪੰਜ ਜਿਲਦਾਂ ਵਿੱਚ ਤਿਆਰ ਕਰਨੇ ਹਨ। ਸੀਤਲ ਦੀ ਇਸ ਤੱਪਸਿਆ ਨੇ ਸਿੱਖ ਇਤਿਹਾਸ ਨੂੰ ਕਾਫੀ ਹੱਦ ਤੱਕ ਸਰਲਤਾ ਅਤੇ ਸ਼ੁੱਧਤਾ ਪ੍ਰਦਾਨ ਕੀਤੀ ਹੈ।

ਉਪਰੋਕਤ ਚਰਚਾ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਗਿਆਨੀ ਸੋਹਣ ਸਿੰਘ ਸੀਤਲ ਵਰਗੇ ਬਹੁਪੱਖੀ ਪ੍ਰਤਿਭਾ ਦੇ ਮਾਲਿਕ ਅਤੇ ਨੇਕ ਦਿਲ ਵਿਅਕਤੀ ਵਿਰਲੇ ਹੀ ਪੈਦਾ ਹੁੰਦੇ ਹਨ। ਪੰਥ ਦਾ ਅਮੋਲਕ ਢਾਡੀ ਅਤੇ ਪੰਜਾਬੀ ਸਾਹਿਤ ਦਾ ਅਮਿੱਟ ਹਸਤਾਖ਼ਰ ਗਿਆਨੀ ਸੋਹਣ ਸਿੰਘ ਸੀਤਲ ਆਪਣਾ ਨੌਂ ਦਹਾਕਿਆਂ ਦਾ ਜੀਵਨ ਪੰਧ ਮੁਕਾ ਕੇ ਅਖੀਰ 23 ਸਤੰਬਰ 1998 ਈ.ਵਾਲੇ ਦਿਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਸੀਤਲ ਦੇ ਆਪਣੇ ਬੋਲ ਸਨ:-‘ਸੀਤਲ ਸਦਾ ਜਹਾਨ ਜੀਂਵਦਾ ਏ, ਜੀਹਦਾ ਮਰ ਗਿਆਂ ਦੇ ਪਿੱਛੋਂ ਜੱਸ ਹੋਵੇ’।

ਮੋ:9463132719


**ਜ਼ਰੂਰੀ ਸੂਚਨਾ**

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।

ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ

# ਖ਼ੂਨੀ ਇਤਿਹਾਸ ਦੀ ਗਵਾਹੀ ਭਰਦਾ ਗੁਰਦੁਆਰਾ ਛੋਟਾ ਘਲੂਘਾਰਾ, ਕਾਹਨੂਵਾਨ

## ਘੱਲੂਘਾਰੇ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ

ਸਿੱਖੀ ਦੀ ਨਿਆਰੀ ਅਤੇ ਮਿਆਰੀ ਹਸਤੀ ਨੂੰ ਕਾਇਮ ਰੱਖਣ ਲਈ ਸਮੇਂ-ਸਮੇਂ ਸੰਤਾਂ ਨੂੰ ਸਿਪਾਹੀ ਬਣਨਾ ਪਿਆ ਹੈ। ਜਦੋਂ ਵੀ ਕਦੇ ਆਵ ਕੀ ਅਉਧ ਨਿਦਾਨ ਬਣੀ ਹੈ ਤਦ ਹੀ ਖ਼ਾਲਸਾਈ ਫ਼ੌਜ ਨੇ ਰਣ ਵਿਚ ਜੂਝ ਕੇ ਪਹਿਲਾਂ ਮਰਨ ਕਬੂਲਿਆ ਹੈ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੇ ਪ੍ਰਵੇਸ਼ ਦੁਆਰ ਤੇ ਲਿਖਿਆ ਹੈ:-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰ ਦੀਜੈ ਕਾਣਿ ਨ ਕੀਜੈ ॥

ਇਸ ਸਿਧਾਂਤ 'ਤੇ ਪਹਿਰਾ ਦੇਣ ਵਾਲੇ ਸਿਰਲੱਥ ਸੂਰਮਿਆਂ ਨੇ ਸਿੱਖ ਇਤਿਹਾਸ ਦੀ ਇਬਾਰਤ ਨੂੰ ਨਾ ਸਿਰਫ਼ ਆਪਣੇ ਖ਼ੂਨ ਨਾਲ ਲਿਖਿਆ ਹੈ ਸਗੋਂ ਇਸ ਦਾ ਮਾਣ ਵਧਾਉਣ ਲਈ ਸ਼ਹਾਦਤਾਂ ਦੇ ਜ਼ਾਮ ਵੀ ਪੀਤੇ ਹਨ। ਇਸ ਇਬਾਰਤ ਦਾ ਹੀ ਅਹਿਮ ਅੰਗ ਹੈ ਸੰਨ 1746 ਵਿਚ ਵਾਪਰਿਆ ਛੋਟਾ ਘੱਲੂਘਾਰਾ, ਜਿਹੜਾ 'ਜੁ ਲਰੈ ਦੀਨ ਹੇਤ' ਦੀ ਪਹਿਚਾਣ ਕਰਵਾਉਂਦਾ ਹੈ।

ਸਿੱਖ ਇਤਿਹਾਸ ਵਿਚ ਦੋ ਘੱਲੂਘਾਰਿਆਂ ਦਾ ਵਿਸ਼ੇਸ਼ ਜਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚੋਂ ਇੱਕ ਨੂੰ ਵੱਡਾ ਅਤੇ ਦੂਸਰੇ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਘੱਲੂਘਾਰੇ ਦਾ ਸ਼ਬਦੀ ਅਰਥ ਵੱਡੇ ਪੱਧਰ ਦਾ ਕਤਲੇਆਮ ਜਾਂ ਸਰਬਨਾਸ਼ ਹੁੰਦਾ ਹੈ। ਇਹ ਘੱਲੂਘਾਰੇ ਨਾਂਹ-ਪੱਖੀ ਅਤੇ ਗ਼ੈਰ ਮਨੁੱਖੀ ਭੂਮਿਕਾ ਨਿਭਾਉਣ ਵਾਲੀਆਂ ਧਿਰਾਂ ਅਤੇ ਸਰਬੱਤ ਦਾ ਭਲਾ ਮੰਗਣ ਵਾਲੀਆਂ (ਖ਼ਾਲਸਾਈ) ਧਿਰਾਂ ਵਿਚਾਲੇ ਵਾਪਰੇ ਹਨ।

ਵਕਤ ਦੇ ਹਾਕਮਾਂ ਅਤੇ ਗੁਰੂ-ਘਰ ਦੇ ਦੋਖੀਆਂ ਨੂੰ ਸਿੱਖੀ ਦੀ ਚੜ੍ਹਦੀਕਲਾ ਕਦੇ ਰਾਸ ਨਹੀਂ ਆਈ ਅਤੇ ਉਹ ਹਮੇਸ਼ਾਂ ਹੀ ਇਸ ਨੂੰ ਢਾਹ ਲਗਾਉਣ ਦੀਆਂ ਚਾਲਾਂ ਚੱਲਦੇ ਰਹੇ ਹਨ। ਇਨ੍ਹਾਂ ਚਾਲਬਾਜ਼ਾਂ ਵਿਚ ਹੀ ਸ਼ਾਮਿਲ ਹਨ ਲਾਹੌਰ ਦਰਬਾਰ ਨਾਲ ਜੁੜੇ ਦੀਵਾਨ (ਵਿੱਤ ਮੰਤਰੀ) ਲਖਪਤ ਰਾਏ ਅਤੇ ਉਸ ਦਾ ਸਕਾ ਭਰਾ ਜਸਪਤ ਰਾਏ। ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਦੇ ਇਨ੍ਹਾ ਖੱਤਰੀ ਭਰਾਵਾਂ ਦੇ ਈਰਖਾਲੂ ਅਤੇ ਜ਼ਾਲਮਾਨਾ ਸੁਭਾਅ ਕਾਰਨ ਕਾਹਨੂੰਵਾਨ ਦੀ ਛੰਭ ਵਿਚ ਇੱਕ ਖ਼ੂਨੀ ਦੁਖਾਂਤ ਵਾਪਰਿਆ ਸੀ ਜਿਸ ਨੂੰ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਲਾਹੌਰ ਦੇ ਸੂਬੇਦਾਰ ਯਹੀਆ ਖਾਨ (ਪੁੱਤਰ ਜ਼ਕਰੀਆਂ ਖਾਨ) ਨੇ ਇਨ੍ਹਾਂ ਦੋਵੇ ਭਰਾਵਾਂ ਨੂੰ ਵਾਧੂ ਅਧਿਕਾਰ ਦੇ ਰੱਖੇ ਸਨ। ਜਿਨ੍ਹਾਂ ਦਾ ਪ੍ਰਯੋਗ ਉਹ ਅਕਸਰ ਮਨਮਰਜ਼ੀ ਨਾਲ ਕਰਦੇ ਸਨ। ਇਸ ਮਨਮਰਜ਼ੀ ਤਹਿਤ ਹੀ ਜਸਪਤ ਰਾਏ ਨੇ ਜਨ-ਸਧਾਰਣ ਕੋਲੋਂ ਜਜ਼ੀਆ ਵਸੂਲਣਾ ਸ਼ੁਰੂ ਕਰ ਦਿੱਤਾ। ਜਸਪਤ ਰਾਏ ਦੀ ਇਸ ਵਧੀਕੀ ਕਾਰਨ ਲੋਕ ਖ਼ਾਲਸੇ ਦੀ ਸ਼ਰਨ ਆਉਣ ਲੱਗੇ।

ਸੰਮਤ 1803 ਵਿਚ ਐਮਨਾਬਾਦ ਦੇ ਗੁਰਦੁਆਰਾ ਰੋੜੀ ਸਾਹਿਬ ਵਿਖੇ ਵਿਸਾਖੀ ਦੇ ਦਿਹਾੜੇ 'ਤੇ ਸਿੱਖ-ਸੰਗਤ ਦਾ ਇੱਕ ਵਿਸ਼ਾਲ ਇਕੱਠ ਹੋਇਆ ਜਿਹੜਾ ਜਸਪਤ ਰਾਏ ਨੂੰ ਚੰਗਾ ਨ ਲੱਗਾ। ਉਸ ਨੇ ਸੰਗਤ ਨੂੰ ਗੁਰਦੁਆਰਾ ਖਾਲੀ ਕਰਨ ਦਾ ਹੁਕਮ ਦਿੱਤਾ। ਸੰਗਤਾਂ ਵੱਲੋ ਜਵਾਬ ਵਿਚ ਕਿਹਾ ਗਿਆ ਕਿ ਉਹ ਕਈ ਦਿਨਾਂ ਤੋਂ ਫ਼ਾਕੇ ਹਨ, ਪ੍ਰਸ਼ਾਦਾ-ਪਾਣੀ ਬਣਾ/ਛੱਕ ਕੇ ਸਵੇਰੇ ਇਥੋਂ ਕੂਚ ਕਰ ਜਾਣਗੇ। ਪਰ ਜਸਪਤ ਰਾਏ 'ਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ। ਉਸ ਨੇ ਧਾੜ ਇਕੱਠੀ ਕਰਕੇ ਸਿੱਖਾਂ ਉਪਰ ਹਮਲਾ ਕਰ ਦਿੱਤਾ। ਨਾ ਚਹੁੰਦਿਆਂ ਹੋਇਆਂ ਵੀ ਸਿੱਖਾਂ ਨੂੰ ਇਹ ਲੜਾਈ ਲੜਨੀ ਪਈ। ਹਾਥੀ 'ਤੇ ਚੜ੍ਹਿਆ ਜਸਪਤ ਰਾਏ ਸਿੱਖਾਂ ਵੱਲ ਵੱਧ ਰਿਹਾ ਸੀ। ਉਸ ਦੇ ਵਾਧੇ ਨੂੰ ਠੱਲ੍ਹ ਪਾਉਣ ਲਈ ਭਾਈ ਨਿਬਾਹੂ ਸਿੰਘ (ਰੰਗਰੇਟਾ) ਪੂਛ ਦਾ ਸਹਾਰਾ ਲੈਕੇ ਹਾਥੀ ਉਪਰ ਜਾ ਚੜ੍ਹਿਆ ਅਤੇ ਉਸ ਨੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਜਸਪਤ ਰਾਏ ਦੀ ਮੌਤ ਨਾਲ ਮੁਗ਼ਲ ਫ਼ੌਜ ਵਿਚ ਭਗਦੜ ਮੱਚ ਗਈ ਅਤੇ ਉਹ ਮੈਦਾਨ ਛੱਡ ਗਈ। ਆਪਣੇ ਭਰਾ ਦੀ ਮੌਤ ਦੀ ਖ਼ਬਰ ਸੁਣ ਕੇ ਦੀਵਾਨ ਲਖਪਤ ਰਾਏ ਦਾ ਦਿਮਾਗੀ ਤਵਾਜ਼ਨ ਵਿਗੜ ਗਿਆ ਅਤੇ ਉਸ ਨੇ ਬਦਲਾ ਲੈਣ ਦੀ ਠਾਣ ਲਈ। ਉਸ ਦਾ ਕਹਿਣਾ ਸੀ ਜਦ ਤੱਕ ਮੈਂ ਸਿੱਖੀ ਨੂੰ ਖ਼ਤਮ ਨਹੀਂ ਕਰ ਲੈਂਦਾ ਤਦ ਤੱਕ ਸਿਰ 'ਤੇ ਪੱਗ ਨਹੀਂ ਬੰਨ੍ਹਾਂਗਾ ਅਤੇ ਨਾ ਹੀ ਖੱਤਰੀ ਅਖਵਾਵਾਂਗਾ।

ਲਾਹੌਰ ਦੇ ਗਵਰਨਰ ਯਹੀਆ ਖਾਂ ਤੋਂ ਸ਼ਾਹੀ ਫ਼ੌਜ ਲੈ ਕੇ ਲਖਪਤ ਰਾਏ ਨੇ ਆਪਣੇ ਜ਼ੁਲਮ ਦੀ ਇਬਤਿਦਾ ਕਰ ਦਿੱਤੀ। ਜਿਸ ਤਹਿਤ ਉਹ ਲਾਹੌਰ ਸ਼ਹਿਰ ਦੇ ਆਮ ਸਿੱਖਾਂ ਨੂੰ ਆਪਣੇ ਗੁੱਸੇ ਦਾ ਸ਼ਿਕਾਰ ਬਣਾਉਣ ਲੱਗਾ। ਦੀਵਾਨ ਕੌੜਾ ਮੱਲ ਦੀ ਅਗਵਾਈ ਵਿਚ ਕੁੱਝ ਪਤਵੰਤੇ ਹਿੰਦੂਆਂ ਨੇ ਲਖਪਤ ਰਾਏ ਨੂੰ ਅਜਿਹਾ ਕਹਿਰ (ਨਿਰਦੋਸ਼ ਸਿੱਖਾਂ ਨੂੰ ਮਾਰਨ ਦ)ਾ ਕਮਾਉਣ ਤੋਂ ਵਰਜਿਆ ਪਰ ਉਸ ਦੀ ਸਿਹਤ 'ਤੇ ਕੋਈ ਅਸਰ ਨਾ ਹੋਇਆ। ਇਥੋਂ ਤੱਕ ਕਿ ਉਸ ਨੇ ਆਪਣੇ ਗੁਰੂ ਜਗਤ ਭਗਤ ਗੁਸਾਈਂ ਦੀ ਸਲਾਹ (ਸੋਮਵਤੀ ਮੱਸਿਆ ਨੂੰ ਕਤਲ ਨਾ ਕਰਨ ਦੀ) ਵੀ ਅਣਸੁਣੀ ਕਰ ਦਿੱਤੀ।

ਲਖਪਤ ਰਾਏ ਨੇ ਐਲਾਨ ਕਰਵਾ ਦਿੱਤਾ ਕਿ 'ਸਿੱਖਾਂ ਨਾਲ ਕੋਈ ਨੇੜਤਾ ਨਾ ਰੱਖੇ, ਅਤੇ ਨਾ ਹੀ ਇਨ੍ਹਾਂ ਦੀ ਬਾਣੀ ਨੂੰ ਪੜ੍ਹੇ।' ਉਸ ਨੇ ਗੁੜ ਦੀ ਥਾਂ 'ਰੋੜੀ' ਅਤੇ ਗ੍ਰੰਥ ਦੀ ਥਾਂ 'ਪੋਥੀ' ਸ਼ਬਦ ਵਰਤਣ ਲਈ ਕਿਹਾ ਗਿਆ। ਇੱਥੇ ਹੀ ਬਸ ਨਹੀਂ ਉਸ ਨੇ ਪਾਵਨ ਬੀੜਾਂ ਦੀ ਬੇਅਦਬੀ ਕਰਨ ਲੱਗਿਆਂ ਵੀ ਕੋਈ ਕਸਰ ਬਾਕੀ ਨਹੀਂ ਛੱਡੀ।



ਲਖਪਤ ਰਾਏ ਦੀਆਂ ਆਪ ਹੁਦਰੀਆਂ ਦੀ ਖ਼ਬਰ ਜਦੋਂ ਨਵਾਬ ਕਪੂਰ ਸਿੰਘ ਮਿਲੀ ਤਾਂ ਉਸ ਨੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਿਰਕੱਢ ਆਗੂਆਂ ਨੂੰ ਸੁਨੇਹੇ ਭੇਜ ਕੇ ਕਾਹਨੂੰਵਾਨ ਦੀ ਛੰਭ (ਗੁਰਦਾਸਪੁਰ) ਵਿਖੇ ਇਕੱਠੇ ਹੋਣ ਲਈ ਕਿਹਾ। ਨਵਾਬ ਸਾਹਿਬ ਦੇ ਸੰਦੇਸ਼ 'ਤੇ ਇਸ ਛੰਭ ਵਿਚ ਲੱਗਪਗ 20000 ਸਿੱਖ ਇਕੱਠੇ ਹੋ ਗਏ, ਜਿਨ੍ਹਾਂ ਵਿਚ ਸ.ਜੱਸਾ ਸਿੰਘ ਆਹਲੂਵਾਲੀਆ, ਸੁੱਖਾ ਸਿੰਘ ਮਾੜੀ ਕੰਬੋਕੀ, ਗੁਰਦਿਆਲ ਸਿੰਘ ਡੱਲੇਵਾਲੀਆ, ਹਰੀ ਸਿੰਘ ਭੰਗੀ ਅਤੇ ਸ. ਨੋਧ ਸਿੰਘ ਸ਼ੁਕਰਚੱਕੀਆ ਆਦਿ ਦੇ ਜਥੇ ਹਾਜ਼ਰ ਸਨ। ਇਸ ਇਕੱਠ ਦਾ ਪਤਾ ਜਦੋਂ ਦੀਵਾਨ ਲਖਪਤ ਰਾਏ ਨੂੰ ਲੱਗਾ ਤਾਂ ਉਹ ਭਾਰੀ ਫੌਜ ਲੈ ਕੇ (ਯਹੀਆ ਖਾਨ ਸਮੇਤ) ਹਮਲਾ ਕਰਨ ਲਈ ਛੰਭ ਕੋਲ ਪਹੁੰਚ ਗਿਆ। ਇਸ ਹਮਲੇ ਵਿਚ ਸ਼ਾਹੀ ਫੌਜ ਨੇ ਸਿੱਖਾਂ ਉਪਰ ਤੋਪਾਂ ਦੇ ਗੋਲਿਆਂ ਦਾ ਮੀਂਹ ਵਰਸਾ ਦਿੱਤਾ। ਸਿੱਖਾਂ ਨੇ ਯਹੀਆ ਖਾਨ ਅਤੇ ਲਖਪਤ ਰਾਏ ਦੀ ਫੌਜ ਦਾ ਡੱਟ ਕੇ ਮੁਕਾਬਲਾ ਕੀਤਾ। ਲੜਾਈ ਦਾ ਇਹ ਸਿਲਸਲਾ ਕਈ ਰੋਜ਼ ਤੱਕ ਚੱਲਦਾ ਰਿਹਾ। ਇਸ ਸਮੇਂ ਦੌਰਾਨ ਸਿੱਖਾਂ ਦਾ ਲੰਗਰ ਮਸਤਾਨਾ ਹੋ ਗਿਆ ਅਤੇ ਸਿੰਘ ਭੁੱਖਣ-ਭਾਣੇ ਲੜਦੇ ਰਹੇ।

ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਜੰਮੂ-ਕਸ਼ਮੀਰ ਭੇਜਿਆ ਜਾਣ ਵਾਲਾ ਰਾਸ਼ਨ ਜਾਣਬੁੱਝ ਕੇ ਉਸ ਰਸਤੇ ਭੇਜ ਦਿੱਤਾ ਅਤੇ ਨਾਲ ਹੀ ਉਸ ਰਾਸ਼ਨ ਨੂੰ ਲੁੱਟ ਲੈਣ ਦਾ ਸੰਦੇਸ਼ (ਗੁਪਤਚਰ ਰਾਹੀਂ) ਭੇਜ ਦਿੱਤਾ। ਸਿੱਖਾਂ ਨੇ ਇਸ ਤਰ੍ਹਾਂ ਹੀ ਕੀਤਾ।

ਕੌੜਾ ਮੱਲ ਦੀ ਇਸ ਹਮਦਰਦੀ ਨਾਲ ਖ਼ਾਲਸਾ ਫੌਜ ਨੂੰ ਕੁੱਝ ਰਾਹਤ ਮਹਿਸੂਸ ਹੋਈ ਅਤੇ ਉਹ ਦੀਵਾਨ ਸਾਹਿਬ ਦੀ ਰਿਣੀ ਹੋ ਗਈ। ਇਸ ਪਰਉਪਕਾਰ ਬਦਲੇ ਸਿੱਖ ਇਤਿਹਾਸ ਦੀਵਾਨ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਸਤਿਕਾਰਦਾ ਆ ਰਿਹਾ ਹੈ। ਇਹ ਲੜਾਈ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਚੱਲਦੀ ਰਹੀ ਜਿਸ ਵਿਚ ਰਾਸ਼ਨ (ਕੌੜਾ ਮੱਲ ਵਾਲਾ) ਅਤੇ ਗੋਲੀ-ਸਿੱਕਾ ਖ਼ਤਮ ਹੋਣ ਲੱਗਾ।

ਇਸ ਘਮਸਾਨ ਦੀ ਲੜਾਈ ਵਿਚ ਲਖਪਤ ਰਾਏ ਦਾ ਬਹੁਤ ਵੱਡਾ ਨੁਕਸਾਨ ਹੋਇਆ। ਉਸ ਦਾ ਪੁੱਤਰ ਹਰਭਜ ਰਾਏ, ਯਹੀਆ ਖਾਨ ਦਾ ਪੁੱਤਰ ਨਾਹਰ ਖਾਨ ਅਤੇ ਫੌਜਦਾਰ ਕਰਮ ਬਖ਼ਸ਼ ਸਿੱਖਾਂ ਹੱਥੋਂ ਮਾਰੇ ਗਏ। ਭਰਾ ਦੀ ਮੌਤ ਤੋਂ ਬਾਅਦ ਪੁੱਤਰ ਦੀ ਮੌਤ ਉਸ ਲਈ ਹੋਰ ਵੀ ਅਸਹਿ ਸਾਬਤ ਹੋਣ ਲੱਗੀ। ਗੁੱਸੇ ਵਿਚ ਆ ਕੇ ਉਸ ਨੇ ਛੰਭ ਦਾ ਘੇਰਾ ਹੋਰ ਸਖਤ ਕਰ ਦਿੱਤਾ। ਲਗਾਤਾਰ ਸਰਕਾਰੀ ਸਹਾਇਤਾ ਅਤੇ ਗੋਲੀ ਸਿੱਕਾ ਮਿਲਣ ਕਰਕੇ ਉਸ ਦਾ ਪੱਲੜਾ ਭਾਰੀ ਹੋਣ ਲੱਗਾ।

ਗੁੱਸੇ ਵਿਚ ਪਾਗਲ ਹੋਇਆ ਲਖਪਤ ਰਾਏ ਹੋਛੇ ਹੱਥ-ਕੰਡੇ ਵਰਤਣ ਲੱਗਾ। ਉਸ ਨੇ ਜੰਗਲ ਦੇ ਦਰਖਤ ਕਟਵਾ ਕੇ ਉਸ ਦੇ ਚਾਰੇ ਪਾਸੇ ਅੱਗ ਲਗਵਾ ਦਿੱਤੀ। ਉਸ ਦੀ ਇਸ ਕਰਤੂਤ ਨੇ ਸਿੱਖਾਂ ਦੀਆਂ ਮੁਸ਼ਿਕਲਾਂ ਵਿੱਚ ਵਾਧਾ ਕਰ ਦਿੱਤਾ। ਇੱਕ ਜੇਠ-ਹਾੜ ਦੀ ਤਪਸ਼, ਦੂਜਾ ਜੰਗਲ ਦੀ ਅੱਗ, ਤੀਜੇ ਗੁਰੂ-ਘਰ ਦੇ ਵਿਰੋਧੀ ਪਹਾੜੀ ਰਾਜੇ ਅਤੇ ਚੋਥਾ ਚੜ੍ਹਦੇ ਪਾਸੇ ਵੱਲ ਸ਼ੂਕਦਾ ਦਰਿਆ ਬਿਆਸ। ਅਜਿਹੀ ਸੂਰਤ-ਏ-ਹਾਲ ਵਿਚ ਸਿੱਖ ਜਰਨੈਲਾਂ ਨੇ ਸਿੱਖੀ ਦੀ ਸ਼ਾਨ ਬਚਾਉਣ ਲਈ ਇੱਕ ਮਤਾ ਪਾਸ ਕੀਤਾ। ਇਸ ਮਤੇ ਰਾਹੀਂ ਦੁਸ਼ਮਣ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਫ਼ੈਸਲੇ ਮੁਤਾਬਿਕ ਸਿੱਖਾਂ ਨੇ ਚੜ੍ਹਦੀਕਲਾ ਦੇ ਜੈਕਾਰੇ ਛੱਡੇ ਅਤੇ ਵੈਰੀਆਂ ਖ਼ਿਲਾਫ ਜੂਝ ਪਏ। ਇਸ ਘੱਲੂਘਾਰੇ ਵਿਚ ਕਈ ਸਿੱਖ ਸ਼ਹੀਦ ਹੋ ਗਏ ਅਤੇ ਕਈ ਜ਼ਖ਼ਮੀ। ਜਦੋਂ ਜਹਿਦ ਕਰਦਿਆਂ ਕੁੱਝ ਸਿੱਖਾਂ ਨੇ ਦਰਿਆ ਬਿਆਸ ਵਿਚ ਛਾਲਾਂ ਮਾਰ ਦਿੱਤੀਆਂ। ਇਨਾਂ ਵਿਚੋਂ ਕੁੱਝ ਰੁੜ ਗਏ ਅਤੇ ਕੁੱਝ ਪਹਾੜਾਂ ਵੱਲ ਨੂੰ ਹੋ ਤੁਰੇ। ਕਈ ਸਿੱਖਾਂ ਨੂੰ ਮੁਗਲਾਂ ਨੇ ਕੈਦੀ ਬਣਾ ਲਿਆ ਅਤੇ ਲਾਹੌਰ ਸ਼ਹਿਰ ਦੇ ਨਾਖਾਸ ਚੌਂਕ ਵਿਚ ਬੜੇ ਵਹਿਸ਼ੀ ਢੰਗ ਨਾਲ ਸ਼ਹੀਦ ਕਰ ਦਿੱਤਾ। ਦੇਹਾਂ ਨੂੰ ਮਸੀਤ ਦੀਆਂ ਦੀਵਾਰਾਂ ਵਿਚ ਦੱਬ ਦਿੱਤਾ ਅਤੇ ਲਹੂ ਨਾਲ ਮਸੀਤ ਦੇ ਫਰਸ਼ ਧੋ ਦਿੱਤੇ।

ਇਸ ਘੱਲੂਘਾਰੇ ਵਿਚ 7000 ਦੇ ਕਰੀਬ ਸਿੱਖ ਸ਼ਹੀਦ ਹੋਏ ਅਤੇ 3000 ਸਿੱਖਾਂ ਨੂੰ ਕੈਦੀ ਬਣਾਇਆ ਗਿਆ। ਕੁੱਝ ਇਤਿਹਾਸਕਾਰਾਂ ਦੀ ਰਾਇ ਮੁਤਾਬਿਕ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਤਦਾਦ 11000 ਅਤੇ ਕੈਦ ਕੀਤਿਆਂ ਦੀ 2000 ਹੈ।

ਇਸ ਘੱਲੂਘਾਰੇ ਵਿਚ ਭਾਵੇਂ ਸਿੱਖ ਸਰਦਾਰਾਂ ਦਾ ਕਾਫੀ ਨੁਕਸਾਨ ਹੋਇਆ ਪਰ ਦੀਵਾਨ ਲਖਪਤ ਰਾਏ ਦਾ ਸੁਪਨਾ (ਸਿੱਖੀ ਨੂੰ ਖ਼ਤਮ ਕਰਨ ਦਾ) ਅਧੂਰਾ ਹੀ ਰਹਿ ਗਿਆ। ਕਿਉਂਕਿ ਇੱਕ ਛਿਮਾਹੀ ਪਿੱਛੋਂ ਸਿੱਖ ਦੁਬਾਰਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਨੇ 30 ਮਾਰਚ 1747 ਈ. ਨੂੰ ਸਰਬੱਤ ਖ਼ਾਲਸਾ ਬੁਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਪੱਕੀ ਠਹਿਰ ਬਣਾਉਣ ਦਾ ਗੁਰਮਤਾ ਪਾਸ ਕਰ ਦਿੱਤਾ। ਇਸ ਗੁਰਮਤੇ ਮੁਤਾਬਿਕ ਹੀ ਰਾਮ ਰੌਣੀ ਦੇ ਕਿਲ੍ਹੇ ਦੀ ਉਸਾਰੀ ਆਰੰਭ ਕੀਤੀ ਗਈ।

#1348/17/1 ਗਲੀ ਨੰ:8
ਐਕਸਟੈਨਸ਼ਨ (ਲੁਧਿਆਣਾ)
ਮੋ:9463132719

# ਜ਼ਿੰਦਗੀ ਰੰਗ ਮੰਚ ਹੈ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਜ਼ਿੰਦਗੀ ਜ਼ਿੰਦਾ ਰਹਿਣ ਦਾ ਨਾਂ ਹੁੰਦੀ ਹੈ। ਜ਼ਿੰਦਗੀ ਜੀਊਣ ਦਾ ਤਰੀਕਾ ਹੀ ਮਨੁੱਖ ਦਾ ਸਲੀਕਾ ਪ੍ਰਭਾਸ਼ਿਤ ਕਰਦਾ ਹੈ। ਇਹ ਉਹ ਨਿਆਮਤ ਹੈ ਜੋਂ ਧੜਕਦੀਆਂ ਰੂਹਾਂ ਉੱਪਰ ਹਾਵੀ ਰਹਿੰਦੀ ਹੈ। ਇਹ ਜੀਵ ਵਿਗਿਆਨ ਦੀ ਜੜ੍ਹ ਹੈ। ਸਮੇਂ ਦੇ ਹਰ ਤਰ੍ਹਾਂ ਦੇ ਹਾਲਾਤਾਂ ਨੂੰ ਘੇਰ ਕੇ ਆਪਣੇ ਵਲ ਕਰਨਾ ਜ਼ਿੰਦਗੀ ਦਾ ਮਕਸਦ ਹੁੰਦਾ ਹੈ। ਮਕਸਦ ਵਿਹੂਣੀ ਜ਼ਿੰਦਗੀ ਬੋਝਲ ਅਤੇ ਬੌਂਦਲੀ ਹੋਈ ਹੁੰਦੀ ਹੈ। ਰੋਜ਼ਾਨਾ ਜੀਵਨ ਦੀ ਵਹਿੰਦੀ ਧਾਰਾ ਵਿੱਚ ਜੂਝਦਾ ਮਨੁੱਖ ਆਪਣੀ ਜ਼ਿੰਦਗੀ ਦੇ ਵਰਤਮਾਨ ਵਿੱਚੋਂ ਭਵਿੱਖ ਨੂੰ ਅਤੀਤ ਦੇ ਪਰਛਾਵੇਂ ਤੋਂ ਸਿੱਖ ਕੇ ਖੁਸ਼ਹਾਲ ਬਣਾਉਣ ਲਈ ਲੱਗਿਆ ਰਹਿੰਦਾ ਹੈ।

ਇਸ ਪ੍ਰਤੀ ਕਈ ਤਰ੍ਹਾਂ ਦੇ ਸਮਝੌਤੇ, ਚਲਾਕੀਆਂ, ਹੇਰਾਫੇਰੀਆਂ ਅਤੇ ਝੂਠ-ਸੱਚ ਦਾ ਸਹਾਰਾ ਲੈਂਦਾ ਹੈ। ਲੋਭ, ਮੋਹ, ਹਉਮੈਂ , ਹੰਕਾਰ ਅਤੇ ਸ਼ੰਕਾ ਅੱਜ ਜ਼ਿੰਦਗੀ ਤੇ ਭਾਰੂ ਰਹਿੰਦੀਆਂ ਹਨ। "ਪਹਿਲਾਂ ਵਾਲੀ ਗੱਲ ਨਾ ਰਹੀ"। ਬੰਦਾ ਇਹ ਸੋਚਦਾ ਹੀ ਨਹੀਂ ਕਿ ਕੁਦਰਤ ਨੇ ਜੰਮਣ ਦੇ ਨਾਲ ਹੀ ਮਾਂ ਦਾ ਦੁੱਧ ਦਿੱਤਾ ਹੈ। ਫ਼ਿਕਰ ਕੁਦਰਤ ਕਰਦੀ ਹੈ। ਸਾਡੇ ਵਿੱਚ ਚਰਿੱਤਰ ਨਿਰਮਾਣ ਦੀ ਕਮੀ ਰਹਿ ਜਾਂਦੀ ਹੈ। ਇਹੀ ਪਾੜੇ ਦੀ ਜੜ ਬਣ ਕੇ ਮਾਨਸਿਕ ਗੁਲਾਮੀ ਅਤੇ ਤ੍ਰਾਸਦੀ ਪੈਦਾ ਕਰਦੀ ਹੈ। ਨਤੀਜਾ ਜ਼ਿੰਦਗੀ ਨੂੰ ਚਿੱਤਰਕਾਰੀ ਦੀ ਬਜਾਏ ਕਾਟੇ ਮਾਰ ਕੇ ਅਤੇ ਕਾਟੋ ਕਲੇਸ਼ ਬਣਾ ਕੇ ਪੇਸ਼ ਕਰਦੇ ਹਾਂ। ਕਾਇਨਾਤ ਵਿਚੋਂ ਜ਼ਿੰਦਗੀ ਉੱਪਜਦੀ ਹੈ।

ਵਿਦਵਾਨਾਂ, ਖੋਜਕਾਰਾਂ ਅਤੇ ਬੁੱਧੀਜੀਵੀਆਂ ਨੇ ਜ਼ਿੰਦਗੀ ਦੀਆਂ ਬਰੀਕੀਆਂ ਘੋਖੀਆਂ। ਸਭ ਦੀ ਰਾਏ ਹੈ ਕਿ ਜ਼ਿੰਦਗੀ ਜੀਊਣ ਲਈ ਹੈ। ਇਸ ਨੂੰ ਛੋਟੀਆਂ ਛੋਟੀਆਂ ਕਿਆਰੀਆਂ ਵਿੱਚ ਵੰਡ ਕੇ ਸੀਮਤ ਨਾ ਕਰੋ। ਹਾਂ ਇੱਕ ਗੱਲ ਹੋਰ ਹੈ ਕਿ ਜ਼ਿੰਦਗੀ ਜੀਊਣਾ ਸੱਚ ਮੁੱਚ ਹੀ ਕਲਾ ਹੈ। ਇਸ ਕਲਾ ਪ੍ਰਤੀ ਇੰਨੇ ਤਜਰਬੇਕਾਰ ਹੋਣਾ ਚਾਹੀਦਾ ਕਿ ਕਲਾ ਦੇ ਅਨੰਦ ਲਈ ਸਮਾਜ ਨੂੰ ਸੇਧਿਤ ਅਤੇ ਜਾਗਰੂਕ ਕਰੀਏ। ਜ਼ਿੰਦਗੀ ਨੂੰ ਸਿੱਕੇ ਦੇ ਦੋਵਾਂ ਪਾਸਿਆਂ ਵਾਂਗ ਸਮਝਣ ਨਾਲ ਕਾਫ਼ੀ ਕੁੱਝ ਸੌਖਾ ਖੁਸ਼ਗਵਾਰ ਰਹਿੰਦਾ ਹੈ। ਜ਼ਿੰਦਗੀ ਦਾ ਇਕ ਪਾਸਾ ਤੱਕਣ ਨਾਲ ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ "ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁੱਖ, ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁੱਪ" ਇਹ ਸ਼ਬਦ ਜ਼ਿੰਦਗੀ ਦਾ ਅੰਤਰੀਵ ਭਾਵ ਹੈ।

ਸਕਿਟਾਂ, ਮਿੰਟਾਂ, ਘੰਟਿਆਂ ਰਾਹੀਂ ਹੁੰਦਾ ਹੋਇਆ ਜ਼ਿੰਦਗੀ ਦਾ ਸਫ਼ਰ ਸਾਲਾਂਬੱਧੀ ਚੱਲਦਾ ਰਹਿੰਦਾ ਹੈ। ਨਿੱਤ ਦਿਨ ਨਵੀਂ ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ ਹੈ। ਹੱਲ ਵੀ ਵਿੱਚੋਂ ਹੀ ਨਿਕਲ ਆਉਂਦੇ ਹਨ। ਜੋ ਆਪਣੇ ਲਈ ਜੀਉਂਦਾ ਹੈ ਉਹ ਮਰਿਆ ਬਰਾਬਰ ਜੋਂ ਦੂਜੇ ਲਈ ਮਰਦਾ ਹੈ ਉਹ ਮਰ ਕੇ ਵੀ ਜੀਉਂਦਾ ਹੈ।

ਵੱਖ ਵੱਖ ਖਿਤਿਆਂ, ਧਰਮਾਂ ਅਤੇ ਕਬੀਲੇ ਆਪਣੇ ਢੰਗ ਨਾਲ ਜੀਵਨ ਜੀਉਂਦੇ ਹਨ। ਅਸੀਂ ਆਪਣੀ ਜ਼ਿੰਦਗੀ ਦੀ ਉਦਾਹਰਨ ਲੈ ਕੇ ਦੇਖਦੇ ਹਾਂ ਕਿ ਅਸੀਂ ਈਰਖਾਲੂ ਸੁਭਾਅ ਕਾਰਨ ਆਪਣੀ ਜਗ੍ਹਾ ਦੂਜੇ ਲਈ ਜੀਉਂਦੇ ਹਾਂ।

ਆਪਣੀ ਜ਼ਿੰਦਗੀ ਖ਼ੂਬਸੂਰਤ ਬਣਾਉਣ ਦੀ ਬਜਾਏ ਇਸ ਨੂੰ ਕੁਰਬਾਨ ਕਰਕੇ ਦੂਜੇ ਦੀ ਜ਼ਿੰਦਗੀ ਨੂੰ ਬਰਬਾਦ ਕਰਨ ਲਈ ਮਕਸਦ ਸਮਝਦੇ ਹਾਂ। ਇਹ ਸੋਚ ਅਤੇ ਪਾੜਾ ਇੰਨਾ ਗੁੰਝਲਦਾਰ ਹੈ ਕਿ ਇਸ ਵਿੱਚੋਂ ਨਿਕਲਣਾ ਮੁਸ਼ਕਲ ਹੈ। ਇਸ ਨਾਲ ਜ਼ਿੰਦਗੀ ਰਸਭਰੀ ਅਤੇ ਸੰਗੀਤਮਈ ਬਣਨ ਦੀ ਥਾਂ ਆਪਣੇ ਆਪ ਨਾਲੋਂ ਵੀ ਵੈਰਾਗਮਈ ਬਣ ਜਾਂਦੀ ਹੈ। ਸੱਭਿਅਤਾ ਅਤੇ ਸੱਭਿਆਚਾਰ ਜਿਵੇਂ ਜਿਵੇਂ ਕਿਰਦੇ ਜਾਂਦੇ ਹਨ ਉਸੀ ਤਰ੍ਹਾਂ ਜ਼ਿੰਦਗੀ ਸਵਾਦ ਰਹਿਤ ਅਤੇ ਬੋਲੀਵਾਜੀ ਹੁੰਦੀ ਜਾਂਦੀ ਹੈ।

ਉਂਝ ਕਿਤਾਬਾਂ ਦੱਸਦੀਆਂ ਹਨ ਕਿ ਜ਼ਿੰਦਗੀ ਖ਼ੁਦਮੁਖ਼ਤਿਆਰ ਨਹੀਂ ਸਮੇਂ ਦੇ ਹਾਲਾਤਾਂ ਦੇ ਅਧੀਨ ਹੁੰਦੀ ਹੈ। ਇਹਨਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ ਪਰ ਸਮੇਂ ਨਾਲ ਇੱਕਸਾਰਤਾ ਬਣਾਉਣ ਨਾਲ ਰਸਭਰੀ ਹੋ ਸਕਦੀ ਹੈ। ਸਮੇਂ ਦਾ ਹਾਣੀ ਬਣਨ ਲਈ ਹੁਣ ਬੌਧਿਕ, ਸਮਾਜਿਕ ਅਤੇ ਆਰਥਿਕ ਤਰੱਕੀ ਹੋ ਚੁੱਕੀ ਹੈ। ਜ਼ਿੰਦਗੀ ਨੂੰ ਆਪਣੇ ਅਧੀਨ ਕਰਕੇ ਚੱਲਣ ਵਾਲੇ ਵੀ ਇਸੇ ਧਰਤੀ ਤੇ ਰਹਿੰਦੇ ਹਨ।

ਜੀਵ ਤੋਂ ਜ਼ਿੰਦਗੀ, ਜ਼ਿੰਦਗੀ ਤੋਂ ਜੀਵ ਵਿਗਿਆਨ ਬਣਿਆ। ਉਤਪਤੀ ਤੋਂ ਬਾਅਦ ਵਿਕਾਸ ਨਾਲ ਦੀ ਨਾਲ ਚੱਲਦਾ ਰਹਿੰਦਾ ਹੈ। ਅਸੀਂ ਆਪਣੇ ਖੁਆਬਾਂ ਦੀ ਪੂਰਤੀ ਅਤੇ ਪਰਿਵਾਰ ਤੱਕ ਨੂੰ ਜ਼ਿੰਦਗੀ ਸਮਝਦੇ ਹਾਂ ਜਦੋਂ ਕਿ ਜ਼ਿੰਦਗੀ ਵਿਚ ਫਰਜ਼ ਸਭ ਤੋਂ ਉੱਤਮ ਹੁੰਦੇ ਹਨ। ਜ਼ਿੰਦਗੀ ਦਾ ਸਫ਼ਰ ਹਰ ਮਨੁੱਖ ਮਿਹਨਤ, ਸਬਰ ਅਤੇ ਸੰਤੋਖ ਨਾਲ ਚੱਲੇ, ਆਪਣੇ ਆਪ ਨੂੰ ਸੀਮਤਾਈਆਂ ਤੋਂ ਬਾਹਰ ਕੱਢੇ ਇਸ ਨਾਲ ਸਮਾਜਿਕ ਉੱਨਤੀ ਹੋਵੇਗੀ। ਜ਼ਿੰਦਗੀ ਨੂੰ ਜ਼ਿੰਦਾਬਾਦ, ਜ਼ਿੰਦਗੀ ਜੀਊਣ ਲਈ ਹੈ ਕੱਟਣ ਲਈ ਨਹੀਂ ਅਤੇ ਜ਼ਿੰਦਗੀ ਚ ਰੰਗ ਭਰੋ ਆਦਿ ਕਈ ਤਰ੍ਹਾਂ ਦੇ ਤਜ਼ਰਬਿਆਂ ਦੀ ਤਰਜ਼ਮਾਨੀ ਕਰਦੀਆਂ ਇਹੋ ਜਿਹੀਆਂ ਲਿਖਤਾਂ ਤਾਂ ਬਣ ਜਾਂਦੀਆਂ ਹਨ ਪਰ ਜੋ ਜਿਸ ਤਰ੍ਹਾਂ ਦੀ ਸਥਿਤੀ ਚੋਂ ਗੁਜ਼ਰਦਾ ਹੈ ਉਹੀ ਜਾਣਦਾ ਹੈ। ਮਾਨਸਿਕ ਸਿਹਤ ਜ਼ਿੰਦਗੀ ਦੀ ਰੂਹ ਹੁੰਦੀ ਹੈ।

ਕਾਇਨਾਤ ਅਤੇ ਸਾਹ ਲੈਣ ਵਾਲੀਆਂ ਰੂਹਾਂ ਨਾਲ ਜ਼ਿੰਦਗੀ ਦੀ ਰਚਨਾ ਹੋਈ ਸੀ। ਜ਼ਿੰਦਗੀ ਲਈ ਕਈ ਤਰ੍ਹਾਂ ਦੇ ਤਜ਼ਰਬਿਆਂ, ਗਿਣਤੀਆਂ ਮਿਣਤੀਆਂ ਅਤੇ ਸੁਝਾਵਾਂ ਤੋਂ ਲੱਗਦਾ ਹੈ ਜ਼ਿੰਦਗੀ ਗੁਲਦਸਤੇ ਵਾਂਗ ਰੱਖੀ ਜਾਣੀ ਚਾਹੀਦੀ ਹੈ। ਗੁਲਦਸਤਾ ਫੁੱਲਾਂ ਦੀ ਭਰੀ ਅਤੇ ਜ਼ਿੰਦਗੀ ਰੰਗਾਂ ਦੀ ਭਰੀ ਚੰਗੇਰ ਹੁੰਦੀ ਹੈ। ਇਸ ਵਿੱਚ ਵੱਖ ਵੱਖ ਤਰ੍ਹਾਂ ਦੇ ਕਿਰਦਾਰ ਨਿਭਾਉਣ ਨਾਲ ਹੀ ਇਹ ਸਹੀ ਸਲਾਮਤ ਚਲਦੀ ਰਹਿੰਦੀ ਹੈ। ਮੁੱਕਦੀ ਗੱਲ ਸ਼ੈਕਸਪੀਅਰ ਨੇ ਇੱਕ ਨੁਕਤੇ ਚ ਨਿਬੇੜਾ ਕਰਕੇ ਕਿਹਾ ਸੀ "ਜ਼ਿੰਦਗੀ ਰੰਗ ਮੰਚ ਹੈ ਮਰਦ ਔਰਤ ਇਸਦੇ ਪਾਤਰ ਹਨ"।

# ਇਟਲੀ ਦੀ ਨਾਗਰਿਕਤਾ ਲਈ ਹੋਵੇ 5 ਸਾਲ ਦਾ ਸਮਾਂ

## ○ 30 ਸਤੰਬਰ ਤੱਕ ਹੋ ਰਹੀ ਰਾਸ਼ਟਰੀ ਰਾਏਸ਼ੁਮਾਰੀ ○ 5 ਲੱਖ ਲੋਕ ਬਦਲ ਸਕੇ 25 ਲੱਖ ਤੋਂ ਵੱਧ ਲੋਕਾਂ ਦੀ ਕਿਸਮਤ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਇਟਲੀ ਦਾ ਪਾਸਪੋਰਟ ਸਭ ਤੋਂ ਵੱਧ ਸ਼ਕਤੀਸ਼ਾਲੀ ਹੋਣ ਤੋਂ ਬਾਅਦ ਇੱਕ ਵਾਰ ਫਿਰ ਇੱਥੋ ਦੇ ਪ੍ਰਵਾਸੀਆਂ ਨਾਲ ਸੰਬਧਤ ਜੱਥੇਬੰਦੀਆਂ ਨੇ ਇਟਲੀ ਦੀ ਨਾਗਰਿਕਤਾ ਪਾਉਣ ਲਈ ਰੱਖੇ 10 ਸਾਲ ਦੇ ਸਮੇਂ ਨੂੰ ਘਟਾਕੇ 5 ਸਾਲ ਕਰਨ ਲਈ ਕਮਰ ਕੱਸੀ ਹੋਈ ਹੈ ਜਿਸ ਬਾਬਤ ਕਈ ਤਰ੍ਹਾਂ ਦੀਆਂ ਮੂਵਮੈਂਟਾਂ ਸਮੇਂ-ਸਮੇਂ ਤੇ ਹੁੰਦੀਆਂ ਰਹਿੰਦੀਆਂ ਹਨ ਪਰ ਇਸ ਵਾਰ ਇਹ ਸੰਘਰਸ਼ ਇਟਲੀ ਦੀ ਉੱਚ ਅਦਾਲਤ ਮਾਨਯੋਗ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਹੈ ਜਿੱਥੇ ਇੱਕ ਵਿਸੇ ਰਿੱਟ ਨੈਚੁਰਲਾਈਜੇ ਕਾਨੂੰਨੀ ਐਕਟ ਰਾਹੀਂ ਦਾਇਰ ਕੀਤੀ ਗਈ ਹੈ ਕਿ ਇਟਲੀ ਦੀ ਨਾਗਰਿਕਤਾ ਹਾਸਲ ਕਰਨ ਦਾ ਸਮਾਂ 10 ਸਾਲ ਤੋਂ ਘਟਾਕੇ 5 ਸਾਲ ਕੀਤਾ ਜਾਵੇ।



ਇਸ ਸੋਧ ਸੰਬੰਧੀ ਅਗਸਤ 2024 ਵਿੱਚ ਬਹੁਤ ਸਾਰੀਆਂ ਰਾਜਨੀਤਿਕ ਅਤੇ ਮੀਡੀਆ ਬਹਿਸਾਂ ਦੇਖਣ ਨੂੰ ਵੀ ਮਿਲੀਆ ਜਿਹਨਾਂ ਵਿੱਚ ਅਹਿਮ ਭੂਮਿਕਾ ਕੇਂਦਰ ਸੱਜੇ-ਪੱਖੀ ਸਿਆਸੀ ਪਾਰਟੀ ਫੋਰਜਾ ਇਟਾਲੀਅਨ ਕਰ ਰਹੀ ਸੀ ਇਹ ਪਾਰਟੀ ਵਿਦੇਸ਼ੀ ਬੱਚਿਆਂ ਨੂੰ ਨਾਗਰਿਕਾ ਦੇਣ ਦੀ ਗੱਲ ਵੀ ਕਰਦੀ ਹੈ।ਇਸ ਮੰਗ ਨੂੰ ਕਾਨੂੰਨੀ ਢੰਗ ਨਾਲ ਪੂਰਾ ਕਰਵਾਉਣ ਲਈ ਇਟਲੀ ਦੇ ਤਮਾਮ ਪ੍ਰਵਾਸੀ ਜਾਂ ਪ੍ਰਵਾਸੀਆਂ ਦੀਆਂ ਬਣੀਆਂ ਕਈ ਐਸੋਸ਼ੀਏਸ਼ਨਾਂ ਜਾਂ ਉਹ ਲੋਕ ਜਿਹੜੇ ਇਟਾਲੀਅਨ ਹੁੰਦੇ ਵੀ ਪ੍ਰਵਾਸੀਆਂ ਦੇ ਹੱਕਾਂ ਲਈ ਲੜਦੇ ਹਨ ਹੁਣ ਇਟਲੀ ਦੀ ਨਾਗਰਿਕਤਾ ਦਾ ਸਮਾਂ 10 ਤੋਂ 5 ਸਾਲ ਕਰਵਾਉਣ ਲਈ ਖੁੱਲ ਕੇ ਮੈਦਾਨ ਵਿੱਚ ਹਨ ਤੇ ਇਹਨਾਂ ਨੇ 6 ਸਤੰਬਰ 2024 ਨੂੰ ਇਟਲੀ ਦੀ ਮਾਨਯੋਗ ਅਦਾਲਤ ਸੁਪਰੀਮ ਕੋਰਟ ਵਿੱਚ ਨੈਚੁਰਲਾਈਜੇ ਦੁਆਰਾ ਇੱਕ ਵਿਸੇ ਦਰਖਾਸਤ ਦਾਖਲ ਕਰਦਿਆਂ ਰਾਸ਼ਟਰੀ ਰਾਏਸ਼ੁਮਾਰੀ ਦਾ ਪ੍ਰਸਤਾਵ ਸ਼ੁਰੂ ਕਰ ਦਿੱਤਾ ਜਿਸ ਵਿੱਚ ਕਿ 5 ਲੱਖ ਬੰਦੇ ਦੀ ਸਹਿਮਤੀ ਹੋਣੀ ਲਾਜ਼ਮੀ ਹੈ। ਇਹ ਰਾਸ਼ਟਰੀ ਰਾਏਸ਼ੁਮਾਰੀ 30 ਸਤੰਬਰ 2024 ਤੱਕ ਹੈ। ਜੇਕਰ ਇਸ ਲੜਾਈ ਵਿੱਚ 5 ਲੱਖ ਬੰਦਾ ਹਾਅ ਦਾ ਨਾਹਰਾ ਮਾਰ ਦਿੰਦਾ ਹੈ ਤਾਂ ਭੱਵਿਖ ਵਿੱਚ ਇਟਲੀ ਦੀ ਨਾਗਰਿਕਤਾ ਲਈ 5 ਸਾਲ ਤੋਂ ਬਾਅਦ ਅਰਜੀ ਦਿੱਤੀ ਜਾ ਸਕੇਗੀ। ਇਸ ਸਲਾਘਾਂਯੋਗ ਕਾਰਜ ਵਿੱਚ ਇਟਲੀ ਦੀਆਂ ਕਈ ਪ੍ਰਵਾਸੀ ਪੱਖੀਆਂ ਜੱਥੇਬੰਦੀਆਂ ਤੇ ਸਿਆਸੀ ਪਾਰਟੀਆਂ ਕੰਮ ਕਰ ਰਹੀਆਂ ਹਨ। ਜੇਕਰ ਇਹ ਲੜਾਈ ਜਿੱਤੀ ਜਾਂਦੀ ਹੈ ਤਾਂ 25 ਲੱਖ ਤੋਂ ਉੱਪਰ ਪ੍ਰਵਾਸੀਆਂ ਨੂੰ ਲਾਭ ਹੋਵੇਗਾ। ਇਟਲੀ ਯੂਰਪ ਦਾ ਤੀਜਾ ਦੇਸ਼ ਹੈ ਜਿਸ ਨੇ ਨੈਚੁਰਲਾਈਜੇ ਕਾਨੂੰਨ ਨੂੰ ਮਨਜ਼ੂਰੀ ਦਿੱਤੀ ਹੈ ਇੱਥੇ ਪ੍ਰਵਾਸੀ ਦੀਆਂ ਗਿਣਤੀ ਫਰਾਂਸ, ਜਰਮਨ ਤੇ ਬੈਲਜੀਅਮ ਵਰਗੇ ਦੇਸ਼ਾਂ ਤੋਂ ਵੱਧ ਹੈ ਜਦੋਂ ਕਿ ਫਰਾਂਸ, ਜਰਮਨ ਤੇ ਬੈਲਜੀਅਮ ਨੇ ਦੇਸ਼ ਅੰਦਰ ਕਾਨੂੰਨ ਦੀ ਸੋਧ ਕਰਦਿਆਂ ਨਾਗਰਿਕਤਾ 5 ਸਾਲ ਤੋਂ ਬਾਅਦ ਦੇਣ ਦੀ ਪ੍ਰਕ੍ਰਿਆ ਚਲਾਈ ਹੋਈ ਹੈ। ਇਟਲੀ 10 ਸਾਲ ਤੋਂ ਬਾਅਦ ਵੀ ਬਿਨੈ ਕਰਤਾ ਨੂੰ 24 ਤੋਂ 36 ਮਹੀਨੇ ਉਡੀਕ ਕਰਨੀ ਪੈਂਦੀ ਹੈ। ਹੁਣ ਇਹ ਗੱਲ ਭੱਵਿਖ ਤੈਅ ਕਰੇਗਾ ਕਿ ਇਟਲੀ ਦੇ ਨਾਗਰਿਕਤਾ ਕਾਨੂੰਨ (ਜੋ ਸੰਨ 1992 ਤੋਂ ਲਾਗੂ ਹੋਇਆ ਹੈ) ਨੂੰ ਬਦਲਾਉਣ ਲਈ ਇਟਲੀ ਦੇ ਤਮਾਮ ਪ੍ਰਵਾਸੀ ਇੱਕ ਝੰਡੇ ਹੇਠ ਲਾਮਬੰਦ ਹੋਕੇ ਰਾਸ਼ਟਰੀ ਰਾਏਸ਼ੁਮਾਰੀ ਦਾ ਹਿੱਸਾ ਬਣ ਇਤਿਹਾਸ ਸਿਰਜਦੇ ਹਨ ਜਾਂ ਫਿਰ ਲੱਖਾਂ ਲੋਕਾਂ ਦਾ ਭੱਵਿਖ ਬਦਲਦਾ-ਬਦਲਦਾ ਰਹਿ ਜਾਂਦਾ ਹੈ ਫੈਸਲਾ ਪ੍ਰਵਾਸੀਆਂ ਹੱਥ ਹੈ। ਇਸ ਰਾਸ਼ਟਰੀ ਰਾਏਸ਼ੁਮਾਰੀ ਲਈ ਹਰ ਪ੍ਰਵਾਸੀ ਆਪਣੀ ਸਪੀਡ ਆਈ ਡੀ ਦੁਆਰਾ ਹੇਠ ਦਿੱਤੇ ਲਿੰਕ ਤੇ ਜਾਕੇ ਵੋਟ ਦੇ ਸਕਦਾ ਹੈ।

# ਕ੍ਰਾਂਤੀਕਾਰੀ ਬਜ਼ੁਰਗ ਪੰਜਾਬੀ ਸ਼ਾਇਰ "ਆਜ਼ਾਦ" ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ

ਫਗਵਾੜਾ-99ਵਿਆਂ ਨੂੰ ਢੁਕੇ ਕ੍ਰਾਂਤੀਕਾਰੀ ਬਜ਼ੁਰਗ ਪੰਜਾਬੀ ਸ਼ਾਇਰ ਪ੍ਰੀਤਮ ਸਿੰਘ ਆਜ਼ਾਦ ਨੂੰ ਉਹਨਾ ਦੀ ਲੋਕ ਪੱਖੀ ਸ਼ਾਇਰੀ ਅਤੇ ਨਵੇਂ ਸਮਾਜ ਦੀ ਸਿਰਜਣਾ ਲਈ ਕੀਤੇ ਗਏ ਨਿਰੰਤਰ ਅਤੇ ਅਣਥੱਕ ਉਪਰਾਲਿਆਂ ਲਈ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਸਨਮਾਨ ਦਿੱਤਾ ਗਿਆ।

ਇਹ ਸਨਮਾਨ ਅੱਜ ਉਹਨਾ ਦੇ ਗ੍ਰਹਿ ਕਪੂਰਥਲਾ ਵਿਖੇ ਪੰਜਾਬੀ ਵਿਰਸਾ ਟਰਸੱਟ (ਰਜਿ:) ਫਗਵਾੜਾ ਜਿਸਦੀ ਅਗਵਾਈ ਲੇਖਕ ਅਤੇ ਸੀਨੀਅਰ ਪੱਤਰਕਾਰ ਪ੍ਰੋ: ਜਸਵੰਤ ਸਿੰਘ ਗੰਡਮ ਕਰਦੇ ਹਨ, ਵਲੋਂ ਪ੍ਰਦਾਨ ਕੀਤਾ ਗਿਆ।

ਇਹ ਜਾਣਕਾਰੀ ਦਿੰਦਿਆਂ ਟਰੱਸਟ ਦੇ ਜਨਰਲ ਸਕੱਤਰ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ ਇਸ ਸਨਮਾਨ ਵਿੱਚ ਇੱਕ ਮੋਮੈਂਟੋ, ਲੋਈ, ਸਨਮਾਨ ਪੱਤਰ ਅਤੇ 5000 ਰੁਪਏ ਦੀ ਨਕਦ ਰਾਸ਼ੀ ਸ਼ਾਮਲ ਹੈ। ਸਨਮਾਨ ਪੱਤਰ ਵਿੱਚ "ਆਜ਼ਾਦ" ਜੀ ਨੂੰ 'ਲੋਕ ਸ਼ਾਇਰ' ਅਤੇ 'ਫਾਈਟਰ ਰਾਈਟਰ' ਕਹਿਕੇ ਸਲਾਹਿਆ ਗਿਆ।

ਪ੍ਰੀਤਮ ਸਿੰਘ ਆਜ਼ਾਦ ਦੇ ਕਾਵਿ-ਸੰਗ੍ਰਹਿ "ਸੂਰਮਿਆਂ ਦੀ ਗਾਥਾ" ਦੂਜਾ ਐਡੀਸ਼ਨ ਪਿਛੇ ਜਿਹੇ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਸਨਮੁੱਖ ਹੋਇਆ ਹੈ। 104 ਸਫ਼ਿਆਂ ਦੇ ਇਸ ਕਾਵਿ-ਸੰਗ੍ਰਹਿ ਵਿੱਚ 39 ਕਵਿਤਾਵਾਂ ਹਨ। ਪੰਜਾਬੀ ਵਿਰਸਾ ਟਰੱਸਟ ਦੇ ਲੇਖਕਾਂ ਦੇ ਗਰੁੱਪ ਨਾਲ ਆਪਣੀ ਲਿਖਣ ਅਤੇ ਸੰਘਰਸ਼ ਕਰਨ ਦੀ ਲੰਮੀ ਯਾਤਰਾ ਨੂੰ ਸਾਂਝਾ ਕਰਦਿਆਂ ਪ੍ਰੀਤਮ ਸਿੰਘ ਆਜ਼ਾਦ ਨੇ ਕਿਹਾ ਕਿ ਲੇਖਕ ਨੂੰ ਲੋਕਾਂ ਲਈ ਲਿਖਣਾ ਚਾਹੀਦਾ ਹੈ, ਹਾਕਮਾਂ ਦੇ ਹੱਕ ਵਿੱਚ ਨਹੀਂ। ਉਹਨਾ ਕਿਹਾ ਕਿ 'ਉਹੀ ਲੇਖਣੀ ਸਦੀਵੀ ਹੁੰਦੀ ਹੈ, ਜੋ ਲੋਕਾਂ ਲਈ ਲਿਖੀ ਜਾਵੇ ਨਾ ਕਿ ਲੁਟੇਰਿਆਂ ਲਈ।' ਉਹਨਾ ਹੋਰ ਕਿਹਾ ਕਿ ਨਵੇਂ ਸਮਾਜ ਦੀ ਸਿਰਜਣਾ ਕਰਨ ਦੇ ਨਿਰੰਤਰ ਯਤਨ ਕਰਨਾ, ਲੇਖਣੀ ਦਾ ਕਾਰਜ ਹੈ। ਇਸ ਸਬੰਧੀ ਉਹਨਾ ਨੇ ਆਪਣੀਆਂ ਹੇਠਲੀਆਂ ਕਾਵਿ-ਸਤਰਾਂ ਦਾ ਹਵਾਲਾ ਦਿੱਤਾ :- "ਖੰਡੇ ਵਰਗੀ ਕਲਮ ਨੂੰ ਕਵੀਓ ਅਪਨਾਓ"; -"ਬਿਖੜਾ ਪੈਂਡਾ ਸਾਥੀਓ, ਕਵਿਤਾ ਦਾ ਪਿੰਗਲ"; -"ਕਵਿਤਾ ਦਾ ਰੂਪ ਮਤਲਾ, ਕਵਿਤਾ ਦਾ ਰੰਗ ਮਕਤਾ"; -"ਰੌਸ਼ਨੀ ਦਾ ਨੇਰ੍ਹਿਆਂ ਨੂੰ ਨਿਗਲਣਾ, ਪਹਿਚਾਣ ਹੈ"; "-ਸਾਡਾ ਸੱਚ ਸਮੇਂ ਦੇ ਹਾਣ ਦਾ, ਇਹਦੀ ਧੁਰੇ ਪਤਾਲੀਂ ਜੜ੍ਹ।" "-ਉਖਲ ਦੇ ਵਿੱਚ ਰੌਣ ਧਰ ਸਾਡੇ ਮੋਹਲਿਆਂ ਦੇਣੇ ਛੜ।"

ਉਹਨਾ ਨੇ ਅੱਗੋਂ ਦੱਸਿਆ ਕਿ ਉਹਨਾ ਦੇ ਕਾਵਿ ਸੰਗ੍ਰਹਿ ਵਿੱਚ ਸ਼ਾਮਲ "ਵੀਅਤਨਾਮ ਦੀ ਵਾਰ" ਪ੍ਰਸਿੱਧ ਪੰਜਾਬੀ ਲਿਖਾਰੀ ਅਤੇ ਆਲੋਚਕ ਪ੍ਰਿੰ: ਸੰਤ ਸਿੰਘ ਸੇਖੋਂ ਵਲੋਂ ਬਹੁਤ ਸਲਾਹੀ ਗਈ ਸੀ। ਸਰਕਾਰੀ ਅਧਿਆਪਕ ਵਜੋਂ ਪੰਜਾਬ ਦੀ ਅਧਿਆਪਕ ਯੂਨੀਅਨ ਅਤੇ ਖੱਬੇ ਪੱਖੀ ਲਹਿਰ ਨਾਲ ਲਗਾਤਾਰ ਜੁੜੇ ਰਹੇ ਪ੍ਰੀਤਮ ਸਿੰਘ ਆਜ਼ਾਦ ਨੂੰ ਅਨੇਕਾਂ ਵਾਰ ਜੇਲ੍ਹ ਵੀ ਜਾਣਾ ਪਿਆ। ਉਹਨਾ ਨੇ ਦਾਅਵਾ ਕੀਤਾ ਕਿ ਲੋਕਾਂ ਲਈ ਅਤੇ ਜਾਬਰਾਂ ਵਿਰੁੱਧ ਲਿਖਕੇ ਉਹਨਾ ਨੂੰ ਨਸ਼ਾ ਮਿਲਦਾ ਹੈ। ਉਹਨਾ ਨੇ ਇਹ ਵੀ ਦੱਸਿਆ ਕਿ ਸੀਮਤ ਸਾਧਨ ਹੋਣ ਕਾਰਨ ਆਪਣੀ ਗੱਲ ਸਧਾਰਨ ਅਤੇ ਲਿਤਾੜੀ ਜਾਂਦੀ ਲੋਕਾਈ ਕੋਲ ਪਹੁੰਚਾਉਣ ਲਈ ਉਹਨਾ ਨੇ ਪੋਸਟਰਾਂ ਉਪਰ ਆਪਣੀਆਂ ਕਵਿਤਾਵਾਂ ਛਪਵਾਕੇ ਸੈਂਕੜੇ ਪੋਸਟਰ ਜਨਤਕ ਸਮਾਗਮਾਂ 'ਚ ਆਪ ਲੋਕਾਂ ਨੂੰ ਮੁਫ਼ਤ ਵੰਡੇ ਅਤੇ ਇਸ ਕਾਰਜ ਵਿੱਚ ਉਹਨਾ ਦੇ ਸਾਥੀਆਂ ਤੇ ਪ੍ਰਸ਼ੰਸ਼ਕਾਂ ਨੇ ਉਹਨਾ ਦਾ ਪੂਰਾ ਸਾਥ ਦਿੱਤਾ।

ਇਸ ਮੌਕੇ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ, ਕਾਲਮਨਵੀਸ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਪੰਜਾਬੀ ਲੇਖਕ ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ ਅਤੇ ਕਾਮਰੇਡ ਜੈਪਾਲ ਸਿੰਘ ਹਾਜ਼ਰ ਸਨ। ਇਸ ਮੌਕੇ ਉਹਨਾ ਦੇ ਸਪੁੱਤਰ ਰਾਜਪਾਲ ਸਿੰਘ ਅਤੇ ਨੂੰਹ ਬਿਮਲਜੀਤ ਕੌਰ ਜੋ ਪਿਛਲੇਰੇ ਪਹਿਰ ਉਹਨਾ ਦਾ ਖਿਆਲ ਰੱਖ ਰਹੇ ਹਨ, ਵੀ ਮੌਜੂਦ ਸਨ।



*ਪੰਜਾਬੀ ਵਿਰਸਾ ਟਰੱਸਟ (ਰਜਿ:) ਵਲੋਂ ਕ੍ਰਾਂਤੀਕਾਰੀ ਲੋਕ ਸ਼ਾਇਰ ਦਾ ਸਨਮਾਨ ਕਰਦੇ ਹੋਏ ਸੰਸਥਾ ਦੇ ਪ੍ਰਧਾਨ ਪ੍ਰਸਿੱਧ ਲੇਖਕ ਅਤੇ ਪੱਤਰਕਾਰ ਪ੍ਰੋ: ਜਸਵੰਤ ਸਿੰਘ ਗੰਡਮ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਪੰਜਾਬੀ ਲੇਖਕ ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ ਅਤ ਕਾਮਰੇਡ ਜੈਪਾਲ ਸਿੰਘ।*

# ਰਵਨੀਤ ਬਿੱਟੂ ਨੇ ਰਾਹੁਲ ਗਾਂਧੀ ਉਪਰ ਕਿੰਤੂ ਕਰ ਆਪਣੀ ਬੌਧਿਕ ਸ਼ਕਤੀ ਦਾ ਆਪ ਹੀ ਜ਼ਨਾਜ਼ਾ ਕੱਢਿਆ - ਸੁਰਿੰਦਰ ਸਿੰਘ ਰਾਣਾ

ਰੋਮ (ਗੁਰਸ਼ਰਨ ਸਿੰਘ ਸੋਨੀ)-ਕਾਂਗਰਸ ਛੱਡ ਭਾਜਪਾ ਵਿੱਚ ਜਾਕੇ ਆਪਣੀ ਬੱਲੇ-ਬੱਲੇ ਕਰਵਾਉਣ ਲਈ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਵੱਲੋਂ ਅਮਰੀਕਾ ਜਾ ਕੇ ਸਿੱਖਾਂ ਦੇ ਪੱਖ ਦਿੱਤੇ ਬਿਆਨ ਤੋਂ ਖ਼ਫ਼ਾ ਹੋ ਉਹਨਾਂ ਨੂੰ ਅੱਤਵਾਦੀ ਕਹਿਣਾ ਇਸ ਗੱਲ ਦਾ ਸਬੂਤ ਹੈ ਕਿ ਬਿੱਟੂ ਦੀ ਦਿਮਾਗੀ ਹਾਲਤ ਠੀਕ ਨਹੀਂ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਇੰਡੀਅਨ ਓਵਰਸੀਜ਼ ਕਾਂਗਰਸ ਯੂਰਪ ਦੇ ਸੀਨੀਅਰ ਆਗੂ ਸੁਰਿੰਦਰ ਸਿੰਘ ਰਾਣਾ ਨੇ ਪ੍ਰੈੱਸ ਨਾਲ ਕਰਦਿਆਂ ਕਿਹਾ ਕਿ ਰਵਨੀਤ ਸਿੰਘ ਬਿੱਟੂ ਜਦੋਂ ਦਾ ਭਾਜਪਾ ਵਿੱਚ ਗਿਆ ਉੱਦੋ ਤੋਂ ਦਿਮਾਗੀ ਪ੍ਰੇਸ਼ਾਨੀਆਂ ਕਾਰਨ ਚਰਚਾ ਵਿੱਚ ਹੈ। ਇਸ ਵਾਰ ਤਾਂ ਬਿੱਟੂ ਨੇ ਹੱਦ ਹੀ ਕਰ ਦਿੱਤੀ ਕਿ ਜਿਸ ਕਾਂਗਰਸ ਨੇ ਬਿੱਟੂ ਨੂੰ ਪਹਿਚਾਣ ਦਿੱਤੀ ਉਸ ਨੂੰ ਦੋ ਵਾਰ ਲੀਡਰ ਬਣਾਇਆ ਜਿਸ ਕਾਂਗਰਸ ਲਈ ਉਸ ਦੇ ਬਜ਼ੁਰਗ ਕੰਮ ਕਰਦੇ ਸ਼ਹੀਦ ਹੋ ਗਏ ਉਸ ਕਾਂਗਰਸ ਦੇ ਲੀਡਰਾਂ ਨੂੰ ਅੱਤਵਾਦੀ ਕਹਿਣ ਬਿੱਟੂ ਦੇ ਦਿਮਾਗੀ ਸੰਤੁਲਨ ਨੂੰ ਜਗ ਜ਼ਾਹਿਰ ਕਰਦਾ ਹੈ ਰਾਣਾ ਨੇ ਕਿਹਾ ਕਿ ਕਾਂਗਰਸ ਪਾਰਟੀ ਭਾਰਤੀਆਂ ਦੀ ਪਿਆਰੀ ਤੇ ਸਤਿਕਾਰੀ ਪਾਰਟੀ ਹੈ ਇਸ ਪਾਰਟੀ ਲਈ ਰਾਹੁਲ ਗਾਂਧੀ ਦੇ ਖਾਨਦਾਨ ਨੇ ਬਲੀਦਾਨ ਦਿੱਤਾ ਉਸ ਕਾਂਗਰਸ ਪਾਰਟੀ ਦੀ ਬਦੌਲਤ ਹੀ ਲੀਡਰ ਬਣ ਬਿੱਟੂ ਅੱਜ ਆਪਣਾ ਆਪਾ ਗੁਆ ਬੈਠਾ ਹੈ ਅਜਿਹੇ ਲੀਡਰ ਸਮਾਜ ਤੇ ਦੇਸ਼ ਦੋਨਾਂ ਲਈ ਨੁਕਸਾਨਦਾਇਕ ਹੁੰਦੇ ਹਨ ਬਿੱਟੂ ਦੇ ਬਿਆਨ ਦੀ ਰਾਣਾ ਨੇ ਤਿੱਖੀ ਨਿੰਦਿਆਂ ਕਰਦਿਆਂ ਕਿਹਾ ਕਿ ਉਸ ਦੇ ਬਿਆਨ ਨੇ ਉਸ ਦੀ ਬੌਧਿਕ ਸ਼ਕਤੀ ਦਾ ਜਨਾਜ਼ਾ ਕੱਢ ਦਿੱਤਾ ਹੈ ਜਿਸ ਦੀ ਵਿਦੇਸ਼ਾਂ ਵਿੱਚ ਵੱਸਦੇ ਇੰਡੀਅਨ ਓਵਰਸੀਜ਼ ਕਾਂਗਰਸ ਯੂਰਪ ਦੇ ਸਮੂਹ ਮੈਂਬਰਾਂ ਤੇ ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਵਿਰੋਧ ਕੀਤਾ ਹੈ ਉਹਨਾਂ ਕਿਹਾ ਕਿ ਰਾਹੁਲ ਗਾਂਧੀ ਇਸ ਸਮੇਂ ਕਾਂਗਰਸ ਦੇ ਮੁੱਖ ਲੀਡਰ ਹਨ ਉਹਨਾਂ ਨੂੰ ਦੇਸ਼ ਤੇ ਵਿਦੇਸ਼ ਤੋਂ ਭਾਰਤੀਆਂ ਦਾ ਭਰਪੂਰ ਪਿਆਰ ਮਿਲ ਰਿਹਾ ਹੈ।



# ਅਮਰੀਕਾ ਵਿਚ ਜਿਲਾ ਜੱਜ ਦੀ ਉਸ ਦੇ ਚੈਂਬਰ ਵਿਚ ਗੋਲੀਆਂ ਮਾਰ ਕੇ ਹੱਤਿਆ, ਸ਼ੈਰਿਫ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੈਂਟੁਕੀ ਰਾਜ ਵਿਚ ਸ਼ੈਰਿਫ ਵੱਲੋਂ ਕਥਿੱਤ ਤੌਰ 'ਤੇ ਇਕ ਜੱਜ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ ਜਿਸ ਉਪਰੰਤ ਸ਼ੈਰਿਫ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕੈਂਟੁਕੀ ਸਟੇਟ ਪੁਲਿਸ ਦੇ ਬੁਲਾਰੇ ਮੈਟ ਗੇਅਹਰਟ ਅਨੁਸਾਰ ਵਾਇਟਬਰਗ, ਕੈਂਟੁਕੀ ਵਿਚ ਲੈਚਰ ਕਾਊਂਟੀ ਕੋਰਟਹਾਊਸ ਵਿਖੇ 54 ਸਾਲਾ ਜੱਜ ਕੈਵਿਨ ਮੁਲਿਨਸ ਨੂੰ ਦੁਪਹਿਰ ਬਾਅਦ ਉਸ ਦੇ ਚੈਂਬਰ ਵਿਚ ਗੋਲੀਆਂ ਮਾਰੀਆਂ ਗਈਆਂ।

ਤਕਰੀਬਨ 2.55 ਵਜੇ ਸੂਚਨਾ ਮਿਲਣ 'ਤੇ ਅਨੇਕਾਂ ਲਾਅ ਇਨਫੋਰਸਮੈਂਟ ਏਜੰਸੀਆਂ ਦੇ ਅਧਿਕਾਰੀ ਤੇ ਡਾਕਟਰੀ ਅਮਲਾ ਮੌਕੇ 'ਤੇ ਪੁੱਜਾ। ਜੱਜ ਜਿਸ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਸਨ, ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਤੇ ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਲੈਚਰ ਕਾਊਂਟੀ ਸ਼ੈਰਿਫ ਸ਼ਾਅਨ ਸਟਾਈਨਸ ਨੇ ਕੋਰਟਹਾਊਸ ਵਿਚ ਜੱਜ ਨਾਲ ਕਿਸੇ ਮੁੱਦੇ 'ਤੇ ਹੋਈ ਬਹਿਸ ਉਪਰੰਤ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਗੇਅਹਰਟ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ। 43 ਸਾਲਾ ਸ਼ੈਰਿਫ ਨੂੰ ਮੌਕੇ ਉਪਰ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਵਿਰੁੱਧ ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਘਟਨਾ ਦੀ ਸ਼ੁਰੂ ਵਿਚ ਜਾਣਕਾਰੀ ਕੈਂਟੁਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਸੋਸ਼ਲ ਮੀਡੀਆ ਉਪਰ ਦਿੰਦਿਆਂ ਕਿਹਾ ਕਿ ਇਕ ਡਿਸਟ੍ਰਿਕਟ ਜੱਜ ਨੂੰ ਗੋਲੀਆਂ ਮਾਰੀਆਂ ਗਈਆਂ ਹਨ। ਗਵਰਨਰ ਨੇ ਲਿਖਿਆ ਕਿ ਲੈਚਰ ਕਾਊਂਟੀ ਵਿਚ ਇਕ ਡਿਸਟ੍ਰਿਕਟ ਜੱਜ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਉਨਾਂ ਹੋਰ ਕਿਹਾ ਕਿ " ਵਿਸ਼ਵ ਵਿਚ ਹਿੰਸਾ ਬਹੁਤ ਵਧ ਗਈ ਹੈ ਮੈ ਪ੍ਰਾਰਥਨਾ ਕਰਦਾ ਹਾਂ ਕਿ ਚੰਗੇ ਭਵਿੱਖ ਲਈ ਕੋਈ ਰਸਤਾ ਨਿਕਲੇ।"



# ਪਾਚਨ-ਤੰਤਰ ਲਈ ਅਮ੍ਰਿਤ ਫੱਲ ਹੈ-ਪਪੀਤਾ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



"ਪੇਟ ਨੂੰ ਹਮੇਸ਼ਾ ਲਈ ਫਿੱਟ ਰੱਖਣ ਅਤੇ ਹਾਈਡਰੇਸ਼ਨ ਲਈ 1-2 ਲੀਟਰ ਵਾਲੀ ਬੋਤਲ 'ਚ ਪਾਣੀ ਪਾ ਕੇ ਤਾਜ਼ਾ ਪਪੀਤਾ ਛਿੱਲ ਕੇ ਬੀਜ ਸਮੇਤ ਫੱਲ ਦੇ 100 ਗ੍ਰਾਮ ਟੁਕੜੇ ਮਿਲਾ ਦਿਓ, ਦਿਨ ਭਰ ਪੀਂਦੇ ਰਹੋ"-

ਹੈਲਥ ਮੀਡੀਆ ਕੈਨੇਡਾ : ਵਿਸ਼ਵ ਭਰ ਵਿਚ ਅੱਜ ਫੱਲ ਪਪੀਤੇ ਦੀ ਵਰਤੋਂ ਕਿਸੇ ਨਾ ਕਿਸੇ ਸ਼ਕਲ ਵਿਚ ਫੂਡ ਅਤੇ ਮੇਡੀਸਨ ਇੰਡਸਟਰੀ ਡਿਮਾਂਡ ਵੱਧੀ ਹੈ। ਲਾਲ-ਸੰਤਰੀ ਛਿੱਲ, ਘੱਟ ਪ੍ਰੈਸ਼ਰ ਪਾਉਣ ਨਾਲ ਦੱਬਨ ਵਾਲਾ 'ਤੇ ਵਜਨ 'ਚ ਹਲਕਾ ਪਪੀਤਾ ਤੁਹਾਡੇ ਪਾਚਨ-ਤੰਤਰ ਲਈ ਅਮ੍ਰਿਤ ਸਾਬਿਤ ਹੋ ਸਕਦਾ ਹੈ। ਕਈ ਲੋਕ ਛਿੱਲਕਾ ਉਤਾਰ ਕੇ, ਬੀਜ ਕੱਢ ਕੇ ਅਤੇ ਕਈ ਭਜਿ ਕੱਢ ਕੇ ਚੱਮਚ ਨਾਲ ਖਾਣਾ ਪਸੰਦ ਕਰਦੇ ਹਨ।

ਸੁਆਦ ਵਿਚ ਜ਼ਿਆਦਾਤਰ ਮਿੱਠਾ, ਫਿੱਕਾ 'ਤੇ ਕੌੜਾ ਭੀ ਹੋ ਸਕਦਾ ਹੈ। ਪਪੀਤੇ ਦੇ ਬੀਜ ਖਾਣਯੋਗ ਲੇਕਿਨ ਕੁੜੱਤਨ ਵਾਲੇ ਹੁੰਦੇ ਹਨ। ਘਰੇਲੂ ਕਿਚਨ 'ਚ ਕਈ ਪਕਵਾਨ, ਸਮੂਦੀ, ਸ਼ੇਕ, ਸਲਾਦ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਦੇਸੀ, ਅੰਗਰੇਜੀ ਦਵਾਈਆਂ ਵਿਚ ਐਕਸਟ੍ਰੈਕਟ, ਪਾਊਡਰ ਦੀ ਸ਼ਕਲ ਵਿਚ ਵਰਤ ਹੋਣ ਨਾਲ ਮੰਗ ਵੱਧ ਰਹੀ ਹੈ।



## ਤੰਦਰੁਸਤ 'ਤੇ ਰੋਗੀ ਪਪੀਤਾ ਕਿਵੇਂ ਖਾਣ ?

ਪੇਟ ਦੇ ਰੋਗੀ ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ 100-150 ਗ੍ਰਾਮ ਕੱਟੇ ਹੋਏ ਪਪੀਤੇ ਦੇ ਟੁਕੜਿਆਂ 'ਤੇ ਨਿੰਬੂ ਰੱਸ, ਕਾਲੀ ਮਿਰਚ ਪਾਊਡਰ ਛਿੜਕ ਕੇ ਡੇਲੀ ਖਾਓ।

ਤੰਦਰੁਸਤ ਲੋਕ ਹਾਜ਼ਮਾ ਠੀਕ ਰੱਖਣ ਲਈ ਰੌਜਾਨਾਂ ਦੁਪਹਿਰ 'ਤੇ ਰਾਤ ਦੇ ਖਾਣੇ ਤੋਂ 20 ਮਿਨਟ ਪਹਿਲਾਂ 1-ਕਟੋਰੀ ਪੱਕੇ ਹੋਏ ਪਪੀਤੇ ਦੇ ਟੁਕੜਿਆਂ 'ਤੇ ਕਾਲਾ ਨਮਕ, ਨਿੰਬੂ ਨਿਚੌੜ ਕੇ ਇਸਤੇਮਾਲ ਕਰਨ।

ਛੋਟੇ ਬੱਚਿਆਂ ਦਾ ਹਾਜ਼ਮਾ ਠੀਕ ਰੱਖਣ ਲਈ ਪੱਕਿਆ ਪਪੀਤਾ ਮੈਸ਼ ਕਰਕੇ ਖਿਲਾ ਸਕਦੇ ਹੋ।

ਗਰਭਵਤੀ ਔਰਤਾਂ ਆਪਣੀ 'ਤੇ ਅੰਦਰ ਪੱਲ ਰਹੇ ਬੱਚੇ ਦੀ ਸਿਹਤ ਲਈ ਹਮੇਸ਼ਾ ਤਾਜ਼ਾ ਪੱਕਿਆ ਹੋਇਆ ਪਪੀਤੇ 'ਤੇ ਛੋਟਾ 1 ਚਮਚ ਸ਼ਹਿਦ ਅਤੇ ਲਈਮ ਰੱਸ ਮਿਲਾ ਲਗਾਤਾਰ ਲੈਣਾ ਚਾਹੀਦਾ ਹੈ।

ਭੋਜਨ ਦੇ ਨਾਲ ਤਾਜ਼ਾ ਪਪੀਤਾ, ਅੰਬ, ਅਨਾਨਾਸ ਬਰਾਬਰ ਮਾਤਰਾ ਵਿਚ ਮਿਲਾ ਕੇ ਮਿੱਠੀ ਇਮਲੀ ਦੀ ਬਿਲਕੁਲ ਪਤਲੀ ਚਟਨੀ ਮਿਕਸ ਕਰਕੇ ਆਪਣਾ ਸੁਆਦ ਵੱਧਾ ਸਕਦੇ ਹੋ।

ਅਪਚ ਦੀ ਸ਼ਿਕਾਇਤ ਵਿਚ ਤਾਜ਼ੇ ਦਹੀਂ ਵਿੱਚ ਪੱਕਿਆ ਮੈਸ਼ ਕੀਤਾ ਪਪੀਤਾ ਕਾਲਾ ਨਮਕ ਮਿਲਾ ਕੇ ਸਵੇਰੇ ਨਾਸ਼ਤੇ ਤੋਂ ਪਹਿਲਾਂ 1 ਕਟੋਰੀ ਲੈਣ ਨਾਲ ਆਰਾਮ ਮਿਲਦਾ ਹੈ।

ਪੇਟ ਅੰਦਰ ਕੀੜਿਆਂ ਤੋਂ ਪ੍ਰੇਸ਼ਾਨ ਲੋਕ ਡੇਲੀ ਸਵੇਰੇ ਜਾਗਦੇ ਹੀ ਖਾਲੀ ਪੇਟ 2-ਗ੍ਰਾਮ ਪਪੀਤੇ ਦੇ ਬੀਜਾਂ ਦਾ ਚੂਰਨ, ਉਬਾਲੀ ਤੋਂ ਬਾਅਦ ਠੰਢੇ ਕੀਤੇ ਪਾਣੀ ਨਾਲ ਲਗਾਤਾਰ 10 ਦਿਨ ਇਸਤੇਮਾਲ ਕਰੋ।

ਹਾਲਾਂਕਿ ਕੱਚੇ ਪਪੀਤੇ ਅੰਦਰ ਮੌਜੂਦ ਲੈਟੇਕਸ ਵਿਚ ਪਪੈਨ ਨਾਂ ਦਾ ਐਂਜ਼ਾਈਮ ਹੁੰਦਾ ਹੈ। ਜਿਦੀ ਜ਼ਿਆਦਾ ਮਾਤਰਾ ਲੈਣ ਨਾਲ ਅੰਤੜੀ ਕਮਜ਼ੋਰ ਹੋ ਸਕਦੀ ਹੈ। ਇਸ ਤੋਂ ਇਲਾਵਾ ਲੈਟੇਕਸਤੋਂ ਅਲਰਜੀ ਵਾਲੇ ਲੋਕਾਂ ਨੂੰ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਹੀ ਪਪੀਤਾ ਫੱਲ ਖਾਣਾ ਚਾਹੀਦਾ ਹੈ।

ਪੇਟ ਨੂੰ ਹਮੇਸ਼ਾ ਲਈ ਫਿੱਟ ਰੱਖਣ ਅਤੇ ਹਾਈਡਰੇਸ਼ਨ ਲਈ 1 ਲੀਟਰ ਵਾਲੀ 'ਚ ਪਾਣੀ ਪਾ ਕੇ ਤਾਜ਼ਾ ਪਪੀਤਾ ਛਿੱਲ ਕੇ ਬੀਜ ਸਮੇਤ ਫੱਲ ਦੇ 100 ਗ੍ਰਾਮ ਟੁਕੜੇ ਮਿਲਾ ਕੇ ਦਿਨ ਭਰ ਪੀਂਦੇ ਰਹੋ।

* * * * * * *

# ਸਾਰਥਕ ਜੀਵਨ ਤੇ ਸਾਦਗੀ

ਮਨੁੱਖ ਮੁੱਢ ਕਦੀਮ ਤੋਂ ਆਪਣਾ ਜੀਵਨ ਨਿਰਵਾਹ ਕਰਨ ਦੇ ਲਈ ਕਈ ਤਰ੍ਹਾਂ ਦੇ ਉਪਰਾਲੇ ਕਰਦਾ ਹੈ ਅਤੇ ਵਸਤੂਆਂ ਦਾ ਸੰਗ੍ਰਹਿ ਕਰਦਾ ਹੈ , ਜੋ ਕਿ ਹਰ ਕਿਸੇ ਪ੍ਰਾਣੀ ਦੇ ਜੀਵਨ -ਗੁਜ਼ਾਰੇ ਲਈ ਜ਼ਰੂਰੀ ਵੀ ਹੁੰਦਾ ਹੈ । ਪਰ ਕਈ ਵਾਰ ਮਨੁੱਖ ਝੂਠੇ ਦਿਖਾਵੇ , ਝੂਠੀ ਬਨਾਵਟ ਅਤੇ ਫੋਕੀ ਸ਼ੌਹਰਤ ਦੇ ਵੱਸ ਪੈ ਕੇ ਸਾਦਗੀ ਤੋਂ ਕੋਹਾਂ ਦੂਰ ਚਲਾ ਜਾਂਦਾ ਹੈ ਅਤੇ ਭ੍ਰਮਿਤ ਹੋ ਕੇ ਰਹਿ ਜਾਂਦਾ ਹੈ । ਸਾਦਗੀ ਇੱਕ ਗੁਣ , ਗਹਿਣਾ ਅਤੇ ਇੱਕ ਸੱਭਿਅਕ ਸਲੀਕਾ ਹੈ। ਮਨੁੱਖ ਵੱਲੋਂ ਸਾਦਗੀ ਪਾਸੋਂ ਵਿਮੁੱਖਤਾ ਹੋਣ ਸਦਕਾ ਮਨੁੱਖ ਨੂੰ ਸਾਦਾ ਜੀਵਨ ਜਿਉਣ ਅਤੇ ਇੱਕ ਸ਼ਾਂਤ ਚਿੱਤ ਹੋ ਕੇ ਰਹਿਣ ਤੇ ਜਿਊਣ ਵਿੱਚ ਰੁਕਾਵਟ ਖੜ੍ਹੀ ਕਰ ਦਿੰਦਾ ਹੈ। ਅੱਜ ਦੇ ਮਨੁੱਖਾ ਦੌਰ ਵਿੱਚ ਹਰ ਕੋਈ ਦੇਖਾ - ਦੇਖੀ ਵਾਧੂ ਅਤੇ ਬੇਲੋੜੇ ਖ਼ਰਚਿਆਂ , ਦਿਖਾਵਿਆਂ ਤੇ ਝੂਠੀ ਸ਼ੌਹਰਤ ਵਿੱਚ ਪੈ ਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਹੇੜ ਰਿਹਾ ਹੈ , ਜੋ ਕਿ ਸਾਡੇ ਬਜ਼ੁਰਗਾਂ ਤੇ ਮਹਾਂਪੁਰਸ਼ਾਂ ਦੀਆਂ ਦਿੱਤੀਆਂ ਸਿੱਖਿਆਵਾਂ ਤੋਂ ਬੇਮੁੱਖਤਾ ਦਰਸਾਉਂਦੀ ਹੈ। ਇਹੀ ਸਾਦਗੀ ਤੋਂ ਵਧੀ ਹੋਈ ਦੂਰੀ ਕਦੇ ਨਾ ਕਦੇ ਸਾਡੇ ਜੀਵਨ ਵਿੱਚ ਸਾਡੇ ਦੁੱਖਾਂ , ਸਾਡੀਆਂ ਸਮੱਸਿਆਵਾਂ , ਖੁਦਕੁਸ਼ੀਆਂ ਤੇ ਘਰੇਲੂ ਤਣਾਅ ਨੂੰ ਜਨਮ ਦੇ ਕੇ ਮਨੁੱਖਾ ਜੀਵਨ ਵਿੱਚ ਨੀਰਸਤਾ ਭਰ ਦਿੰਦੀ ਹੈ। ਬਾਬਾ ਫਰੀਦ ਜੀ ਨੇ ਅਲੌਕਿਕ ਸ਼ਬਦਾਂ ਵਿੱਚ ਕਿਹਾ ਹੈ, " ਫਰੀਦਾ ਜਿਨ੍ਹਾਂ ਖਾਧੀਆਂ ਚੋਪੜੀਆਂ ਘਣੇ ਸਹਿਣਗੇ ਦੁੱਖ "।



ਬਾਬਾ ਫ਼ਰੀਦ ਜੀ ਨੇ ਆਪਣੀ ਪਵਿੱਤਰ ਪਾਵਨ ਬਾਣੀ ਵਿੱਚ ਸਾਨੂੰ ਝੂਠੇ ਦਿਖਾਵਿਆਂ ਤੇ ਫੋਕੀਆਂ ਸ਼ੌਹਰਤਾਂ ਤੋਂ ਗੁਰੇਜ਼ ਕਰਨ ਲਈ ਸੁਚੇਤ ਕੀਤਾ ਅਤੇ ਸਾਦਗੀ ਵੱਲ ਪ੍ਰੇਰਿਤ ਕੀਤਾ ਹੈ। ਅੱਜ ਜੇਕਰ ਮਨੁੱਖ ਬੇਲੋੜੀਆਂ ਵਸਤੂਆਂ ਦੇ ਸੰਗ੍ਰਹਿ ਤੋਂ ਬਚ ਸਕੇ ਤਾਂ ਬਹੁਤ ਹੀ ਚੰਗਾ ਅਤੇ ਸਹੀ ਉਪਰਾਲਾ ਹੋ ਸਕਦਾ ਹੈ ; ਕਿਉਂਕਿ ਭੌਤਿਕ ਵਸਤੂਆਂ ਦੀ ਚਾਹਤ , ਭਰਮਾਰ ਦੀ ਇੱਛਾ ਦੀ ਗਲਤਾਨ ਵਿੱਚ ਫਸਿਆ ਹੋਇਆ ਮਨੁੱਖ ਦੁੱਖਾਂ ਰੂਪੀ ਦਲਦਲ ਦੇ ਵਿੱਚ ਧੱਸਦਾ ਹੀ ਜਾਂਦਾ ਹੈ , ਜੋ ਕਿ ਉਸ ਦੀ ਜ਼ਿੰਦਗੀ ਦੀ ਸ਼ਾਂਤੀ , ਸਕੂਨ , ਖ਼ੁਸ਼ੀ , ਖੇੜੇ , ਮਾਨਸਿਕ ਤੰਦਰੁਸਤੀ ਅਤੇ ਰੂਹਾਨੀਅਤ ਤੋਂ ਉਸ ਨੂੰ ਦੂਰ ਕਰ ਦਿੰਦੇ ਹਨ। ਅਜੋਕਾ ਮਨੁੱਖ ਜੇਕਰ ਸਾਦਗੀ ਦਾ ਪੱਲਾ ਫੜ ਲਵੇ ਤਾਂ ਕਿਤੇ ਨਾ ਕਿਤੇ ਕੁਦਰਤੀ ਵਰਤਾਰੇ ਤੇ ਸਾਡੇ ਵਾਤਾਵਰਨ ਵਿੱਚ ਵੀ ਆਈ ਹੋਈ ਗਿਰਾਵਟ ਦੂਰ ਹੋ ਸਕਦੀ ਹੈ ਅਤੇ ਮਨੁੱਖ , ਪੰਛੀ - ਪ੍ਰਾਣੀ ਤੇ ਕਾਇਨਾਤ ਦੇ ਜੀਵ - ਜੰਤੂ ਖੁਸ਼ਨੁਮਾ ਮਾਹੌਲ ਵਿੱਚ ਵਿਚਰ ਸਕਦੇ ਹਨ। ਅੱਜ ਮਨੁੱਖਤਾ ਵਿੱਚ ਜਿੰਨੀਆਂ ਸਮੱਸਿਆਵਾਂ ਪ੍ਰੇਸ਼ਾਨੀਆਂ ਵੱਧ ਰਹੀਆਂ ਹਨ ਉਨ੍ਹਾਂ ਦੇ ਪਿੱਛੇ ਕਿਤੇ ਨਾ ਕਿਤੇ ਅਸੀਂ ਸਾਦਗੀ ਤੋਂ ਵਿਮੁੱਖ ਹੋ ਕੇ ਖੁਦ ਹੀ ਇਨ੍ਹਾਂ ਪ੍ਰੇਸ਼ਾਨੀਆਂ ਦਾ ਕਾਰਨ ਬਣੇ ਹੋਏ ਹਾਂ। ਸਾਦੇ ਵਿਆਹ , ਸਾਦੇ ਭੋਗ , ਸਾਦੇ ਦਿਨ - ਤਿਉਹਾਰ , ਸਾਦੇ ਰਸਮਾਂ - ਰਿਵਾਜ , ਸਾਦੇ ਜਨਮ ਦਿਨ ਆਦਿ ਬੜੀ ਸਾਦਗੀ ਦੇ ਨਾਲ਼ ਮਨਾਉਣੇ ਅਤੇ ਨਿਭਾਉਣੇ ਕਦੇ ਨਾ ਕਦੇ ਕਿਤੇ ਨਾ ਕਿਤੇ ਸਾਡੇ ਹਿੱਤ ਵਿੱਚ ਹੀ ਹੁੰਦੇ ਹਨ। ਸਾਦਾ ਪਹਿਰਾਵਾ , ਸਾਦਾ ਰਹਿਣ - ਸਹਿਣ , ਸਾਦਾ ਬੋਲਬਾਣੀ ਤੇ ਸਾਦਾ ਖਾਣ - ਪੀਣ ਸਾਡੇ ਲਈ ਖੁਸ਼ੀ ਅਤੇ ਸ਼ਾਂਤੀ ਦਾ ਸਾਧਨ ਬਣਦਾ ਹੈ। ਸਾਦਗੀ ਦਾ ਗਹਿਣਾ ਪਾਉਣ ਤੇ ਅਪਣਾਉਣ ਦੇ ਲਈ ਇਹ ਵੀ ਜ਼ਰੂਰੀ ਹੈ ਕਿ ਸਾਡੀ ਸੋਚ ਵਿਸ਼ਾਲ ਹੋਵੇ ਅਤੇ ਸਾਨੂੰ ਆਪਣੇ ਆਪ ਨੂੰ ਖੁਦ ਨੂੰ ਦੁਨੀਆਂ ਦੇ ਨਜ਼ਰੀਏ ਤੋਂ ਦੇਖਣਾ ਨਹੀਂ ਚਾਹੀਦਾ ਅਤੇ " ਦੁਨੀਆ ਕੀ ਕਹੇਗੀ ? " ਵਾਲੀ ਸੋਚ ਤੋਂ ਗੁਰੇਜ਼ ਕਰਨਾ ਸਹੀ ਹੋ ਸਕਦਾ। ਸਾਦਗੀ ਸਬੰਧੀ ਬਜ਼ੁਰਗਾਂ ਦਾ ਕਥਨ ਹੈ , " ਦੂਜਿਆਂ ਦੇ ਮਹਿਲ ਮੁਨਾਰੇ ਦੇਖ ਕੇ ਆਪਣੀ ਝੁੱਗੀ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ " ਅਤੇ " ਚਾਦਰ ਦੇਖ ਕੇ ਹੀ ਪੈਰ ਪਸਾਰਨੇ ਚਾਹੀਦੇ ਹਨ " । ਸੱਚਮੁੱਚ ਸਾਦ.ਗੀ ਸੱਚ ਦਾ ਉਹ ਬੂਹਾ ਹੈ ਜੋ ਸਾਨੂੰ ਦੁੱਖਾਂ - ਤਕਲੀਫ਼ਾਂ ਤੋਂ ਤਾਂ ਬਚਾਉਂਦਾ ਹੀ ਹੈ , ਸਗੋਂ ਸਾਨੂੰ ਪਾਪ - ਕਰਮਾਂ ਤੋਂ ਵੀ ਬਚਾ ਕੇ ਰੱਖਦਾ ਹੈ। ਇਨਸਾਨ ਅਤੇ ਇਨਸਾਨੀਅਤ ਦੇ ਲਈ ਸਾਦਗੀ ਦਾ ਧਾਰਨੀ ਹੋਣਾ ਬਹੁਤ ਜ਼ਰੂਰੀ ਹੈ , ਤਦ ਹੀ ਅਸੀਂ ਮਹਾਂਪੁਰਖਾਂ ਦੇ ਕਥਨ " ਸਾਦਾ ਜੀਵਨ - ਉੱਚ ਵਿਚਾਰ" 'ਤੇ ਪਹਿਰਾ ਦੇ ਸਕਦੇ ਹਾਂ।



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
**( ਸਾਹਿਤ ਵਿੱਚ ਕੀਤੇ ਵਿਸ਼ੇਸ਼ ਕਾਰਜਾਂ ਦੇ ਲਈ ਲੇਖਕ ਦਾ ਨਾਂ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ਼ ਹੈ )**
9478561356